

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢ | Email:punjabtimes1@gmail.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 12; March 23, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਚੋਣ ਬਿਗਲ ਵੱਜਦੇ ਹੀ ਮਾਹੌਲ ਭਖਿਆ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਦੇਸ਼ ਭਰ 'ਚ ਵੋਟਾਂ 19 ਅਪਰੈਲ ਤੋਂ ਸੱਤ ਗੇੜਾਂ 'ਚ ਪੈਣਗੀਆਂ ਅਤੇ ਨਤੀਜੇ 4 ਜੂਨ ਨੂੰ ਆਉਣਗੇ। ਚੋਣਾਂ ਦੇ ਬਾਕੀ ਗੇੜ 26 ਅਪਰੈਲ, 7, 13, 20, 25 ਮਈ ਅਤੇ ਪਹਿਲੀ ਜੂਨ ਹਨ। ਪੰਜਾਬ ਦੀਆਂ 13, ਹਿਮਾਚਲ ਪ੍ਰਦੇਸ਼ ਦੀਆਂ ਚਾਰ ਸੀਟਾਂ ਅਤੇ ਯੂਟੀ ਚੰਡੀਗੜ੍ਹ 'ਚ ਇਕੋ ਗੇੜ 'ਚ ਪਹਿਲੀ ਜੂਨ ਨੂੰ ਵੋਟਾਂ ਪੈਣਗੀਆਂ। ਹਰਿਆਣਾ ਦੀ ਕਰਨਾਲ ਵਿਧਾਨ ਸਭਾ ਜ਼ਿਮਨੀ ਚੋਣ ਦੇ ਨਾਲ 10 ਲੋਕ ਸਭਾ ਸੀਟਾਂ ਅਤੇ ਦਿੱਲੀ ਦੀਆਂ ਸੱਤ ਸੀਟਾਂ ਲਈ ਵੋਟਿੰਗ 25 ਮਈ ਨੂੰ ਹੋਵੇਗੀ।

ਚੋਣ ਬਿਗਲ ਵੱਜਦੇ ਹੀ ਪੂਰੇ ਮੁਲਕ ਵਿਚ ਸਿਆਸੀ ਧਿਰਾਂ ਨੇ ਸਰਗਰਮੀਆਂ ਵਧਾ ਦਿੱਤੀਆਂ ਹਨ। ਪੰਜਾਬ ਵਿਚ ਚੋਣਾਂ ਆਖਰੀ ਪੜਾਅ ਵਿਚ ਹੋਣ ਦੇ ਬਾਵਜੂਦ ਸੂਬੇ ਦੀਆਂ ਸਿਆਸੀ ਧਿਰਾਂ ਮੈਦਾਨ ਵਿਚ ਖੁੱਲ੍ਹ ਕੇ ਨਿੱਤਰ ਆਈਆਂ ਹਨ। ਇਸ ਪਾਸੇ ਸਭ ਤੋਂ ਵੱਧ ਸਰਗਰਮ ਸੱਤਾਧਾਰੀ ਆਮ ਆਦਮੀ ਪਾਰਟੀ ਨਜ਼ਰ ਆ ਰਹੀ ਹੈ, ਜਿਸ ਨੇ ਆਪਣੇ 8 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਉਮੀਦਵਾਰਾਂ ਵਿਚ ਆਪ ਨੇ ਆਪਣੇ 5 ਕੈਬਨਿਟ ਮੰਤਰੀਆਂ ਨੂੰ ਮੈਦਾਨ ਵਿਚ ਉਤਾਰਿਆ ਹਨ। ਅਕਾਲੀ ਦਲ ਬਾਦਲ ਇਸ ਸਮੇਂ ਆਪਣੀ 'ਪੰਜਾਬ ਬਚਾਓ ਯਾਤਰਾ' ਵਿਚ ਰੁੱਝਿਆ ਹੋਇਆ ਹੈ ਅਤੇ ਭਾਜਪਾ ਨਾਲ ਗੱਠਜੋੜ ਸਿਰੇ ਚੜ੍ਹਨ ਦਾ ਰਾਹ ਵੇਖ ਰਿਹਾ ਹੈ। ਇਧਰ, ਭਾਜਪਾ ਇਸ ਵਾਰ ਦਲ ਬਦਲੂਆਂ ਆਸਰੇ ਬਾਜ਼ੀ ਮਾਰਨ ਦੀਆਂ ਕੋਸ਼ਿਸ਼ਾਂ ਵਿਚ ਜੁਟੀ ਹੋਈ ਹੈ। ਇਸ ਸਮੇਂ ਸਭ ਤੋਂ ਚੁਣੌਤੀ ਵਾਲੇ ਹਾਲਾਤ ਕਾਂਗਰਸ ਲਈ ਬਣੇ ਹੋਏ ਹਨ। ਵਿਰੋਧੀ ਧਿਰਾਂ ਦੇ ਗੱਠਜੋੜ ਇੰਡੀਆ ਵਿਚ ਸੀਟਾਂ ਦੀ ਵੰਡ ਨੂੰ ਲੈ ਕੇ ਸਹਿਮਤੀ ਨਾ ਬਣਨ ਕਰ ਕੇ ਪੰਜਾਬ ਵਿਚ 'ਆਪ' ਤੇ ਕਾਂਗਰਸ 13 ਲੋਕ ਸਭਾ ਸੀਟਾਂ 'ਤੇ ਵੱਖ-ਵੱਖ ਚੋਣਾਂ ਲੜ ਰਹੇ ਹਨ। ਪਿਛਲੇ ਇਕ ਹਫਤੇ ਵਿਚ ਕਾਂਗਰਸ ਦੇ ਦੋ ਮੌਜੂਦਾ ਵਿਧਾਇਕਾਂ ਸਣੇ ਕਈ ਸੀਨੀਅਰ ਆਗੂ ਪਾਰਟੀ ਦਾ ਸਾਥ ਛੱਡ ਚੁੱਕੇ ਹਨ।



ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਅਤੇ ਕਾਂਗਰਸ ਦੇ ਚੱਬੇਵਾਲ ਤੋਂ ਵਿਧਾਇਕ ਡਾ. ਰਾਜ ਕੁਮਾਰ ਦੇ ਆਪ 'ਚ ਸ਼ਾਮਲ ਹੋਣ ਨਾਲ ਹੁਸ਼ਿਆਰਪੁਰ 'ਚ ਸਿਆਸੀ ਸਮੀਕਰਨ ਬਦਲ ਗਏ ਹਨ। ਉਨ੍ਹਾਂ ਨੇ ਕਾਂਗਰਸ ਦੇ ਨਾਲ-ਨਾਲ ਵਿਧਾਨ ਸਭਾ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ। ਇਸ ਕਰਕੇ ਹੁਣ ਚੱਬੇਵਾਲ ਦੀ ਵਿਧਾਨ ਸਭਾ ਸੀਟ ਵੀ ਖਾਲੀ ਹੋ ਗਈ ਹੈ। ਡਾ. ਰਾਜ ਦੇ ਪਾਰਟੀ ਛੱਡ ਜਾਣ ਨਾਲ ਕਾਂਗਰਸ ਨੂੰ ਨੁਕਸਾਨ ਹੋਵੇਗਾ। ਕਾਂਗਰਸ ਇਕ ਮਜ਼ਬੂਤ ਸਥਾਨਕ ਉਮੀਦਵਾਰ ਦੀ ਭਾਲ ਵਿਚ ਸੀ।

ਆਮ ਆਦਮੀ ਪਾਰਟੀ ਵੱਲੋਂ ਪੰਜਾਬੀ ਕਲਾਕਾਰ ਕਰਮਜੀਤ ਅਨਮੋਲ ਨੂੰ ਫਰੀਦਕੋਟ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨੇ ਜਾਣ ਨਾਲ ਚੋਣ ਮੁਕਾਬਲਾ ਦਿਲਚਸਪ ਹੋ ਗਿਆ ਹੈ। ਇਸ ਵੇਲੇ ਕਾਂਗਰਸ ਮੁਹੰਮਦ ਸਦੀਕ ਫਰੀਦਕੋਟ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹਨ ਅਤੇ ਉਨ੍ਹਾਂ ਨੂੰ ਕਲਾਕਾਰ ਵਜੋਂ ਫਰੀਦਕੋਟ ਵਿਚ ਸ਼ਾਨਦਾਰ ਜਿੱਤ ਹਾਸਲ ਹੋਈ ਸੀ। ਕਰਮਜੀਤ ਅਨਮੋਲ ਪਿਛਲੇ ਲੰਬੇ ਸਮੇਂ ਤੋਂ ਫਰੀਦਕੋਟ ਲੋਕ ਸਭਾ ਹਲਕੇ ਵਿਚ ਵਿਚਰ ਰਿਹਾ ਹੈ ਅਤੇ ਉਸ ਦੀ ਇਲਾਕੇ ਵਿਚ ਚੰਗੀ ਪਛਾਣ ਹੈ। ਹਾਲਾਂਕਿ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੇ ਇੱਥੇ ਆਪਣੇ ਉਮੀਦਵਾਰਾਂ ਬਾਰੇ ਪੱਤੇ ਨਹੀਂ ਖੋਲ੍ਹੇ ਪਰ ਮੁਹੰਮਦ ਸਦੀਕ ਨੇ ਕਿਹਾ ਕਿ ਉਹ ਫਰੀਦਕੋਟ ਹਲਕੇ ਤੋਂ ਦੁਬਾਰਾ ਚੋਣ ਲੜਨ ਦੀ ਇੱਛਾ ਰੱਖਦੇ ਹਨ। ਜੇਕਰ ਸਦੀਕ ਨੂੰ ਦੁਬਾਰਾ ਟਿਕਟ ਮਿਲਦੀ ਹੈ ਤਾਂ ਦੋ ਵੱਡੇ ਕਲਾਕਾਰ ਚੋਣ ਮੈਦਾਨ ਵਿਚ ਆਹਮੋ-ਸਾਹਮਣੇ ਹੋਣਗੇ।

ਕਾਂਗਰਸ ਨੇ 2019 ਵਿਚ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ 8 ਸੀਟਾਂ 'ਤੇ ਜਿੱਤ ਦਰਜ ਕਰਦਿਆਂ ਗੁਆਂਢੀ ਸੂਬਿਆਂ ਵਿਚ ਭਾਜਪਾ ਪੱਖੀ ਰੁਝਾਨ ਨੂੰ ਠੱਲ੍ਹਿਆ ਸੀ। ਅਕਾਲੀ ਦਲ ਅਤੇ ਭਾਜਪਾ ਨੇ ਸਹਿਯੋਗੀ ਵਜੋਂ ਲੜਦਿਆਂ ਦੋ-ਦੋ ਸੀਟਾਂ ਜਿੱਤੀਆਂ ਸਨ। ਉਦੋਂ ਸੰਗਰੂਰ ਸੀਟ ਆਮ ਆਦਮੀ ਪਾਰਟੀ ਨੂੰ ਮਿਲੀ ਸੀ ਪਰ 'ਆਪ' ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 117 ਵਿਚੋਂ 92 ਸੀਟਾਂ ਜਿੱਤ ਕੇ ਇਤਿਹਾਸ ਰਚ ਦਿੱਤਾ ਸੀ ਅਤੇ ਹੁਣ ਦੀਆਂ ਲੋਕ ਸਭਾ ਚੋਣਾਂ 'ਆਪ' ਲਈ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ।

ਅਰਵਿੰਦ ਕੇਜਰੀਵਾਲ ਦੀ ਪਾਰਟੀ ਸੂਬੇ ਵਿਚ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਲਾਗੂ ਕਰਨ 'ਤੇ ਧਿਆਨ ਕੇਂਦਰਤ ਕਰੇਗੀ। ਉਹ ਪ੍ਰਤੀ ਮਹੀਨਾ 300 ਯੂਨਿਟ ਤੱਕ ਮੁਫਤ ਬਿਜਲੀ, ਸਰਕਾਰੀ ਨੌਕਰੀਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਚੁੱਕੇ ਗਏ ਕਦਮਾਂ ਦੇ ਆਧਾਰ 'ਤੇ ਵੋਟਾਂ ਮੰਗੇਗੀ। ਇਹ ਚੋਣਾਂ ਮੁੱਖ ਮੰਤਰੀ ਭਗਵੰਤ ਮਾਨ ਲਈ ਇਮਤਿਹਾਨ ਹੋਣਗੀਆਂ ਜਿਨ੍ਹਾਂ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ 'ਆਪ' ਪੰਜਾਬ 'ਚ 13-0 ਨਾਲ ਹੂੰਝਾ ਫੇਰ ਜਿੱਤ ਦਰਜ ਕਰੇਗੀ। ਇਸ ਤੋਂ ਇਲਾਵਾ ਹੁਕਮਰਾਨ ਪਾਰਟੀ ਨੂੰ ਅਮਨ ਤੇ ਕਾਨੂੰਨ ਸਥਿਤੀ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਰੇਤ ਦੀ ਗੈਰ-ਕਾਨੂੰਨੀ ਮਾਈਨਿੰਗ ਅਤੇ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਦੇਣ ਦੇ ਮੁੱਖ ਵਾਅਦੇ 'ਤੇ ਘੇਰਿਆ ਜਾਵੇਗਾ। ਦੂਜੇ ਪਾਸੇ ਕਾਂਗਰਸ ਵਿਚ ਅੰਦਰੂਨੀ ਧੜੇਬੰਦੀ ਪਾਰਟੀ ਲਈ ਸੰਕਟ ਖੜ੍ਹਾ ਕਰ ਸਕਦੀ ਹੈ। ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਵੱਲੋਂ


*(ਬਾਕੀ ਸਫਾ 6 'ਤੇ)*


## ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਭਾਜਪਾ 'ਚ ਸ਼ਾਮਲ



**ਨਵੀਂ ਦਿੱਲੀ:** ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਲੋਕ ਸਭਾ ਚੋਣਾਂ ਵਿਚ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ। ਉਹ ਪਾਰਟੀ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਤਰੁਣ ਚੁੱਘ ਦੀ ਮੌਜੂਦਗੀ ਵਿਚ ਪਾਰਟੀ ਵਿਚ ਸ਼ਾਮਲ ਹੋਏ। ਭਾਜਪਾ ਵਿਚ ਸ਼ਾਮਲ ਹੋ ਕੇ ਸ੍ਰੀ ਸੰਧੂ ਨੇ ਭਾਰਤ-ਅਮਰੀਕਾ ਸਬੰਧਾਂ 'ਚ ਹੋਏ ਵਿਕਾਸ ਬਾਰੇ ਗੱਲ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪਾਰਟੀ ਪ੍ਰਧਾਨ ਜੇਪੀ ਨੱਢਾ ਦਾ ਧੰਨਵਾਦ ਕੀਤਾ।

## ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਭੁੱਖ ਹੜਤਾਲ ਖਤਮ



**ਅੰਮ੍ਰਿਤਸਰ:** ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ 'ਤੇ ਬੈਠੇ ਪਰਿਵਾਰਕ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਵਿਖੇ ਅਰਦਾਸ ਮਗਰੋਂ ਆਪਣੀ ਭੁੱਖ ਹੜਤਾਲ ਖਤਮ ਕਰ ਦਿੱਤੀ ਪਰ ਵਿਰਾਸਤੀ ਮਾਰਗ ਵਿਚ ਚੱਲ ਰਿਹਾ ਧਰਨਾ ਪਹਿਲਾਂ ਵਾਂਗ ਹੀ ਜਾਰੀ ਹੈ। ਵਿਰਾਸਤੀ ਮਾਰਗ ਵਿਚ ਇਕੱਠ ਕੀਤਾ ਗਿਆ ਸੀ, ਜਿਸ ਵਿਚ ਮਤਾ ਪਾਸ ਕਰਕੇ ਅੰਮ੍ਰਿਤਪਾਲ ਅਤੇ ਹੋਰ ਸਿੱਖਾਂ ਦੇ ਪਰਿਵਾਰਕ ਮੈਂਬਰਾਂ ਨੂੰ ਆਪਣੀ ਭੁੱਖ ਹੜਤਾਲ ਖਤਮ ਕਰਨ ਦੀ ਅਪੀਲ ਕੀਤੀ ਗਈ ਸੀ। ਇਕੱਠ ਵਿਚ ਖੁਫੀਆ ਵਿਭਾਗ ਦੇ ਕਰਮਚਾਰੀਆਂ ਦੀ ਮਾਰਕੁੱਟ ਕਰਨ ਦੇ ਮਾਮਲੇ ਵਿਚ ਪੁਲਿਸ ਨੇ 20-25 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸ ਸਬੰਧੀ ਏ.ਐਸ.ਆਈ. ਚਰਨਜੀਤ ਸਿੰਘ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਹੈ ਜਿਸ ਤੋਂ ਬਾਅਦ ਪੁਲਿਸ ਵੱਲੋਂ ਕੇਸ ਦਰਜ ਕੀਤਾ ਗਿਆ ਹੈ। ਦੱਸ ਦਈਏ ਕਿ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅੰਮ੍ਰਿਤਪਾਲ ਸਿੰਘ ਦੀ ਤਬੀਅਤ ਨਾਸਾਜ਼ ਹੈ। ਬੀਤੇ ਦਿਨੀਂ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਕੌਰ


*(ਬਾਕੀ ਸਫਾ 6 'ਤੇ)*





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

Advertisement Space is available
Contact: 847-359-0746

ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਸਾਹਿਤਕ ਬੈਠਕ ਵਿਚ ਕਹਾਣੀ, ਗੀਤ ਤੇ ਗਜ਼ਲ ਦਾ ਦੌਰ ਚੱਲਿਆ

**ਨਿਊਯਾਰਕ:** 16 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਊਯਾਰਕ ਵਿਚ ਵੱਸਦੇ ਸਾਹਿਤਕ ਪ੍ਰੇਮੀਆਂ ਵਲੋਂ ਵੈਲੀ ਸਟਰੀਮ ਵਿਚ ਸਾਹਿਤਕ ਬੈਠਕ ਆਯੋਜਿਤ ਕੀਤੀ ਗਈ। ਜਿਸ ਵਿਚ ਕਹਾਣੀ, ਗੀਤ ਤੇ ਗਜ਼ਲ ਦਾ ਦੌਰ ਚੱਲਿਆ।

ਪ੍ਰੋਫੈਸਰ ਪਰਮਜੀਤ ਕੌਰ ਨੇ ਕਿਸਾਨੀ ਸੰਘਰਸ਼ ਬਾਰੇ ਬਹੁਤ ਖ਼ੂਬਸੂਰਤ ਕਵਿਤਾ ਪੜ੍ਹੀ ਜਿਸ ਵਿਚ ਪੰਜਾਬੀਆਂ ਦੇ ਹੌਂਸਲੇ ਹਮੇਸ਼ਾ ਬੁਲੰਦ ਰਹਿਣਗੇ ਦੀ ਗੱਲ ਕੀਤੀ ਗਈ, ਦੂਸਰੀ ਕਵਿਤਾ "ਚਿੜੀ ਦਾ ਬੋਟ" ਇਕ ਬੱਚੀ ਦੀ ਜ਼ਿੰਦਗੀ ਨਾਲ



ਆਮ ਸਰਸਰੀ ਗੱਲਾਂ ਬਾਤਾਂ ਤੋਂ ਬਾਅਦ ਰਾਣੀ ਨਗਿੰਦਰ ਨੇ ਆਪਣੀ ਕਹਾਣੀ "ਖੌਫ" ਸੁਣਾਈ। ਇਸ ਵਿਚ ਆਤਮਹੱਤਿਆ ਕਰਨ ਦੇ ਖੌਫ ਨੂੰ ਬਹੁਤ ਉਮਦਾ ਢੰਗ ਨਾਲ ਬਿਆਨ ਕੀਤਾ ਗਿਆ ਹੈ। ਸਾਰਿਆਂ ਨੇ ਕਹਾਣੀ ਦਾ ਭਰਪੂਰ ਲੁਤਫ ਲਿਆ। ਫਿਰ ਮਹਿਫ਼ਲ ਨੇ ਗਜ਼ਲ ਵੱਲ ਮੋੜ ਕੱਟਿਆ, ਸ਼ੁਰੂਆਤੀ ਦੌਰ ਵਿਚ ਜਸਵੀਰ ਸਿੰਘ ਡੁਮੇਲੀ ਨੇ ਦੋ ਗ਼ਜ਼ਲਾਂ ਸੁਣਾਈਆਂ। ਮੋਹਣ ਸਿੰਘ ਭੰਵਰਾ ਨੇ ਟੁੱਟਦੇ ਰਿਸ਼ਤਿਆਂ ਦੀ ਤਲਖੀ ਨਾਲ ਲਬਰੇਜ਼ ਕਵਿਤਾ ਪੜ੍ਹੀ। ਉਂਕਾਰ ਸਿੰਘ ਡੁਮੇਲੀ ਨੇ ਮਜ਼ਦੂਰ ਨਾਲ ਮਾਲਕ ਵਲੋਂ ਕੀਤੀਆਂ ਜਾਂਦੀਆਂ ਜ਼ਿਆਦਤੀਆਂ ਦੀ ਬਾਤ ਪਾਉਂਦੀ ਕਵਿਤਾ ਸੁਣਾਈ, ਬਲਵੀਰ ਸਿੰਘ ਡੁਮੇਲੀ ਨੇ ਕੁੱਝ ਦੋਹੇ ਤੇ ਦੋ ਗਜ਼ਲਾਂ ਪੜ੍ਹੀਆਂ। ਮਨਮੋਹਨ ਪੂਨੀ ਨੇ ਗਦਰੀ ਬਾਬਿਆਂ ਦੀ ਕੀਤੀ ਘਾਲਣਾ ਨੂੰ ਜਿਊਂਦਾ ਰੱਖਣ ਦੀ ਕੋਸ਼ਿਸ਼ ਕਰਨ ਬਾਰੇ ਸਾਰਿਆਂ ਨੂੰ ਤਾਕੀਦ ਕੀਤੀ, ਮਰਹੂਮ ਡਾਕਟਰ ਗੁਰੂਮੇਲ ਸਿੱਧੂ ਦੀ ਇਕ ਕਵਿਤਾ "ਡਰ" ਤੇ ਇਕ ਕਵਿਤਾ ਸੁਰਿੰਦਰ ਸੋਹਲ ਹੋਰਾਂ ਦੀ ਲਿਖੀ "ਗਾਰਬੇਜ਼ ਮੈਨ" ਪੜ੍ਹੀ। ਰੇਸ਼ਮ ਸਿੰਘ ਡੁਮੇਲੀ ਨੇ ਬਚਪਨ ਦੀਆਂ ਯਾਦਾਂ ਨਾਲ ਭਰਪੂਰ ਕਵਿਤਾ ਸੁਣਾਈ, ਜਿਸ ਨੂੰ ਸਭਨਾਂ ਨੇ ਖ਼ੂਬ ਪਸੰਦ ਕੀਤਾ।

ਸਬੰਧਤ ਸੀ। ਅਮਰੀਕ ਗ਼ਾਫ਼ਿਲ ਨੇ ਦੋ ਗਜ਼ਲਾਂ ਵਿਚੋਂ ਇਕ ਤਰੰਨਮ ਵਿਚ ਗਾਇਨ ਕੀਤੀ। ਪਰਮਜੀਤ ਕੌਰ ਗਾਖ਼ਲ ਨੇ ਮੋਹਨ ਸਪਰਾ ਦੀ ਲਿਖੀ ਕਵਿਤਾ "ਲੜਕੀਆਂ" ਖ਼ੂਬਸੂਰਤ ਅੰਦਾਜ਼ ਵਿਚ ਪੜ੍ਹੀ। ਰਾਣੀ ਨਗਿੰਦਰ ਨੇ ਚੱਲ ਰਹੇ ਪੀ ਐਲ ਓ ਤੇ ਇਜ਼ਰਾਈਲ ਜੰਗ ਨਾਲ ਹੋ ਰਹੀ ਤਬਾਹੀ ਦੀ ਕਵਿਤਾ ਪੜ੍ਹੀ। ਜਸਵਿੰਦਰ ਸਿੰਘ ਡੁਮੇਲੀ ਨੇ ਕੁੱਝ ਹਾਸ ਰਾਸ ਦੀਆਂ ਗੱਲਾਂ ਸੁਣਾ ਕੇ ਮਾਹੌਲ ਹਲਕਾ ਕਰ ਦਿੱਤਾ, ਜਸਵੀਰ ਸਿੰਘ ਉਭੀ ਨੇ ਇਕ ਔਰਤ ਦੇ ਜੀਵਨ ਦੀ ਦਰਦ ਭਰੀ ਦਾਸਤਾਨ ਸੁਣਾਈ। ਇਸ ਤੋਂ ਇਲਾਵਾ ਮਹਿਫ਼ਲ ਵਿਚ ਕਬੱਡੀ ਦੇ ਮਸ਼ਹੂਰ ਖਿਡਾਰੀ ਜਗਤਾਰ ਸਿੰਘ "ਕਾਰੀ" ਤੇ ਰਾਜਿੰਦਰ ਸ਼ਰਮਾ ਨੇ ਵੀ ਹਿੱਸਾ ਲਿਆ। ਅਖੀਰ ਵਿਚ ਡਾਕਟਰ ਸ਼ਸ਼ੀਕਾਂਤ ਉਪਲ ਨੇ ਖੁੱਲ੍ਹਾ ਸਮਾਂ ਲੈ ਕੇ ਗਜ਼ਲ, ਦੋਹੇ ਤੇ ਕਹਾਣੀ ਲਿਖਣ ਬਾਰੇ ਕਈ ਗੱਲਾਂ ਕੀਤੀਆਂ ਤੇ ਆਪਣੀਆਂ ਗਜ਼ਲਾਂ ਦੇ ਸ਼ੇਅਰ ਤੇ ਦੋਹੇ ਸੁਣਾਏ। ਇਸ ਤੋਂ ਬਾਅਦ ਸਾਰਿਆਂ ਨੇ ਖਾਣੇ ਦਾ ਭਰਪੂਰ ਲੁਤਫ ਲਿਆ ਤੇ ਇਸੇ ਲੜੀ ਨੂੰ ਅਗਾਂਹ ਤੋਰੀ ਰੱਖਣ ਦੀ ਗੱਲ ਕੀਤੀ। ਇਸ ਬੈਠਕ ਦਾ ਪ੍ਰਬੰਧ ਮੋਹਣ ਸਿੰਘ ਭੰਵਰਾ ਵਲੋਂ ਕੀਤਾ ਗਿਆ ਸੀ।

# ਪੰਜਾਬ ਟਾਈਮਜ਼ ਐਡਵਾਈਜ਼ਰੀ ਬੋਰਡ ਦੀ ਮੀਟਿੰਗ ਵਿਚ 'ਪੰਜਾਬ ਟਾਈਮਜ਼ ਨਾਈਟ' ਬਾਰੇ ਵਿਚਾਰ ਵਟਾਂਦਰਾ

**ਸ਼ਿਕਾਗੋ:** ਪੰਜਾਬ ਟਾਈਮਜ਼ ਐਡਵਾਈਜ਼ਰੀ ਬੋਰਡ ਦੀ ਮੀਟਿੰਗ ਲੰਘੀ 17 ਮਾਰਚ ਨੂੰ ਪੰਜਾਬ ਟਾਈਮਜ਼ ਦੇ ਦਫਤਰ ਵਿਖੇ ਹੋਈ। ਇਸ ਦੌਰਾਨ ਬੋਰਡ ਦੇ ਮੈਂਬਰ ਸਾਹਿਬਾਨ





ਡਾ. ਹਰਗੁਰਮੁਖਪਾਲ ਸਿੰਘ, ਗੁਲਜ਼ਾਰ ਸਿੰਘ ਮੁਲਤਾਨੀ, ਪਰਮਿੰਦਰ ਸਿੰਘ ਵਾਲੀਆ, ਭੁਪਿੰਦਰ ਸਿੰਘ ਧਾਲੀਵਾਲ, ਜਸਕਰਨ ਸਿੰਘ ਧਾਲੀਵਾਲ, ਅੰਮ੍ਰਿਤਪਾਲ ਸਿੰਘ ਸੰਘਾ, ਅਮਰੀਕ ਸਿੰਘ (ਅਮਰ ਕਾਰਪੇਟ), ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਜੈਦੇਵ ਸਿੰਘ ਭੱਠਲ, ਜਸਬੀਰ ਕੌਰ ਢਿੱਲੋਂ ਅਤੇ ਬਲਵਿੰਦਰ (ਨਿੱਕੀ) ਕੌਰ ਸੇਖੋਂ ਨੇ ਸ਼ਮੂਲੀਅਤ ਕੀਤੀ ਅਤੇ ਪੰਜਾਬ ਟਾਈਮਜ਼ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਗੱਲਬਾਤ ਕੀਤੀ।

ਮੀਟਿੰਗ ਦੌਰਾਨ ਸਾਰੇ ਬੋਰਡ ਮੈਂਬਰਾਂ ਨੇ ਇਸ ਵਰ੍ਹੇ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਹੋਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਪੰਜਾਬ ਟਾਈਮਜ਼ ਦੇ ਸਰਪ੍ਰਸਤ ਸ. ਅਮੋਲਕ ਸਿੰਘ ਜੰਮੂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਮਿਲਣਸਾਰ, ਹਸਮੁਖ ਤੇ ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਵਾਲੇ ਸੁਭਾਅ ਅਤੇ ਉਨ੍ਹਾਂ ਨਾਲ ਬਿਤਾਏ ਯਾਦਗਾਰੀ ਪਲਾਂ ਦੀ ਸਾਂਝ ਪਾਈ। ਸਭਨਾਂ ਨੇ ਇਸ ਵਾਰ 'ਪੰਜਾਬ ਟਾਈਮਜ਼ ਨਾਈਟ' ਨੂੰ ਹੋਰ ਯਾਦਗਾਰੀ ਬਣਾਉਣ ਸਬੰਧੀ ਆਪੋ ਆਪਣੇ ਸੁਝਾਅ ਦਿੱਤੇ ਅਤੇ ਵਿਚਾਰ ਸਾਂਝੇ ਕੀਤੇ। ਮੈਂਬਰ ਸਾਹਿਬਾਨ ਨੇ ਆਪੋ ਆਪਣੀ ਜ਼ਿੰਮੇਵਾਰੀ ਸਮਝਦਿਆਂ ਪੰਜਾਬ ਟਾਈਮਜ਼ ਦੀ ਵੱਧ ਤੋਂ ਵੱਧ ਮਦਦ ਕਰਨ ਤੇ ਇਸ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣ ਦਾ ਤਹੱਈਆ ਕੀਤਾ। ਇਸ ਮੌਕੇ ਇੰਡੀਆਨਾਪੋਲਿਸ ਤੋਂ ਖਾਸ ਤੌਰ 'ਤੇ ਆਏ ਸ. ਗੁਰਬਖਸ਼ ਸਿੰਘ ਰੰਧਾਵਾ ਅਤੇ ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਵੀ ਹਾਜ਼ਰ ਸਨ।

# ਜਰਨੈਲ ਸਿੰਘ ਸੇਖਾ ਦੇ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' ਉਪਰ ਵਿਚਾਰ-ਚਰਚਾ

**ਸਰੀ:** ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੇ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' ਉਪਰ ਵਿਚਾਰ-ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ






ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਵਿਹੜੇ ਵਿਚ ਕਰਵਾਏ ਇਸ ਸਮਾਗਮ ਦੀ ਪ੍ਰਧਾਨਗੀ ਜਰਨੈਲ ਸਿੰਘ ਸੇਖਾ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਹਰਜੋਤ ਕੌਰ ਖਹਿਰਾ ਨੇ ਕੀਤੀ। ਇਸ ਸਮਾਗਮ ਵਿਚ ਨਾਵਲ ਉੱਪਰ ਸਾਰਥਕ ਵਿਚਾਰ-ਚਰਚਾ ਹੋਈ ਜਿਸ ਵਿਚ ਸਰੀ, ਬਰਨਬੀ, ਵੈਨਕੂਵਰ ਤੋਂ ਪਹੁੰਚੇ ਕਈ ਵਿਦਵਾਨਾਂ, ਸਾਹਿਤਕਾਰਾਂ ਨੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ।

ਸਮਾਗਮ ਦਾ ਆਗਾਜ਼ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਨ੍ਹਾਂ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ ਸਬੰਧੀ ਸੰਖੇਪ ਜਾਣਕਾਰੀ ਦਿੱਤੀ। ਮੰਚ ਸੰਚਾਲਕ ਮੋਹਨ ਗਿੱਲ ਨੇ ਸ਼ੁਰੂਆਤ ਵਿਚ ਜਰਨੈਲ ਸਿੰਘ ਸੇਖਾ ਦੇ ਸਾਹਿਤਕ ਸਫਰ ਬਾਰੇ ਦੱਸਦਿਆਂ ਕਿਹਾ ਕਿ ਪੰਜਾਬੀ ਸਾਹਿਤ ਵਿਚ ਉਨ੍ਹਾਂ ਦਾ ਮਾਣਯੋਗ ਸਥਾਨ ਹੈ। ਸ. ਸੇਖਾ ਹੁਣ ਤਕ ਦੋ ਕਹਾਣੀ-ਸੰਗ੍ਰਹਿ ਅਤੇ ਚਾਰ ਨਾਵਲ ਪੰਜਾਬੀ ਸਾਹਿਤ ਨੂੰ ਦੇ ਚੁੱਕੇ ਹਨ। ਇਹ ਉਨ੍ਹਾਂ ਦਾ ਪੰਜਵਾਂ ਨਾਵਲ ਹੈ। ਉਨ੍ਹਾਂ ਦਾ ਇਕ ਸਫਰਨਾਮਾ 'ਦੁੱਲੇ ਦੀ ਢਾਬ' ਵੀ ਛਪ ਚੁੱਕਿਆ ਹੈ ਅਤੇ 'ਕੰਡਿਆਰੇ ਪੰਧ' ਉਨ੍ਹਾਂ ਦੀ ਸਵੈ-ਜੀਵਨੀ ਦੀ ਵੱਡ ਆਕਾਰੀ ਪੁਸਤਕ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਹਿੰਦੀ ਵਿਚ ਵੀ ਛਪ ਚੁੱਕੀਆਂ ਹਨ। ਮੋਹਨ ਗਿੱਲ ਨੇ ਡਾ. ਗੁਰਮਿੰਦਰ ਸਿੱਧੂ ਵੱਲੋਂ ਇਸ ਨਾਵਲ ਲਈ ਭੇਜਿਆ ਕਾਵਿਕ ਸੁਨੇਹਾ ਵੀ ਪੜ੍ਹਿਆ।

ਨਾਵਲ ਉੱਪਰ ਪਹਿਲਾ ਪਰਚਾ ਡਾ. ਹਰਜੋਤ ਕੌਰ ਖਹਿਰਾ ਨੇ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਹ ਨਾਵਲ ਬਹੁਤ ਸਾਰੇ ਘਟਨਾਕ੍ਰਮ ਰਾਹੀਂ ਰਾਜਨੀਤਕ ਅਤੇ ਇਤਿਹਾਸਕ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਵਰਤਮਾਨ ਸਮੇਂ ਵਿਚ ਸ਼ਾਮਿਲ ਹੋ ਜਾਂਦਾ ਹੈ। ਨਾਵਲ ਦਾ ਬਿਰਤਾਂਤ 1965 ਤੋਂ ਸ਼ੁਰੂ ਹੁੰਦਾ ਹੈ ਅਤੇ ਏਨੇ ਲੰਮੇਂ ਅਰਸੇ ਦੌਰਾਨ ਦੀਆਂ ਚਾਰ ਪੀੜ੍ਹੀਆਂ ਦੀ ਦਾਸਤਾਨ, ਇਸ ਸਮੇਂ



ਦੇ ਸਮਾਜਿਕ, ਪਰਿਵਾਰਕ ਹਾਲਾਤ ਦੀ ਬਹੁਤ ਸਹੀ ਜਾਣਕਾਰੀ ਦੇਣ ਵਿਚ ਨਾਵਲਕਾਰ ਸਫਲ ਰਿਹਾ ਹੈ। ਜਰਨੈਲ ਸਿੰਘ ਸੇਖਾ ਨੇ ਨਾਵਲ ਵਿਚ ਨਾਰੀਵਾਦ ਦੇ ਰਵਾਇਤੀ ਪੱਖ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾਰੀਵਾਦ ਦੇ ਅਸਲੀ ਪੱਖ ਨੂੰ ਪੇਸ਼ ਕੀਤਾ ਹੈ।

ਦੂਜਾ ਪਰਚਾ ਪ੍ਰੋ. ਹਰਿੰਦਰ ਕੌਰ ਸੋਹੀ ਨੇ ਪੜ੍ਹਿਆ। ਉਨ੍ਹਾਂ ਨੇ ਨਾਵਲ ਦੇ ਵਿਸ਼ਾ ਪੱਖ ਅਤੇ ਕਲਾ ਪੱਖ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਵਲ ਵਿਚ ਨਿਰੋਲ ਮਲਵਈ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਅਤੇ ਬਹੁਤ ਸਾਰੇ ਸ਼ਬਦ ਜੋ ਸਾਥੋਂ ਗਵਾਚ ਰਹੇ ਨੇ ਸ. ਸੇਖਾ ਨੇ ਇਸ ਨਾਵਲ ਰਾਹੀਂ ਉਨ੍ਹਾਂ ਨੂੰ ਸਾਂਭਣ ਦਾ ਸਾਰਥਿਕ ਕਾਰਜ ਕੀਤਾ ਹੈ। ਇਸ ਨਾਵਲ ਦੀ ਗੋਂਦ ਬੜੀ ਗੁੰਦਵੀਂ ਹੈ। ਤਕਰੀਬਨ ਪੰਜ-ਛੇ ਦਹਾਕਿਆਂ ਦੀਆਂ ਘਟਨਾਵਾਂ ਨੂੰ ਬਹੁਤ ਸੁਲਝੇ ਤੇ ਵਧੀਆ ਢੰਗ ਨਾਲ ਕੜੀਆਂ ਵਿਚ ਪਰੋਇਆ ਗਿਆ ਜਿਸ ਨਾਲ ਪਾਠਕ ਦੀ ਉਤਸੁਕਤਾ ਅਖੀਰ ਤਕ ਬਣੀ ਰਹਿੰਦੀ ਹੈ। ਨਾਵਲ ਵਿਚ ਵਾਤਾਵਰਨ ਤੇ ਦ੍ਰਿਸ਼ ਚਿੱਤਰ ਵੀ ਬੜਾ ਸੋਹਣਾ ਚਿਤਰਿਆ ਗਿਆ ਹੈ।

ਰਾਜਵੰਤ ਰਾਜ ਨੇ ਆਪਣੇ ਸੰਖੇਪ ਪਰਚੇ ਵਿਚ ਕਿਹਾ ਕਿ 'ਨਾਬਰ' ਨਾਵਲ ਵਿਚ ਵੱਡਾ ਸੁਨੇਹਾ ਇਹ ਦਿੱਤਾ ਗਿਆ ਹੈ ਕਿ ਔਰਤ ਅਤੇ ਮਰਦ ਇਕ ਦੂਜੇ ਦੇ ਪੂਰਕ ਹਨ, ਕਿਸੇ ਨੂੰ ਵੀ ਕਿਸੇ ਉੱਤੇ ਜ਼ੁਲਮ ਕਰਨ ਦਾ ਹੱਕ ਨਹੀਂ ਹੈ। ਇਹ ਨਾਵਲ ਨਾ-ਬਰਾਬਰੀ ਵਾਲੀ ਪਹੁੰਚ ਨੂੰ ਰੱਦ ਕਰ ਕੇ ਬਰਾਬਰੀ ਵਾਲੀ ਪਹੁੰਚ ਦੀ ਹਾਮੀ ਭਰਦਾ ਹੈ। ਪੱਤਰਕਾਰ ਅਤੇ ਸਾਹਿਤਕਾਰ ਬਖਸ਼ਿੰਦਰ ਨੇ ਕਿਹਾ ਕਿ ਨਾਵਲਕਾਰ ਪਹਿਲੇ ਸੰਵਾਦ ਤੋਂ ਹੀ ਇਹ ਦੱਸਣ ਦਾ ਆਹਰ ਕਰਦਾ ਦਿਸਣ ਲੱਗ ਪੈਂਦਾ ਹੈ ਕਿ ਉਸ ਦਾ ਵਿਸ਼ਾ ਮਰਦ ਔਰਤ ਵਿਚਲੀ ਅਸਮਾਨਤਾ ਹੀ ਹੈ। ਨਾਵਲਕਾਰ ਦੇ ਲੇਖਕੀ ਅਮਲ ਦਾ ਇਹ ਵੱਡਾ ਨੁਕਸ ਹੈ। ਉਨ੍ਹਾਂ ਨਾਵਲ ਵਿਚ ਕਈ ਥਾਈਂ ਦੋਹਰਾਏ ਗਏ ਸੰਵਾਦ ਉਪਰ ਵੀ ਉਂਗਲ ਉਠਾਈ।

ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਨੇ ਨਾਵਲ ਦੇ ਅੰਤ ਉੱਤੇ ਨਾਵਲਕਾਰ ਵੱਲੋਂ ਕਾਹਲੀ ਕਰਨ ਦੀ ਗੱਲ ਕਹੀ। ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਕਿਹਾ ਕਿ 90 ਸਾਲਾਂ ਦੀ ਜ਼ਿੰਦਗੀ ਦੌਰਾਨ ਵੱਖ-ਵੱਖ ਪੜਾਅ ਹੰਢਾਅ ਚੁੱਕੇ ਜਰਨੈਲ ਸਿੰਘ ਸੇਖਾ ਨੇ ਇਸ ਨਾਵਲ ਰਾਹੀਂ ਜਾਗੀਰੂਵਾਦ, ਪੂੰਜੀਵਾਦ ਅਤੇ ਵਿਅਕਤੀਵਾਦ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ।

ਨਾਵਲ ਉੱਪਰ ਹੋਰਨਾਂ ਤੋਂ ਇਲਾਵਾ ਸੁਰਜੀਤ ਕੌਰ ਕਲਸੀ, ਗੁਰਮੀਤ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਬਾਦਲ, ਇੰਦਰਜੀਤ ਸਿੰਘ ਧਾਮੀ, ਸੁਰਿੰਦਰ ਚਾਹਲ, ਅਮਰੀਕ ਪਲਾਹੀ, ਮੀਨੂ ਬਾਵਾ, ਅਸ਼ੋਕ ਭਾਰਗਵ, ਜਸਬੀਰ ਕੌਰ ਮਾਨ, ਦਰਸ਼ਨ ਸੰਘਾ ਅਤੇ ਬਿੰਦੂ ਮਠਾੜੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿਚ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਵਿਚਾਰ ਚਰਚਾ ਵਿਚ ਸ਼ਾਮਿਲ ਸਭਨਾਂ ਵਿਦਵਾਨਾਂ ਲੇਖਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਵਿਦਵਾਨਾਂ ਵੱਲੋਂ ਮਿਲੇ ਸੁਝਾਵਾਂ ਉੱਪਰ ਉਹ ਜ਼ਰੂਰ ਗ਼ੌਰ ਕਰਨਗੇ। ਸਮੁੱਚੇ ਸਮਾਗਮ ਦਾ ਸੰਚਾਲਨ ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਬਾਖ਼ੂਬੀ ਕੀਤਾ। ਵਿਚਾਰ ਚਰਚਾ ਤੋਂ ਪਹਿਲਾਂ ਨਾਵਲ ਰਿਲੀਜ਼ ਕਰਨ ਦੀ ਰਸਮ ਡਾ. ਹਰਜੋਤ ਕੌਰ ਖਹਿਰਾ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਮੰਚ ਤੇ ਸੇਖਾ ਪਰਿਵਾਰ ਦੇ ਮੈਂਬਰਾਂ ਨੇ ਅਦਾ ਕੀਤੀ।

**- ਹਰਦਮ ਮਾਨ**

# ਇਕਬਾਲ ਖ਼ਾਨ ਨੂੰ ਹੰਝੂਆਂ ਭਰੀ ਵਿਦਾਇਗੀ

**ਕੈਲਗਰੀ (ਬਿਊਰੋ):** ਅਰਪਨ ਲਿਖਾਰੀ ਸਭਾ ਦੀ ਮੀਟਿੰਗ ਲੰਘੇ ਦਿਨੀਂ ਡਾ. ਜੋਗਾ ਸਿੰਘ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਹੋਈ। ਸਟੇਜ ਦੀ ਕਾਰਵਾਈ ਕੇਸਰ ਸਿੰਘ ਨੀਰ ਨੇ ਸੰਭਾਲਦਿਆਂ ਆਏ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ ਅਤੇ ਕੁਝ ਦੁੱਖਦਾਈ ਖ਼ਬਰਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਕੈਲਗਰੀ ਦੇ ਨਕਸਲੀ ਲਹਿਰ ਦੇ ਸਿਆਸੀ ਘੁਲਾਟੀਏ ਅਤੇ ਨਾਮਵਰ ਸ਼ਾਇਰ ਇਕਬਾਲ ਖ਼ਾਨ, ਅਤੇ ਸੁਰਜੀਤ ਸਿੰਘ ਪੰਨੂ (ਸੀਤਲ), ਪ੍ਰਸਿੱਧ ਉਰਦੂ ਸ਼ਾਇਰ ਮੁਨੱਵਰ ਰਾਣਾ, ਕਹਾਣੀਕਾਰ ਸੁਖਜੀਤ, ਜਗਦੇਵ ਸਿੰਘ ਸਿੱਧੂ ਦੇ ਨੌਜੁਆਨ ਭਤੀਜੇ ਅਤੇ ਮਾ. ਸੁਖਦੇਵ ਸਿੰਘ ਧਾਲ਼ੀਵਾਲ ਦੇ ਸਪੁੱਤਰ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ। ਸਭਾ ਵੱਲੋਂ ਇਨ੍ਹਾਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕੀਤਾ ਗਿਆ।



ਉਪਰੰਤ ਕੇਸਰ ਸਿੰਘ ਨੀਰ ਨੇ ਇਕਬਾਲ ਖ਼ਾਨ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਉਸ ਦੀ ਸਾਹਿਤਕ ਦੇਣ ਅਤੇ ਕੀਤੇ ਕੰਮਾਂ ਬਾਰੇ ਯਾਦਾਂ ਸਾਂਝੀਆਂ ਕੀਤੀਆਂ। ਭਾਰਤ ਤੋਂ ਆਏ ਸ਼ਾਇਰ ਜਸਵਿੰਦਰ ਸਿੰਘ ਰੁਪਾਲ ਨੇ ਆਪਣੀ ਇਕ ਕਵਿਤਾ 'ਦਿਲ ਵਿਚ ਵਸਦੇ ਸਾਂਝ ਦੇ ਸਾਜ ਨੂੰ ਸਿਜਦਾ ਮੈਂ ਕਰਾਂ' ਕਵਿਤਾ ਰਾਹੀਂ ਇਕਬਾਲ ਖ਼ਾਨ ਨੂੰ ਸ਼ਰਧਾਂਜਲੀ ਦਿੱਤੀ। ਡਾ. ਬਾਠ ਨੇ 'ਜ਼ਿੰਦਗੀ ਦਾ ਸਫ਼ਰ ਹੈ ਕੈਸਾ ਸਫ਼ਰ, ਕੋਈ ਸਮਝਾ ਨਹੀਂ ਕੋਈ ਜਾਣਾ ਨਹੀਂ" ਗੀਤ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ। ਕਹਾਣੀਕਾਰਾ ਗੁਰਚਰਨ ਕੌਰ ਥਿੰਦ ਨੇ ਇਕਬਾਲ ਖ਼ਾਨ ਦੀ ਹੀ ਕਵਿਤਾ 'ਕਲਮ ਦੀ ਅੱਖ' ਸੁਣਾ ਕੇ ਸ਼ਰਧਾਂਜਲੀ ਦਿੱਤੀ।

ਸੁਖਵਿੰਦਰ ਸਿੰਘ ਤੂਰ ਨੇ ਇਕਬਾਲ ਖ਼ਾਨ ਦੀ ਫਿਰੋਜ਼ਦੀਨ ਸ਼ਰਫ਼ ਨੂੰ ਸੰਬੋਧਿਤ ਕਰ ਕੇ ਲਿਖੀ ਕਵਿਤਾ 'ਅਰਥੀ ਮੈਂ ਚੁੱਕੀ ਫਿਰਦਾ ਪੰਜਾਬ ਦੀ' ਸੁਣਾ ਕੇ ਇਕਬਾਲ ਖ਼ਾਨ ਨੂੰ ਯਾਦ ਕੀਤਾ। ਲਖਵਿੰਦਰ ਸਿੰਘ ਜੌਹਲ ਨੇ ਕਿਰਤੀ ਨਾਂ ਦੀ ਕਵਿਤਾ ਨਾਲ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕੁਲਦੀਪ ਕੌਰ ਘਟੌੜਾ ਨੇ ਇਸਤਰੀ ਨੂੰ ਮਾਣ ਸਨਮਾਨ ਦੇਣ ਦੀ ਗੱਲ ਕਰਦਿਆਂ ਆਖਿਆ ਕਿ ਸਾਨੂੰ ਆਪਣੇ ਘਰਾਂ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ, ਨਾਲ ਹੀ ਇਕਬਾਲ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਜਸਵਿੰਦਰ ਅਰਪਣ ਨੇ ਬਹੁਤ ਹੀ ਭਾਵੁਕ ਸ਼ਬਦਾਂ ਨਾਲ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪ੍ਰੋ. ਸੁਖਵਿੰਦਰ ਸਿੰਘ ਥਿੰਦ ਨੇ ਇਸਤਰੀ ਦਿਵਸ ਦੀ ਗੱਲ ਕਰਦਿਆਂ ਕਿਹਾ ਕਿ ਸਾਨੂੰ ਲੜਕੀਆਂ ਦੀ ਸਿਹਤ ਅਤੇ ਸਿੱਖਿਆ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ। ਫੇਰ ਹੀ ਬਰਾਬਰੀ ਦੀ ਗੱਲ ਕੀਤੀ ਜਾ ਸਕਦੀ ਹੈ।

ਸਤਨਾਮ ਸਿੰਘ ਢਾਅ ਨੇ ਇਕਬਾਲ ਦੀਆਂ ਯਾਦਾਂ ਸਾਝੀਆਂ ਕਰਦਿਆਂ ਆਖਿਆ ਕਿ ਇਕਬਾਲ ਦੇ ਵਿਛੋੜੇ ਨਾਲ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਭਾਵੇਂ ਇਕਬਾਲ ਖ਼ਾਨ ਸਾਡੇ ਵਿਚ ਨਹੀਂ ਰਹੇ ਪਰ ਉਹਦੇ ਕੀਤੇ ਕੰਮ ਹਮੇਸ਼ਾਂ ਯਾਦ ਰਹਿਣਗੇ। ਡਾ. ਜੋਗਾ ਸਿੰਘ ਸਿਹੋਤਾ ਨੇ ਪ੍ਰੋ. ਦਰਸ਼ਨ ਸਿੰਘ ਕੋਮਲ ਦੀ ਲਿਖੀ ਭਾਵੁਕ ਕਵਿਤਾ 'ਕਿਉਂ ਜੀ ਕਿਤ ਵੱਲ ਜਾ ਰਹੇ ਹੋ, ਹੋਇਆ ਕੀ ਕਸੂਰ ਸਾਥੋਂ ਕਿਉਂ ਪਲੜਾ ਛਡਾ ਰਹੇ ਹੋ' ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕਰਕੇ ਹਾਜ਼ਰੀਨ ਦੀਆਂ ਅੱਖਾਂ ਨਮ ਕਰ ਦਿਤੀਆਂ। ਇਨ੍ਹਾਂ ਤੋਂ ਇਲਾਵਾ ਜਸਵਿੰਦਰ ਸਿੰਘ ਅਰਪਨ, ਪ੍ਰਿਤਪਾਲ ਸਿੰਘ ਮੱਲ੍ਹੀ ਅਤੇ ਸੁਖਦੇਵ ਕੌਰ ਢਾਅ ਨੇ ਵੀ ਸ਼ਰਧਾਂਜਲੀ ਸਮਾਗਮ ਵਿਚ ਭਰਪੂਰ ਯੋਗਦਾਨ ਪਇਆ। ਅਖ਼ੀਰ 'ਤੇ ਡਾ. ਜੋਗਾ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਕਬਾਲ ਖ਼ਾਨ ਨੂੰ 10 ਮਾਰਚ 2024 ਨੂੰ ਅੰਤਮ ਵਿਦਾਇਗੀ ਦਿੱਤੀ ਗਈ, ਜਿਸ ਵਿਚ ਉਸ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਸ਼ਾਮਲ ਹੋਏ। ਜਥੇਬੰਦੀਆਂ ਵਿਚ ਅਰਪਨ ਲਿਖਾਰੀ ਸਭਾ ਤੋਂ ਇਲਾਵਾ ਐਡਮਿੰਟਨ ਤੋਂ ਪ੍ਰੋਗਰੈਸਿਵ ਪਿਉਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਅਤੇ ਮੈਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਵੱਲੋਂ, ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿਨੀਪੈਗ, ਈਸਟ ਇੰਡੀਆ ਡਿਫ਼ੈਂਸ ਕਮੇਟੀ ਵੈਨਕੂਵਰ ਅਤੇ ਕੈਲਗਰੀ ਦੀਆਂ ਸਾਰੀਆਂ ਸਾਹਿਤਕ ਅਤੇ ਭਾਈਚਾਰਕ ਜਥੇਬੰਦੀਆਂ ਅਤੇ ਕੈਨੇਡਾ ਦੇ ਵੱਖ-ਵੱਖ ਸੂਬਿਆਂ ਅਤੇ ਸ਼ਹਿਰਾਂ ਦੇ ਸਾਹਿਤਕਾਰਾਂ ਵੱਲੋਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਦੇਸ਼ ਵਿਦੇਸ਼ ਤੋਂ ਉਹਦੇ ਮਿੱਤਰ-ਪਿਆਰਿਆਂ ਦੇ ਸ਼ੋਕ ਸੰਦੇਸ਼ ਪੜ੍ਹੇ ਗਏ ਖ਼ਾਸ ਕਰਕੇ ਉਹਦੇ ਪਿੰਡ ਖ਼ਾਨਖ਼ਾਨਾ (ਨੇੜੇ ਬੰਗਾ) ਦੇ ਨਿਵਾਸੀਆਂ ਵੱਲੋਂ ਪਿੰਡ ਦੇ ਵਿੱਦਿਆ ਮੰਦਰ (ਸਕੂਲ) ਲਈ ਕੀਤੀ ਮਦਦ ਦਾ ਖ਼ਾਸ ਜ਼ਿਕਰ ਕਰਦਿਆਂ ਸ਼ੋਕ ਸੰਦੇਸ਼ ਭੇਜਿਆ ਗਿਆ। ਇਕਬਾਲ ਖ਼ਾਨ ਦੇ ਕੀਤੇ ਕੰਮ ਹਮੇਸ਼ਾਂ ਉਸ ਨੂੰ ਜ਼ਿੰਦਾ ਰੱਖਣਗੇ।

# ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦਾ ਸਾਲਾਨਾ ਸਮਾਗਮ 31 ਮਾਰਚ ਨੂੰ

ਸਰੀ: ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦਾ ਸਾਲਾਨਾ ਸਮਾਗਮ 31 ਮਾਰਚ, 2024 ਦਿਨ ਐਤਵਾਰ ਬਾਅਦ ਦੁਪਹਿਰ 1:30 ਵਜੇ ਸ਼ਾਹੀ ਕੇਟਰਿੰਗ ਦੇ ਉਪਰਲੇ ਹਾਲ ਵਿਚ ਹੋਵੇਗਾ, ਜਿਸਦਾ ਐਡਰਸ#104-12815-85 ਐਵੇਨਿਊ ਹੈ। ਇਸ ਸਮਾਗਮ ਵਿਚ ਪ੍ਰਸਿੱਧ ਸਾਹਿਤਕਾਰ ਸ. ਸੁੱਚਾ ਸਿੰਘ ਕਲੇਰ ਨੂੰ 2024 ਦੇ "ਸਰਵੋਤਮ ਸਾਹਿਤਕਾਰ ਐਵਾਰਡ" ਨਾਲ ਨਿਵਾਜਿਆ ਜਾਵੇਗਾ। ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ ਤੇ ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਸਭਾ ਵੱਲੋਂ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਸਮੇਂ ਸਿਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਕੋਈ ਦਾਖ਼ਲਾ ਫ਼ੀਸ ਨਹੀਂ ਹੋਵੇਗੀ।

ਵਧੇਰੇ ਜਾਣਕਾਰੀ ਲਈ ਪ੍ਰਿਤਪਾਲ ਗਿੱਲ 604 726 8410, ਸੁਰਜੀਤ ਸਿੰਘ ਮਾਧੋਪੁਰੀ 604 377 4171, ਪਲਵਿੰਦਰ ਸਿੰਘ ਰੰਧਾਵਾ 778 552 532 ਅਤੇ ਰੂਪਿੰਦਰ ਖਹਿਰਾ ਰੂਪੀ 778 892 9731 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ

ਚਾਹਵਾਨ ਸੰਪਰਕ ਕਰਨ: 469-353-9516

Truck Shop For Lease

Truck Shop Truck Wash Restaurant with 2 Pump huge building is available for lease on Highway 10 Texas

Contact: 469-353-9516


# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

## ਲੜਕੇ ਦੀ ਲੋੜ ਹੈ

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 29 ਸਾਲ, 5'5" ਡੈਂਟਿਸਟ, ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਡਾਕਟਰ ਜਾਂ ਇੰਜਨੀਅਰ ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਚਾਹਵਾਨ 224-422-4773 'ਤੇ ਸੰਪਰਕ ਕਰਨ।

11-14

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 31 ਸਾਲ, 5'7" ਆਰ.ਐਨ/ਬੀ.ਐਸ.ਐਨ. ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਇਲੀਨੋਇ ਤੇ ਨਾਲ ਲੱਗਦੀਆਂ ਸਟੇਟਾਂ ਨੂੰ ਪਹਿਲ। ਚਾਹਵਾਨ 224-361-1456 'ਤੇ ਸੰਪਰਕ ਕਰਨ।

11-14

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com

06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

# ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਨਾਨਕਸ਼ਾਹੀ ਵਰ੍ਹੇ ਮੌਕੇ ਗੁਰਮਤਿ ਸਮਾਗਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਮੁਤਾਬਕ ਨਵੇਂ ਵਰ੍ਹੇ ਸੰਮਤ 556 ਦੀ ਆਮਦ ਉਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਵੱਡੀ ਗਿਣਤੀ ਸ਼ਰਧਾਲੂਆਂ ਨੇ ਨਵੇਂ ਵਰ੍ਹੇ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਕੀਤੀ।



ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸੰਗਤ ਨੂੰ ਨਾਨਕਸ਼ਾਹੀ ਵਰ੍ਹੇ 556 ਦੀ ਵਧਾਈ ਦਿੱਤੀ ਅਤੇ ਗੁਰਮਤਿ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਸਿੱਖ ਕੌਮ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਦਿਨ ਮਨਾਉਣ ਦੀ ਅਪੀਲ ਕੀਤੀ। ਇਸੇ ਦੌਰਾਨ ਗਿਆਨੀ ਗੁਰਮਿੰਦਰ ਸਿੰਘ ਨੇ ਸੰਗਤ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਣਾ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਆਮ ਦਿਨਾਂ ਨਾਲੋਂ ਵਧੇਰੇ ਗਿਣਤੀ ਸੰਗਤ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੀ। ਸ਼ਰਧਾਲੂਆਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ। ਉਨ੍ਹਾਂ ਦੱਸਿਆ ਕਿ ਰਾਤ ਵੇਲੇ ਨਵੇਂ ਵਰ੍ਹੇ ਦੇ ਨਾਨਕਸ਼ਾਹੀ ਕੈਲੰਡਰ ਸੰਗਤ ਨੂੰ ਵੰਡੇ ਗਏ ਸਨ।

ਨਾਨਕਸ਼ਾਹੀ ਕੈਲੰਡਰ ਦੀ ਸ਼ੁਰੂਆਤ 2003 ਵਿਚ ਹੋਈ ਸੀ ਅਤੇ ਇਸ ਦੀ ਰਚਨਾ ਪਾਲ ਸਿੰਘ ਪੁਰੇਵਾਲ ਨੇ ਕੀਤੀ ਸੀ। ਇਹ ਕੈਲੰਡਰ ਸੂਰਜ ਚਾਲ 'ਤੇ ਆਧਾਰਿਤ ਸੀ ਅਤੇ ਬਿਕਰਮੀ ਕੈਲੰਡਰ ਨਾਲੋਂ ਵੱਖਰਾ ਸੀ ਜਿਸ ਵਿਚ ਚਾਰ ਗੁਰਪੁਰਬਾਂ ਨੂੰ ਛੱਡ ਕੇ ਬਾਕੀ ਸਾਰੇ ਗੁਰਪੁਰਬ ਅਤੇ ਤਿਉਹਾਰਾਂ ਦੀਆਂ ਤਰੀਕਾਂ ਪੱਕੇ ਤੌਰ 'ਤੇ ਨਿਰਧਾਰਤ ਕਰ ਦਿੱਤੀਆਂ ਗਈਆਂ ਸਨ। 2010 ਵਿਚ ਇਸ ਵਿਚ ਸੋਧ ਕੀਤੀ ਗਈ ਅਤੇ ਬਾਅਦ ਵਿਚ ਇਕ ਹੋਰ ਸੋਧ ਕਰਦਿਆਂ ਇਸ ਦਾ ਰਲੇਵਾਂ ਬਿਕਰਮੀ ਕੈਲੰਡਰ ਨਾਲ ਕਰ ਦਿੱਤਾ ਗਿਆ ਸੀ ਜਿਸ ਦਾ ਅੱਜ ਵੀ ਵਿਰੋਧ ਜਾਰੀ ਹੈ ਅਤੇ ਇਸ ਮਾਮਲੇ ਵਿਚ ਸੰਗਤ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ ਜਿਸ ਕਾਰਨ ਕਈ ਗੁਰਪੁਰਬ ਦੋ ਦੋ ਵਾਰ ਮਨਾਏ ਜਾਂਦੇ ਹਨ।

## ਦਲ ਖਾਲਸਾ ਵੱਲੋਂ ਨਾਨਕਸ਼ਾਹੀ ਕੈਲੰਡਰ ਰਿਲੀਜ਼

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਦੇ ਕੇ ਨਾਨਕਸ਼ਾਹੀ ਕੈਲੰਡਰ ਸਬੰਧੀ ਚੱਲ ਰਹੇ ਵਿਵਾਦ ਨੂੰ ਹੱਲ ਕਰਨ ਦੀ ਅਪੀਲ ਕੀਤੀ। ਜਥੇਬੰਦੀ ਨੇ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਸ੍ਰੀ ਅਕਾਲ ਤਖਤ 'ਤੇ ਅਰਦਾਸ ਕਰਕੇ ਮੂਲ ਨਾਨਕਸ਼ਾਹੀ ਕੈਲੰਡਰ ਰਿਲੀਜ਼ ਕੀਤਾ। ਇਸ ਦੌਰਾਨ ਜਥੇਬੰਦੀ ਵੱਲੋਂ ਸਰਬਸੰਮਤੀ ਨਾਲ ਨੌਜਵਾਨ ਪਰਮਜੀਤ ਸਿੰਘ ਮੰਡ ਨੂੰ ਦਲ ਖ਼ਾਲਸਾ ਦਾ ਵਰਕਿੰਗ ਪ੍ਰਧਾਨ ਨਿਯੁਕਤ ਕੀਤਾ ਗਿਆ। ਜਥੇਬੰਦੀ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜੇ ਪੱਤਰ ਵਿਚ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਛਾਪਿਆ ਸੰਮਤ 556 ਕੈਲੰਡਰ, ਨਾਨਕਸ਼ਾਹੀ ਦੇ ਲੇਬਲ ਹੇਠ ਅਸਲ ਵਿਚ ਬਿਕਰਮੀ ਕੈਲੰਡਰ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ 9 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਬਿਕਰਮੀ ਕੈਲੰਡਰ 'ਨਾਨਕਸ਼ਾਹੀ' ਦੇ ਨਾਂ ਹੇਠ ਛਾਪ ਕੇ ਕੌਮ ਨੂੰ ਗੁੰਮਰਾਹ ਕਰ ਰਹੀ ਹੈ। ਨਾਨਕਸ਼ਾਹੀ ਕੈਲੰਡਰ ਵਿਵਾਦ ਨੇ ਪਿਛਲੇ ਇਕ ਦਹਾਕੇ ਤੋਂ ਕੌਮ ਨੂੰ ਵੰਡਿਆ ਹੋਇਆ ਹੈ। ਉਨ੍ਹਾਂ ਇਸ ਵਿਵਾਦ ਨੂੰ ਸੁਲਝਾਉਣ ਦੀ ਅਪੀਲ ਕੀਤੀ।

## ਮੋਦੀ ਨੇ ਸਿੱਖਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਨੂੰ ਚੇਤ ਦੀ ਸੰਗਰਾਂਦ ਉਤੇ ਨਵੇਂ ਸਾਲ ਦੀ ਸ਼ੁਰੂਆਤ 'ਤੇ ਵਧਾਈ ਦਿੱਤੀ। ਐਕਸ ਉਤੇ ਉਨ੍ਹਾਂ ਕਿਹਾ, "ਸਿੱਖਾਂ ਨਵੇਂ ਸਾਲ ਦੀ ਸ਼ੁਭਕਾਮਨਾਵਾਂ। ਵਾਹਿਗੁਰੂ ਜੀ ਦੀ ਬੇਅੰਤ ਕਿਰਪਾ ਰਹੇ ਤੇ ਉਹ ਸਾਰਿਆਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖ਼ਸ਼ਣ।"

# ਲਹਿੰਦੇ ਪੰਜਾਬ ਦੇ ਸਕੂਲਾਂ 'ਚ ਪੰਜਾਬੀ ਪੜ੍ਹਾਉਣ ਦੇ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਲਹਿੰਦੇ ਪੰਜਾਬ ਦੀ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਫੈਸਲੇ ਦਾ ਸ਼੍ਰੋਮਣੀ ਕਮੇਟੀ ਨੇ ਸਵਾਗਤ ਕੀਤਾ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਮਾਂ ਬੋਲੀ ਹੈ ਜੋ ਨਵੀਂ ਪੀੜ੍ਹੀ ਨੂੰ ਪੜ੍ਹਾਈ ਜਾਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਪਣੀ ਮਾਂ ਬੋਲੀ ਤੋਂ ਟੁੱਟ ਕੇ ਕੋਈ ਵੀ ਕੌਮ ਕਾਮਯਾਬ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ 9 ਮਾਰਚ ਨੂੰ ਪੰਜਾਬ ਸੱਭਿਆਚਾਰ ਦਿਵਸ ਸਮਾਗਮ ਤਹਿਤ ਪਾਕਿਸਤਾਨ ਵਿਚ ਪੰਜਾਬ ਦੀ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਇਹ ਐਲਾਨ ਕੀਤਾ ਹੈ ਕਿ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਨੂੰ ਵਿਸ਼ੇ ਵਜੋਂ ਪੜ੍ਹਾਉਣਾ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲਹਿੰਦੇ ਪੰਜਾਬ ਵਿਚ ਪੰਜਾਬੀ ਨੂੰ ਸਕੂਲਾਂ ਅੰਦਰ ਮੁੱਢਲੀ ਜਮਾਤ ਤੋਂ ਹੀ ਇਕ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਲਹਿੰਦੇ ਪੰਜਾਬ ਵਿਚ ਲੰਮੇ ਸਮੇਂ ਤੋਂ ਪੰਜਾਬੀ ਪੜ੍ਹਾਉਣ ਦਾ ਮਸਲਾ ਚੱਲਦਾ ਆ ਰਿਹਾ ਹੈ ਅਤੇ ਹੁਣ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਕੀਤਾ ਗਿਆ ਐਲਾਨ ਸ਼ਲਾਘਾਯੋਗ ਹੈ ਜਿਸ ਨੂੰ ਸੰਜੀਦਗੀ ਨਾਲ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਲਹਿੰਦੇ ਪੰਜਾਬ ਵਿਚ ਪੰਜਾਬੀ ਨੌਵੀਂ ਅਤੇ ਦਸਵੀਂ ਜਮਾਤਾਂ ਤੋਂ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ ਜਿਸ ਨਾਲ ਪੰਜਾਬੀ ਮੂਲ ਦੇ ਬੱਚੇ ਲੰਮਾ ਸਮਾਂ ਮਾਂ ਬੋਲੀ ਦੀ ਸਿੱਖਿਆ ਤੋਂ ਦੂਰ ਰਹਿੰਦੇ ਹਨ।

# ਬੀਬੀ ਜਾਗੀਰ ਕੌਰ ਮੁੜ ਅਕਾਲੀ ਦਲ 'ਚ ਸ਼ਾਮਿਲ

**ਭੁਲੱਥ:** ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿਚ ਪਾਰਟੀ 'ਚੋਂ ਕੱਢੇ ਜਾਣ ਤੋਂ ਤਕਰੀਬਨ 15 ਮਹੀਨੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਾਗੀਰ ਕੌਰ ਮੁੜ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ।



ਸ਼੍ਰੋਮਣੀ ਅਕਾਲੀ ਦਲ 'ਚ ਮੁੜ ਸ਼ਾਮਲ ਹੋਣ ਮਗਰੋਂ ਬੀਬੀ ਜਾਗੀਰ ਕੌਰ ਨੇ ਕਿਹਾ ਕਿ ਉਹ ਜਨਮ ਤੋਂ ਹੀ ਅਕਾਲੀ ਹੈ। ਉਨ੍ਹਾਂ ਕਿਹਾ ਕਿ ਉਹ ਅਕਾਲੀ ਸੀ ਅਤੇ ਹਮੇਸ਼ਾ ਅਕਾਲੀ ਹੀ ਰਹੇਗੀ। ਉਨ੍ਹਾਂ ਕਿਹਾ ਕਿ ਉਹ ਪੰਥ ਦੀ ਭਲਾਈ ਲਈ ਅਤੇ ਸ਼੍ਰੋਮਣੀ ਕਮੇਟੀ ਦੀ ਮਜ਼ਬੂਤੀ ਲਈ ਕੰਮ ਕਰਨਾ ਜਾਰੀ ਰੱਖਣਗੇ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਬੀਬੀ ਜੀ ਨਾਲ ਮੇਰੇ ਰਿਸ਼ਤੇ ਹਮੇਸ਼ਾ ਪਰਿਵਾਰ ਵਾਲੇ ਰਹੇ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲਾਂ ਵੀ ਉਨ੍ਹਾਂ ਨੂੰ ਪਾਰਟੀ ਵਿਚ ਦੁਬਾਰਾ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਬੀਬੀ ਜਾਗੀਰ ਕੌਰ ਦਾ ਪਾਰਟੀ 'ਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਸ੍ਰੀ ਬਾਦਲ ਨੇ ਅਲੱਗ-ਥਲੱਗ ਪਏ ਸਾਰੇ ਅਕਾਲੀਆਂ ਨੂੰ ਪਾਰਟੀ 'ਚ ਵਾਪਸ ਆਉਣ ਦੀ ਵੀ ਅਪੀਲ ਕੀਤੀ। ਸੁਖਬੀਰ ਬਾਦਲ ਕਿਹਾ ਕਿ ਅਕਾਲੀ ਦਲ ਵਰਗੀ ਸੋਚ ਰੱਖਣ ਵਾਲੀਆਂ ਪਾਰਟੀਆਂ ਜੋ ਪੰਜਾਬ ਨੂੰ ਬਚਾਉਣ ਲਈ ਉਨ੍ਹਾਂ ਨਾਲ ਹੱਥ ਮਿਲਾ ਸਕਦੀਆਂ ਹਨ, ਉਨ੍ਹਾਂ ਦਾ ਸਵਾਗਤ ਹੈ ਪਰ ਉਹ ਕਾਂਗਰਸ ਅਤੇ 'ਆਪ' ਨਾਲ ਨਹੀਂ ਜਾ ਸਕਦੇ।

ਭਾਜਪਾ ਨਾਲ ਗੱਠਜੋੜ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਾਰੀਆਂ 13 ਸੀਟਾਂ ਲਈ ਤਿਆਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਕੋਈ ਗੱਠਜੋੜ ਨਹੀਂ ਹੈ।

# ਪ੍ਰਨੀਤ ਕੌਰ ਨੇ ਭਾਜਪਾ 'ਚ ਸ਼ਾਮਲ ਹੁੰਦਿਆਂ ਹੀ ਮੋਦੀ ਦੇ ਸੋਹਲੇ ਗਾਏ

**ਨਵੀਂ ਦਿੱਲੀ:** ਲੋਕ ਸਭਾ ਮੈਂਬਰ ਅਤੇ ਮੁਅੱਤਲ ਕਾਂਗਰਸ ਨੇਤਾ ਪ੍ਰਨੀਤ ਕੌਰ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ ਪਿਛਲੇ 10 ਸਾਲਾਂ ਦੌਰਾਨ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਪਟਿਆਲਾ ਤੋਂ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕੇ ਅਤੇ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੂੰ ਪਿਛਲੇ ਸਾਲ ਫਰਵਰੀ ਵਿਚ ਉਨ੍ਹਾਂ ਦੇ ਪਤੀ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਕਾਂਗਰਸ ਨੇ ਮੁਅੱਤਲ ਕਰ ਦਿੱਤਾ ਸੀ। ਕਾਂਗਰਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਹਾਈਕਮਾਂਡ ਨੂੰ ਸ਼ਿਕਾਇਤ ਭੇਜ ਕੇ ਪ੍ਰਨੀਤ ਕੌਰ ਖ਼ਿਲਾਫ਼ ਭਾਜਪਾ ਦੀ ਮਦਦ ਲਈ ਪਾਰਟੀ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ।



ਭਾਜਪਾ ਨੇਤਾਵਾਂ ਨਾਲ ਇੱਥੇ ਪਾਰਟੀ ਹੈੱਡਕੁਆਰਟਰ 'ਤੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਨੀਤ ਕੌਰ ਨੇ ਪਾਰਟੀ ਵਿਚ ਸ਼ਾਮਲ ਹੋਣ 'ਤੇ ਖੁਸ਼ੀ ਜ਼ਾਹਿਰ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਪ੍ਰਧਾਨ ਜੇਪੀ ਨੱਢਾ ਅਤੇ ਪੂਰੇ ਭਾਜਪਾ ਪਰਿਵਾਰ ਦਾ ਉਨ੍ਹਾਂ ਨੂੰ ਪਾਰਟੀ ਲਈ ਕੰਮ ਕਰਨ ਦਾ ਮੌਕਾ ਦੇਣ ਬਦਲੇ ਧੰਨਵਾਦ ਕੀਤਾ। ਮੋਦੀ ਦੀ ਅਗਵਾਈ ਦੀ ਸ਼ਲਾਘਾ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਉਨ੍ਹਾਂ ਭਾਜਪਾ ਦੀਆਂ ਨੀਤੀਆਂ ਅਤੇ ਸਰਕਾਰ ਦੇ ਪਿਛਲੇ 10 ਸਾਲਾਂ ਦੇ ਕੰਮਾਂ ਨੂੰ ਦੇਖਦਿਆਂ ਪਾਰਟੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਉਨ੍ਹਾਂ ਕਿਹਾ, "ਮੈਨੂੰ ਪੂਰਾ ਭਰੋਸਾ ਹੈ ਕਿ ਸਾਡੇ ਬੱਚਿਆਂ ਦਾ ਭਵਿੱਖ ਅਤੇ ਸਾਡਾ ਦੇਸ਼ ਉਨ੍ਹਾਂ (ਮੋਦੀ) ਦੀ ਅਗਵਾਈ ਅਤੇ ਨੀਤੀਆਂ ਨਾਲ ਸੁਰੱਖਿਅਤ ਰਹੇਗਾ।" ਇਸ ਮੌਕੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਦੇ ਇੰਚਾਰਜ ਵਿਜੈ ਰੁਪਾਨੀ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਵਿਨੋਦ ਤਾਵੜੇ, ਤਰੁਣ ਚੁੱਘ ਅਤੇ ਹੋਰਾਂ ਸਣੇ ਸੀਨੀਅਰ ਆਗੂ ਮੌਜੂਦ ਸਨ। ਇਸ ਉਪਰੰਤ ਪ੍ਰਨੀਤ ਕੌਰ ਨੇ ਇੱਥੇ ਭਾਜਪਾ ਪ੍ਰਧਾਨ ਜੇਪੀ ਨੱਢਾ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ।

# ਸੁਖਵਿਲਾਸ ਮਾਮਲਾ: ਸੁਖਬੀਰ ਨੇ ਭਗਵੰਤ ਮਾਨ ਨੂੰ ਭੇਜਿਆ ਕਾਨੂੰਨੀ ਨੋਟਿਸ

## ਤੁਰੰਤ ਮੁਆਫ਼ੀ ਮੰਗਣ ਜਾਂ ਮਾਣਹਾਨੀ ਦੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਾਨੂੰਨੀ ਨੋਟਿਸ ਭੇਜ ਕੇ ਸੁਖਵਿਲਾਸ ਰਿਜ਼ੌਰਟ ਮਾਮਲੇ ਵਿਚ ਤੁਰਤ ਮੁਆਫ਼ੀ ਮੰਗਣ ਜਾਂ ਫਿਰ ਮਾਣਹਾਨੀ ਦੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਹੈ।



ਇਹ ਕਾਨੂੰਨੀ ਨੋਟਿਸ ਉਨ੍ਹਾਂ ਦੇ ਨਿੱਜੀ ਰਿਜ਼ੌਰਟ ਦੀ ਉਸਾਰੀ ਅਤੇ ਨਿਯਮਾਂ ਵਿਚ ਤਬਦੀਲੀ ਕਰ ਕੇ 108 ਕਰੋੜ ਰੁਪਏ ਦੀ ਛੋਟ ਦਿੱਤੇ ਜਾਣ ਸਬੰਧੀ ਮੁੱਖ ਮੰਤਰੀ ਵੱਲੋਂ ਲਗਾਏ ਗਏ ਦੋਸ਼ਾਂ ਦੇ ਸਬੰਧ ਵਿਚ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਵੀ ਮੁਕਤਸਰ ਦੀ ਅਦਾਲਤ ਵਿਚ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੋਇਆ ਹੈ ਅਤੇ ਹੁਣ ਦੂਸਰੇ ਮਾਮਲੇ ਵਿਚ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਤੋਂ ਮੁੱਖ ਮੰਤਰੀ ਨੂੰ ਉਨ੍ਹਾਂ ਦੇ ਹਰੇਕ ਬਿਆਨ ਲਈ ਜਵਾਬਦੇਹ ਠਹਿਰਾਇਆ ਜਾਵੇਗਾ। ਸੁਖਬੀਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਉਨ੍ਹਾਂ 'ਤੇ ਲਗਾਏ ਸਾਰੇ ਦੋਸ਼ਾਂ ਲਈ ਸਬੂਤ ਪੇਸ਼ ਕਰਨੇ ਪੈਣਗੇ ਜਾਂ ਫਿਰ ਉਹ ਝੂਠ ਬੋਲਣ ਲਈ ਜੇਲ੍ਹ ਜਾਣ ਵਾਸਤੇ ਤਿਆਰ ਰਹਿਣ।

ਸ੍ਰੀ ਬਾਦਲ ਨੇ ਸਪੱਸ਼ਟ ਕੀਤਾ ਕਿ ਜੇਕਰ ਮੁੱਖ ਮੰਤਰੀ ਨੇ ਸੱਤ ਦਿਨਾਂ ਦੇ ਅੰਦਰ-ਅੰਦਰ ਸੁਖਵਿਲਾਸ ਰਿਜ਼ੌਰਟ ਦੇ ਮਾਮਲੇ ਵਿਚ ਮੁਆਫ਼ੀ ਨਾ ਮੰਗੀ ਤਾਂ ਫਿਰ ਉਹ ਮੁੱਖ ਮੰਤਰੀ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਨਗੇ। ਸੀਨੀਅਰ ਐਡਵੋਕੇਟ ਹਿਮਾਂਸ਼ੂ ਰਾਜ ਰਾਹੀਂ ਭੇਜੇ ਗਏ ਕਾਨੂੰਨੀ ਨੋਟਿਸ ਵਿਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਨੇ ਅਕਾਲੀ ਦਲ ਦੇ ਪ੍ਰਧਾਨ 'ਤੇ ਝੂਠੇ ਦੋਸ਼ ਲਗਾਏ ਹਨ ਕਿ ਉਨ੍ਹਾਂ ਨੇ ਅਕਾਲੀ ਦਲ-ਭਾਜਪਾ ਸਰਕਾਰ ਦੌਰਾਨ ਨਿਯਮਾਂ ਨੂੰ ਤੋੜ-ਮਰੋੜ ਕੇ ਪ੍ਰਾਈਵੇਟ ਰਿਜ਼ੌਰਟ ਦੀ ਉਸਾਰੀ ਵਾਸਤੇ ਛੋਟਾਂ ਹਾਸਲ ਕੀਤੀਆਂ ਹਨ। ਨੋਟਿਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੱਚ ਇਹ ਹੈ ਕਿ ਸੀ.ਐਲ.ਯੂ. ਜਾਰੀ ਕਰਨ ਦੀ ਸ਼ਕਤੀ ਸਿਰਫ਼ ਪੀ.ਐਲ.ਪੀ.ਏ. ਤਹਿਤ ਹੀ ਆਉਂਦੀ ਹੈ ਜੋ ਕਿ ਕੇਂਦਰ ਸਰਕਾਰ ਅਧੀਨ ਹੈ ਅਤੇ ਪੰਜਾਬ ਸਰਕਾਰ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਟਰੋ ਈਕੋ ਗਰੀਨ ਰਿਜ਼ੌਰਟ ਲਿਮਿਟਡ ਨੇ 20.80 ਏਕੜ ਜ਼ਮੀਨ ਖ਼ਰੀਦੀ ਹੈ ਅਤੇ ਇਹ ਸੁਪਰੀਮ ਕੋਰਟ ਵੱਲੋਂ ਤੈਅ ਨਿਯਮਾਂ ਮੁਤਾਬਕ ਲੋੜੀਂਦੇ ਮੁਆਵਜ਼ੇ ਸਮੇਤ ਪੰਜਾਬ ਜੰਗਲਾਤ ਵਿਭਾਗ ਨੂੰ ਤਬਦੀਲ ਕੀਤੀ ਗਈ। ਇਸ ਮਾਮਲੇ ਵਿਚ ਪ੍ਰੋਜੈਕਟ ਸਥਾਪਤ ਕਰਨ ਵਾਸਤੇ ਤਾਮੀਲ ਰਿਪੋਰਟ ਪੇਸ਼ ਕਰਨ ਤੋਂ ਬਾਅਦ ਹੀ ਕੇਂਦਰ ਸਰਕਾਰ ਨੇ ਪ੍ਰੋਜੈਕਟ ਵਾਸਤੇ ਮਨਜ਼ੂਰੀ ਦਿੱਤੀ ਹੈ।

## ਸੁਖਬੀਰ ਵੱਲੋਂ ਸਮੂਹ ਪੰਜਾਬੀਆਂ ਨੂੰ ਇਕਜੁੱਟ ਹੋਣ ਦਾ ਸੱਦਾ

**ਬੱਲੂਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਮੂਹ ਪੰਜਾਬੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਜੇ ਪੰਜਾਬ ਦੇ ਲੋਕ ਇਕੱਠੇ ਹੋਣਗੇ ਤਾਂ ਹੀ ਪੰਜਾਬ ਸੁਰੱਖਿਅਤ ਰਹੇਗਾ। ਉਨ੍ਹਾਂ ਜ਼ੋਰ ਦੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਵਿਚ ਪੰਜਾਬ ਦੇ ਹਿੱਤ ਸੁਰੱਖਿਅਤ ਨਹੀਂ। ਉਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਬਚਾਓ ਰੈਲੀ ਤਹਿਤ ਹਲਕਾ ਬੱਲੂਆਣਾ ਦੇ ਦੌਰੇ 'ਤੇ ਆਏ। ਉਨ੍ਹਾਂ ਦੌਰੇ ਦੀ ਸ਼ੁਰੂਆਤ ਬਿਸ਼ਨੋਈ ਭਾਈਚਾਰੇ ਦੇ ਤੀਰਥ ਸਥਾਨ ਪਿੰਡ ਮਹਿਰਾਜਪੁਰ ਧੋਰਾ ਵਿਚ ਮੱਥਾ ਟੇਕ ਕੇ ਕੀਤੀ।

# ਆਨੰਦਪੁਰ ਸਾਹਿਬ 'ਚ 36 ਕਰੋੜ ਰੁਪਏ ਦੇ ਪ੍ਰੋਜੈਕਟ ਲੋਕ ਅਰਪਣ



**ਸ੍ਰੀ ਆਨੰਦਪੁਰ ਸਾਹਿਬ:** ਸਥਾਨਕ ਬੱਸ ਸਟੈਂਡ ਦੇ ਨੇੜੇ ਨਵੇਂ ਬਣੇ ਨਵੇਂ ਸੈਲਾਨੀ ਸੂਚਨਾ ਕੇਂਦਰ ਦਾ ਉਦਘਾਟਨ ਕੈਬਨਿਟ ਮੰਤਰੀ ਹਰਜੋਤ ਬੈਂਸ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਕੀਤਾ ਗਿਆ। ਇਸ ਮੌਕੇ ਮੰਤਰੀ ਬੈਂਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ 36 ਕਰੋੜ ਰੁਪਏ ਦੇ ਪ੍ਰੋਜੈਕਟ ਲੋਕ ਅਰਪਣ ਕੀਤੇ ਗਏ ਨੇ ਜਿਨ੍ਹਾਂ ਵਿਚ ਸੈਲਾਨੀ ਸੂਚਨਾ ਕੇਂਦਰ (ਟੀ.ਆਈ.ਸੀ.), ਨੇਚਰ ਪਾਰਕ, ਮਾਤਾ ਨੈਣਾ ਦੇਵੀ ਰੋਡ ਦੇ ਸੁੰਦਰੀਕਰਨ ਦਾ ਕੰਮ ਅਤੇ ਭਾਈ ਜੈਤਾ ਜੀ ਦੀ ਯਾਦਗਾਰ ਸ਼ਾਮਲ ਹਨ।

ਮੰਤਰੀ ਬੈਂਸ ਨੇ ਦੱਸਿਆ ਕਿ ਸ੍ਰੀ ਕੇਸਗੜ੍ਹ ਸਾਹਿਬ ਤੋਂ ਲੈ ਕੇ ਮੇਨ ਰੋਡ ਤੱਕ ਸੜਕ ਨੂੰ ਦਰਬਾਰ ਸਾਹਿਬ ਦੇ ਹੈਰੀਟੇਜ ਸਟਰੀਟ ਦੀ ਤਰਜ਼ ਉਤੇ 25 ਕਰੋੜ ਦੀ ਲਾਗਤ ਦੇ ਨਾਲ ਸਫੇਦ ਮਾਰਬਲ ਹੈਰੀਟੇਜ ਸਟਰੀਟ ਦਾ ਪ੍ਰੋਜੈਕਟ ਪਾਸ ਕਰਵਾਇਆ ਜਾ ਚੁੱਕਿਆ ਹੈ ਤੇ ਉਸ ਦਾ ਕੰਮ ਵੀ ਜਲਦੀ ਸ਼ੁਰੂ ਹੋਵੇਗਾ। ਇਸ ਮੌਕੇ ਇਕ ਸਵਾਲ ਦੇ ਜਵਾਬ ਵਿਚ ਹਰਜੋਤ ਬੈਂਸ ਨੇ ਕਿਹਾ ਕਿ ਲੋਕਾਂ ਦੀ ਲੰਮੇ ਸਮੇਂ ਤੋਂ ਮੰਗ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਇਆ ਜਾਵੇ, ਇਸ ਨੂੰ ਸਟੱਡੀ ਕੀਤਾ ਜਾ ਰਿਹਾ ਹੈ ਤੇ ਇਹ ਕੰਮ ਹਾਲੇ ਸ਼ੁਰੂਆਤੀ ਦੌਰ ਵਿਚ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਕੂਲਾਂ ਵਿਚ ਸਿੱਖਿਆ ਦਾ ਮਿਆਰ ਇਸ ਕਦਰ ਤੱਕ ਵੱਧ ਚੁੱਕਿਆ ਹੈ ਕਿ ਹੁਣ ਇੱਕ ਜ਼ਿਲ੍ਹੇ ਦੇ ਡੀ.ਸੀ. ਅਤੇ ਤਿੰਨ ਵਿਧਾਇਕਾਂ ਸਣੇ ਕਾਫੀ ਉੱਚ ਅਧਿਕਾਰੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਆਫ ਐਮੀਨੈਂਸ ਵਿਚ ਦਾਖਲ ਲੈਣ ਲਈ ਹੁਣ ਵਿਦਿਆਰਥੀਆਂ ਦੀ ਹੋੜ ਲੱਗ ਚੁੱਕੀ ਹੈ ਅਤੇ ਨਿਰਧਾਰਿਤ ਸੀਟਾਂ ਨਾਲੋਂ ਕਈ ਗੁਣਾਂ ਵੱਧ ਬੱਚਿਆਂ ਦੀ ਦਾਖਲਿਆਂ ਲਈ ਰਜਿਸਟਰੇਸ਼ਨ ਹੋ ਚੁੱਕੀ ਹੈ, ਜਦੋਂਕਿ ਇਸ ਸਬੰਧੀ ਆਨਲਾਈਨ ਅਪਲਾਈ ਕਰਨ ਦਾ ਪੋਰਟਲ ਹਾਲੇ 19 ਮਾਰਚ ਤੱਕ ਖੁੱਲ੍ਹਾ ਹੈ।

ਉਨ੍ਹਾਂ ਪ੍ਰੈਸ ਕਲੱਬ ਦੇ ਵਿਕਾਸ ਲਈ ਆਪਣੇ ਅਖਤਿਆਰੀ ਫੰਡ 'ਚੋਂ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਲੋਕਾਂ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਇਸ ਮੁਕੱਦਸ ਧਰਤੀ ਦੀ ਪੂਰੀ ਦੁਨੀਆਂ ਵਿਚ ਮਾਨਤਾ ਹੈ ਇਸ ਧਰਤੀ 'ਤੇ ਹੋਰ ਵੀ ਵਿਕਾਸ ਕੰਮ ਹੋਣ ਤਾਂ ਜੋ ਦੇਸ਼ ਅਤੇ ਦੁਨੀਆਂ ਤੋਂ ਲੋਕ ਇਸ ਧਰਤੀ ਨੂੰ ਦੇਖਣ ਲਈ ਆਉਣ।

## ਰਾਇਸ਼ੁਮਾਰੀ ਨਾਲ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ 'ਤੇ ਵਿਚਾਰ: ਬੈਂਸ

**ਰੂਪਨਗਰ:** ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਸਬੰਧੀ ਪਹਿਲਾਂ ਰਾਇਸ਼ੁਮਾਰੀ ਕਰਵਾਈ ਜਾਵੇਗੀ, ਜਿਸ ਉਪਰੰਤ ਪੰਜਾਬ ਸਰਕਾਰ ਸਬੰਧਤ ਲੋਕਾਂ ਅਤੇ ਸੰਸਥਾਵਾਂ ਨਾਲ ਸਲਾਹ ਮਸ਼ਵਰਾ ਕਰਨ ਮਗਰੋਂ ਇਸ ਸਬੰਧੀ ਯੋਗ ਫੈਸਲਾ ਲਵੇਗੀ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਕਾਫੀ ਲੋਕਾਂ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਕਾਫੀ ਲੋਕਾਂ ਵੱਲੋਂ ਇਸ ਦਾ ਵਿਰੋਧ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਲੋਕ ਰਾਇ ਨੂੰ ਅਹਿਮੀਅਤ ਦਿੱਤੀ ਜਾਵੇਗੀ।

# ਸਾਬਕਾ ਮੰਤਰੀ ਧਰਮਸੋਤ ਦੀ ਕਰੋੜਾਂ ਦੀ ਸੰਪਤੀ ਜ਼ਬਤ



## ਅਦਾਲਤ ਵੱਲੋਂ ਧਰਮਸੋਤ ਖ਼ਿਲਾਫ਼ ਗੈਰ ਜ਼ਮਾਨਤੀ ਵਾਰੰਟ ਜਾਰੀ

**ਮੁਹਾਲੀ:** ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਕਾਂਗਰਸ ਆਗੂ ਸਾਧੂ ਸਿੰਘ ਧਰਮਸੋਤ ਖ਼ਿਲਾਫ਼ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਇਹ ਕਾਰਵਾਈ ਈ.ਡੀ. ਦੀ ਤਾਜ਼ਾ ਅਰਜ਼ੀ ਉਤੇ ਕੀਤੀ ਗਈ ਹੈ। ਧਰਮਸੋਤ 'ਤੇ ਮਨੀ ਲਾਂਡਰਿੰਗ ਅਤੇ ਭ੍ਰਿਸ਼ਟਾਚਾਰ ਦਾ ਦੋਸ਼ ਹੈ। ਈ.ਡੀ. ਵੱਲੋਂ ਧਰਮਸੋਤ ਨੂੰ ਆਪਣੀ ਹਿਰਾਸਤ ਵਿਚ ਲੈ ਕੇ ਤਤਕਾਲੀ ਕਾਂਗਰਸ ਵਜ਼ਾਰਤ ਸਮੇਂ ਜੰਗਲਾਤ ਵਿਭਾਗ ਵਿਚ ਹੋਏ ਘਪਲਿਆਂ ਤੋਂ ਹੋਈ ਕਥਿਤ ਆਮਦਨ ਅਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਾਰੇ ਪੁੱਛ-ਪੜਤਾਲ ਕਰਨੀ ਹੈ। ਹਾਲਾਂਕਿ ਧਰਮਸੋਤ ਪਹਿਲਾਂ ਹੀ ਕੇਂਦਰੀ ਜੇਲ੍ਹ ਨਾਭਾ ਵਿਚ ਬੰਦ ਹਨ ਅਤੇ ਈ.ਡੀ. ਦੀ ਜਾਂਚ ਟੀਮ ਉਸ ਕੋਲੋਂ ਜਦੋਂ ਮਰਜ਼ੀ ਚਾਹੇ ਪੁੱਛ ਪੜਤਾਲ ਕਰ ਸਕਦੀ ਹੈ।

**ਚੰਡੀਗੜ੍ਹ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸਾਬਕਾ ਕਾਂਗਰਸੀ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਉਨ੍ਹਾਂ ਦੇ ਪੁੱਤਰਾਂ ਦੀਆਂ 4.58 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਹੈ। ਈ.ਡੀ. ਨੇ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਆਰਜ਼ੀ ਤੌਰ 'ਤੇ ਇਨ੍ਹਾਂ ਜਾਇਦਾਦਾਂ ਨੂੰ ਕੁਰਕ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਐਕਟ, 1988 ਦੇ ਤਹਿਤ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਖਿਲਾਫ ਐਫ.ਆਈ.ਆਰ. ਦਰਜ ਕੀਤੀ ਸੀ ਜਿਸ ਦੇ ਅਧਾਰ 'ਤੇ ਈ.ਡੀ. ਨੇ ਪੜਤਾਲ ਕੀਤੀ ਸੀ।

ਕੇਂਦਰੀ ਏਜੰਸੀ ਨੇ ਕਾਲੇ ਧਨ ਨੂੰ ਕਾਨੂੰਨੀ ਬਣਾਉਣ ਸਬੰਧੀ 'ਮਨੀ ਲਾਂਡਰਿੰਗ ਰੋਕੂ ਕਾਨੂੰਨ' (ਪੀ.ਐਮ.ਐਲ.ਏ.) ਦੇ ਤਹਿਤ ਜਾਂਚ ਵਿਚ ਪਾਇਆ ਕਿ ਸਾਬਕਾ ਮੰਤਰੀ ਧਰਮਸੋਤ ਨੇ ਪਹਿਲੀ ਮਾਰਚ, 2016 ਤੋਂ 31 ਮਾਰਚ, 2022 ਤੱਕ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦਾਂ ਬਣਾਈਆਂ ਹਨ। ਜਦੋਂ ਧਰਮਸੋਤ ਜੰਗਲਾਤ ਮੰਤਰੀ ਸਨ ਉਦੋਂ ਪ੍ਰਾਪਤ ਜਾਇਦਾਦਾਂ ਨੂੰ ਵੀ ਇਸ ਜਾਂਚ ਵਿਚ ਸ਼ਾਮਲ ਕੀਤਾ ਗਿਆ ਹੈ। ਈ.ਡੀ. ਜਲੰਧਰ ਨੇ 13 ਮਾਰਚ, 2024 ਨੂੰ ਸਾਧੂ ਸਿੰਘ ਧਰਮਸੋਤ ਦੀਆਂ 4.58 ਕਰੋੜ ਰੁਪਏ ਦੀਆਂ ਵੱਖ-ਵੱਖ ਜਾਇਦਾਦਾਂ ਨੂੰ ਆਰਜ਼ੀ ਤੌਰ 'ਤੇ ਜ਼ਬਤ ਕੀਤਾ ਹੈ ਜੋ ਪੀ.ਐਮ.ਐਲ.ਏ. ਦੀਆਂ ਧਾਰਾਵਾਂ ਤਹਿਤ ਉਨ੍ਹਾਂ ਅਤੇ ਉਨ੍ਹਾਂ ਦੇ ਪੁੱਤਰਾਂ ਦੀ ਮਲਕੀਅਤ ਹਨ। ਜ਼ਬਤ ਕੀਤੀਆਂ ਸੰਪਤੀਆਂ ਵਿਚ ਚਾਰ ਅਚੱਲ ਸੰਪਤੀਆਂ ਸ਼ਾਮਲ ਹਨ ਜਿਨ੍ਹਾਂ ਵਿਚ ਦੋ ਰਿਹਾਇਸ਼ੀ ਪਲਾਟ, ਇਕ ਰਿਹਾਇਸ਼ੀ ਮਕਾਨ ਅਤੇ ਇਕ ਰਿਹਾਇਸ਼ੀ ਫਲੈਟ ਪੰਜਾਬ ਵਿਚ ਅਤੇ ਚੱਲ ਜਾਇਦਾਦਾਂ ਸਮੇਤ ਬੈਂਕ ਬੈਲੈਂਸ ਅਤੇ ਮਿਊਚਅਲ ਫੰਡਾਂ ਵਿਚ ਨਿਵੇਸ਼ ਸ਼ਾਮਲ ਹਨ। ਈ.ਡੀ. ਦੀ ਜਾਂਚ ਅਨੁਸਾਰ ਧਰਮਸੋਤ ਨੇ ਕੁੱਲ 6.34 ਕਰੋੜ ਰੁਪਏ ਦੀ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਹਾਸਲ ਕੀਤੀ ਹੈ।

# ਪੀ.ਏ.ਯੂ. ਦਾ ਪਹਿਲਾ ਖੇਤੀਬਾੜੀ ਕਾਲਜ ਲੋਕਾਂ ਨੂੰ ਸਮਰਪਿਤ

**ਬਲਾਚੌਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੀ.ਏ.ਯੂ. ਦਾ ਬੱਲੋਵਾਲ ਸੌਂਖੜੀ ਖੇਤੀਬਾੜੀ ਕਾਲਜ ਲੋਕਾਂ ਨੂੰ ਸਮਰਪਿਤ ਕੀਤਾ। ਉਨ੍ਹਾਂ ਕਿਹਾ ਕਿ ਇਸ ਕਾਲਜ ਦੀ ਸਥਾਪਨਾ ਪੀ.ਏ.ਯੂ. ਵੱਲੋਂ ਸੂਬਾ ਸਰਕਾਰ ਦੇ ਸਹਿਯੋਗ ਨਾਲ ਕੀਤੀ ਗਈ ਹੈ ਅਤੇ ਇਹ ਪੀ.ਏ.ਯੂ. ਦਾ ਪਹਿਲਾ ਕਾਲਜ ਹੈ ਜੋ ਯੂਨੀਵਰਸਿਟੀ ਕੈਂਪਸ ਦੇ ਬਾਹਰ ਸਥਾਪਤ ਕੀਤਾ ਗਿਆ ਹੈ। ਇਸ ਕਾਲਜ ਦੇ ਖੁੱਲ੍ਹਣ ਨਾਲ ਜਿੱਥੇ ਇਕ ਪਾਸੇ ਖੇਤੀਬਾੜੀ ਨੂੰ ਵੱਡਾ ਹੁਲਾਰਾ ਮਿਲੇਗਾ, ਉਥੇ ਦੂਜੇ ਪਾਸੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਵੀ ਖੁੱਲ੍ਹਣਗੇ।

ਉਨ੍ਹਾਂ ਦੱਸਿਆ ਕਿ ਇਸ ਕਾਲਜ ਵਿਚ ਵਿਦਿਆਰਥੀ ਬੀ.ਐਸ.ਸੀ. ਐਗਰੀਕਲਚਰ ਦੇ ਚਾਰ ਸਾਲਾ ਡਿਗਰੀ ਕੋਰਸ ਵਿਚ ਦਾਖਲਾ ਲੈ ਸਕਣਗੇ। ਸੂਬਾ ਸਰਕਾਰ ਨੇ ਕਾਲਜ ਲਈ 50 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਵਿੱਚੋਂ 35 ਕਰੋੜ ਰੁਪਏ ਕੈਂਪਸ 'ਚ ਇਮਾਰਤਾਂ ਦੀ ਉਸਾਰੀ ਅਤੇ ਬਾਕੀ ਦੀ ਰਾਸ਼ੀ ਆਉਣ ਵਾਲੇ ਪੰਜ ਸਾਲਾਂ ਲਈ ਤਨਖ਼ਾਹਾਂ ਦੇਣ ਵਾਸਤੇ ਵਰਤੀ ਜਾਵੇਗੀ। ਇਸ ਮੌਕੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, 'ਵਰਸਿਟੀ ਦੇ ਉਪ ਕੁਲਪਤੀ ਸਤਿਬੀਰ ਸਿੰਘ ਗੋਸਲ, ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਅਤੇ ਨਿਰਮਲ ਸਿੰਘ ਜੌੜਾ ਆਦਿ ਨੇ ਸੰਬੋਧਨ ਕੀਤਾ।

ਸਮਾਰੋਹ ਵਿੱਚ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ 'ਆਪ' ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਜਲਾਲਪੁਰ, ਅਸ਼ੋਕ ਕਟਾਰੀਆ, ਪ੍ਰੇਮ ਚੰਦ ਭੀਮਾ ਅਤੇ ਕਰਨਵੀਰ ਕਟਾਰੀਆ ਆਦਿ ਪਤਵੰਤੇ ਵੀ ਮੌਜੂਦ ਸਨ। ਦੂਜੇ ਪਾਸੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੈ ਮੰਗੂਪੁਰ ਨੇ ਕਿਹਾ ਕਿ ਜਿਸ ਕਾਲਜ ਦੀ ਵਾਹ-ਵਾਹੀ 'ਆਪ' ਸਰਕਾਰ ਲੈ ਰਹੀ ਹੈ, ਉਹ ਕਾਲਜ ਕਾਂਗਰਸ ਸਰਕਾਰ ਵੇਲੇ ਤਤਕਾਲੀ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ ਦੀਆਂ ਕੋਸ਼ਿਸ਼ਾਂ ਸਦਕਾ ਮਈ 2021 ਵਿੱਚ ਖੁੱਲ੍ਹਿਆ ਸੀ ਅਤੇ ਇਸ ਕਾਲਜ ਦੇ ਵਿਦਿਆਰਥੀ ਆਪਣੇ ਕੋਰਸ ਦੇ ਹੁਣ ਤੱਕ 3 ਸਾਲ ਮੁਕੰਮਲ ਕਰ ਚੁੱਕੇ ਹਨ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 50 ਕਰੋੜ ਰੁਪਏ ਦੇ ਫੰਡ ਅਲਾਟ ਕਰਕੇ 13 ਸਤੰਬਰ 2021 ਨੂੰ ਇਸ ਕਾਲਜ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਸੀ ਅਤੇ ਉਦੋਂ ਤੋਂ ਹੀ ਇਹ ਕਾਲਜ ਲੋਕਾਂ ਨੂੰ ਸਮਰਪਿਤ ਹੋ ਗਿਆ ਸੀ।

# ਸੰਵਿਧਾਨ ਬਦਲਣ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ: ਭਗਵੰਤ ਮਾਨ

**ਬੰਗਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਆਪ' ਸਰਕਾਰ ਦੇ ਦੋ ਸਾਲ ਪੂਰੇ ਹੋਣ 'ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਉਨ੍ਹਾਂ ਦੀ ਯਾਦਗਾਰ 'ਤੇ ਨਤਮਸਤਕ ਹੋਏ। ਉਨ੍ਹਾਂ ਪੰਜਾਬ ਨੂੰ ਹਰੇਕ ਖੇਤਰ ਵਿਚ ਮੋਹਰੀ ਸੂਬਾ ਬਣਾ ਕੇ ਮਹਾਨ ਸ਼ਹੀਦ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੋਰ ਵੱਡੇ ਉਪਰਾਲੇ ਕਰਨ ਦਾ ਅਹਿਦ ਲਿਆ। ਸ਼ਹੀਦ ਭਗਤ ਸਿੰਘ ਦੇ ਜੀਵਨ ਸੰਘਰਸ਼ ਨੂੰ ਦਰਸਾਉਣ ਲਈ ਅਤਿ ਆਧੁਨਿਕ ਤਕਨੀਕ ਵਾਲੇ ਅਜਾਇਬਘਰ ਨੂੰ ਸਮਰਪਿਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਲੋਕਾਂ ਦੀ ਮਜਬੂਰੀ ਨੂੰ ਉਨ੍ਹਾਂ ਦੀ ਮਰਜ਼ੀ 'ਚ ਬਦਲਣਾ ਚਾਹੁੰਦੇ ਹਨ ਤਾਂ ਜੋ ਹਰ ਖੇਤਰ 'ਚ ਕਿਸੇ ਤਰ੍ਹਾਂ ਦੇ ਵਖਰੇਵੇਂ ਦੀ ਬਜਾਏ ਇਕਸਾਰਤਾ ਦਾ ਵਾਸ ਹੋ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਆਜ਼ਾਦੀ ਅਤੇ ਜਮਹੂਰੀਅਤ ਨੂੰ ਖ਼ਤਰੇ ਵਿਚ ਪਾ ਕੇ ਸਾਰੇ ਤਾਜ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ ਅਤੇ ਕੇਂਦਰੀ ਏਜੰਸੀਆਂ ਨੂੰ ਵਿਰੋਧੀ ਧਿਰ ਦੀ ਆਵਾਜ਼ ਬੰਦ ਕਰਨ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਆਰਡੀਨੈਂਸ ਲਿਆ ਕੇ ਨਿਆਂਪਾਲਿਕਾ ਦੇ ਹੁਕਮਾਂ ਨੂੰ



ਉਲਟਾਇਆ ਜਾ ਰਿਹਾ ਹੈ ਅਤੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਗਣਤੰਤਰ ਦਿਵਸ ਪਰੇਡ 'ਚ ਸੂਬੇ ਦੀ ਝਾਕੀ ਨੂੰ ਸ਼ਾਮਲ ਨਾ ਕਰਨ ਲਈ ਉਨ੍ਹਾਂ ਭਾਜਪਾ ਨੂੰ ਚੋਣਾਂ 'ਚ ਪੂਰੀ ਤਰ੍ਹਾਂ ਨਕਾਰਨ ਦਾ ਸੱਦਾ ਦਿੱਤਾ। ਉਨ੍ਹਾਂ ਆਪਣੀ ਸਰਕਾਰ ਦੀਆਂ ਦੋ ਸਾਲ ਦੀਆਂ ਪ੍ਰਾਪਤੀਆਂ ਵੀ ਗਿਣਾਈਆਂ। ਅਕਾਲੀ ਦਲ 'ਚ ਪਰਤਣ ਵਾਲੇ ਕੁਝ ਆਗੂਆਂ 'ਤੇ ਤਨਜ ਕੱਸਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦਾ ਸਿਆਸੀ ਭਵਿੱਖ ਖ਼ਤਮ ਹੋ ਚੁੱਕਾ ਹੈ। ਉਹ ਅਕਾਲੀ ਦਲ 'ਚ ਘਰ ਵਾਪਸੀ ਤਾਂ ਕਰ ਸਕਦੇ ਹਨ ਪਰ ਲੋਕਾਂ ਦੇ ਦਿਲਾਂ 'ਚ ਨਹੀਂ ਵਸ ਸਕਦੇ ਹਨ।

# ਆਦਮਪੁਰ ਹਵਾਈ ਅੱਡੇ ਤੋਂ 31 ਮਾਰਚ ਨੂੰ ਪਹਿਲੀ ਉਡਾਣ



**ਜਲੰਧਰ:** ਆਦਮਪੁਰ ਸਿਵਲ ਹਵਾਈ ਅੱਡੇ ਤੋਂ 31 ਮਾਰਚ ਨੂੰ ਉਡਾਣਾਂ ਸ਼ੁਰੂ ਹੋ ਰਹੀਆਂ ਹਨ। ਆਦਮਪੁਰ ਤੋਂ 31 ਮਾਰਚ ਨੂੰ ਦੁਪਹਿਰ 12:50 ਵਜੇ ਸਟਾਰ ਏਅਰ ਕੰਪਨੀ ਦਾ ਜਹਾਜ਼ ਹਿੰਡਨ ਲਈ ਉਡਾਣ ਭਰੇਗਾ। ਸਟਾਰ ਏਅਰ ਕੰਪਨੀ ਵੱਲੋਂ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਰੋਜ਼ਾਨਾ ਉਡਾਣਾਂ ਚੱਲਣਗੀਆਂ। ਇਸ ਲਈ ਪਹਿਲੀ ਉਡਾਣ ਬੰਗਲੂਰੂ ਤੋਂ ਸਵੇਰ 7:15 ਵਜੇ ਚੱਲ ਕੇ 8:35 'ਤੇ ਨਾਂਦੇੜ ਪਹੁੰਚੇਗੀ ਤੇ ਨਾਂਦੇੜ ਤੋਂ 9:00 ਵਜੇ ਉਡਾਣ ਭਰੇਗੀ ਤੇ 11:00 ਵਜੇ ਦਿੱਲੀ (ਹਿੰਡਨ) ਪਹੁੰਚੇਗੀ, ਦਿੱਲੀ ਤੋਂ ਇਹ ਉਡਾਣ 11:25 ਵਜੇ ਸ਼ੁਰੂ ਹੋ ਕੇ 12:25 ਵਜੇ ਆਦਮਪੁਰ (ਜਲੰਧਰ) ਸਿਵਲ ਹਵਾਈ ਅੱਡੇ 'ਤੇ ਪਹੁੰਚੇਗੀ। ਇਸੇ ਤਰ੍ਹਾਂ 12:50 ਵਜੇ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਦਿੱਲੀ ਲਈ ਉਡਾਣ ਸ਼ੁਰੂ ਹੋਵੇਗੀ ਜੋ 13:50 ਵਜੇ ਦਿੱਲੀ ਪਹੁੰਚੇਗੀ। ਦਿੱਲੀ ਤੋਂ 14:15 'ਤੇ ਉਡਾਣ ਭਰੇਗੀ ਤੇ 16:15 ਵਜੇ ਨਾਂਦੇੜ ਪਹੁੰਚੇਗੀ ਤੇ ਫਿਰ ਨਾਂਦੇੜ ਤੋਂ 16:45 ਮਿੰਟ 'ਤੇ ਚੱਲ ਕੇ 18:05 ਵਜੇ ਬੰਗਲੂਰੂ ਪਹੁੰਚੇਗੀ।

ਇਸ ਉਡਾਣ ਦਾ ਕਿਰਾਇਆ (ਸਟਾਰ ਰੈਗੂਲਰ) ਆਦਮਪੁਰ ਸਿਵਲ ਹਵਾਈ ਅੱਡੇ ਤੋਂ ਹਿੰਡਨ (ਦਿੱਲੀ) ਲਈ 3,877 ਰੁਪਏ ਹੋਵੇਗਾ, ਜਦਕਿ ਸਟਾਰ ਕਮਫਰਟ ਦਾ ਕਿਰਾਇਆ 4,822 ਤੇ ਸਟਾਰ ਫਲੈਕਸੀ ਦਾ ਕਿਰਾਇਆ 4,402 ਹੋਵੇਗਾ। ਦੂਜੇ ਪਾਸੇ ਆਦਮਪੁਰ ਤੋਂ ਨਾਂਦੇੜ ਲਈ ਸਟਾਰ ਰੈਗੂਲਰ ਦਾ ਕਿਰਾਇਆ 9,484 ਰੁਪਏ ਜਦਕਿ ਸਟਾਰ ਕਮਫਰਟ ਦਾ ਕਿਰਾਇਆ 11,374 ਰੁਪਏ, ਸਟਾਰ ਫਲੈਕਸੀ ਦਾ ਕਿਰਾਇਆ 10,534 ਰੁਪਏ ਹੋਵੇਗਾ ਤੇ ਆਦਮਪੁਰ ਤੋਂ ਬੰਗਲੂਰੂ ਲਈ ਸਟਾਰ ਰੈਗੂਲਰ ਦਾ ਕਿਰਾਇਆ 14,659 ਰੁਪਏ ਜਦਕਿ ਸਟਾਰ ਕਮਫਰਟ ਦਾ ਕਿਰਾਇਆ 17,494 ਤੇ ਸਟਾਰ ਫਲੈਕਸੀ ਦਾ ਕਿਰਾਇਆ 16,234 ਰੁਪਏ ਹੋਵੇਗਾ। ਇਸ ਸਬੰਧੀ ਏਅਰਪੋਰਟ ਅਥਾਰਟੀ ਨੇ ਆਪਣੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਤੇ ਸਟਾਰ ਏਅਰ ਕੰਪਨੀ ਦਾ ਸਟਾਫ ਵੀ ਪਹੁੰਚਣ ਲੱਗ ਪਿਆ ਹੈ।

## 'ਪੰਜਾਬੀਆਂ ਨੂੰ ਨਾਂਦੇੜ ਸਾਹਿਬ ਜਾਣਾ ਹੋਰ ਸੌਖਾ ਹੋ ਜਾਵੇਗਾ'

**ਜਲੰਧਰ:** ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਹੁਣ ਪੰਜਾਬ ਵਾਸੀਆਂ ਨੂੰ ਨਾਂਦੇੜ ਸਾਹਿਬ ਜਾਣਾ ਹੋਰ ਸੌਖਾ ਹੋ ਜਾਵੇਗਾ। ਇਸ ਹਵਾਈ ਅੱਡੇ ਦਾ ਉਦਘਾਟਨ 10 ਮਾਰਚ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਰਚੁਅਲ ਢੰਗ ਨਾਲ ਕੀਤਾ ਸੀ। ਜ਼ਿਕਰਯੋਗ ਹੈ ਕਿ ਪਹਿਲਾਂ ਇਸ ਹਵਾਈ ਅੱਡੇ ਤੋਂ ਦਿੱਲੀ ਅਤੇ ਮੁੰਬਈ ਅਤੇ ਕੁਝ ਜੈਪੁਰ ਲਈ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਸਨ। ਅਧਿਕਾਰੀਆਂ ਨੇ ਦੱਸਿਆ ਕਿ ਦੋ ਏਅਰਲਾਈਨ ਸਪਾਈਸ ਜੈਟ ਅਤੇ ਸਟਾਰ ਇੰਡੀਆ ਤੋਂ ਉਡਾਣਾਂ ਮੁੜ ਸ਼ੁਰੂ ਕਰਨ ਲਈ ਮਤੇ ਪ੍ਰਾਪਤ ਹੋਏ ਸਨ।

**Punjab Times**
**Established in 2000**
**25thYear in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਵੀਂ ਸ਼ਰਾਬ ਨੀਤੀ ਨੇ ਕਰਵਾਈ ਪੰਜਾਬ ਸਰਕਾਰ ਦੀ ਬੱਲੇ-ਬੱਲੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿੱਤ ਵਰ੍ਹੇ 2024-25 ਲਈ ਜਾਰੀ ਕੀਤੀ ਨਵੀਂ ਆਬਕਾਰੀ ਨੀਤੀ ਨੂੰ ਸੂਬੇ ਵਿਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਨੀਤੀ ਤਹਿਤ ਸੂਬੇ ਵਿਚ ਸ਼ਰਾਬ ਦੇ 236 ਲਾਇਸੈਂਸਾਂ ਦੀ ਖਰੀਦ ਲਈ 34 ਹਜ਼ਾਰ ਤੋਂ ਵੱਧ ਲੋਕ ਸਾਹਮਣੇ ਆਏ ਹਨ।

ਇਸ ਤਰ੍ਹਾਂ ਇਕ ਲਾਇਸੈਂਸ ਲਈ 145 ਦੇ ਕਰੀਬ ਲੋਕਾਂ ਨੇ ਅਪਲਾਈ ਕੀਤਾ ਹੈ। ਉਧਰ ਸੂਬਾ ਸਰਕਾਰ ਨੇ ਸ਼ਰਾਬ ਠੇਕਿਆਂ ਦੀ ਨਿਲਾਮੀ ਲਈ ਸਿਰਫ਼ ਅਰਜ਼ੀਆਂ ਤੋਂ 260 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਸੂਬਾ ਸਰਕਾਰ ਵੱਲੋਂ ਇਸ ਵਰ੍ਹੇ ਲਾਟਰੀ ਸਿਸਟਮ ਰਾਹੀਂ ਸ਼ਰਾਬ ਦੇ ਠੇਕਿਆਂ ਦੇ ਲਾਇਸੈਂਸ ਦਿੱਤੇ ਜਾਣਗੇ, ਜਿਸ ਕਰਕੇ ਵੱਡੀ ਗਿਣਤੀ ਵਿਚ ਲੋਕ ਪੰਜਾਬ ਵਿਚ ਠੇਕਿਆਂ ਦੀ ਖਰੀਦ ਲਈ ਅੱਗੇ ਆਏ ਹਨ। ਸੂਬਾ ਸਰਕਾਰ ਨੇ ਸ਼ਰਾਬ ਦੇ ਠੇਕੇ ਦੀ ਖਰੀਦ ਲਈ ਅਰਜ਼ੀ ਫੀਸ 75 ਹਜ਼ਾਰ ਰੁਪਏ ਤੈਅ ਕੀਤੀ ਸੀ। ਇਸ ਤਰ੍ਹਾਂ ਸੂਬਾ ਸਰਕਾਰ ਨੇ ਸਿਰਫ਼ ਠੇਕਿਆਂ ਦੀ ਖਰੀਦ ਲਈ ਅਪਲਾਈ ਕਰਨ ਵਾਲੇ 34 ਹਜ਼ਾਰ ਤੋਂ ਵੱਧ ਲੋਕਾਂ ਤੋਂ 260 ਕਰੋੜ ਰੁਪਏ ਦੇ ਕਰੀਬ ਕਮਾਈ ਕੀਤੀ ਹੈ। ਸੂਤਰਾਂ ਅਨੁਸਾਰ ਸੂਬਾ ਸਰਕਾਰ ਵੱਲੋਂ ਸ਼ਰਾਬ ਦੇ ਠੇਕਿਆਂ ਲਈ ਅਪਲਾਈ ਕਰਨ ਦੀ ਫੀਸ ਤੋਂ 60 ਤੋਂ 70 ਕਰੋੜ ਰੁਪਏ ਦਾ ਟੀਚਾ ਮਿਥਿਆ ਗਿਆ ਸੀ ਪਰ ਸਰਕਾਰ ਨੂੰ ਟੀਚੇ ਤੋਂ 4 ਗੁਣਾ ਵੱਧ ਕਮਾਈ ਹੋਈ ਹੈ। ਕਰ ਤੇ ਆਬਕਾਰੀ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸ਼ਰਾਬ ਠੇਕਿਆਂ ਦੇ ਲਾਇਸੰਸ ਲਈ ਅਪਲਾਈ ਕਰਨ ਵਾਲਿਆਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਡਰਾਅ ਕੱਢੇ ਜਾਣਗੇ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਵਿੱਤ ਵਰ੍ਹੇ 2024-25 ਵਿਚ ਆਬਕਾਰੀ ਤੋਂ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਹੈ। ਇਸ ਟੀਚੇ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਨੇ ਮੌਜੂਦਾ ਵਰ੍ਹੇ ਦੀ ਆਬਕਾਰੀ ਨੀਤੀ ਵਿਚ ਕੁਝ ਬਦਲਾਅ ਕੀਤੇ ਸਨ ਤੇ ਇਸ ਦੇ ਚੱਲਦੇ ਵੱਡੀ ਗਿਣਤੀ ਵਿਚ ਲੋਕ ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਦੀ ਖਰੀਦ ਲਈ ਅੱਗੇ ਆਏ ਹਨ।

## ਗਿਆਨੀ ਹਰਪ੍ਰੀਤ ਸਿੰਘ ਵੱਲੋਂ ਡੇਰਾ ਮੁਖੀ ਖਿਲਾਫ ਕਾਰਵਾਈ ਦੀ ਮੰਗ

**ਤਲਵੰਡੀ ਸਾਬੋ:** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੈਰਾਨੀ ਜਤਾਈ ਹੈ ਕਿ ਹੁਣ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦੇ ਮੁੱਖ ਦੋਸ਼ੀਆਂ 'ਚੋਂ ਇਕ ਪ੍ਰਦੀਪ ਕਲੇਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਬੇਅਦਬੀ ਦੇ ਮੁੱਖ ਸਾਜਿਸ਼ਘਾੜੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਹੈ ਤਾਂ ਫਿਰ ਸਰਕਾਰ ਉਨ੍ਹਾਂ 'ਤੇ ਕਾਰਵਾਈ ਕਿਉਂ ਨਹੀਂ ਕਰ ਰਹੀ। ਉਨ੍ਹਾਂ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕਰਨ ਨੂੰ ਮੰਦਭਾਗਾ ਤੇ ਸ਼ੱਕੀ ਕਰਾਰ ਦਿੰਦਿਆਂ ਕਿਹਾ ਕਿ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਜਦੋਂ ਸਥਿਤੀ ਸਾਫ ਹੋ ਗਈ ਹੈ ਕਿ ਡੇਰਾ ਸਿਰਸਾ ਮੁਖੀ ਨੇ ਆਪਣੇ ਚੇਲਿਆਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਈ ਹੈ ਤਾਂ ਪੰਜਾਬ ਸਰਕਾਰ ਨੂੰ ਉਨ੍ਹਾਂ ਖ਼ਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

## ਗੈਂਗਸਟਰ ਰਾਣਾ ਮਨਸੂਰਪੁਰੀਆ ਪੁਲਿਸ ਮੁਕਾਬਲੇ 'ਚ ਹਲਾਕ

**ਮੁਕੇਰੀਆਂ:** ਪਿੰਡ ਮਨਸੂਰਪੁਰ ਵਿਚ ਪੁਲਿਸ ਮੁਲਾਜ਼ਮ 'ਤੇ ਗੋਲੀ ਚਲਾਉਣ ਵਾਲੇ ਸੁਖਵਿੰਦਰ ਸਿੰਘ ਰਾਣਾ ਉਰਫ ਗੈਂਗਸਟਰ ਰਾਣਾ ਮਨਸੂਰਪੁਰੀਆ ਨੂੰ ਪੁਲਿਸ ਨੇ ਮੁਕੇਰੀਆਂ ਪਠਾਨਕੋਟ ਕੌਮੀ ਮਾਰਗ 'ਤੇ ਪੈਂਦੇ ਪਿੰਡ ਪੁਰਾਣਾ ਭੰਗਾਲਾ ਨੇੜੇ ਇਕ ਮੁਕਾਬਲੇ ਵਿੱਚ ਢੇਰ ਕਰ ਦਿੱਤਾ। ਦੱਸਣਯੋਗ ਹੈ ਕਿ ਪਿੰਡ ਮਨਸੂਰਪੁਰ ਵਿਖੇ ਰਾਣਾ ਮਨਸੂਰਪੁਰੀਆ ਨੂੰ ਫੜਨ ਗਈ ਸੀ.ਆਈ.ਏ. ਸਟਾਫ ਦੀ ਟੀਮ ਉੱਤੇ ਗੈਂਗਸਟਰ ਰਾਣਾ ਨੇ ਹਮਲਾ ਕਰਕੇ ਇਕ ਮੁਲਾਜ਼ਮ ਅੰਮ੍ਰਿਤਪਾਲ ਸਿੰਘ ਨੂੰ ਜ਼ਖਮੀ ਕਰ ਦਿੱਤਾ ਸੀ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਿਸ ਵੱਲੋਂ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਸੀ। ਐਸ.ਐਸ.ਪੀ. ਹੁਸ਼ਿਆਰਪੁਰ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਪੁਲਿਸ ਘਟਨਾ ਸਮੇਂ ਤੋਂ ਹੀ ਦੋਸ਼ੀ ਦੀ ਭਾਲ ਕਰ ਰਹੀ ਸੀ ਅਤੇ ਵੱਖ ਵੱਖ ਸੂਚਨਾਵਾਂ ਦੇ ਅਧਾਰ 'ਤੇ ਪਿੰਡਾਂ ਅਤੇ ਖੇਤਾਂ ਦੀਆਂ ਲੋਕੇਸ਼ਨਾਂ ਵਿਚ ਤਲਾਸ਼ੀ ਮੁਹਿੰਮ ਚਲਾਈ ਹੋਈ ਸੀ। ਪੁਲਿਸ ਨੂੰ ਸੂਹ ਮਿਲੀ ਸੀ ਕਿ ਮੁਲਜ਼ਮ ਰਾਣਾ ਮਨਸੂਰਪੁਰੀਆ ਨੂੰ ਉਸ ਦੇ ਕਿਸੇ ਸਾਥੀ ਨੇ ਹਾਜੀਪੁਰ ਖੇਤਰ ਵਿਚ ਜੰਗਲਾਂ ਵਿਚ ਛੱਡਿਆ ਹੈ, ਜਿਸ ਦੀ ਵੱਖ ਵੱਖ ਟੀਮਾਂ ਬਣਾ ਕੇ ਭਾਲ ਕੀਤੀ ਜਾ ਰਹੀ ਸੀ। ਮੁੜ ਸੂਚਨਾ ਮਿਲੀ ਸੀ ਕਿ ਗੈਂਗਸਟਰ ਰਾਣਾ ਨੇ ਭੰਗਾਲਾ ਨੇੜਲੇ ਅਮਨ ਪੈਲੇਸ ਦੇ ਬਾਹਰਵਾਰ ਇਕ ਸੁੰਨਸਾਨ ਥਾਂ 'ਤੇ ਸ਼ਰਨ ਲਈ ਹੋਈ ਹੈ। ਜਦੋਂ ਪੁਲਿਸ ਨੇ ਸਰਗਰਮੀ ਨਾਲ ਭਾਲ ਕੀਤੀ ਤਾਂ ਕਰੀਬ 6 ਵਜੇ ਗੈਂਗਸਟਰ ਰਾਣਾ ਮਨਸੂਰਪੁਰੀਆ ਕੌਮੀ ਮਾਰਗ ਦੇ ਨਾਲ ਪੁਰਾਣਾ ਭੰਗਾਲਾ ਦੇ ਚੋਅ ਦੇ ਨੇੜੇ ਨਜ਼ਰ ਆਇਆ। ਗੈਂਗਸਟਰ ਰਾਣਾ ਨੇ ਪੁਲਿਸ ਨੂੰ ਦੇਖਦਿਆਂ ਹੀ ਫਾਇਰਿੰਗ ਸ਼ੁਰੂ ਕਰ ਦਿੱਤੀ। ਪੁਲਿਸ ਦੀ ਜਵਾਬੀ ਫਾਇਰਿੰਗ 'ਚ ਰਾਣਾ ਢੇਰ ਹੋ ਗਿਆ।

## ਸੰਤ ਸੀਚੇਵਾਲ ਦੇ ਯਤਨਾਂ ਸਦਕਾ ਸਾਊਦੀ ਅਰਬ ਤੇ ਓਮਾਨ ਤੋਂ ਪਰਤੀਆਂ ਕੁੜੀਆਂ

**ਜਲੰਧਰ:** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਸਾਊਦੀ ਅਰਬ ਤੇ ਓਮਾਨ ਵਿਚੋਂ ਵਾਪਸ ਆਈਆਂ ਲੜਕੀਆਂ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਕਿਹਾ ਕਿ ਉੱਥੇ ਉਨ੍ਹਾਂ ਕੋਲੋਂ 18 ਤੋਂ 20 ਘੰਟੇ ਕੰਮ ਕਰਵਾਇਆ ਜਾਂਦਾ ਸੀ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀਆਂ ਇਨ੍ਹਾਂ ਕੁੜੀਆਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਗਏ ਯਤਨਾਂ ਸਦਕਾ ਹੀ ਉਹ ਆਪਣੇ ਪਰਿਵਾਰਾਂ ਵਿਚ ਪਰਤ ਸਕੀਆਂ ਹਨ। ਇਹ ਲੜਕੀਆਂ ਜ਼ਿਲ੍ਹਾ ਹੁਸ਼ਿਆਰਪੁਰ, ਤਰਨ-ਤਾਰਨ ਤੇ ਕਪੂਰਥਲਾ ਨਾਲ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਏਜੰਟਾਂ ਵੱਲੋਂ ਭੇਜੀਆਂ ਬਹੁਤ ਸਾਰੀਆਂ ਕੁੜੀਆਂ ਉਥੇ ਇਸੇ ਤਰ੍ਹਾਂ ਦੇ ਦੁੱਖ ਭੋਗ ਰਹੀਆਂ। ਇਨ੍ਹਾਂ ਵਿਚੋਂ ਕਈ ਭਾਰਤ, ਨੇਪਾਲ ਅਤੇ ਹੋਰ ਦੇਸ਼ਾਂ ਦੀਆਂ ਹਨ।

ਸੰਤ ਸੀਚੇਵਾਲ ਨੇ ਦੱਸਿਆ ਕਿ ਖਾੜੀ ਦੇਸ਼ਾਂ ਵਿਚ ਟਰੈਵਲ ਏਜੰਟਾਂ ਰਾਹੀਂ ਗਈਆਂ ਲੜਕੀਆਂ ਦਾ ਸ਼ੋਸ਼ਣ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਅਰਬ ਦੇਸ਼ਾਂ ਵਿਚ ਲੜਕੀਆਂ ਦਾ ਸ਼ੋਸ਼ਣ ਹੋਣਾ ਚਿੰਤਾਜਨਕ ਹੈ। ਉਨ੍ਹਾਂ ਵਿਦੇਸ਼ ਮੰਤਰਾਲੇ ਤੇ ਭਾਰਤੀ ਦੂਤਾਵਾਸਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਲੜਕੀਆਂ ਪਰਿਵਾਰਾਂ ਤੱਕ ਸਹੀ ਸਲਾਮਤ ਪਹੁੰਚ ਸਕੀਆਂ ਹਨ।

## ਸੁਖਪਾਲ ਖਹਿਰਾ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ:** ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਆਪਣੇ ਖ਼ਿਲਾਫ਼ ਦਰਜ 2015 ਦੇ ਨਸ਼ਿਆਂ ਨਾਲ ਸਬੰਧਤ ਕੇਸ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਦੇ ਆਧਾਰ ਉਤੇ ਸਿਖਰਲੀ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬੀ ਕੀਤੀ ਹੈ। ਖਹਿਰਾ ਨੇ ਉਨ੍ਹਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਅਤੇ ਅਸਲਾ ਐਕਟ ਤਹਿਤ ਦਰਜ ਮਾਮਲੇ ਵਿਚ ਵਿਸ਼ੇਸ਼ ਅਦਾਲਤ ਵੱਲੋਂ ਦਿੱਤੇ ਗਏ ਹੁਕਮਾਂ ਨੂੰ ਸਿਖਰਲੀ ਅਦਾਲਤ ਵਿਚ ਚੁਣੌਤੀ ਦਿੱਤੀ ਹੈ।

## ਅਦਾਕਾਰਾ ਨੀਰੂ ਬਾਜਵਾ ਅਦਾਲਤ ਵਿਚ ਪੇਸ਼

**ਅੰਮ੍ਰਿਤਸਰ:** ਪੰਜਾਬੀ ਫਿਲਮ 'ਬੂਹੇ ਬਾਰੀਆਂ' ਵਿਚ ਫਿਲਮਾਏ ਗਏ ਇਤਰਾਜ਼ਯੋਗ ਦ੍ਰਿਸ਼ ਦੇ ਮਾਮਲੇ ਵਿਚ ਅਦਾਕਾਰਾ ਨੀਰੂ ਬਾਜਵਾ ਇਥੋਂ ਦੀ ਅਦਾਲਤ ਵਿਚ ਪੇਸ਼ੀ ਭੁਗਤਣ ਪੁੱਜੀ। ਇਸ ਤੋਂ ਪਹਿਲਾਂ ਨੀਰੂ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਇਸ ਮਾਮਲੇ ਵਿਚ ਨੀਰੂ ਬਾਜਵਾ, ਫਿਲਮ ਦੇ ਲੇਖਕ ਜਗਦੀਪ ਸਿੰਘ ਅਤੇ ਡਾਇਰੈਕਟਰ ਉਦੈ ਪ੍ਰਤਾਪ ਸਿੰਘ ਖ਼ਿਲਾਫ਼ ਥਾਣਾ ਵੇਰਕਾ ਦੀ ਪੁਲਿਸ ਵੱਲੋਂ 20 ਸਤੰਬਰ 2023 ਨੂੰ ਐਸਸੀ ਐਸਟੀ ਐਕਟ ਹੇਠ ਕੇਸ ਦਰਜ ਕੀਤਾ ਗਿਆ ਸੀ। ਸਿਮਰਨਜੀਤ ਕੌਰ ਨੇ ਇਸ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਫਿਲਮ ਵਿਚ ਗੁਰੂ ਰਵਿਦਾਸ ਬਾਰੇ ਇਤਰਾਜ਼ਯੋਗ ਦ੍ਰਿਸ਼ ਫਿਲਮਾਏ ਅਤੇ ਸ਼ਬਦ ਵਰਤੇ ਗਏ ਹਨ। ਪੁਲਿਸ ਨੇ ਜਾਂਚ ਬਾਅਦ ਤਿੰਨਾਂ ਖਿਲਾਫ ਕੇਸ ਦਰਜ ਕੀਤਾ ਸੀ। ਕੇਸ ਦੀ ਪੈਰਵੀ ਕਰ ਰਹੇ ਵਕੀਲ ਸੁਨੀਲ ਕੁਮਾਰ ਅਤੇ ਹੋਰਨਾਂ ਨੇ ਦੱਸਿਆ ਕਿ ਦੋਵਾਂ ਧਿਰਾਂ ਵਿਚਾਲੇ ਅਦਾਲਤ ਵਿਚ ਸਮਝੌਤਾ ਹੋ ਗਿਆ ਹੈ ਅਤੇ ਬਿਆਨ ਦਰਜ ਕੀਤੇ ਗਏ ਹਨ। ਸ਼ਿਕਾਇਤਕਰਤਾ ਧਿਰ ਵੱਲੋਂ ਮੁਆਫੀ ਮੰਗਣ ਦੀ ਸ਼ਰਤ ਰੱਖੀ ਗਈ ਸੀ ਜਿਸ ਨੂੰ ਦੂਜੀ ਧਿਰ ਨੇ ਮੰਨ ਲਿਆ ਹੈ।

## ਸਾਬਕਾ ਰਾਸ਼ਟਰਪਤੀ ਕੋਵਿੰਦ ਤਖ਼ਤ ਸ੍ਰੀ ਦਮਦਮਾ ਸਾਹਿਬ ਨਤਮਸਤਕ

**ਤਲਵੰਡੀ ਸਾਬੋ:** ਸਾਬਕਾ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਕੁਝ ਸਮਾਂ ਕੀਰਤਨ ਵੀ ਸਰਵਣ ਕੀਤਾ। ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਉਨ੍ਹਾਂ ਨੂੰ ਦਮਦਮਾ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਸਾਬਕਾ ਰਾਸ਼ਟਰਪਤੀ ਨੂੰ ਜਦੋਂ ਇਹ ਦੱਸਿਆ ਕਿ ਗੁਰੂ ਗ੍ਰੰਥ ਦੀ ਸੰਪੂਰਨਤਾ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਲਿਖਾਰੀ ਅਤੇ ਬਾਬਾ ਦੀਪ ਸਿੰਘ ਨੂੰ ਸਹਿ ਲਿਖਾਰੀ ਥਾਪ ਕੇ ਇਸੇ ਥਾਂ 'ਤੇ ਕਰਵਾਈ ਸੀ ਤਾਂ ਸਾਬਕਾ ਰਾਸ਼ਟਰਪਤੀ ਭਾਵੁਕ ਹੋ ਗਏ। ਉਨ੍ਹਾਂ ਤਖ਼ਤ ਸਾਹਿਬ ਵਿਚ ਸ਼ੁਸੋਭਿਤ ਇਤਿਹਾਸਕ ਵਸਤਾਂ ਦੇ ਦਰਸ਼ਨ ਵੀ ਕੀਤੇ। ਸ੍ਰੀ ਕੋਵਿੰਦ ਨੇ ਇਸ ਮੌਕੇ ਤਖ਼ਤ ਸਾਹਿਬ ਵਿਚ ਲੱਗੀ ਇਤਿਹਾਸਕ ਚਿੱਤਰ ਪ੍ਰਦਰਸ਼ਨੀ ਵੀ ਦੇਖੀ। ਉਨ੍ਹਾਂ ਕਿਹਾ ਕਿ ਤਖ਼ਤ ਸਾਹਿਬ ਦੇ ਦਰਸ਼ਨਾਂ ਨਾਲ ਮਾਨਸਿਕ ਸਕੂਨ ਮਿਲਿਆ ਹੈ।

## ਚੋਣ ਬਿਗਲ ਵੱਜਦੇ ਹੀ ਸਿਆਸੀ ਮਾਹੌਲ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਉਲੀਕੀਆਂ ਗਈਆਂ ਰੈਲੀਆਂ ਤੋਂ ਬਾਅਦ ਪਾਰਟੀ ਆਗੂਆਂ ਦਰਮਿਆਨ ਮਤਭੇਦ ਵਧਦੇ ਜਾ ਰਹੇ ਹਨ ਜਿਸ ਦਾ ਫਾਇਦਾ ਹੁਕਮਰਾਨ ਪਾਰਟੀ ਨੂੰ ਹੋ ਸਕਦਾ ਹੈ। ਲੋਕ ਸਭਾ ਹਲਕਾ ਲੁਧਿਆਣਾ ਵਿਚ ਪਹਿਲਾਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਮੁਕਾਬਲਾ ਹੁੰਦਾ ਸੀ ਪਰ ਪਿਛਲੀਆਂ ਦੋ ਚੋਣਾਂ ਵਿਚ ਕਾਂਗਰਸ ਦਾ ਮੁਕਾਬਲਾ ਲੋਕ ਇਨਸਾਫ ਪਾਰਟੀ ਅਤੇ ਆਮ ਆਦਮੀ ਪਾਰਟੀ ਨਾਲ ਰਿਹਾ ਹੈ। ਇਥੋਂ ਕਾਂਗਰਸ ਆਗੂ ਰਵਨੀਤ ਸਿੰਘ ਬਿੱਟੂ ਚੋਣ ਵਿਚ ਜੇਤੂ ਰਹੇ ਸਨ। ਜੇ ਗੁਰਦਾਸਪੁਰ ਸੰਸਦੀ ਹਲਕੇ ਦੀ ਗੱਲ ਕੀਤੀ ਜਾਵੇ ਤਾਂ ਇਸ ਹਲਕੇ ਤੋਂ ਭਾਜਪਾ ਦੇ ਸੰਸਦ ਮੈਂਬਰ ਸਨੀ ਦਿਓਲ ਹਨ। ਉਧਰ, ਪੰਜ ਸਾਲਾਂ ਦੌਰਾਨ ਸਨੀ ਦਿਓਲ ਵੱਲੋਂ ਆਪਣੇ ਹਲਕੇ ਵਿਚ ਨਾ ਆਉਣ ਕਾਰਨ ਲੋਕਾਂ ਵਿਚ ਭਾਰੀ ਰੋਸ ਹੈ। ਇਸ ਦਾ ਤੋੜ ਲੱਭਣ ਲਈ ਭਾਜਪਾ ਨੂੰ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ। ਭਾਜਪਾ ਨੂੰ ਹਲਕੇ ਲਈ ਕੋਈ ਉਮੀਦਵਾਰ ਨਹੀਂ ਮਿਲ ਰਿਹਾ ਜੋ ਸੀਟ ਜਿੱਤ ਕੇ ਝੋਲੀ ਪਾ ਸਕੇ। ਭਾਜਪਾ ਤੇ ਅਕਾਲੀ ਦਲ ਦੇ ਇਸ ਵਾਰ ਸਿਆਸੀ ਸਾਂਝ ਰਾਹੀਂ ਮੈਦਾਨ ਵਿਚ ਆਉਣ ਦੇ ਆਸਾਰ ਸਨ ਪਰ ਸੰਯੁਕਤ ਕਿਸਾਨ ਮੋਰਚਾ ਵੱਲੋਂ ਮਹਾਂਪੰਚਾਇਤ ਵਿਚ ਭਾਜਪਾ ਦਾ ਚੋਣਾਂ ਵਿਚ ਵਿਰੋਧ ਕੀਤੇ ਜਾਣ ਦਾ ਲਿਆ ਪੈਂਤੜਾ ਸ਼੍ਰੋਮਣੀ ਅਕਾਲੀ ਦਲ ਅੱਗੇ ਵੱਡਾ ਅੜਿੱਕਾ ਬਣ ਗਿਆ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਟਕਸਾਲੀ ਵੋਟ ਬੈਂਕ ਕਿਸਾਨੀ ਨੂੰ ਹੀ ਮੰਨਿਆ ਜਾਂਦਾ ਰਿਹਾ ਹੈ। ਸੀਨੀਅਰ ਅਕਾਲੀ ਨੇਤਾ ਅੰਦਰੋ-ਅੰਦਰੀ ਮਸ਼ਵਰੇ ਦੇ ਰਹੇ ਹਨ ਕਿ ਭਾਜਪਾ ਤੋਂ ਕਿਸਾਨੀ ਅਤੇ ਬੰਦੀ ਸਿੰਘਾਂ ਦੇ ਮੁੱਦੇ 'ਤੇ ਕੁਝ ਹਾਸਲ ਕਰਨ ਤੋਂ ਬਿਨਾਂ ਕੀਤਾ ਗਿਆ ਸਮਝੌਤਾ ਪੁੱਠਾ ਵੀ ਪੈ ਸਕਦਾ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਅਤੇ ਮਨਪ੍ਰੀਤ ਬਾਦਲ ਸਿਆਸੀ ਗੱਠਜੋੜ ਦੀ ਹਮਾਇਤ ਵਿਚ ਜਾਪਦੇ ਹਨ ਜਦੋਂ ਕਿ ਭਾਜਪਾ ਦੀ ਟਕਸਾਲੀ ਸਟੇਟ ਲੀਡਰਸ਼ਿਪ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਕਰਨ ਦਾ ਕੋਈ ਸਿਆਸੀ ਉਦਰੇਂਵਾ ਨਹੀਂ। ਸਿਆਸੀ ਮਾਹਰਾਂ ਦਾ ਦਾਅਵਾ ਹੈ ਕਿ ਇਸ ਵਾਰ ਮੁਕਾਬਲਾ ਆਪ ਅਤੇ ਕਾਂਗਰਸ ਵਿਚਾਲੇ ਹੈ। ਪੰਜਾਬ ਵਿਚ ਸੱਤਾਧਾਰੀ ਹੋਣ ਅਤੇ ਵਿਧਾਨ ਸਭਾ ਚੋਣਾਂ ਵਿਚ ਇਕਪਾਸੜ ਜਿੱਤ ਕਾਰਨ ਆਪ ਲਈ ਇਹ ਚੋਣਾਂ ਵਕਾਰ ਦਾ ਸਵਾਲ ਹਨ।

## ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਭੁੱਖ ਹੜਤਾਲ ਖਤਮ

*(ਪਹਿਲੇ ਸਫੇ ਦੀ ਬਾਕੀ)*

ਉਨ੍ਹਾਂ ਨੂੰ ਮਿਲਣ ਲਈ ਡਿਬਰੂਗੜ੍ਹ ਜੇਲ੍ਹ ਗਈ ਸੀ ਜਿਥੇ ਉਸ ਦੇ ਪਤੀ ਨੂੰ ਖੂਨ ਦੀ ਉਲਟੀ ਹੋਈ ਸੀ। ਉਹ ਬਹੁਤ ਕਮਜ਼ੋਰ ਹਨ। ਉਹ ਹਾਲ ਦੀ ਘੜੀ ਭੁੱਖ ਹੜਤਾਲ 'ਤੇ ਹਨ। ਉਨ੍ਹਾਂ ਦੀ ਮੰਗ ਹੈ ਕਿ ਉਸ ਨੂੰ ਇੱਥੋਂ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕੀਤਾ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕਿਸਾਨ ਅੰਦੋਲਨ: ਭਾਜਪਾ ਆਗੂਆਂ ਦੀ ਘੇਰਾਬੰਦੀ ਤਿੱਖੀ ਕਰਨ ਦੀ ਰਣਨੀਤੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹਨ। ਇਸ ਦੌਰਾਨ ਕਿਸਾਨ ਅੰਦੋਲਨ ਨੂੰ ਹੋਰ ਤਿੱਖਾ ਕਰਨ ਦੀ ਰਣਨੀਤੀ ਵੀ ਘੜ ਲਈ ਗਈ ਹੈ, ਜਿਸ ਕਾਰਨ ਭਰਵਾ ਧਿਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਖਨੌਰੀ ਬਾਰਡਰ ਤੋਂ ਸ਼ਹੀਦ ਸ਼ੁਭਕਰਨ ਸਿੰਘ ਦੀਆਂ ਅਸਥੀਆਂ ਦੇ ਕਲਸ਼ ਲੈ ਕੇ ਵੱਖ-ਵੱਖ ਰਾਜਾਂ ਦੇ ਕਿਸਾਨ ਰਵਾਨਾ ਹੋ ਗਏ। ਇਸ ਤੋਂ ਪਹਿਲਾਂ ਕਿਸਾਨ ਆਗੂਆਂ ਵੱਲੋਂ ਸ਼ਹੀਦ ਸ਼ੁਭਕਰਨ ਸਿੰਘ ਦੀਆਂ ਅਸਥੀਆਂ ਦੇ ਕਲਸ਼ ਹਰਿਆਣਾ, ਉਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਆਦਿ ਰਾਜਾਂ ਦੇ ਕਿਸਾਨਾਂ ਨੂੰ ਸੌਂਪੇ ਗਏ ਸਨ।

ਉਧਰ, ਖਨੌਰੀ ਬਾਰਡਰ 'ਤੇ ਧਰਨੇ ਦੌਰਾਨ ਬੁਲਾਰਿਆਂ ਨੇ ਕਿਸਾਨਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਭਾਜਪਾ ਆਗੂਆਂ ਤੋਂ ਕਿਸਾਨੀ ਮਸਲਿਆਂ ਸਬੰਧੀ ਸਵਾਲ ਪੁੱਛਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜਵਾਬ ਨਾ ਦੇਣ 'ਤੇ ਉਨ੍ਹਾਂ ਖ਼ਿਲਾਫ਼ ਪ੍ਰਦਰਸ਼ਨ ਕੀਤਾ ਜਾਵੇ। ਪੰਧੇਰ ਨੇ ਕਿਹਾ ਕਿ 13 ਮਹੀਨੇ ਦਿੱਲੀ ਦੀਆਂ ਬਰੂੰਹਾਂ 'ਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਵੀ ਭਾਜਪਾ ਨੇ ਇਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਿਸ ਕਰਕੇ ਕਿਸਾਨਾਂ ਨੂੰ ਮੁੜ ਸੜਕਾਂ 'ਤੇ ਬੈਠਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਕਿ ਜੇ ਕੋਈ ਭਾਜਪਾ ਜਾਂ ਇਸ ਦੀ ਹਮਾਇਤੀ ਧਿਰ ਦਾ ਕੋਈ ਆਗੂ ਪਿੰਡਾਂ 'ਚ ਆਵੇ ਤਾਂ ਉਹ ਸ਼ੁਭਕਰਨ ਦੀ ਤਸਵੀਰ ਅਤੇ ਕਿਸਾਨੀ ਮੰਗਾਂ ਵਾਲੀਆਂ ਤਖ਼ਤੀਆਂ ਲੈ ਕੇ ਉਨ੍ਹਾਂ ਤੋਂ ਮੰਗਾਂ ਪੂਰੀਆਂ ਨਾ ਹੋਣ ਅਤੇ ਕਿਸਾਨਾਂ 'ਤੇ ਤਸ਼ੱਦਦ ਢਾਹੁਣ ਦੇ ਕਾਰਨਾਂ ਸਬੰਧੀ ਸਵਾਲ ਪੁੱਛੇ ਜਾਣ। ਜੇਕਰ ਅੱਗਿਓਂ ਕੋਈ ਜਵਾਬ ਨਾ ਦਿੱਤਾ ਜਾਵੇ ਤਾਂ ਅਜਿਹੇ ਵਿਅਕਤੀਆਂ ਖ਼ਿਲਾਫ਼ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕੀਤੇ ਜਾਣ। ਸ੍ਰੀ ਪੰਧੇਰ ਨੇ ਨਾਮ ਲਏ ਬਿਨਾਂ ਸ਼੍ਰੋਮਣੀ ਅਕਾਲੀ ਦਲ 'ਤੇ ਵੀ ਤਨਜ਼ ਕੱਸਿਆ। ਉਨ੍ਹਾਂ ਕਿਹਾ ਕਿ ਕਿਸਾਨ ਉਨ੍ਹਾਂ ਲੋਕਾਂ ਦੇ ਚਿਹਰੇ ਵੀ ਜ਼ਰੂਰ ਪਛਾਣ ਜੋ ਕਿਸਾਨ ਵਿਰੋਧੀ ਹੋ ਨਿੱਬੜੀ ਭਾਜਪਾ ਦੇ ਨਾਲ ਸਾਂਝ ਭਿਆਲੀ ਪਾਉਣ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਅਕਾਲੀ ਦਲ ਅਤੇ ਭਾਜਪਾ 'ਚ ਜਲਦੀ ਹੀ ਮੁੜ ਸਮਝੌਤਾ ਹੋਣ ਦੀਆਂ ਅਟਕਲਾਂ ਲਾਈਆਂ ਜਾ ਰਹੀਆਂ ਹਨ। ਇਹ ਵੀ ਚਰਚਾ ਹੈ ਕਿ ਇਹ ਸਮਝੌਤਾ ਕਿਸਾਨਾਂ ਦੇ ਧਰਨੇ ਕਾਰਨ ਹੀ ਲੰਮਾ ਪੈ ਰਿਹਾ ਹੈ।



ਕਿਸਾਨ ਆਗੂ ਦਰਸ਼ਨ ਸਿੰਘ ਤੇਈਪੁਰ ਨੇ ਕਿਹਾ ਕਿ ਦਿੱਲੀ ਕਿਸਾਨ ਮਹਾਂਪੰਚਾਇਤ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਸਾਰਿਆਂ ਦੀ ਵਿਚਾਰਧਾਰਾ ਵੱਖੋ-ਵੱਖ ਹੋ ਸਕਦੀ ਹੈ ਪਰ ਉਨ੍ਹਾਂ ਦੀ ਮੰਗ ਇਕ ਹੈ। ਜਦੋਂ ਤੱਕ ਐਮ.ਐਸ.ਪੀ. ਗਾਰੰਟੀ ਕਾਨੂੰਨ ਦੀ ਮੰਗ ਲਾਗੂ ਨਹੀਂ ਹੁੰਦੀ ਉਦੋਂ ਤੱਕ ਸਮੁੱਚੇ ਭਾਰਤ ਦੇ ਕਿਸਾਨਾਂ ਦਾ ਕੇਂਦਰ ਸਰਕਾਰ ਖ਼ਿਲਾਫ਼ ਸੰਘਰਸ਼ ਜਾਰੀ ਰਹੇਗਾ।

ਸ਼ੁਭਕਰਨ ਸਿੰਘ ਬੱਲੋ ਦੀਆਂ ਅਸਥੀਆਂ 'ਤੇ ਆਧਾਰਿਤ 16 ਰੋਜ਼ਾ ਕਲਸ਼ ਯਾਤਰਾ ਸ਼ੰਭੂ ਬਾਰਡਰ ਤੋਂ ਹਰਿਆਣਾ ਲਈ ਰਵਾਨਾ ਹੋਈ। ਇਸ ਮੌਕੇ ਸ਼ੰਭੂ ਬਾਰਡਰ 'ਤੇ ਡਟੇ ਹੋਏ ਵੱਡੀ ਗਿਣਤੀ ਕਿਸਾਨਾਂ ਨੇ ਨਾਅਰੇ ਲਾਉਂਦਿਆਂ ਆਪਣੇ ਸਾਥੀ ਸ਼ਹੀਦ ਕਿਸਾਨ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ੰਭੂ ਬਾਰਡਰ ਤੋਂ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਸੂਬਾਈ ਪ੍ਰਧਾਨ ਮਨਜੀਤ ਸਿੰਘ ਰਾਏ ਦੀ ਅਗਵਾਈ ਹੇਠ ਰਵਾਨਾ ਹੋਈ ਇਸ ਕਲਸ਼ ਯਾਤਰਾ ਦੌਰਾਨ ਬੀ.ਕੇ.ਯੂ. ਕ੍ਰਾਂਤੀਕਾਰੀ ਦੇ ਪ੍ਰਧਾਨ ਸੁਰਜੀਤ ਸਿੰਘ ਫੂਲ ਸਮੇਤ ਜਸਵਿੰਦਰ ਲੌਂਗੋਵਾਲ, ਦਿਲਬਾਗ ਸਿੰਘ ਗਿੱਲ, ਗੁਰਧਿਆਨ ਸਿੰਘ ਸਿਓਣਾ, ਮਲਕੀਤ ਸਿੰਘ ਗੁਲਾਮੀਵਾਲਾ, ਅਮਰਜੀਤ ਸਿੰਘ ਰੌੜੀ, ਮਨਜੀਤ ਨਿਆਲ, ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਮਨਜੀਤ ਘੁਮਾਣਾ ਮੌਜੂਦ ਸਨ।

## ਅੰਦੋਲਨ ਬਹਾਨੇ ਬਦਅਮਨੀ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ: ਆਰ.ਐਸ.ਐਸ.

**ਨਾਗਪੁਰ:** ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਨੇ ਦੋਸ਼ ਲਾਇਆ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨ ਅੰਦੋਲਨ ਦੇ ਬਹਾਨੇ ਮੁੜ ਤੋਂ ਬਦਅਮਨੀ ਫੈਲਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਆਰ.ਐਸ.ਐਸ. ਨੇ ਇਹ ਵੀ ਕਿਹਾ ਕਿ ਇਸ ਅੰਦੋਲਨ ਰਾਹੀਂ ਪੰਜਾਬ ਵਿਚ 'ਵੱਖਵਾਦੀ ਦਹਿਸ਼ਤਗਰਦੀ' ਨੇ ਮੁੜ ਆਪਣਾ ਸਿਰ ਚੁੱਕਿਆ ਹੈ। ਸੰਘ ਨੇ ਇਹ ਵੀ ਕਿਹਾ ਕਿ ਪੱਛਮੀ ਬੰਗਾਲ ਦੇ ਸੰਦੇਸ਼ਖਲੀ ਵਿਚ ਸੈਂਕੜੇ ਮਾਵਾਂ ਅਤੇ ਭੈਣਾਂ 'ਤੇ ਹੋਏ ਜ਼ੁਲਮ ਨੇ ਪੂਰੇ ਸਮਾਜ ਦੀ ਹਿਲਾ ਦਿੱਤਾ ਹੈ। ਸੰਘ ਨੇ ਮਨੀਪੁਰ ਵਿਚ ਜਾਤੀ ਟਕਰਾਅ 'ਤੇ ਵੀ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਇਸ ਨੇ ਸਮਾਜ ਦੇ ਦੋ ਵਰਗਾਂ ਮਾਇਤੀ ਅਤੇ ਕੁਕੀ ਵਿਚਕਾਰ ਅਵਿਸ਼ਵਾਸ ਪੈਦਾ ਕੀਤਾ ਹੈ।

## ਸਰਕਾਰੀ ਜ਼ਮੀਨ ਸਿਆਸੀ ਮਾਫੀਆ ਤੋਂ ਮੁਕਤ ਕਰਵਾਉਣ ਦੀ ਮੰਗ

**ਅੰਮ੍ਰਿਤਸਰ:** ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਖਿਆ ਕਿ ਜੇਕਰ ਸਰਕਟ ਹਾਊਸ ਦੀ ਸਰਕਾਰੀ ਜ਼ਮੀਨ ਨੂੰ ਸਿਆਸੀ ਮਾਫੀਆ ਦੇ ਗਲਬੇ ਵਿਚੋਂ ਮੁਕਤ ਨਾ ਕਰਾਇਆ ਗਿਆ ਤਾਂ ਉਹ ਇਸ ਖ਼ਿਲਾਫ਼ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨਗੇ।

ਵਿਧਾਇਕ ਨੇ ਆਖਿਆ ਕਿ ਉਹ ਇਹ ਮਾਮਲਾ ਪਹਿਲਾਂ ਵੀ ਵਿਧਾਨ ਸਭਾ ਵਿਚ, ਮੁੱਖ ਮੰਤਰੀ ਕੋਲ, ਸਬੰਧਤ ਮੰਤਰੀ ਤੇ ਮੀਡੀਆ ਰਾਹੀਂ ਉਠਾ ਚੁੱਕੇ ਹਨ ਪਰ ਇਸ ਮਾਮਲੇ ਵਿਚ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਵੇਲੇ ਸਰਕਟ ਹਾਊਸ ਦੀ ਜ਼ਮੀਨ ਲੀਜ਼ 'ਤੇ ਦਿੱਤੀ ਗਈ ਸੀ ਜਿੱਥੇ ਇਕ ਹੋਟਲ ਉਸਾਰਿਆ ਗਿਆ ਹੈ। ਦੱਸਣਯੋਗ ਹੈ ਕਿ ਵਿਧਾਇਕ ਵੱਲੋਂ ਜਿਸ ਸਿਆਸੀ ਪਰਿਵਾਰ ਦਾ ਜ਼ਿਕਰ ਕੀਤਾ ਗਿਆ, ਉਸ ਖ਼ਿਲਾਫ਼ ਵਿਜੀਲੈਂਸ ਵੱਲੋਂ ਸਰੋਤਾਂ ਤੋਂ ਵਧੇਰੇ ਜਾਇਦਾਦ ਬਣਾਉਣ ਦਾ ਕੇਸ ਵੀ ਦਰਜ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਹੋਟਲ ਦੀ ਇਸ ਇਮਾਰਤ ਦਾ ਉਦਘਾਟਨ ਕਰਨ ਵਾਸਤੇ ਜੇਕਰ ਕੋਈ ਮੰਤਰੀ ਆਉਂਦਾ ਹੈ



ਤਾਂ ਉਸ ਦਾ ਵੀ ਲੋਕਾਂ ਵੱਲੋਂ ਵਿਰੋਧ ਕੀਤਾ ਜਾਵੇਗਾ। ਵਿਧਾਇਕ ਨੇ ਇਤਿਹਾਸਕ ਰਾਮਬਾਗ ਜਿਸ ਨੂੰ ਕੰਪਨੀ ਬਾਗ ਵੀ ਕਿਹਾ ਜਾਂਦਾ ਹੈ, ਵਿਚ ਜ਼ਮੀਨ ਦਾ ਕੁਝ ਹਿੱਸਾ ਪਿਛਲੀ ਸਰਕਾਰ ਵੱਲੋਂ ਪ੍ਰਾਈਵੇਟ ਹੱਥਾਂ ਵਿਚ ਦਿੱਤੇ ਜਾਣ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਰਾਮ ਬਾਗ ਦਾ ਪ੍ਰਬੰਧ ਭਾਰਤੀ ਪੁਰਾਤੱਤਵ ਵਿਭਾਗ ਕੋਲ ਹੈ ਪਰ ਇਸ ਦਾ ਕੁਝ ਹਿੱਸਾ ਨਗਰ ਸੁਧਾਰ ਟਰੱਸਟ ਵੱਲੋਂ ਕਥਿਤ ਤੌਰ 'ਤੇ ਨਿੱਜੀ ਹੱਥਾਂ ਵਿਚ ਦੇ ਦਿੱਤਾ ਗਿਆ। ਸਰਕਾਰ ਇਸ ਸਰਕਾਰੀ ਸੰਪਤੀ ਨੂੰ ਆਪਣੇ ਹੱਥਾਂ ਵਿਚ ਲਵੇ।

## ਕਾਂਗਰਸੀ ਸੰਸਦ ਮੈਂਬਰ ਰਵਨੀਤ ਬਿੱਟੂ ਦੀਆਂ ਮੁਸ਼ਕਲਾਂ ਵਧੀਆਂ

**ਲੁਧਿਆਣਾ:** ਨਗਰ ਨਿਗਮ ਮੁੱਖ ਦਫ਼ਤਰ ਨੂੰ ਤਾਲਾ ਲਾਉਣ ਤੋਂ ਬਾਅਦ ਕਾਂਗਰਸੀ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਖ਼ਿਲਾਫ਼ ਲੁਧਿਆਣਾ ਪੁਲਿਸ ਨੇ ਇਕ ਹੋਰ ਕੇਸ ਦਰਜ ਕਰ ਲਿਆ ਹੈ। ਹੁਣ ਥਾਣਾ ਲਾਡੋਵਾਲ ਪੁਲਿਸ ਨੇ ਕਾਰਕਸ ਪਲਾਂਟ (ਮਰੇ ਹੋਏ ਪਸ਼ੂਆਂ ਦਾ ਨਿਪਟਾਰਾ ਕਰਨ ਦੀ ਪ੍ਰਕਿਰਿਆ ਵਾਲਾ ਪਲਾਂਟ) ਨੂੰ ਤਾਲਾ ਲਾਉਣ ਦੇ ਮਾਮਲੇ 'ਚ ਆਈ.ਪੀ.ਸੀ. ਦੀ ਧਾਰਾ 323, 341, 506, 452, 148 ਤੇ 149 ਤਹਿਤ ਕੇਸ ਦਰਜ ਕੀਤਾ ਹੈ।



ਲਾਡੋਵਾਲ ਪੁਲਿਸ ਨੇ ਜਿਨ੍ਹਾਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ, ਉਨ੍ਹਾਂ 'ਚੋਂ ਕੁਝ ਗੈਰ ਜ਼ਮਾਨਤੀ ਧਾਰਾਵਾਂ ਹਨ। ਨਗਰ ਨਿਗਮ ਨੇ ਪਿੰਡ ਨੂਰਪੁਰ ਬੇਟ 'ਚ ਸਮਾਰਟ ਸਿਟੀ ਮਿਸ਼ਨ ਦੇ ਫੰਡ ਨਾਲ ਬਹੁ ਕਰੋੜੀ ਕਾਰਕਸ ਪਲਾਂਟ ਬਣਾਇਆ ਸੀ ਤੇ ਇੱਥੇ ਮ੍ਰਿਤਕ ਜਾਨਵਰਾਂ ਦਾ ਨਿਪਟਾਰਾ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਪਿੰਡ ਵਾਸੀਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਪ੍ਰਸ਼ਾਸਨ ਨੇ ਇਸ ਨੂੰ 22 ਜਨਵਰੀ ਤੋਂ ਬਾਅਦ ਨਾ ਚਲਾਉਣ ਦਾ ਭਰੋਸਾ ਦਿੱਤਾ। 25 ਜਨਵਰੀ ਨੂੰ ਲੋਕ ਸਭਾ ਮੈਂਬਰ ਬਿੱਟੂ ਪਿੰਡ ਵਾਸੀਆਂ ਨਾਲ ਇਸ ਪਲਾਂਟ 'ਤੇ ਪੁੱਜੇ ਅਤੇ ਉਨ੍ਹਾਂ ਨੇ ਉਥੇ ਤਾਲਾ ਲਾ ਦਿੱਤਾ ਤੇ ਚਾਬੀ ਆਪਣੇ ਨਾਲ ਲੈ ਗਏ।

ਬਿੱਟੂ ਨੇ ਕਿਹਾ ਕਿ ਨੂਰਪੁਰ ਦੇ ਇਸ ਰਿਹਾਇਸ਼ੀ ਪਿੰਡ ਨੇੜੇ ਉਹ ਇਹ ਪਲਾਂਟ ਨਹੀਂ ਚੱਲਣ ਦੇਣਗੇ।

## ਬਾਲ ਮੁਕੰਦ ਸ਼ਰਮਾ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਨਿਯੁਕਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਾਲ ਮੁਕੰਦ ਸ਼ਰਮਾ ਨੂੰ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਾਲ ਮੁਕੰਦ ਸ਼ਰਮਾ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਤੋਂ ਐਗਰੀਕਲਚਰ ਵਿਚ ਬੀ.ਐਸ.ਸੀ. ਦੀ ਡਿਗਰੀ ਕੀਤੀ ਹੋਈ ਹੈ ਅਤੇ ਉਨ੍ਹਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਬਾਅਦ ਵਿਚ ਇਸੇ ਯੂਨੀਵਰਸਿਟੀ ਤੋਂ ਐਮ.ਬੀ.ਏ. ਕੀਤੀ। ਮਾਰਕਫੈੱਡ ਵਿਚ ਜ਼ਿਲ੍ਹਾ ਮੈਨੇਜਰ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਸ਼ਾਨਦਾਰ ਸੇਵਾਵਾਂ ਨਿਭਾਈਆਂ। ਉਹ ਜਲੰਧਰ ਅਤੇ ਲੁਧਿਆਣਾ ਵਿਚ ਡੀ.ਐਮ. ਮਾਰਕਫੈੱਡ ਰਹੇ ਅਤੇ ਏ.ਐਮ.ਡੀ. ਵਜੋਂ ਮਾਰਕਫੈੱਡ ਵਿਚੋਂ ਸੇਵਾਮੁਕਤ ਹੋਏ।

## ਗੋਲਡੀ ਬਰਾੜ ਤੇ ਰੋਹਿਤ ਗੋਦਾਰਾ ਗੈਂਗ ਦੇ ਤਿੰਨ ਮੈਂਬਰ ਗ੍ਰਿਫਤਾਰ





**ਜ਼ੀਰਕਪੁਰ:** ਪੰਜਾਬ ਪੁਲੀਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ਼.) ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਦੇ ਵਿਦੇਸ਼ ਆਧਾਰਿਤ ਮੈਂਬਰ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਨਾਲ ਸਬੰਧਤ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਅਜੈ ਸਿੰਘ ਉਰਫ਼ ਅਜੈਪਾਲ ਤੇ ਅੰਕਿਤ ਦੋਵੇਂ ਵਾਸੀ ਭਿਵਾਨੀ (ਹਰਿਆਣਾ) ਅਤੇ ਲਖਵਿੰਦਰ ਸਿੰਘ ਉਰਫ਼ ਲੱਕੀ ਵਾਸੀ ਏ.ਕੇ.ਐਸ. ਕਲੋਨੀ, ਜ਼ੀਰਕਪੁਰ ਵਜੋਂ ਹੋਈ ਹੈ। ਇਨ੍ਹਾਂ ਖ਼ਿਲਾਫ਼ ਮੁਹਾਲੀ ਦੇ ਥਾਣਾ ਸਟੇਟ ਕਰਾਈਮ ਵਿਚ ਕੇਸ ਦਰਜ ਕੀਤਾ ਗਿਆ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਅੰਕਿਤ ਖ਼ਿਲਾਫ਼ ਕਤਲ, ਇਰਾਦਾ ਕਤਲ, ਜਬਰਨ ਵਸੂਲੀ ਅਤੇ ਅਸਲਾ ਐਕਟ ਸਮੇਤ ਕਈ ਅਪਰਾਧਿਕ ਕੇਸ ਦਰਜ ਸਨ। ਪੁਲਿਸ ਨੇ ਮੁਲਜ਼ਮਾਂ ਕੋਲੋਂ .32 ਦੇ ਦੋ ਪਿਸਤੌਲ, 11 ਕਾਰਤੂਸ ਬਰਾਮਦ ਕੀਤੇ ਹਨ ਤੇ ਉਨ੍ਹਾਂ ਦੀ ਕਾਰ ਵੀ ਜ਼ਬਤ ਕੀਤੀ ਗਈ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਏ.ਜੀ.ਟੀ.ਐਫ਼. ਟੀਮ ਨੇ ਤਿੰਨਾਂ ਦਾ ਪਿੱਛਾ ਕਰਦਿਆਂ ਉਨ੍ਹਾਂ ਨੂੰ ਜ਼ੀਰਕਪੁਰ ਦੇ ਫਲੈਟ 'ਚੋਂ ਗ੍ਰਿਫ਼ਤਾਰ ਕੀਤਾ ਹੈ। ਇਹ ਤਿੰਨੋਂ ਜਣੇ ਲਾਰੈਂਸ ਬਿਸ਼ਨੋਈ ਗੈਂਗ ਦੇ ਵਿਦੇਸ਼ ਵਿਚ ਰਹਿੰਦੇ ਗੈਂਗਸਟਰਾਂ ਗੋਲਡੀ ਬਰਾੜ ਤੇ ਰੋਹਿਤ ਗੋਦਾਰਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਇਹ ਤਿੰਨੇ ਰੇਕੀ ਕਰ ਕੇ ਹੋਰ ਲੋੜੀਂਦੀ ਜਾਣਕਾਰੀ ਇਕੱਠੀ ਕਰ ਰਹੇ ਸਨ ਕਿਉਂਕਿ ਇਨ੍ਹਾਂ ਨੂੰ ਵਿਰੋਧੀ ਗੈਂਗਸਟਰਾਂ ਦੀ ਟਾਰਗੈਟ ਕਿਲਿੰਗ ਦਾ ਕੰਮ ਸੌਂਪਿਆ ਗਿਆ ਸੀ। ਅੰਕਿਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਅਪਰਾਧਿਕ ਪਿਛੋਕੜ ਵਾਲੇ ਗੈਂਗਸਟਰ ਜੈ ਕੁਮਾਰ ਉਰਫ਼ ਭੰਦਰ, ਜਿਸ ਵਿਰੁੱਧ 27 ਤੋਂ ਵੱਧ ਅਪਰਾਧਿਕ ਪਰਚੇ ਦਰਜ ਸਨ, ਦਾ 6 ਨਵੰਬਰ 2023 ਨੂੰ ਦਿਨ-ਦਿਹਾੜੇ ਕਤਲ ਕੀਤਾ ਸੀ।

## ਪੁਲਿਸ ਤੇ ਗੈਂਗਸਟਰਾਂ ਦਰਮਿਆਨ ਮੁਕਾਬਲਾ; ਤਿੰਨ ਜ਼ਖ਼ਮੀ

**ਫਰੀਦਕੋਟ:** ਜ਼ਿਲ੍ਹੇ ਦੇ ਪਿੰਡ ਪੰਜਗਰਾਈਂ ਨਜ਼ਦੀਕ ਚਾਰ ਗੈਂਗਸਟਰਾਂ ਅਤੇ ਪੁਲਿਸ ਪਾਰਟੀ ਦਰਮਿਆਨ ਗੋਲੀਬਾਰੀ ਹੋਈ ਜਿਸ ਕਾਰਨ ਤਿੰਨ ਗੈਂਗਸਟਰ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਇੱਥੋਂ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਤੇ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਹੈ ਜਦਕਿ ਇਕ ਗੈਂਗਸਟਰ ਮੌਕੇ ਤੋਂ ਭੱਜਣ ਵਿਚ ਸਫਲ ਹੋ ਗਿਆ।

ਫੜੇ ਗਏ ਗੈਂਗਸਟਰ ਪੁਲਿਸ ਦੀਆਂ ਗੋਲੀਆਂ ਨਾਲ ਗੰਭੀਰ ਜ਼ਖ਼ਮੀ ਹੋਏ ਹਨ। ਇਨ੍ਹਾਂ ਗੈਂਗਸਟਰਾਂ ਦੀ ਪਛਾਣ ਰਣਜੀਤ ਸਿੰਘ, ਜਸ਼ਨਦੀਪ ਸਿੰਘ ਵਾਸੀ ਵਾੜਾ ਦਰਾਕਾ, ਜ਼ਿਲ੍ਹਾ ਫਰੀਦਕੋਟ ਵਜੋਂ ਹੋਈ ਹੈ ਜਦਕਿ ਤੀਜਾ ਗੈਂਗਸਟਰ ਸੰਜੀਵ ਕੁਮਾਰ ਹਰਿਆਣਾ ਨਾਲ ਸਬੰਧਤ ਹੈ। ਸੂਤਰਾਂ ਮੁਤਾਬਕ ਗੈਂਗਸਟਰਾਂ ਤੋਂ ਅਸਲਾ ਵੀ ਬਰਾਮਦ ਹੋਇਆ ਹੈ। ਫ਼ਰੀਦਕੋਟ ਪੁਲਿਸ ਦੇ ਐਸ.ਪੀ. ਜਸਮੀਤ ਸਿੰਘ ਨੇ ਦੱਸਿਆ ਕਿ ਸੀ.ਆਈ.ਏ. ਸਟਾਫ਼ ਫ਼ਰੀਦਕੋਟ ਦੀ ਇਕ ਟੀਮ ਪੰਜਗਰਾਈਂ ਕਲਾਂ ਅਤੇ ਔਲਖ ਦਰਮਿਆਨ ਸੜਕ ਤੋਂ ਜਾ ਰਹੀ ਸੀ ਕਿ ਸੜਕ ਕੰਢੇ ਖੇਤਾਂ ਵਿਚ ਮੋਟਰ 'ਤੇ ਚਾਰ ਨੌਜਵਾਨ ਖੜ੍ਹੇ ਸਨ ਜਿਨ੍ਹਾਂ ਨੇ ਪੁਲਿਸ ਨੂੰ ਵੇਖ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਾਣਕਾਰੀ ਮਿਲੀ ਹੈ ਕਿ ਇਹ ਚਾਰੇ ਗੈਂਗਸਟਰ ਇਸ ਇਲਾਕੇ ਦੇ ਕਿਸੇ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਦੀ ਫਿਰਾਕ ਵਿਚ ਸਨ। ਪੁਲਿਸ ਸੂਤਰਾਂ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰਾਂ ਖ਼ਿਲਾਫ਼ ਪੰਜਾਬ ਭਰ ਵਿਚ ਇਕ ਦਰਜਨ ਤੋਂ ਵੱਧ ਗੰਭੀਰ ਅਪਰਾਧਾਂ ਤਹਿਤ ਪਰਚੇ ਦਰਜ ਹਨ।



## ਰਾਜ ਲਾਲੀ ਗਿੱਲ ਮਹਿਲਾ ਕਮਿਸ਼ਨ ਪੰਜਾਬ ਦੇ ਚੇਅਰਪਰਸਨ ਨਿਯੁਕਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰਾਜ ਲਾਲੀ ਗਿੱਲ ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਦਾ ਚੇਅਰਪਰਸਨ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਐਕਟ ਦੀ ਧਾਰਾ-4 ਵਿਚ ਸ਼ਾਮਲ ਨਿਯਮਾਂ ਤੇ ਸ਼ਰਤਾਂ ਅਨੁਸਾਰ ਕੀਤੀ ਗਈ ਹੈ। ਇਸ ਸਬੰਧੀ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਉਨ੍ਹਾਂ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਦਾ ਧੰਨਵਾਦ ਕੀਤਾ।

## ਪੰਜਾਬ 'ਚ ਛੇਤੀ ਬਣਨਗੇ 28 ਨਵੇਂ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਾਰੇ 28 ਪੁਲਿਸ ਜ਼ਿਲ੍ਹਿਆਂ ਸਣੇ ਤਿੰਨ ਕਮਿਸ਼ਨਰੇਟਾਂ ਵਿਚ 28 ਨਵੇਂ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਜਲਦ ਸਥਾਪਤ ਕੀਤੇ ਜਾਣਗੇ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਇਹ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਆਨਲਾਈਨ ਵਿੱਤੀ ਧੋਖਾਧੜੀ, ਆਈਡੈਂਟਟੀ ਥੈਫਟ, ਸਾਈਬਰਬੁਲਿੰਗ, ਹੈਕਿੰਗ ਅਤੇ ਆਨਲਾਈਨ ਸਕੈਮਾਂ ਦੀ ਜਾਂਚ ਕਰਨ ਅਤੇ ਨਜਿੱਠਣ ਲਈ ਸਮਰਪਿਤ ਹੱਬ ਵਜੋਂ ਕੰਮ ਕਰਨਗੇ। ਇਹ ਪੁਲਿਸ ਸਟੇਸ਼ਨ ਸਬੰਧਤ ਜ਼ਿਲ੍ਹੇ ਦੇ ਐਸ.ਐਸ.ਪੀ, ਸੀ.ਪੀ. ਦੀ ਨਿਗਰਾਨੀ ਹੇਠ ਕੰਮ ਕਰਨਗੇ।

# ਲੋਕ ਸਭਾ ਚੋਣਾਂ: ਪੰਜਾਬ ਕਾਂਗਰਸ ਨੂੰ ਆਪਣਿਆਂ ਵੱਲੋਂ ਚੁਣੌਤੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ 'ਆਪਣਿਆਂ' ਦਾ ਸਾਹਮਣਾ ਕਰਨਾ ਪਵੇਗਾ ਜਿਨ੍ਹਾਂ ਨੇ ਹੁਣ ਦੂਸਰੀਆਂ ਧਿਰਾਂ ਵਿਚ ਸ਼ਮੂਲੀਅਤ ਕਰ ਲਈ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਾਰਟੀ ਛੱਡਣ ਮਗਰੋਂ ਪ੍ਰਨੀਤ ਕੌਰ ਨੇ ਵੀ ਭਾਜਪਾ ਵਿਚ ਸ਼ਮੂਲੀਅਤ ਕਰ ਲਈ ਹੈ। ਉਹ ਪਟਿਆਲਾ ਤੋਂ ਭਾਜਪਾ ਉਮੀਦਵਾਰ ਵਜੋਂ ਮੈਦਾਨ ਵਿਚ ਉੱਤਰ ਸਕਦੇ ਹਨ। ਜਲੰਧਰ ਤੋਂ ਸੁਸ਼ੀਲ ਰਿੰਕੂ ਪਹਿਲਾਂ ਹੀ ਕਾਂਗਰਸ ਨੂੰ ਅਲਵਿਦਾ ਆਖ 'ਆਪ' ਤਰਫੋਂ ਸੰਸਦ ਮੈਂਬਰ ਬਣੇ ਅਤੇ ਹੁਣ ਮੁੜ ਉਮੀਦਵਾਰ ਐਲਾਨੇ ਗਏ ਹਨ। ਕਾਂਗਰਸ ਚੋਂ ਆਏ ਗੁਰਪ੍ਰੀਤ ਸਿੰਘ ਜੀ.ਪੀ. ਫ਼ਤਿਹਗੜ੍ਹ ਸਾਹਿਬ ਤੋਂ ਹੁਣ 'ਆਪ' ਦੇ ਉਮੀਦਵਾਰ ਬਣੇ ਹਨ।

ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ (54) ਕਾਂਗਰਸ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਕਾਂਗਰਸ ਲਈ ਇਹ ਵੱਡਾ ਝਟਕਾ ਹੈ। ਉਨ੍ਹਾਂ ਕਾਂਗਰਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਪੰਜਾਬ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਰਾਜ ਕੁਮਾਰ ਚੱਬੇਵਾਲ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਕਾਂਗਰਸ ਦੇ ਉਪ ਨੇਤਾ ਸਨ। ਡਾ. ਚੱਬੇਵਾਲ ਨੇ ਸਾਲ 2009 ਵਿਚ ਕਾਂਗਰਸ ਦਾ ਹੱਥ ਫੜਿਆ ਸੀ ਅਤੇ ਉਹ ਪਹਿਲੀ



ਦਫ਼ਾ ਹਲਕਾ ਚੱਬੇਵਾਲ ਤੋਂ ਸਾਲ 2017 ਵਿਚ ਚੋਣ ਜਿੱਤ ਕੇ ਵਿਧਾਨ ਸਭਾ ਪੁੱਜੇ ਸਨ। ਉਹ ਮੁੜ ਸਾਲ 2022 ਵਿਚ ਕਾਂਗਰਸ ਤਰਫ਼ੋਂ ਵਿਧਾਇਕ ਬਣੇ। ਕਾਂਗਰਸ ਵੱਲੋਂ ਉਨ੍ਹਾਂ ਨੇ ਹਲਕਾ ਹੁਸ਼ਿਆਰਪੁਰ ਤੋਂ 2019 ਵਿਚ ਚੋਣ ਵੀ ਲੜੀ ਸੀ ਪਰ ਭਾਜਪਾ ਉਮੀਦਵਾਰ ਸੋਮ ਪ੍ਰਕਾਸ਼ ਤੋਂ ਹਾਰ ਗਏ ਸਨ।

ਡਾ. ਰਾਜ ਦੇ ਪਾਰਟੀ ਛੱਡ ਜਾਣ ਨਾਲ ਕਾਂਗਰਸ ਨੂੰ ਨੁਕਸਾਨ ਹੋਵੇਗਾ। ਕਾਂਗਰਸ ਇਕ ਮਜ਼ਬੂਤ ਸਥਾਨਕ ਉਮੀਦਵਾਰ ਦੀ ਭਾਲ ਵਿਚ ਸੀ। ਸਾਬਕਾ ਸੰਸਦ ਮੈਂਬਰ ਸੰਤੋਸ਼ ਚੌਧਰੀ ਅਤੇ ਸਾਬਕਾ ਆਈ.ਪੀ.ਐਸ. ਅਫਸਰ ਸੁਦੇਸ਼ ਕੁਮਾਰ ਸਮੇਤ ਹੋਰ ਵੀ ਕਈ ਚਾਹਵਾਨ ਹਨ ਪਰ ਡਾ. ਰਾਜ ਇਸ ਦੀ ਪਹਿਲੀ ਪਸੰਦ ਸੀ। ਇਨ੍ਹਾਂ ਵੱਲੋਂ ਹੁਣ 'ਆਪ' ਵਿਚ ਜਾਣ ਕਾਰਨ ਉਮੀਦਵਾਰ ਦੀ ਚੋਣ ਉਸ ਲਈ ਮੁਸ਼ਕਿਲ ਹੋ ਜਾਵੇਗੀ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਨੂੰ ਵੀ ਹੁਣ ਇਕ ਮਜ਼ਬੂਤ ਉਮੀਦਵਾਰ ਮੈਦਾਨ 'ਚ ਉਤਾਰਨਾ ਪਵੇਗਾ। ਭਾਜਪਾ ਕੋਲ ਮੌਜੂਦਾ ਸੰਸਦ ਮੈਂਬਰ ਸੋਮ ਪ੍ਰਕਾਸ਼ ਅਤੇ ਸਾਬਕਾ ਸੰਸਦ ਮੈਂਬਰ ਵਿਜੈ ਸਾਂਪਲਾ ਸਮੇਤ ਕਈ ਉਮੀਦਵਾਰਾਂ ਦੀ ਸੂਚੀ ਹੈ।

## 'ਆਪ' ਵਰਕਰਾਂ 'ਚੋਂ ਉਮੀਦਵਾਰ ਖੜ੍ਹੇ ਕਰੇ ਭਗਵੰਤ: ਰੰਧਾਵਾ

**ਚੰਡੀਗੜ੍ਹ:** ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਆਪ' ਵਰਕਰਾਂ 'ਚੋਂ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਨ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੰਗ ਉਧਾਰ ਦੇ ਜਰਨੈਲਾਂ ਨਾਲ ਨਹੀਂ ਲੜੀ ਜਾਂਦੀ। ਰੰਧਾਵਾ ਨੇ ਡਾ. ਰਾਜ ਕੁਮਾਰ ਚੱਬੇਵਾਲ ਦੀ 'ਆਪ' ਵਿਚ ਸ਼ਮੂਲੀਅਤ ਅਤੇ ਉਸ ਨੂੰ ਹੁਸ਼ਿਆਰਪੁਰ ਤੋਂ ਉਮੀਦਵਾਰ ਬਣਾਏ ਜਾਣ ਦੀ ਸੰਭਾਵਨਾ 'ਤੇ ਟਿੱਪਣੀ ਕਰਦਿਆਂ ਇਹ ਵੀ ਕਿਹਾ ਕਿ ਜੇਕਰ 'ਆਪ' ਸਰਕਾਰ ਨੇ ਦੋ ਸਾਲ ਵਿਚ ਕੰਮ ਕੀਤੇ ਹਨ ਤਾਂ ਉਹ ਪਾਰਟੀ ਦੇ ਵਲੰਟੀਅਰਾਂ 'ਚੋਂ 13 ਉਮੀਦਵਾਰ ਬਣਾਉਣ। ਜੇਕਰ ਵਲੰਟੀਅਰਾਂ 'ਤੇ ਵੀ ਭਰੋਸਾ ਨਹੀਂ ਤਾਂ 92 ਵਿਧਾਇਕਾਂ 'ਚੋਂ 13 ਨੂੰ ਉਮੀਦਵਾਰ ਬਣਾ ਲੈਣ 'ਆਪ' ਨੂੰ ਪੰਜਾਬ ਵਿਚ ਆਪਣੀ ਸਥਿਤੀ ਦਾ ਪਤਾ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਵਰਕਰ ਕਾਂਗਰਸ ਦੇ ਨਾਲ ਹਨ ਤਾਂ ਉਦੋਂ ਤੱਕ ਕਿਸੇ ਆਗੂ ਦੇ ਪਾਰਟੀ ਛੱਡਣ ਨਾਲ ਕੋਈ ਫਰਕ ਨਹੀਂ ਪੈਂਦਾ।

## ਚੱਬੇਵਾਲ ਨੇ 'ਆਪ' ਤੋਂ ਸਿਆਸੀ ਪੈਕੇਜ ਲਿਆ: ਕਾਂਗਰਸ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਨੇ ਡਾ. ਰਾਜ ਕੁਮਾਰ ਚੱਬੇਵਾਲ ਨੂੰ ਇਕ ਸਿਆਸੀ ਪੈਕੇਜ ਦੇ ਕੇ ਪਾਰਟੀ ਵਿਚ ਸ਼ਾਮਲ ਕਰਾਇਆ ਹੈ। ਉਨ੍ਹਾਂ ਕਿਹਾ ਕਿ ਇਕ ਵਿੱਤੀ ਸੌਦੇਬਾਜ਼ੀ ਤਹਿਤ ਚੱਬੇਵਾਲ ਨੇ ਆਪਣੀ ਮਾਂ ਪਾਰਟੀ ਨੂੰ ਧੋਖਾ ਦਿੱਤਾ ਹੈ ਜਿਸ ਤਹਿਤ ਉਨ੍ਹਾਂ ਨੂੰ ਲੋਕ ਸਭਾ ਚੋਣ ਲੜਾਈ ਜਾਵੇਗੀ ਅਤੇ ਇਸ ਪੈਕੇਜ ਤਹਿਤ ਉਸ ਦੇ ਭਰਾ ਨੂੰ ਵਿਧਾਨ ਸਭਾ ਦੀ ਟਿਕਟ ਦਿੱਤੀ ਜਾਵੇਗੀ। ਬਾਜਵਾ ਨੇ ਚੁਣੌਤੀ ਦਿੱਤੀ ਕਿ ਉਹ 'ਦਲ ਬਦਲੂ' ਲੋਕਾਂ ਨੂੰ ਚੋਣਾਂ ਵਿਚ ਜਿੱਤਣ ਨਹੀਂ ਦੇਣਗੇ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਹੁਣ ਭਾਜਪਾ ਤੋਂ ਦਿਸ਼ਾ ਨਿਰਦੇਸ਼ ਲੈ ਰਹੇ ਹਨ।

# ਪੰਜਾਬ ਵਿਚ ਚੋਣਾਂ ਦੇ ਆਖਰੀ ਗੇੜ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਆਖਰੀ ਗੇੜ 'ਚ ਤੈਅ ਹੋਣ ਨੇ ਨਵੇਂ ਚਰਚੇ ਛੇੜ ਦਿੱਤੇ ਹਨ। ਕਿਸਾਨ ਆਗੂ ਇਸ ਪਿੱਛੇ ਕਈ ਸ਼ੰਕੇ ਜ਼ਾਹਰ ਕਰ ਰਹੇ ਹਨ। ਪੰਜਾਬ ਵਿਚ ਚੋਣਾਂ ਆਖਰੀ ਗੇੜ ਤਹਿਤ ਪਹਿਲੀ ਜੂਨ ਨੂੰ ਹੋਣਗੀਆਂ। ਹਾਲਾਂਕਿ ਵਰ੍ਹਾ 2019 ਵਿਚ ਵੀ ਪੰਜਾਬ 'ਚ ਚੋਣਾਂ ਆਖਰੀ ਗੇੜ ਵਿਚ ਹੋਈਆਂ ਸਨ ਪਰ ਉਸ ਤੋਂ ਪਹਿਲਾਂ ਆਮ ਚੋਣਾਂ ਪੰਜਾਬ ਵਿਚ ਮੱਧ ਗੇੜ ਵਿਚ ਹੁੰਦੀਆਂ ਰਹੀਆਂ ਹਨ। ਸਾਲ 2014 ਵਿਚ ਲੋਕ ਸਭਾ ਚੋਣਾਂ ਪੰਜਾਬ 'ਚ ਆਖਰੀ ਗੇੜ ਤੋਂ ਪਹਿਲਾਂ ਹੋਈਆਂ ਸਨ। ਇਸੇ ਤਰ੍ਹਾਂ ਸਾਲ 2009 ਵਿਚ ਲੋਕ ਸਭਾ ਚੋਣਾਂ ਪੰਜਾਬ 'ਚ ਦੂਜੇ ਗੇੜ ਵਿਚ ਹੋਈਆਂ ਸਨ।

ਪੰਜਾਬ ਵਿਚ ਚੋਣ ਜ਼ਾਬਤਾ ਕਰੀਬ 82 ਦਿਨ ਲਾਗੂ ਰਹੇਗਾ ਅਤੇ ਉਮੀਦਵਾਰਾਂ ਨੂੰ ਵੀ ਇੰਨਾ ਲੰਬਾ ਚੋਣ ਪ੍ਰਚਾਰ ਹੰਭਾ ਦੇਵੇਗਾ। ਪੰਜਾਬ ਦੀਆਂ ਸਰਹੱਦਾਂ 'ਤੇ ਇਸ ਵੇਲੇ ਸ਼ੰਭੂ ਅਤੇ ਖਨੌਰੀ ਵਿਚ ਕਿਸਾਨ ਘੋਲ ਚੱਲ ਰਿਹਾ ਹੈ ਅਤੇ ਕਿਸਾਨ ਅੰਦੋਲਨ ਦੇ ਸ਼ਹੀਦ ਸ਼ੁੱਭਕਰਨ ਦੀ ਕਲਸ਼ ਯਾਤਰਾ ਹਰਿਆਣਾ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਥੋੜ੍ਹੇ ਦਿਨ ਪਹਿਲਾਂ ਹੀ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿਚ ਸੰਯੁਕਤ ਕਿਸਾਨ ਮੋਰਚਾ ਨੇ ਮਹਾਪੰਚਾਇਤ ਕੀਤੀ ਹੈ ਜਿਸ ਵਿਚ ਭਾਜਪਾ ਦਾ ਇਨ੍ਹਾਂ ਚੋਣਾਂ 'ਚ ਵਿਰੋਧ ਕਰਨ ਦਾ ਪੈਂਤੜਾ ਲਿਆ ਹੈ। ਸਿਆਸੀ ਹਲਕੇ ਹੈਰਾਨ ਹਨ ਕਿ ਜਦੋਂ ਪੰਜਾਬ ਅਤੇ ਹਰਿਆਣਾ 'ਚੋਂ ਕਿਸਾਨ ਅੰਦੋਲਨ ਭਖਿਆ ਹੋਇਆ ਹੈ ਤਾਂ ਕਿਸ ਪੱਖ ਨੂੰ



ਦੇਖਦੇ ਹੋਏ ਪੰਜਾਬ ਨੂੰ ਚੋਣਾਂ ਦੇ ਆਖਰੀ ਗੇੜ ਵਿਚ ਰੱਖਿਆ ਗਿਆ ਹੈ। ਇਸ ਨੂੰ ਮਾਹਿਰ ਦੋ ਪੱਖਾਂ ਤੋਂ ਦੇਖ ਰਹੇ ਹਨ। ਪਹਿਲਾ ਅੰਦਾਜ਼ਾ ਇਹ ਹੈ ਕਿ ਚੋਣਾਂ ਦੇ ਆਖਰੀ ਗੇੜ ਵਿਚ ਪੰਜਾਬ ਤੇ ਹਰਿਆਣਾ ਦੇ ਆਉਣ ਦਾ ਮਤਲਬ ਹੈ ਕਿ ਭਾਜਪਾ ਇਹ ਸਾਬਤ ਕਰਨਾ ਚਾਹੁੰਦੀ ਹੈ ਕਿ ਉਨ੍ਹਾਂ ਨੂੰ ਕਿਸਾਨ ਘੋਲ ਦੀ ਕੋਈ ਪ੍ਰਵਾਹ ਨਹੀਂ ਹੈ ਅਤੇ ਕਿਸਾਨ ਨੇਤਾ ਪਹਿਲੇ ਛੇ ਗੇੜਾਂ ਵਿਚ ਵਿਰੋਧ ਕਰ ਕੇ ਆਪਣੀ ਵਾਹ ਲਾ ਸਕਦੇ ਹਨ।

ਦੂਜਾ ਪੱਖ, ਇਹ ਹੈ ਕਿ ਭਾਜਪਾ ਦੀ ਹਕੂਮਤ ਨੂੰ ਇਹ ਖ਼ਦਸ਼ਾ ਹੋਵੇਗਾ ਕਿ ਜੇ ਪੰਜਾਬ ਅਤੇ ਹਰਿਆਣਾ 'ਚ ਪਹਿਲੇ ਗੇੜਾਂ ਵਿਚ ਚੋਣ ਹੁੰਦੀ ਹੈ ਤਾਂ ਇਨ੍ਹਾਂ ਸੂਬਿਆਂ ਚੋਂ ਸੰਭਾਵੀ ਵਿਰੋਧ ਉੱਠਣ ਦੀ ਸੂਰਤ ਵਿਚ ਬਾਕੀ ਗੇੜਾਂ 'ਤੇ ਅਸਰ ਪਵੇਗਾ।

ਕਿਸਾਨ ਆਗੂ ਸਰਵਣ ਸਿੰਘ ਪੰਧੇਰ ਆਖਦੇ ਹਨ ਕਿ ਕਿਸਾਨ ਅੰਦੋਲਨ ਕਰ ਕੇ ਪੰਜਾਬ ਵਿਚ ਚੋਣਾਂ ਨੂੰ ਲਮਕਾਇਆ ਗਿਆ ਹੈ ਜਦੋਂਕਿ ਜੂਨ ਦੇ ਪਹਿਲੇ ਹਫ਼ਤੇ ਕਿਸਾਨ ਰੁਝੇਵੇਂ ਵਿਚ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਪਰੇਸ਼ਨ ਬਲੂ ਸਟਾਰ ਦੀ ਬਰਸੀ ਵੀ ਜੂਨ ਦੇ ਪਹਿਲੇ ਹਫ਼ਤੇ 'ਚ ਹੀ ਹੁੰਦੀ ਹੈ।

ਐਤਕੀਂ ਚੋਣ ਪ੍ਰਕਿਰਿਆ ਲਈ 44 ਦਿਨਾਂ ਦਾ ਸਮਾਂ ਹੈ ਜਦੋਂਕਿ ਸਾਲ 2019 ਵਿਚ ਇਹੋ ਸਮਾਂ 39 ਦਿਨਾਂ ਦਾ ਸੀ। ਜਾਣਕਾਰੀ ਅਨੁਸਾਰ ਉਮੀਦਵਾਰਾਂ ਲਈ ਲੰਬਾ ਚੋਣ ਪ੍ਰਚਾਰ ਖਰਚੇ ਪੱਖੋਂ ਦਮੋਂ ਕੱਢੇਗਾ ਅਤੇ ਉਂਜ ਵੀ ਲੰਮੇਰਾ ਚੋਣ ਪ੍ਰਚਾਰ ਉਮੀਦਵਾਰਾਂ ਨੂੰ ਥਕਾ ਦੇਣ ਵਾਲਾ ਹੋਵੇਗਾ। ਦੇਖਿਆ ਜਾਵੇ ਤਾਂ ਅਪਰੈਲ ਮਹੀਨਾ ਤਾਂ ਕਿਸਾਨਾਂ ਦਾ ਕਣਕ ਦੀ ਵਾਢੀ ਵਿਚ ਹੀ ਲੰਘ ਜਾਵੇਗਾ। ਕਿਸਾਨ ਮੌਸਮ ਦੇ ਡਰੋਂ ਫ਼ਸਲਾਂ ਦੀ ਸੰਭਾਲ ਨੂੰ ਤਰਜੀਹ ਦਿੰਦੇ ਹਨ। ਮਈ ਦੇ ਅਖੀਰ ਵਿਚ ਝੋਨੇ ਦੀ ਪਨੀਰੀ ਵਗੈਰਾ ਦਾ ਕੰਮ ਸ਼ੁਰੂ ਹੋ ਜਾਂਦਾ ਹੈ।

# ਚੋਣ ਕਮਿਸ਼ਨ ਵੱਲੋਂ ਉਮੀਦਵਾਰਾਂ ਦੇ ਖਰਚਿਆਂ ਬਾਰੇ ਦਰਾਂ ਤੈਅ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ 2024 ਵਿਚ ਉਮੀਦਵਾਰਾਂ ਤੇ ਰਾਜਨੀਤਕ ਪਾਰਟੀਆਂ ਵੱਲੋਂ ਖਾਣ-ਪੀਣ ਸਣੇ ਵੱਖ-ਵੱਖ ਵਸਤਾਂ 'ਤੇ ਕੀਤੇ ਜਾਂਦੇ ਖਰਚ ਲਈ ਰੇਟ ਲਿਸਟ ਜਾਰੀ ਕਰ ਦਿੱਤੀ ਹੈ। ਇਸ ਵਾਰ ਭਾਰਤੀ ਚੋਣ ਕਮਿਸ਼ਨ ਨੇ ਵਸਤਾਂ ਦੀਆਂ ਕੀਮਤਾਂ ਵਿਚ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਨਾਲੋਂ 15 ਤੋਂ 50 ਫ਼ੀਸਦ ਤੱਕ ਦਾ ਇਜ਼ਾਫ਼ਾ ਕੀਤਾ ਹੈ ਜਿਸ ਨਾਲ ਉਮੀਦਵਾਰਾਂ ਦੇ ਚੋਣ ਖਰਚ ਵਿਚ ਵੀ ਵਾਧਾ ਹੋਵੇਗਾ। ਉਧਰ ਚੋਣ ਕਮਿਸ਼ਨ ਨੇ ਉਮੀਦਵਾਰਾਂ ਦੇ ਖਰਚੇ ਦੀ ਸੀਮਾ ਵੀ 70 ਲੱਖ ਰੁਪਏ ਤੋਂ ਵਧਾ ਕੇ 95 ਲੱਖ ਰੁਪਏ ਕਰ ਦਿੱਤੀ ਹੈ।

ਚੋਣ ਕਮਿਸ਼ਨ ਦੀ ਰੇਟ ਲਿਸਟ ਅਨੁਸਾਰ ਕੌਫੀ ਦੀ ਕੀਮਤ 15 ਰੁਪਏ ਪ੍ਰਤੀ ਕੱਪ ਤੈਅ ਕੀਤੀ ਗਈ ਹੈ ਜੋ ਸਾਲ 2019 ਵਿਚ 12 ਰੁਪਏ ਪ੍ਰਤੀ ਕੱਪ ਸੀ। ਬਰੈੱਡ ਪਕੌੜੇ ਤੇ ਸਮੋਸੇ ਦੀ ਕੀਮਤ 15 ਰੁਪਏ ਪ੍ਰਤੀ ਪੀਸ ਤੈਅ ਕੀਤੀ ਗਈ ਹੈ ਜੋ ਕਿ ਪਹਿਲਾਂ 10 ਰੁਪਏ ਪ੍ਰਤੀ ਪੀਸ ਸੀ। ਬਿਸਕੁਟ 150 ਰੁਪਏ ਪ੍ਰਤੀ ਕਿੱਲੋ ਤੋਂ ਵਧਾ ਕੇ 175 ਰੁਪਏ ਪ੍ਰਤੀ ਕਿਲੋ, ਬਰਫ਼ੀ 250 ਰੁਪਏ ਤੋਂ ਵਧਾ ਕੇ 300 ਰੁਪਏ ਪ੍ਰਤੀ ਕਿੱਲੋ ਕਰ ਦਿੱਤੀ ਗਈ ਹੈ।

ਹੋਟਲ ਵਿਚ ਡਬਲ ਬੈੱਡ ਏਸੀ ਵਾਲੇ ਕਮਰੇ ਦਾ ਕਿਰਾਇਆ 1320 ਰੁਪਏ ਤੋਂ ਵਧਾ ਕੇ ਦੋ ਹਜ਼ਾਰ ਰੁਪਏ, ਡਬਲ ਬੈੱਡ ਬਿਨਾਂ ਏਸੀ ਵਾਲੇ ਕਮਰੇ ਦਾ ਕਿਰਾਇਆ 880 ਰੁਪਏ ਤੋਂ ਵਧਾ ਕੇ 1200




ਰੁਪਏ ਪ੍ਰਤੀ ਦਿਨ ਕਰ ਦਿੱਤਾ ਹੈ। ਸਿੰਗਲ ਬੈੱਡ ਵਾਲੇ ਏਸੀ ਰੂਮ ਦਾ ਕਿਰਾਇਆ 990 ਰੁਪਏ ਤੋਂ ਵਧਾ ਕੇ 1050 ਰੁਪਏ ਅਤੇ ਸਿੰਗਲ ਬੈੱਡ ਬਿਨਾਂ ਏਸੀ ਵਾਲੇ ਕਮਰੇ ਦਾ ਕਿਰਾਇਆ 550 ਰੁਪਏ ਤੋਂ ਵਧਾ ਕੇ 700 ਰੁਪਏ ਪ੍ਰਤੀ ਦਿਨ ਕਰ ਦਿੱਤਾ ਹੈ। ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੌਰਾਨ ਉਮੀਦਵਾਰਾਂ ਤੇ ਰਾਜਨੀਤਕ ਪਾਰਟੀਆਂ ਵੱਲੋਂ ਕੀਤੇ ਜਾਣ ਵਾਲੇ ਖਰਚ 'ਤੇ ਨਜ਼ਰ ਰੱਖਣ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਹੈ ਜੋ ਉਮੀਦਵਾਰਾਂ ਦੇ ਖਰਚ 'ਤੇ ਨਜ਼ਰ ਰੱਖਣਗੀਆਂ।

# ਮਿਸ਼ਨ 2024: ਆਮ ਆਦਮੀ ਪਾਰਟੀ ਨੇ ਕੈਬਨਿਟ ਮੰਤਰੀਆਂ 'ਤੇ ਟੇਕ ਰੱਖੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਨਜ਼ਦੀਕ ਆਉਣ ਦੇ ਨਾਲ ਹੀ ਪੰਜਾਬ ਵਿਚ ਸਿਆਸੀ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਸਾਰੀਆਂ ਰਾਜਨੀਤਕ ਪਾਰਟੀਆਂ ਵੱਲੋਂ ਲੋਕ ਸਭਾ ਦੀਆਂ 13 ਸੀਟਾਂ ਲਈ ਉਮੀਦਵਾਰਾਂ ਦੀ ਚੋਣ ਕੀਤੀ ਜਾ ਰਹੀ ਹੈ। ਇਸ ਦੌਰਾਨ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ (ਆਪ) ਨੇ ਮੌਜੂਦਾ ਪੰਜ ਕੈਬਨਿਟ ਮੰਤਰੀਆਂ ਨੂੰ ਹੀ ਚੋਣ ਮੈਦਾਨ ਵਿਚ ਉਤਾਰ ਦਿੱਤਾ ਹੈ। ਇਸ ਵਿਚ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ, ਖਡੂਰ ਸਾਹਿਬ ਤੋਂ ਲਾਲਜੀਤ ਸਿੰਘ ਭੁੱਲਰ, ਬਠਿੰਡਾ ਤੋਂ ਗੁਰਮੀਤ ਸਿੰਘ ਖੁੱਡੀਆਂ, ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਤੇ ਪਟਿਆਲਾ ਤੋਂ ਡਾ. ਬਲਬੀਰ ਸਿੰਘ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ 'ਆਪ' ਵੱਲੋਂ ਵਿਧਾਨ ਸਭਾ ਚੋਣਾਂ 2022 ਵਿਚ ਕੀਤੇ ਵਾਅਦਿਆਂ ਵਿਚੋਂ ਜ਼ਿਆਦਾਤਰ ਨੂੰ ਦੋ ਸਾਲਾਂ ਦੇ ਕਾਰਜਕਾਲ ਵਿਚ ਹੀ ਪੂਰਾ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਦੇ ਬਾਵਜੂਦ 'ਆਪ' ਸੂਬੇ ਵਿਚ ਕੋਈ ਚਰਚਿਤ ਚਿਹਰਾ ਉਭਾਰਨ ਵਿਚ ਕਾਮਯਾਬ ਨਹੀਂ ਹੋ ਸਕੀ ਹੈ, ਜਿਨ੍ਹਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਮੈਦਾਨ



ਵਿਚ ਉਤਾਰਿਆ ਜਾ ਸਕੇ। ਉਧਰ ਪੰਜ ਮੰਤਰੀਆਂ ਦੇ ਲੋਕ ਸਭਾ ਚੋਣਾਂ ਵਿਚ ਜਿੱਤਣ ਉਪਰੰਤ ਮੁੜ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕਰਨੀ ਵੀ 'ਆਪ' ਸਰਕਾਰ ਲਈ ਵੱਡੀ ਚੁਣੌਤੀ ਬਣ ਸਕਦੀ ਹੈ।

'ਆਪ' ਨੇ ਜਿਥੇ ਪੰਜਾਬ ਦੇ ਮੌਜੂਦਾ ਪੰਜ ਕੈਬਨਿਟ ਮੰਤਰੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ, ਉਥੇ ਕਾਂਗਰਸ ਛੱਡ ਕੇ ਪਾਰਟੀ ਵਿਚ ਸ਼ਾਮਲ ਹੋਏ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਫ਼ਤਿਹਗੜ੍ਹ ਸਾਹਿਬ ਤੋਂ ਟਿਕਟ ਦਿੱਤੀ ਗਈ ਹੈ। ਪੰਜਾਬੀ ਫਿਲਮ ਅਦਾਕਾਰ ਕਰਮਜੀਤ ਅਨਮੋਲ ਨੂੰ ਫਰੀਦਕੋਟ ਤੋਂ ਮੈਦਾਨ 'ਚ ਉਤਾਰਿਆ ਗਿਆ ਹੈ। ਦਿਲਚਸਪ ਗੱਲ ਹੈ ਕਿ 'ਆਪ' ਨੇ ਭਾਜਪਾ ਦੀ ਤਰਜ਼ 'ਤੇ ਮੰਤਰੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਭਾਜਪਾ ਵੱਲੋਂ ਪਹਿਲਾਂ ਮੱਧ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਈ ਕੇਂਦਰੀ ਮੰਤਰੀਆਂ ਤੇ ਲੋਕ ਸਭਾ ਮੈਂਬਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ। ਭਾਜਪਾ ਨੇ ਪੱਛਮੀ ਬੰਗਾਲ ਵਿਚ ਕਈ ਵਿਧਾਇਕਾਂ ਨੂੰ ਲੋਕ ਸਭਾ ਦੀ ਟਿਕਟ ਦਿੱਤੀ ਹੈ। ਹਰਿਆਣਾ ਵਿਚ ਵੀ ਮਨੋਹਰ ਲਾਲ ਖੱਟਰ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿਵਾ ਕੇ ਉਨ੍ਹਾਂ ਨੂੰ ਕਰਨਾਲ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 'ਆਪ' ਦੇ 8 ਉਮੀਦਵਾਰਾਂ ਦੀ ਪਹਿਲੀ ਸੂਚੀ 'ਤੇ ਤਨਜ਼ ਕੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 92 ਵਿਧਾਇਕਾਂ ਨਾਲ ਦੋ ਸਾਲਾਂ ਤੋਂ ਸਰਕਾਰ ਚਲਾਉਣ ਵਾਲੇ ਅਤੇ ਲੋਕ ਸਭਾ ਚੋਣਾਂ ਵਿਚ 13-0 ਨਾਲ ਜਿੱਤ ਦਾ ਦਾਅਵਾ ਕਰਨ ਵਾਲੀ 'ਆਪ' ਨੂੰ ਲੋਕ ਸਭਾ ਚੋਣਾਂ ਲਈ ਉਮੀਦਵਾਰ ਨਹੀਂ ਮਿਲ ਰਹੇ ਹਨ। ਇਸੇ ਕਰਕੇ ਪਹਿਲੀ ਸੂਚੀ ਵਿਚ ਹੀ ਅੱਠ ਵਿਚੋਂ ਪੰਜ ਕੈਬਨਿਟ ਮੰਤਰੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

## ਸਾਬਕਾ ਵਿਧਾਇਕ ਬਾਂਸਲ ਭਾਜਪਾ 'ਚ ਸ਼ਾਮਲ

**ਮਾਨਸਾ:** ਮਾਲਵਾ ਖੇਤਰ ਦੇ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਆਪਣੇ ਸਾਥੀਆਂ ਸਣੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। ਸ੍ਰੀ ਬਾਂਸਲ ਨੇ ਦੱਸਿਆ ਕਿ ਉਹ ਮਹਾਰਾਣੀ ਪ੍ਰਨੀਤ ਕੌਰ ਨਾਲ ਹੀ ਭਾਜਪਾ ਵਿਚ ਸ਼ਾਮਲ ਹੋਣਾ ਚਾਹੁੰਦੇ ਸਨ, ਪਰ ਰਸਤੇ ਵਿਚ ਜਾਮ ਲੱਗਣ ਕਾਰਨ ਪਟਿਆਲਾ ਵਿਚ ਹੋਏ ਸਮਾਗਮ ਵਿਚ ਸਮੇਂ-ਸਿਰ ਨਹੀਂ ਪੁੱਜ ਸਕੇ ਅਤੇ ਬਾਅਦ ਵਿਚ ਉਨ੍ਹਾਂ ਨੂੰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਭਾਜਪਾ ਵਿਚ ਸ਼ਾਮਲ ਕਰਵਾਇਆ ਗਿਆ।

# ਲੋਕ ਸਭਾ ਚੋਣਾਂ: ਸਿਆਸੀ ਤੌਰ 'ਤੇ ਪ੍ਰਭਾਵਸ਼ਾਲੀ ਹੈ ਪੰਜਾਬ ਦਾ ਮਾਲਵਾ ਖੇਤਰ

**ਚੰਡੀਗੜ੍ਹ:** ਪੰਜਾਬ ਦਾ ਮਾਲਵਾ ਖੇਤਰ ਹਮੇਸ਼ਾ ਤੋਂ ਹੀ ਸਭ ਤੋਂ ਵੱਡਾ ਅਤੇ ਸਿਆਸੀ ਤੌਰ ਉਤੇ ਪ੍ਰਭਾਵਸ਼ਾਲੀ ਖੇਤਰ ਮੰਨਿਆ ਜਾਂਦਾ ਹੈ। ਵਿਧਾਨ ਸਭਾ ਚੋਣਾਂ ਦੌਰਾਨ ਜੇਕਰ ਕੋਈ ਪਾਰਟੀ ਇਸ ਖੇਤਰ ਵਿਚੋਂ ਸਭ ਤੋਂ ਵੱਧ ਵਿਧਾਨ ਸਭਾ ਸੀਟਾਂ ਹਾਸਲ ਕਰ ਲੈਂਦੀ ਹੈ ਤਾਂ ਉਹ ਸੂਬੇ ਵਿਚ ਆਸਾਨੀ ਨਾਲ ਸਰਕਾਰ ਬਣਾ ਸਕਦੀ ਹੈ।

ਪੰਜਾਬ ਨੂੰ ਤਿੰਨ ਪ੍ਰਮੁੱਖ ਖੇਤਰਾਂ ਮਾਲਵਾ, ਮਾਝਾ ਅਤੇ ਦੁਆਬਾ ਵਿਚ ਵੰਡਿਆ ਜਾ ਸਕਦਾ ਹੈ। ਸਤਲੁਜ ਦਰਿਆ ਦੇ ਦੱਖਣ ਵਾਲੇ ਖੇਤਰ ਨੂੰ ਮਾਲਵਾ ਖੇਤਰ ਕਿਹਾ ਜਾਂਦਾ ਹੈ, ਦੁਆਬਾ ਖੇਤਰ ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਪੈਂਦਾ ਹੈ, ਜਦੋਂਕਿ ਮਾਝਾ ਖੇਤਰ ਰਾਵੀ ਅਤੇ ਬਿਆਸ ਦਰਿਆਵਾਂ ਦੇ ਵਿਚਕਾਰ ਪੈਂਦਾ ਹੈ। ਮਾਲਵਾ ਖੇਤਰ ਵਿਚ ਅੱਠ ਲੋਕ ਸਭਾ ਹਲਕੇ ਹਨ, ਜਿਨ੍ਹਾਂ ਵਿਚ ਲੁਧਿਆਣਾ, ਬਠਿੰਡਾ, ਫਿਰੋਜ਼ਪੁਰ, ਫਰੀਦਕੋਟ (ਐਸ.ਸੀ), ਫਤਿਹਗੜ੍ਹ ਸਾਹਿਬ (ਐਸ.ਸੀ), ਪਟਿਆਲਾ, ਆਨੰਦਪੁਰ ਸਾਹਿਬ ਅਤੇ ਸੰਗਰੂਰ ਸੰਸਦੀ ਹਲਕੇ ਸ਼ਾਮਲ ਹਨ। ਦੋਆਬਾ ਖੇਤਰ ਵਿਚ ਦੋ ਸੀਟਾਂ ਆਉਂਦੀਆਂ ਹਨ ਜਿਸ ਵਿਚ ਹੁਸ਼ਿਆਰਪੁਰ (ਐਸ.ਸੀ) ਅਤੇ ਜਲੰਧਰ (ਐਸ.ਸੀ) ਸੰਸਦੀ ਹਲਕੇ ਸ਼ਾਮਲ ਹਨ। ਮਾਝਾ ਖੇਤਰ ਵਿਚ ਤਿੰਨ ਸੰਸਦੀ ਸੀਟਾਂ ਗੁਰਦਾਸਪੁਰ, ਅੰਮ੍ਰਿਤਸਰ ਅਤੇ ਖਡੂਰ ਸਾਹਿਬ ਸ਼ਾਮਲ ਹਨ।



2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ ਪੰਜਾਬ ਵਿਚ ਅੱਠ ਲੋਕ ਸਭਾ ਸੀਟਾਂ ਜਿੱਤੀਆਂ ਸਨ। ਕਾਂਗਰਸ ਨੇ ਮਾਲਵਾ ਖੇਤਰ ਵਿਚੋਂ ਲੁਧਿਆਣਾ, ਆਨੰਦਪੁਰ ਸਾਹਿਬ, ਪਟਿਆਲਾ, ਫਤਹਿਗੜ੍ਹ ਸਾਹਿਬ ਅਤੇ ਫਰੀਦਕੋਟ, ਮਾਝਾ ਖੇਤਰ ਵਿਚ ਅੰਮ੍ਰਿਤਸਰ ਅਤੇ ਖਡੂਰ ਸਾਹਿਬ ਲੋਕ ਸਭਾ ਸੀਟਾਂ ਜਿੱਤੀਆਂ ਸਨ, ਜਦਕਿ ਦੋਆਬਾ ਖੇਤਰ ਵਿਚ ਪੈਂਦੀ ਜਲੰਧਰ ਲੋਕ ਸਭਾ ਸੀਟ ਵੀ ਕਾਂਗਰਸ ਨੇ ਜਿੱਤੀ ਸੀ। ਹਾਲਾਂਕਿ 2023 ਦੀਆਂ ਜ਼ਿਮਨੀ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨੇ ਕਾਂਗਰਸ ਨੂੰ ਹਰਾ ਕੇ ਜਲੰਧਰ ਸੀਟ 'ਤੇ ਕਬਜ਼ਾ ਕਰ ਲਿਆ ਸੀ। ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੇ ਮਾਲਵਾ ਖੇਤਰ ਵਿਚ ਆਉਂਦੀਆਂ ਬਠਿੰਡਾ ਅਤੇ ਫਿਰੋਜ਼ਪੁਰ ਲੋਕ ਸਭਾ ਸੀਟਾਂ ਜਿੱਤੀਆਂ ਸਨ। 'ਆਪ' ਮਾਲਵਾ ਖੇਤਰ ਵਿਚ ਆਉਂਦੀ ਸੰਗਰੂਰ ਸੀਟ ਜਿੱਤਣ ਵਿਚ ਕਾਮਯਾਬ ਰਹੀ ਸੀ। ਭਾਜਪਾ ਨੇ ਦੋਆਬਾ ਖੇਤਰ ਦੀ ਹੁਸ਼ਿਆਰਪੁਰ ਲੋਕ ਸਭਾ ਸੀਟ ਅਤੇ ਮਾਝਾ ਖੇਤਰ ਦੀ ਗੁਰਦਾਸਪੁਰ ਲੋਕ ਸਭਾ ਸੀਟ ਜਿੱਤੀ ਸੀ। ਹਾਲਾਂਕਿ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 2022 ਦੀ ਜ਼ਿਮਨੀ ਚੋਣ ਵਿਚ ਸੰਗਰੂਰ ਲੋਕ ਸਭਾ ਸੀਟ ਜਿੱਤੀ ਸੀ, ਜਦੋਂਕਿ 'ਆਪ' ਨੇ 2023 ਦੀ ਜ਼ਿਮਨੀ ਚੋਣ ਵਿੱਚ ਜਲੰਧਰ ਸੀਟ ਜਿੱਤੀ ਸੀ। ਸੂਬੇ ਦੀਆਂ ਕੁੱਲ 117 ਵਿਧਾਨ ਸਭਾ ਸੀਟਾਂ ਵਿਚੋਂ ਮਾਲਵਾ ਖੇਤਰ ਵਿਚ 69 ਸੀਟਾਂ ਹਨ। ਪੰਜਾਬ ਦੀ ਸਿਆਸਤ 'ਤੇ ਇਸ ਖਿੱਤੇ ਦੇ ਪ੍ਰਭਾਵ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਰਾਜਿੰਦਰ ਕੌਰ ਭੱਠਲ, ਬੇਅੰਤ ਸਿੰਘ, ਭਗਵੰਤ ਮਾਨ ਵਰਗੇ ਕਈ ਆਗੂ ਸੂਬੇ ਦੇ ਮੁੱਖ ਮੰਤਰੀ ਬਣੇ। ਉਹ ਇਸ ਖਿੱਤੇ ਤੋਂ ਹੀ ਆਉਂਦੇ ਹਨ।

## ਸਾਰੀਆਂ 13 ਸੀਟਾਂ ਜਿੱਤਾਂਗੇ: ਭਗਵੰਤ ਮਾਨ

**ਮੁਹਾਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਪਾਰਟੀ ਨੇ ਵਿਧਾਨ ਸਭਾ ਦੀਆਂ 117 'ਚੋਂ 92 ਸੀਟਾਂ ਜਿੱਤ ਕੇ ਨਵਾਂ ਰਿਕਾਰਡ ਕਾਇਮ ਕੀਤਾ ਸੀ ਪਰ ਹੁਣ ਲੋਕ ਸਭਾ ਦੀਆਂ 13 ਦੀਆਂ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਦੂਜੀ ਵਾਰ ਇਤਿਹਾਸ ਸਿਰਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ 'ਚ ਪੰਜਾਬ ਦੀ 'ਆਪ' ਸਰਕਾਰ ਦੇ ਰਾਜ ਵਿਚ ਰਿਕਾਰਡ-ਤੋੜ ਵਿਕਾਸ ਹੋਇਆ ਹੈ ਅਤੇ ਉਹ ਵਿਕਾਸ ਦੇ ਨਾਂ 'ਤੇ ਹੀ ਵੋਟਾਂ ਮੰਗਣ ਲਈ ਲੋਕਾਂ ਕੋਲ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਵਿਧਾਨ ਸਭਾ ਚੋਣਾਂ ਸਮੇਂ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਪੜਾਅਵਾਰ ਲਗਭਗ ਸਾਰੇ ਪੂਰੇ ਕਰ ਦਿੱਤੇ ਗਏ ਹਨ।

## ਪੇਡ ਨਿਊਜ਼ ਦੀ ਨਿਗਰਾਨੀ ਕਰੇਗਾ ਚੋਣ ਕਮਿਸ਼ਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਸਿਬਿਨ ਸੀ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ-2024 ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ 'ਤੇ ਪ੍ਰਕਾਸ਼ਿਤ ਤੇ ਪ੍ਰਸਾਰਿਤ ਪੇਡ ਨਿਊਜ਼ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ। ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ (ਡੀ.ਪੀ.ਆਰ.ਓਜ਼.) ਨਾਲ ਵੀਡੀਓ ਕਾਨਫਰੰਸਿੰਗ ਜ਼ਰੀਏ ਮੀਟਿੰਗ ਕੀਤੀ। ਮੁੱਖ ਚੋਣ ਅਫ਼ਸਰ ਨੇ ਕਿਹਾ ਕਿ ਕਮਿਸ਼ਨ ਨੇ ਇਸ਼ਤਿਹਾਰਾਂ, ਉਮੀਦਵਾਰਾਂ ਦੇ ਪ੍ਰਚਾਰ ਤੇ ਪੇਡ ਨਿਊਜ਼ ਦੇ ਮਾਮਲਿਆਂ ਦੀ ਨਿਗਰਾਨੀ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਲਈ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸ਼ਨ ਤੇ ਮੌਨੀਟਰਿੰਗ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਕਮੇਟੀਆਂ ਦੇ ਨੋਡਲ ਅਫ਼ਸਰ ਡੀ.ਪੀ.ਆਰ.ਓਜ਼. ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਪੇਡ ਨਿਊਜ਼ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਰਿਪੋਰਟ ਸਬੰਧਤ ਰਿਟਰਨਿੰਗ ਅਫ਼ਸਰਾਂ ਨੂੰ ਕੀਤੀ ਜਾਵੇ।

# ਬੇਅਦਬੀ ਮਾਮਲੇ 'ਚ ਰਾਮ ਰਹੀਮ ਤੇ ਹਨੀਪ੍ਰੀਤ ਮੁੱਖ ਸਾਜ਼ਿਸ਼ਘਾੜੇ

## ਡੇਰਾ ਆਗੂ ਨੇ ਅਦਾਲਤ 'ਚ ਦਰਜ ਕਰਵਾਏ ਬਿਆਨ

**ਚੰਡੀਗੜ੍ਹ:** ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਮੁਖੀ ਪ੍ਰਦੀਪ ਕਲੇਰ ਨੇ ਚੰਡੀਗੜ੍ਹ ਦੀ ਅਦਾਲਤ ਵਿਚ ਧਾਰਾ 164 ਤਹਿਤ ਬਿਆਨ ਦਰਜ ਕਰਵਾਏ ਹਨ ਜਿਸ ਵਿਚ ਬੇਅਦਬੀ ਦੀਆਂ ਘਟਨਾਵਾਂ ਲਈ ਡੇਰਾ ਮੁਖੀ ਰਾਮ ਰਹੀਮ ਤੇ ਹਨੀਪ੍ਰੀਤ ਨੂੰ ਮੁੱਖ ਸਾਜ਼ਿਸ਼ਘਾੜਾ ਦੱਸਿਆ ਗਿਆ ਹੈ।

ਦੱਸਣਾ ਬਣਦਾ ਹੈ ਕਿ ਵਿਸ਼ੇਸ਼ ਜਾਂਚ ਟੀਮ ਤੇ ਫਰੀਦਕੋਟ ਪੁਲਿਸ ਨੇ ਪ੍ਰਦੀਪ ਕਲੇਰ ਨੂੰ ਕੁਝ ਸਮਾਂ ਪਹਿਲਾਂ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਸੀ। ਪ੍ਰਦੀਪ ਕਲੇਰ ਨੇ ਬਿਆਨਾਂ ਵਿਚ ਦੱਸਿਆ ਕਿ ਉਹ ਭਗੌੜਾ ਨਹੀਂ ਸੀ ਤੇ ਡੇਰੇ ਵਿਚ ਹੀ ਮੌਜੂਦ ਸੀ। ਉਸ ਨੂੰ 2014 ਵਿਚ ਡੇਰੇ ਦੇ ਸਿਆਸੀ ਵਿੰਗ ਦਾ ਮੁਖੀ ਥਾਪਿਆ ਗਿਆ ਸੀ ਤੇ ਮਾਰਚ-ਅਪਰੈਲ 2015 ਵਿਚ ਉਕਤ ਦੋਵਾਂ ਨੇ ਬੁਰਜ ਜਵਾਹਰ ਸਿੰਘ ਵਾਲਾ ਵਿਚ ਸਿੱਖ ਪ੍ਰਚਾਰਕ ਬਾਰੇ ਡੇਰਾ ਪੈਰੋਕਾਰਾਂ ਲਈ ਨਿਰਦੇਸ਼ ਜਾਰੀ ਕੀਤੇ ਸਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦਾ ਸੱਚ ਸਾਹਮਣੇ ਆਉਣ 'ਤੇ ਕਥਿਤ ਮੁਲਜ਼ਮ ਸਿਰਸਾ ਡੇਰਾ ਮੁਖੀ ਰਾਮ ਰਹੀਮ ਅਤੇ ਹਨੀਪ੍ਰੀਤ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।



ਸ੍ਰੀ ਭੋਮਾ ਨੇ ਕਿਹਾ ਕਿ ਦੋਵਾਂ ਨੂੰ ਪੰਜਾਬ ਲਿਆ ਕੇ ਬੇਅਦਬੀ ਮਾਮਲੇ ਦੀ ਬਾਰੀਕੀ ਨਾਲ ਜਾਂਚ ਪੜਤਾਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਦੇ ਆਪਣੇ ਹੀ ਸਾਥੀ ਪ੍ਰਦੀਪ ਕੁਮਾਰ ਵੱਲੋਂ ਕਬੂਲ ਕੀਤਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਸਾਰੀ ਸਾਜ਼ਿਸ਼ ਰਾਮ ਰਹੀਮ ਅਤੇ ਹਨੀਪ੍ਰੀਤ ਨੇ ਰਚੀ ਸੀ। ਸ੍ਰੀ ਭੋਮਾ ਨੇ ਕਿਹਾ ਕਿ ਇਹ ਦੋਸ਼ ਕਬੂਲਣ ਵਾਲਾ ਤੇ ਡੇਰਾ ਮੁਖੀ 'ਤੇ ਦੋਸ਼ ਲਗਾਉਣ ਵਾਲਾ ਉਨ੍ਹਾਂ ਦਾ ਆਪਣਾ ਨਜ਼ਦੀਕੀ ਸਾਥੀ ਹੈ ਨਾ ਕਿ ਕੋਈ ਵਿਰੋਧੀ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਹਨੀਪ੍ਰੀਤ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਡੇਰਾ ਮੁਖੀ ਨੂੰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਤਤਕਾਲੀ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਵੋਟਾਂ ਖਾਤਰ ਡੇਰਾ ਮੁਖੀ ਨੂੰ ਬਚਾਉਂਦੇ ਰਹੇ ਸਨ। ਬੇਅਦਬੀ ਮਾਮਲਿਆਂ ਵਿਚ ਦੋ ਭਰਾਵਾਂ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਪੰਜਗਰਾਈਂ ਨੂੰ ਇਸ ਝੂਠੇ ਕੇਸ ਵਿਚ ਫਸਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀ ਬੇਅਦਬੀ ਮਾਮਲੇ ਵਿਚ ਕੋਈ ਇਨਸਾਫ਼ ਨਾ ਦਿੱਤਾ ਗਿਆ।

# ਕਿਸਾਨ ਅੰਦੋਲਨ ਬਾਰੇ ਆਰ.ਐਸ.ਐਸ. ਦੀ ਰਿਪੋਰਟ ਗੁੰਮਰਾਹਕੁਨ ਕਰਾਰ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਵਿਚ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਆਰ.ਐਸ.ਐਸ. ਵੱਲੋਂ ਹਾਲ ਹੀ ਵਿਚ ਦਿੱਤੇ ਬਿਆਨਾਂ ਦੀ ਨਿੰਦਾ ਕਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਜਾਇਜ਼ ਸ਼ਿਕਾਇਤਾਂ ਨੂੰ ਵਿਘਨਕਾਰੀ ਤਾਕਤ ਵਜੋਂ ਲੇਬਲ ਕਰਨ ਦੀ ਕੋਸ਼ਿਸ਼ ਨਾ ਸਿਰਫ਼ ਗੁੰਮਰਾਹਕੁਨ ਹੈ ਬਲਕਿ ਨਾਗਰਿਕਾਂ ਦੇ ਲੋਕਤੰਤਰੀ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੀ ਖ਼ਤਰਨਾਕ ਕੋਸ਼ਿਸ਼ ਵੀ ਹੈ।




ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਦੀ 2023-24 ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਇਕ ਮੀਡੀਆ ਹਾਊਸ ਨੇ ਰਿਪੋਰਟ ਕੀਤੀ ਹੈ, ਪੰਜਾਬ ਵਿਚ ਕਿਸਾਨਾਂ ਦੇ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦੀ ਹੈ। ਕਿਸਾਨ ਅੰਦੋਲਨ ਦੀ ਤੁਲਨਾ ਵੱਖਵਾਦੀ ਰੁਝਾਨਾਂ ਨਾਲ ਕਰ ਕੇ ਆਰ.ਐਸ.ਐਸ. ਨਾ ਸਿਰਫ਼ ਜ਼ਮੀਨੀ ਹਕੀਕਤਾਂ ਨੂੰ ਗਲਤ ਢੰਗ ਨਾਲ ਪੇਸ਼ ਕਰ ਰਹੀ ਹੈ, ਬਲਕਿ ਆਪਣੀ ਰੋਜ਼ੀ-ਰੋਟੀ ਲਈ ਲੜ ਰਹੇ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਵੀ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਸੱਤਾਧਾਰੀ ਭਾਜਪਾ ਦੀ ਵਿਚਾਰਧਾਰਕ ਸਲਾਹਕਾਰ ਆਰ.ਐਸ.ਐਸ. ਕਿਸਾਨਾਂ ਦੀਆਂ ਅਸਲ ਚਿੰਤਾਵਾਂ ਤੋਂ ਧਿਆਨ ਹਟਾਉਣ ਲਈ ਅਜਿਹੀਆਂ ਚਾਲਾਂ ਦਾ ਸਹਾਰਾ ਲੈ ਰਹੀ ਹੈ। ਵਿਰੋਧ ਪ੍ਰਦਰਸ਼ਨਾਂ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਅਤੇ ਸਾਰਥਕ ਗੱਲਬਾਤ ਵਿਚ ਸ਼ਾਮਲ ਹੋਣ ਦੀ ਬਜਾਇ, ਉਹ ਆਪਣੇ ਰਾਜਨੀਤਕ ਏਜੰਡੇ ਦੇ ਅਨੁਕੂਲ ਝੂਠੀ ਕਹਾਣੀ ਪੇਸ਼ ਕਰਨ ਦੀ ਚੋਣ ਕਰਦੇ ਹਨ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਦੀ ਰਿਪੋਰਟ ਦਾ ਇਹ ਦੋਸ਼ ਕਿ ਕਿਸਾਨ ਅੰਦੋਲਨ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਅਰਾਜਕਤਾ ਫੈਲਾਉਣ ਦੀ ਚਾਲ ਹੈ, ਹਾਸੋਹੀਣਾ ਅਤੇ ਬੇਬੁਨਿਆਦ ਹੈ। ਇਹ ਪੰਜਾਬ ਦੇ ਲੋਕਾਂ ਦੀ ਬੁੱਧੀ ਦਾ ਅਪਮਾਨ ਹੈ ਜੋ ਨਿਰਪੱਖ ਵਿਵਹਾਰ ਅਤੇ ਨਿਆਂਪੂਰਨ ਨੀਤੀਆਂ ਦੀ ਮੰਗ 'ਤੇ ਡਟੇ ਹੋਏ ਹਨ।

## ਹੰਝੂ ਗੈਸ ਦੀ ਮਾਰ: ਕਿਸਾਨਾਂ ਦੀ ਸਿਹਤ 'ਤੇ ਪੈ ਰਿਹਾ ਹੈ ਅਸਰ

**ਪਟਿਆਲਾ:** ਜਮਹੂਰੀ ਅਧਿਕਾਰ ਸਭਾ ਦੀ ਪਟਿਆਲਾ ਇਕਾਈ ਦੇ ਪ੍ਰਧਾਨ ਪ੍ਰੋ. ਰਣਜੀਤ ਸਿੰਘ ਘੁੰਮਣ ਅਤੇ ਸਕੱਤਰ ਵਿਧੂ ਸ਼ੇਖਰ ਭਾਰਦਵਾਜ ਨੇ ਦੱਸਿਆ ਕਿ ਪਟਿਆਲੇ ਜ਼ਿਲ੍ਹੇ ਵਿਚ ਹਰਿਆਣਾ ਦੇ ਬਾਰਡਰਾਂ 'ਤੇ ਧਰਨਿਆਂ 'ਤੇ ਬੈਠੇ ਕਿਸਾਨਾਂ ਉਪਰ ਹਰਿਆਣਾ ਪੁਲਿਸ ਵੱਲੋਂ ਵਰਤੀ ਅੱਥਰੂ ਗੈਸ ਬੜੀ ਘਾਤਕ ਸਾਬਤ ਹੋ ਰਹੀ ਹੈ। ਗੈਸ ਨੇ ਕਿਸਾਨ ਜ਼ਖ਼ਮੀ ਵੀ ਕੀਤੇ ਤੇ ਕਿਸਾਨਾਂ 'ਤੇ ਗੈਸ ਧੀਮੇ ਜ਼ਹਿਰ ਦਾ ਅਸਰ ਕਰ ਰਹੀ ਹੈ ਜਿਸ ਦੇ ਸਿੱਟੇ ਵਜੋਂ ਦੋ ਕਿਸਾਨ ਮਨਜੀਤ ਸਿੰਘ ਤੇ ਬਲਦੇਵ ਸਿੰਘ ਪਿੰਡ ਕਾਂਗਥਲਾ ਨੇ ਗੈਸ ਦੇ ਅਸਰ ਹੇਠ ਫੇਫੜੇ ਖਰਾਬ ਹੋਣ 'ਤੇ ਜਾਨ ਗੁਆ ਬੈਠੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਬਹੁਤ ਧਰਨਾਕਾਰੀਆਂ 'ਤੇ ਅਜੇ ਵੀ ਅਸਰ ਹੈ।

# ਆਰਥਿਕ ਘਾਟਾ ਘਟਾਉਣ ਲਈ ਕਿਸਾਨਾਂ ਨੂੰ ਸਹਾਇਕ ਧੰਦੇ ਅਪਣਾਉਣ ਦਾ ਸੱਦਾ

**ਲੁਧਿਆਣਾ:** ਪੀ.ਏ.ਯੂ. ਦੇ ਦੋ ਦਿਨਾਂ ਕਿਸਾਨ ਮੇਲੇ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮੁੱਖ ਮਹਿਮਾਨ ਵਜੋਂ ਜਦਕਿ ਚੌਲਾਂ ਦੇ ਪਿਤਾਮਾ ਵਜੋਂ ਮਸ਼ਹੂਰ ਡਾ. ਗੁਰਦੇਵ ਸਿੰਘ ਖੁਸ਼ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ੍ਰੀ ਖੁੱਡੀਆਂ ਨੇ ਕਿਹਾ ਕਿ ਫਸਲਾਂ ਦਾ ਝਾੜ ਤਾਂ ਵਧ ਗਿਆ ਹੈ ਪਰ ਹੁਣ ਖੇਤੀ ਦੇ ਨਾਲ ਨਾਲ ਸਹਾਇਕ ਧੰਦੇ ਅਪਣਾਉਣ ਵੱਲ ਵੀ ਤੁਰਨਾ ਪਵੇਗਾ।

ਸ੍ਰੀ ਖੁੱਡੀਆਂ ਨੇ ਕਿਹਾ ਕਿ ਨਵੀਆਂ ਖੋਜਾਂ ਕਰਕੇ ਭਾਵੇਂ ਅਸੀਂ ਝਾੜ ਵਧਾਉਣ ਵਿਚ ਸਫਲ ਹੋ ਗਏ ਹਾਂ ਪਰ ਖਰੀਦ ਨੂੰ ਲੈ ਕੇ ਕੇਂਦਰ ਸਰਕਾਰਾਂ ਵੱਲੋਂ ਚੰਗਾ ਹੁੰਗਾਰਾ ਨਹੀਂ ਮਿਲਦਾ। ਕਈ ਵਾਰ ਮੌਸਮ ਖਰਾਬ ਹੋਣ ਕਰਕੇ ਖੇਤੀ ਬੁਰੀ ਤਰ੍ਹਾਂ ਤਬਾਹ ਹੋ ਜਾਂਦੀ ਹੈ ਜਿਸ ਕਰਕੇ ਕਿਸਾਨਾਂ ਨੂੰ ਆਰਥਿਕ ਪੱਖੋਂ ਵੱਡੀ ਮਾਰ ਪੈਂਦੀ ਹੈ। ਜੇਕਰ ਖੇਤੀਬਾੜੀ ਦੇ ਨਾਲ ਨਾਲ ਸਹਾਇਕ ਧੰਦਿਆਂ ਵਜੋਂ ਪਸ਼ੂ ਪਾਲਣ, ਮੁਰਗੀ ਪਾਲਣ, ਮੱਛੀ ਪਾਲਣ ਆਦਿ ਨੂੰ ਵੀ ਅਪਣਾ ਲਿਆ ਜਾਵੇ ਤਾਂ ਇਸ ਘਾਟੇ ਨੂੰ ਕੁੱਝ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਉਪ ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਨੇ ਝੋਨੇ, ਬਾਜਰੇ ਆਦਿ ਦੀਆਂ ਨਵੀਆਂ ਕਿਸਮਾਂ ਤੋਂ ਜਾਣੂ ਕਰਵਾਇਆ। ਮੁੱਖ ਮੇਲਾ ਗਰਾਊਂਡ ਵਿਚ ਵੱਡੀ ਖੇਤੀ ਮਸ਼ੀਨਰੀ ਦੇ ਨਾਲ ਨਾਲ ਵੱਖ-ਵੱਖ ਵਿਭਾਗਾਂ ਦੇ ਸਟਾਲ ਲਾਏ ਗਏ।

# ਅੰਮ੍ਰਿਤਸਰ ਵਿਚ ਅਮਰੀਕੀ ਕੌਂਸਲੇਟ ਖੁੱਲ੍ਹਵਾਉਣ ਬਾਰੇ ਚਰਚਾ

**ਅੰਮ੍ਰਿਤਸਰ:** ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਿਹਾ ਅੰਮ੍ਰਿਤਸਰ 'ਚ ਬਹੁਤ ਜਲਦ ਇਕ ਅਮਰੀਕਨ ਕੌਂਸਲੇਟ ਖੁੱਲ੍ਹਵਾਇਆ ਜਾਵੇਗਾ। ਸ੍ਰੀ ਸੰਧੂ ਨੂੰ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਵਾਸਤੇ ਅੰਮ੍ਰਿਤਸਰ ਤੋਂ ਸੰਭਾਵੀ ਉਮੀਦਵਾਰ ਵਜੋਂ ਦੱਸਿਆ ਜਾ ਰਿਹਾ ਹੈ। ਸ੍ਰੀ ਸੰਧੂ ਪਹਿਲਾਂ ਅਮਰੀਕਾ ਵਿਚ ਭਾਰਤ ਦੇ ਸਫੀਰ ਵਜੋਂ ਤਾਇਨਾਤ ਰਹੇ ਹਨ ਅਤੇ ਉਨ੍ਹਾਂ ਦੇ ਅਮਰੀਕਾ ਵਿਚ ਚੰਗੇ ਸਬੰਧ ਹਨ। ਸੇਵਾਮੁਕਤੀ ਤੋਂ ਬਾਅਦ ਉਹ ਅੰਮ੍ਰਿਤਸਰ ਵਿਚ ਹਨ ਅਤੇ ਉਸ ਵੇਲੇ ਤੋਂ ਹੀ ਸਰਗਰਮ ਹਨ। ਉਹ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਹਨ।



ਉਨ੍ਹਾਂ ਦੱਸਿਆ ਕਿ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਵੱਲੋਂ ਭਾਰਤ 'ਚ ਦੋ ਹੋਰ ਨਵੇਂ ਕੌਂਸਲੇਟ ਖੋਲ੍ਹੇ ਜਾਣੇ ਹਨ ਜਿਸ ਵਿਚੋਂ ਇਕ ਅੰਮ੍ਰਿਤਸਰ 'ਚ ਖੁੱਲ੍ਹਵਾਉਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਭਾਰਤੀ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਹਾਮੀ ਭਰੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ 'ਚ ਅਮਰੀਕਨ ਕੌਂਸੁਲੇਟ ਖੁੱਲ੍ਹਣ ਨਾਲ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਇੱਥੋਂ ਹੀ ਵੀਜ਼ੇ ਹਾਸਲ ਕਰਨ, ਵਪਾਰੀਆਂ ਨੂੰ ਆਪਣੇ ਕਾਰੋਬਾਰਾਂ ਨੂੰ ਵਧਾਉਣ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਆਪਸ ਵਿਚ ਜੁੜਨ ਸਬੰਧੀ ਸਹੂਲਤਾਂ ਮਿਲਣਗੀਆਂ। ਇਥੇ ਕੌਂਸਲੇਟ ਖੋਲ੍ਹਣ ਦਾ ਫ਼ੈਸਲਾ 7 ਵਰ੍ਹੇ ਪਹਿਲਾਂ 2016 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਲਿਆ ਗਿਆ ਸੀ। ਇਸੇ ਤਹਿਤ ਸੰਯੁਕਤ ਰਾਜ ਅਮਰੀਕਾ ਵੱਲੋਂ ਭਾਰਤ 'ਚ ਦੋ ਨਵੇਂ ਕੌਂਸਲੇਟ ਖੋਲ੍ਹੇ ਜਾਣੇ ਹਨ। ਉਨ੍ਹਾਂ ਨੇ ਵਿਦੇਸ਼ ਮੰਤਰੀ ਨਾਲ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਤੋਂ ਕਾਰਗੋ ਸੇਵਾਵਾਂ ਸ਼ੁਰੂ ਕਰਨ ਅਤੇ ਏਅਰ ਕੁਨੈਕਟੀਵਿਟੀ ਵਧਾਉਣ ਬਾਰੇ ਵੀ ਚਰਚਾ ਕੀਤੀ।

# ਚੋਣ ਬਾਂਡ: ਚੰਦਾ ਇਕੱਠਾ ਕਰਨ ਵਿਚ ਭਾਰਤੀ ਜਨਤਾ ਪਾਰਟੀ ਦੀ ਝੰਡੀ

**ਨਵੀਂ ਦਿੱਲੀ:** ਕੇਂਦਰ ਦੀ ਸੱਤਾ ਉਤੇ ਪਿਛਲੇ ਦਸ ਸਾਲਾਂ ਤੋਂ ਕਾਬਜ਼ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਚੋਣ ਬਾਂਡ ਸਕੀਮ ਜ਼ਰੀਏ 6986.5 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ। ਉਂਜ ਚੋਣ ਕਮਿਸ਼ਨ ਵੱਲੋਂ ਪਹਿਲਾਂ ਤੇ ਤਾਜ਼ਾ ਜਾਰੀ ਡੇਟਾ ਦੀ ਤੁਲਨਾ 'ਤੇ ਭਾਜਪਾ ਨੂੰ ਕੁੱਲ 7700 ਕਰੋੜ ਰੁਪਏ ਦਾ ਚੰਦਾ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਸਾਲ 2018 ਵਿਚ ਅਮਲ 'ਚ ਆਈ ਇਸ ਸਕੀਮ ਤਹਿਤ ਕਿਸੇ ਪਾਰਟੀ ਨੂੰ ਚੰਦੇ ਦੇ ਰੂਪ ਵਿਚ ਮਿਲੇ ਇਹ ਸਭ ਤੋਂ ਜ਼ਿਆਦਾ ਫੰਡ ਹਨ। 1397 ਕਰੋੜ ਦੇ ਚੰਦੇ ਨਾਲ ਪੱਛਮੀ ਬੰਗਾਲ ਦੀ ਸੱਤਾਧਾਰੀ ਪਾਰਟੀ ਤ੍ਰਿਣਮੂਲ ਕਾਂਗਰਸ ਇਸ ਸੂਚੀ ਵਿਚ ਦੂਜੇ ਜਦੋਂਕਿ ਕਾਂਗਰਸ (1334 ਕਰੋੜ) ਤੇ ਭਾਰਤ ਰਾਸ਼ਟਰ ਸਮਿਤੀ (1322 ਕਰੋੜ) ਕ੍ਰਮਵਾਰ ਤੀਜੇ ਤੇ ਚੌਥੇ ਸਥਾਨ 'ਤੇ ਹਨ। ਚੋਣ ਕਮਿਸ਼ਨ ਵੱਲੋਂ ਸਾਂਝੇ ਕੀਤੇ ਸੱਜਰੇ ਡੇਟਾ ਮੁਤਾਬਕ ਉੜੀਸਾ ਦੀ ਸੱਤਾਧਾਰੀ ਪਾਰਟੀ ਬੀਜੂ ਜਨਤਾ ਦਲ (ਬੀ.ਜੇ.ਡੀ.) ਨੂੰ 944.5 ਕਰੋੜ, ਡੀ.ਐਮ.ਕੇ. ਨੂੰ 656.5 ਕਰੋੜ ਤੇ ਆਂਧਰਾ ਪ੍ਰਦੇਸ਼ ਦੀ ਸੱਤਾਧਾਰੀ ਪਾਰਟੀ ਵਾਈ.ਐਸ.ਆਰ. ਕਾਂਗਰਸ ਨੂੰ ਚੰਦੇ ਵਜੋਂ ਕਰੀਬ 442.8 ਕਰੋੜ ਰੁਪਏ ਦੇ ਫੰਡ ਮਿਲੇ। ਐਨ.ਜੀ.ਓ. ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ.ਡੀ.ਆਰ.) ਵੱਲੋਂ ਤਿਆਰ ਰਿਪੋਰਟ ਮੁਤਾਬਕ ਮਾਰਚ 2018 ਤੋਂ ਜਨਵਰੀ 2024 ਤੱਕ 16,518 ਕਰੋੜ ਰੁਪਏ ਮੁੱਲ ਦੇ ਚੋਣ ਬਾਂਡ ਵੇਚੇ ਗਏ ਸਨ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਏ.ਆਈ.ਐਮ.ਆਈ.ਐਮ, ਇਨੈਲੋ ਤੇ ਬਸਪਾ ਜਿਹੀਆਂ ਪਾਰਟੀਆਂ ਨੂੰ ਚੋਣ ਬਾਂਡਾਂ ਦੇ ਰੂਪ ਵਿਚ ਕੋਈ ਚੰਦਾ ਨਹੀਂ ਮਿਲਿਆ।

ਚੋਣ ਕਮਿਸ਼ਨ ਵੱਲੋਂ ਨਸ਼ਰ ਕੀਤੇ ਡੇਟਾ




ਮੁਤਾਬਕ ਚੋਣ ਬਾਂਡਾਂ ਦੀ ਖਰੀਦ ਵਿਚ ਮੋਹਰੀ ਰਹੀ ਫਿਊਚਰ ਗੇਮਿੰਗ ਤੇ ਹੋਟਲ ਸਰਵਸਿਜ਼ ਨੇ ਤਾਮਿਲ ਨਾਡੂ ਦੀ ਸੱਤਾਧਾਰੀ ਡੀ.ਐਮ.ਕੇ. ਨੂੰ 509 ਕਰੋੜ ਰੁਪਏ ਦਾ ਚੰਦਾ ਦਿੱਤਾ। ਫਿਊਚਰ ਗੇਮਿੰਗ ਦਾ ਮਾਲਕ 'ਲਾਟਰੀ ਕਿੰਗ' ਸਾਂਟਿਆਗੋ ਮਾਰਟਿਨ ਕਿਸੇ ਵੇਲੇ ਈਡੀ ਦੀ ਰਾਡਾਰ 'ਤੇ ਸੀ। ਡੀ.ਐਮ.ਕੇ. ਨੇ ਚੋਣ ਬਾਂਡਾਂ ਜ਼ਰੀਏ 656.5 ਕਰੋੜ ਰੁਪਏ ਦੀ ਰਾਸ਼ੀ ਮਿਲਣ ਦਾ ਦਾਅਵਾ ਕੀਤਾ ਹੈ ਤੇ ਇਸ ਵਿਚੋਂ 77 ਫੀਸਦ ਰਾਸ਼ੀ ਉਸ ਨੂੰ ਫਿਊਚਰ ਗੇਮਿੰਗ ਤੋਂ ਪ੍ਰਾਪਤ ਹੋਈ ਹੈ। ਬਹੁਤੀਆਂ ਸਿਆਸੀ ਪਾਰਟੀਆਂ ਨੇ ਅਜੇ ਤੱਕ ਚੰਦਾ ਦੇਣ ਵਾਲਿਆਂ ਦੇ ਨਾਮ ਜਨਤਕ ਨਹੀਂ ਕੀਤੇ, ਜਿਸ ਕਰਕੇ ਫਿਊਚਰ ਗੇਮਿੰਗ ਵੱਲੋਂ ਬਾਕੀ ਖਰੀਦੇ 859 ਕਰੋੜ ਰੁਪਏ ਮੁੱਲ ਦੇ ਬਾਂਡਾਂ ਦੇ ਲਾਭਪਾਤਰੀਆਂ ਬਾਰੇ ਅਜੇ ਪਤਾ ਨਹੀਂ ਲੱਗ ਸਕਿਆ। ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਕੁੱਲ 523 ਮਾਨਤਾ ਪ੍ਰਾਪਤ ਤੇ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਬਾਰੇ ਡੇਟਾ ਜਨਤਕ ਕੀਤਾ ਹੈ, ਜਿਸ ਤੋਂ ਇਹ ਉਪਰੋਕਤ ਸਾਰਾ ਖੁਲਾਸਾ ਹੋਇਆ ਹੈ। ਚੋਣ ਕਮਿਸ਼ਨ ਵੱਲੋਂ ਡੇਟਾ ਵਿਚ ਸਿਆਸੀ ਪਾਰਟੀਆਂ ਵੱਲੋਂ ਕੀਤੇ ਖੁਲਾਸਿਆਂ ਦੀਆਂ ਸਕੈਨਡ ਕਾਪੀਆਂ, ਜਿਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਦੱਸੀ ਜਾਂਦੀ ਹੈ, ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ ਭਾਰਤੀ ਸਟੇਟ ਬੈਂਕ ਨੇ ਜਿਹੜਾ ਡੇਟਾ ਚੋਣ ਕਮਿਸ਼ਨ ਨਾਲ ਸਾਂਝਾ ਕੀਤਾ ਸੀ, ਉਹ 12 ਅਪਰੈਲ 2019 ਤੋਂ ਸ਼ੁਰੂ ਹੋ ਕੇ ਪਿਛਲੇ ਮਹੀਨੇ ਸੁਪਰੀਮ ਕੋਰਟ ਵੱਲੋਂ ਬਾਂਡ ਸਕੀਮ ਰੱਦ ਕੀਤੇ ਜਾਣ ਤੱਕ ਦੇ ਅਰਸੇ ਨਾਲ ਸਬੰਧਤ ਸੀ। ਸੱਜਰੇ ਖੁਲਾਸੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਪਿਛਲੇ ਸਾਲ ਨਵੰਬਰ ਵਿਚ ਦਾਖਲ ਕੀਤੇ ਹਲਫ਼ਨਾਮਿਆਂ ਨਾਲ ਸਬੰਧਤ ਹਨ, ਜਿਸ ਵਿਚ ਸਾਲ 2018 ਵਿਚ ਸਕੀਮ ਸ਼ੁਰੂ ਕਰਨ ਤੋਂ ਹੁਣ ਤੱਕ ਤੁੜਾਏ ਚੋਣ ਬਾਂਡਾਂ ਬਾਰੇ ਵੇਰਵੇ ਹਨ। ਚੋਣ ਕਮਿਸ਼ਨ ਵੱਲੋਂ ਪਹਿਲਾਂ ਤੇ ਅੱਜ ਜਨਤਕ ਕੀਤੇ ਡੇਟਾ ਦੀ ਤੁਲਨਾ ਤੋਂ ਪਤਾ ਲੱਗਾ ਹੈ ਕਿ ਭਾਜਪਾ ਨੂੰ ਸਕੀਮ ਦੇ ਮੁਕੰਮਲ ਅਰਸੇ ਦੌਰਾਨ ਕੁੱਲ 7700 ਕਰੋੜ ਰੁਪਏ ਦੀ ਰਾਸ਼ੀ ਮਿਲੀ ਹੈ।

ਤਾਜ਼ਾ ਜਾਰੀ ਅੰਕੜਿਆਂ ਮੁਤਾਬਕ ਜਨਤਾ ਦਲ (ਸੈਕੂਲਰ) ਨੂੰ 89.75 ਕਰੋੜ ਰੁਪਏ ਮੁੱਲ ਦੇ ਬਾਂਡ ਮਿਲੇ, ਜਿਸ 'ਚ ਮੇਘਾ ਇੰਜੀਨੀਅਰਿੰਗ ਤੋਂ ਚੰਦੇ ਦੇ ਰੂਪ ਵਿਚ ਮਿਲੇ 50 ਕਰੋੜ ਰੁਪਏ ਵੀ ਸ਼ਾਮਲ ਹਨ। ਫਿਊਚਰ ਗੇਮਿੰਗ 1368 ਕਰੋੜ ਰੁਪਏ ਦੇ ਚੋਣ ਬਾਂਡਾਂ ਦੀ ਖਰੀਦ ਨਾਲ ਸੂਚੀ ਵਿਚ ਅੱਵਲ ਨੰਬਰ ਹੈ ਤੇ ਇਸ ਰਾਸ਼ੀ ਦਾ ਕਰੀਬ 37 ਫੀਸਦ ਡੀ.ਐਮ.ਕੇ. ਦੇ ਖਾਤੇ ਵਿਚ ਗਿਆ ਹੈ। ਡੀ.ਐਮ.ਕੇ. ਨੂੰ ਚੰਦਾ ਦੇਣ ਵਾਲੀਆਂ ਹੋਰਨਾਂ ਪ੍ਰਮੁੱਖ ਫਰਮਾਂ ਵਿਚ ਮੇਘਾ ਇੰਜੀਨੀਅਰਿੰਗ (105 ਕਰੋੜ ਰੁਪਏ), ਇੰਡੀਆ ਸੀਮਿੰਟਸ (14 ਕਰੋੜ ਰੁਪਏ) ਤੇ ਸਨ ਟੀਵੀ (100 ਕਰੋੜ) ਸ਼ਾਮਲ ਹਨ। ਡੀ.ਐਮ.ਕੇ. ਉਨ੍ਹਾਂ ਕੁਝ ਸਿਆਸੀ ਪਾਰਟੀਆਂ ਵਿਚ ਸ਼ੁਮਾਰ ਹੈ, ਜਿਸ ਨੇ ਚੰਦਾ ਦੇਣ ਵਾਲਿਆਂ ਦੀ ਪਛਾਣ ਜਨਤਕ ਕੀਤੀ ਹੈ। ਭਾਜਪਾ, ਕਾਂਗਰਸ, ਟੀ.ਐਮ.ਸੀ. ਤੇ 'ਆਪ' ਜਿਹੀਆਂ ਪ੍ਰਮੁੱਖ ਪਾਰਟੀਆਂ ਸੁਪਰੀਮ ਕੋਰਟ ਦੇ ਸਖ਼ਤ ਤੇਵਰਾਂ ਮਗਰੋਂ ਸਬੰਧਤ ਜਾਣਕਾਰੀ ਜਨਤਕ ਕਰਨ ਲਈ ਮਜਬੂਰ ਹੋਈਆਂ ਹਨ।

## ਕਾਲਾ ਧਨ ਭਾਜਪਾ ਦੇ ਖਾਤਿਆਂ 'ਚ ਪਾਇਆ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਚੋਣ ਬਾਂਡ ਸਕੀਮ ਜ਼ਰੀਏ ਕਾਲਾ ਧਨ ਭਾਜਪਾ ਦੇ ਖਾਤਿਆਂ ਵਿਚ ਪਾਉਣ ਦੀ 'ਸਾਜ਼ਿਸ਼' ਘੜੀ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਿਹ ਮੰਤਰੀ ਅਮਿਤ ਸ਼ਾਹ ਚੋਣ ਬਾਂਡ 'ਘੁਟਾਲੇ' ਨੂੰ ਲੈ ਕੇ ਜਵਾਬਦੇਹ ਹਨ। ਉਨ੍ਹਾਂ ਸੱਤਾਧਾਰੀ ਪਾਰਟੀ 'ਤੇ 'ਟੈਕਸ ਅਤਿਵਾਦ' ਵਿਚ ਸ਼ਾਮਲ ਹੋਣ ਦਾ ਦੋਸ਼ ਲਾਇਆ ਅਤੇ ਆਮਦਨ ਕਰ ਅਥਾਰਿਟੀਜ਼ ਵੱਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੇ ਬੈਂਕ ਖਾਤੇ ਜਾਮ ਕਰਨ ਨੂੰ ਕਾਂਗਰਸ 'ਤੇ 'ਸਰਜੀਕਲ ਹਮਲੇ' ਕਰਾਰ ਦਿੱਤਾ।

## ਚੋਣ ਬਾਂਡ ਦਾ ਪੈਸਾ ਸਰਕਾਰਾਂ ਡੇਗਣ ਲਈ ਵਰਤਿਆ: ਰਾਹੁਲ

**ਨਵੀਂ ਦਿੱਲੀ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲੇ ਤੇਜ਼ ਕਰਦਿਆਂ ਚੋਣ ਬਾਂਡ ਯੋਜਨਾ ਨੂੰ ਸਰਕਾਰਾਂ ਡੇਗਣ ਤੇ ਸਿਆਸੀ ਪਾਰਟੀਆਂ ਤੋੜਨ ਲਈ ਇਸਤੇਮਾਲ ਕੀਤਾ ਗਿਆ ਜਬਰੀ ਵਸੂਲ ਗਰੋਹ ਕਰਾਰ ਦਿੱਤਾ। ਸ੍ਰੀ ਗਾਂਧੀ ਨੇ ਦੋਸ਼ ਲਾਇਆ, "ਚੋਣ ਬਾਂਡ ਯੋਜਨਾ ਇਕ ਕੌਮਾਂਤਰੀ ਪੱਧਰ ਦਾ ਜਬਰੀ ਵਸੂਲੀ ਗਰੋਹ ਹੈ ਅਤੇ ਜਿਹੜੇ ਲੋਕ ਵਿਰੋਧ ਕਰਦੇ ਹਨ, ਇਨਫੋਰਸਮੈਂਟ ਡਾਇਰੈਕਟੋਰੇਟ, ਸੀ.ਬੀ.ਆਈ. ਅਤੇ ਆਮਦਨ ਕਰ ਵਿਭਾਗ ਉਨ੍ਹਾਂ ਦੇ ਪਿੱਛੇ ਪੈ ਜਾਂਦੇ ਹਨ।"

# ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸੋਸ਼ਲ ਮੀਡੀਆ 'ਤੇ ਜੁਟੀਆਂ ਸਿਆਸੀ ਪਾਰਟੀਆਂ

**ਨਵੀਂ ਦਿੱਲੀ:** ਦੁਨੀਆਂ ਦੇ ਸਭ ਤੋਂ ਵੱਡੇ ਚੋਣ ਉਤਸਵ ਦੀਆਂ ਤਿਆਰੀਆਂ ਸ਼ੁਰੂ ਹੋਣ ਸਾਰ ਸਿਆਸੀ ਪਾਰਟੀਆਂ ਵੋਟਰਾਂ ਨੂੰ ਮਨੋਵਿਗਿਆਨਕ ਤੌਰ 'ਤੇ ਪ੍ਰਭਾਵਿਤ ਕਰਨ ਲਈ ਵਟਸਐਪ ਵਰਗੇ ਹੋਰ ਸੋਸ਼ਲ ਮੀਡੀਆ 'ਮੈਸੇਜਿੰਗ' ਪਲੇਟਫਾਰਮਾਂ ਦਾ ਸਹਾਰਾ ਲੈ ਰਹੀਆਂ ਹਨ। ਇਸ਼ਤਿਹਾਰੀ ਅਤੇ ਸਿਆਸੀ ਪੰਡਤਾਂ ਨੇ ਇਹ ਜਾਣਕਾਰੀ ਦਿੱਤੀ।

ਸਿਆਸੀ ਪਾਰਟੀਆਂ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪੋ-ਆਪਣੀਆਂ ਪ੍ਰਾਪਤੀਆਂ ਦਾ ਪ੍ਰਚਾਰ ਕਰਨ ਅਤੇ ਵੋਟਰਾਂ ਤੋਂ ਸਮਰਥਨ ਲੈਣ ਲਈ ਸੋਸ਼ਲ ਮੀਡੀਆ ਦੀ ਵੱਡੇ ਪੱਧਰ 'ਤੇ ਵਰਤੋਂ ਕਰ ਰਹੀਆਂ ਹਨ। ਭਾਰਤੀ ਜਨਤਾ ਪਾਰਟੀ (ਭਾਜਪਾ) ਵਟਸਐਪ ਉਤੇ 'ਪ੍ਰਧਾਨ ਮੰਤਰੀ ਵੱਲੋਂ ਪੱਤਰ' ਭੇਜ ਕੇ ਵੋਟਰਾਂ



ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਨਰਿੰਦਰ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਵੋਟਰਾਂ ਤੋਂ 'ਫੀਡਬੈਕ' ਲੈ ਰਹੀ ਹੈ।

ਇਸੇ ਦੌਰਾਨ ਕਾਂਗਰਸ 'ਰਾਹੁਲ ਗਾਂਧੀ ਵਟਸਐਪ ਗਰੁੱਪ' ਚਲਾ ਰਹੀ ਹੈ ਜਿਸ ਵਿਚ ਰਾਹੁਲ ਲੋਕਾਂ ਨਾਲ ਸੰਵਾਦ ਰਚਾਉਂਦੇ ਹਨ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹਨ। ਵਟਸਐਪ 'ਤੇ ਸੂਚਨਾ ਦੇ ਪ੍ਰਸਾਰ ਦੀ ਜ਼ਿਲ੍ਹਾ ਪੱਧਰ 'ਤੇ ਨਿਗਰਾਨੀ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਲੋਕਾਂ ਤੱਕ ਪਹੁੰਚ ਸਕੇ ਅਤੇ ਪਾਰਟੀ ਦੇ ਵੋਟ ਆਧਾਰ ਨੂੰ ਮਜ਼ਬੂਤ ਕੀਤਾ ਜਾ ਸਕੇ।

## ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਹੈ ਚੋਣ ਕਮਿਸ਼ਨ: ਸਿੱਬਲ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਪੱਛਮੀ ਬੰਗਾਲ ਵਿਚ 7 ਗੇੜਾਂ 'ਚ ਲੋਕ ਸਭਾ ਚੋਣਾਂ ਹੋਣੀਆਂ ਇਸ ਗੱਲ ਦਾ ਸਬੂਤ ਹੈ ਕਿ ਚੋਣ ਕਮਿਸ਼ਨ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਦੋ ਚੋਣ ਕਮਿਸ਼ਨਰਾਂ ਗਿਆਨੇਸ਼ ਕੁਮਾਰ ਤੇ ਸੁਖਬੀਰ ਸਿੰਘ ਸੰਧੂ ਦੀ ਨਿਯੁਕਤੀ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਸੰਵਿਧਾਨਕ ਬੈਂਚ ਵੱਲੋਂ ਇਹ ਫੈਸਲਾ ਦਿੱਤੇ ਜਾਣ ਕਿ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਸਬੰਧੀ ਸਿਫਾਰਸ਼ ਕਰਨ ਵਾਲੀ ਕਮੇਟੀ ਵਿਚ ਭਾਰਤ ਦੇ ਚੀਫ ਜਸਟਿਸ ਵੀ ਮੈਂਬਰ ਹੋਣੇ ਚਾਹੀਦੇ ਹਨ, ਦੇ ਬਾਵਜੂਦ ਇਹ ਨਿਯੁਕਤੀ ਕਰ ਦਿੱਤੀ ਗਈ।

## ਭਾਰਤ ਦੇ ਸੀ.ਏ.ਏ. ਤੋਂ ਅਮਰੀਕਾ ਚਿੰਤਤ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਉਹ ਭਾਰਤ ਵਿਚ ਨਾਗਰਿਕਤਾ (ਸੋਧ) ਕਾਨੂੰਨ (ਸੀ.ਏ.ਏ.) ਦੇ ਨੋਟੀਫਿਕੇਸ਼ਨ ਕਾਰਨ ਚਿੰਤਤ ਹੈ ਅਤੇ ਇਸ ਦੇ ਲਾਗੂ ਕਰਨ ਦੀ ਪ੍ਰਕਿਰਿਆ 'ਤੇ ਨੇੜਿਓਂ ਨਿਗਰਾਨੀ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ 'ਚ ਕਿਹਾ, 'ਅਸੀਂ 11 ਮਾਰਚ ਨੂੰ ਨਾਗਰਿਕਤਾ (ਸੋਧ) ਕਾਨੂੰਨ ਦੇ ਨੋਟੀਫਿਕੇਸ਼ਨ ਕਾਰਨ ਚਿੰਤਤ ਹਾਂ। ਅਸੀਂ ਇਸ ਐਕਟ ਦੀ ਬਾਰੀਕੀ ਨਾਲ ਨਿਗਰਾਨੀ ਕਰ ਰਹੇ ਹਾਂ। ਧਾਰਮਿਕ ਅਜ਼ਾਦੀ ਦਾ ਸਤਿਕਾਰ ਅਤੇ ਸਾਰੇ ਭਾਈਚਾਰਿਆਂ ਨਾਲ ਕਾਨੂੰਨ ਅਧੀਨ ਬਰਾਬਰ ਦਾ ਵਿਹਾਰ ਬੁਨਿਆਦੀ ਜਮਹੂਰੀ ਸਿਧਾਂਤ ਹਨ।

# ਇਜ਼ਰਾਈਲ ਤੇ ਹਮਾਸ ਵਿਚਾਲੇ ਜੰਗਬੰਦੀ ਨਾ ਹੋਣ ਕਾਰਨ ਲੋਕ ਨਿਰਾਸ਼

**ਯੇਰੂਸ਼ਲਮ:** ਇਜ਼ਰਾਈਲ ਤੇ ਹਮਾਸ ਦਰਮਿਆਨ ਜੰਗਬੰਦੀ ਸਮਝੌਤਾ ਹੋਣ ਦੀ ਮਿਆਦ ਨਿਕਲਣ ਦਾ ਦਿਨ ਨੇੜੇ ਆਉਣ ਦੇ ਨਾਲ-ਨਾਲ 7 ਅਕਤੂਬਰ ਤੋਂ ਗਾਜ਼ਾ 'ਚ ਬੰਦੀ ਬਣਾਏ ਗਏ ਲੋਕਾਂ ਦੇ ਰਿਸ਼ਤੇਦਾਰਾਂ 'ਚ ਨਿਰਾਸ਼ਾ ਵਧਦੀ ਜਾ ਰਹੀ ਹੈ। ਉਨ੍ਹਾਂ ਨੂੰ ਆਸ ਸੀ ਕਿ ਮੁਸਲਮਾਨਾਂ ਦੇ ਪਵਿੱਤਰ ਮਹੀਨੇ ਰਮਜ਼ਾਨ ਦੀ ਸ਼ੁਰੂਆਤ ਤੱਕ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਘਰ ਵਾਪਸ ਲਿਆਉਣ ਲਈ ਜੰਗਬੰਦੀ ਸਮਝੌਤਾ ਹੋ ਜਾਵੇਗਾ ਪਰ ਇਹ ਸਮਾਂ ਬਿਨਾਂ ਕਿਸੇ ਸਮਝੌਤੇ ਦੇ ਲੰਘ ਗਿਆ ਹੈ।

ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਹਮਾਸ ਖਿਲਾਫ਼ ਜੰਗ 'ਚ ਮੁਕੰਮਲ ਜਿੱਤ ਦਾ ਵਾਅਦਾ ਪੰਜ ਮਹੀਨਿਆਂ ਦੀ ਜੰਗ ਤੋਂ ਬਾਅਦ ਹੁਣ ਕਈ ਬੰਦੀ ਪਰਿਵਾਰਾਂ ਨੂੰ ਖੋਖਲਾ ਲੱਗ ਰਿਹਾ ਹੈ। ਗਾਜ਼ਾ 'ਚ ਬੰਦੀ ਬਣਾਏ ਗਏ ਇਕ ਵਿਅਕਤੀ ਦੇ ਰਿਸ਼ਤੇਦਾਰ ਸ਼ੈਰੋਂ ਕਾਲਦੇਰੋਨ ਨੇ ਕਿਹਾ, 'ਅਸੀਂ ਹਰ ਪਲ ਖ਼ਬਰਾਂ ਪੜ੍ਹ ਰਹੇ ਹਾਂ। ਮਿਸਰ ਕੁਝ ਕਹਿ ਰਿਹਾ ਹੈ ਤੇ ਕਤਰ ਕੁਝ ਹੋਰ ਕਹਿ ਰਿਹਾ ਹੈ। ਅਮਰੀਕੀ ਕਹਿ ਰਹੇ ਨੇ ਕਿ ਸਮਝੌਤਾ ਹੋਣ ਕਿਨਾਰੇ ਹੈ ਜਦਕਿ ਇਜ਼ਰਾਈਲ ਇਸ ਤੋਂ ਇਨਕਾਰ ਕਰ ਰਿਹਾ ਹੈ।' ਹਮਾਸ ਦੀ ਅਗਵਾਈ ਹੇਠਲੇ ਅਤਿਵਾਦੀਆਂ ਵੱਲੋਂ ਦੱਖਣੀ ਇਜ਼ਰਾਈਲ 'ਤੇ ਲੰਘੇ ਸਾਲ 7 ਅਕਤੂਬਰ ਨੂੰ ਕੀਤੇ ਗਏ ਹਮਲੇ ਵਿਚ 1200 ਤੋਂ ਵੱਧ ਵਿਅਕਤੀ ਮਾਰੇ ਗਏ ਹਨ ਜਦਕਿ 250 ਤੋਂ ਵੱਧ ਵਿਅਕਤੀ ਬੰਦੀ ਬਣਾਏ ਗਏ। ਗਾਜ਼ਾ ਦੇ ਸਿਹਤ ਅਧਿਕਾਰੀਆਂ ਅਨੁਸਾਰ ਇਜ਼ਰਾਈਲ ਦੇ ਹਮਲਿਆਂ 'ਚ ਹੁਣ ਤੱਕ 31 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਗਏ ਹਨ ਅਤੇ ਹਜ਼ਾਰਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਨਵੰਬਰ 'ਚ ਹੋਈ ਜੰਗਬੰਦੀ ਦੌਰਾਨ 120 ਦੇ ਕਰੀਬ ਬੰਦੀਆਂ ਨੂੰ ਰਿਹਾਅ ਕੀਤਾ ਗਿਆ ਸੀ ਜਿਸ ਦੇ ਨਤੀਜੇ ਵਜੋਂ ਸੈਂਕੜੇ ਫਲਸਤੀਨੀਆਂ ਨੂੰ ਵੀ ਇਜ਼ਰਾਇਲੀ ਜੇਲ੍ਹਾਂ 'ਚੋਂ ਛੱਡਿਆ ਗਿਆ ਸੀ।

# ਦਿੱਲੀ ਤੇ ਹਰਿਆਣਾ ਦੇ ਨੌਜਵਾਨਾਂ ਨੂੰ ਇਨਾਮ

**ਲੰਡਨ:** ਵੇਲਜ਼ ਦੀ ਮਰਹੂਮ ਸ਼ਹਿਜ਼ਾਦੀ ਡਾਇਨਾ ਦੀ ਯਾਦ ਵਿਚ ਡਾਇਨਾ ਐਵਾਰਡ ਚੈਰਿਟੀ ਦੀ 25ਵੀਂ ਵਰ੍ਹੇਗੰਢ ਮੌਕੇ ਪੁਰਸਕਾਰ ਵੰਡ ਸਮਾਰੋਹ ਦੌਰਾਨ ਦਿੱਲੀ ਤੇ ਹਰਿਆਣਾ ਦੇ ਦੋ ਨੌਜਵਾਨਾਂ ਸਮੇਤ ਸੰਸਾਰ ਦੇ ਲਗਭਗ 20 ਜੇਤੂਆਂ ਨੂੰ 'ਡਾਇਨਾ ਲੈਗੇਸੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਦਿੱਲੀ ਦਾ ਉਦੈ ਭਾਟੀਆ 'ਉਦੈ ਇਲੈਕਟ੍ਰਿਕ' ਅਤੇ ਹਰਿਆਣਾ ਦੀ ਮਾਨਸੀ ਗੁਪਤਾ 'ਹਿਊਸੋਫਟਦਿਮਾਈਂਡ ਫਾਊਂਡੇਸ਼ਨ' ਦੀ ਮੋਢੀ ਹੈ। ਉਦੈ ਨੇ ਘੱਟ ਲਾਗਤ ਵਾਲੀ ਇਲੈਕਟ੍ਰਿਕ ਕਾਢ ਕੱਢੀ ਹੈ ਜੋ ਬਿਜਲੀ ਕੱਟ ਦੇ ਹੱਲ ਵਿਚ ਮਦਦ ਕਰਦੀ ਹੈ। ਮਾਨਸੀ ਮਾਨਸਿਕ ਸਿਹਤ ਪ੍ਰਚਾਰਕ ਹੈ। ਸਮਾਗਮ ਲੰਡਨ ਦੇ ਸਾਇੰਸ ਮਿਊਜ਼ੀਅਮ ਵਿਚ ਕਰਵਾਇਆ ਗਿਆ।

# ਭਾਰਤ ਤੇ ਭੂਟਾਨ ਵੱਲੋਂ ਸਬੰਧ ਹੋਰ ਮਜ਼ਬੂਤ ਕਰਨ ਦਾ ਅਹਿਦ

**ਨਵੀਂ ਦਿੱਲੀ:** ਭਾਰਤ ਅਤੇ ਭੂਟਾਨ ਨੇ ਆਪਣੇ 'ਬੇਮਿਸਾਲ' ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਅਹਿਦ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭੂਟਾਨੀ ਹਮਰੁਤਬਾ ਸ਼ੇਰਿੰਗ ਟੋਬਗੇ ਨੂੰ ਦੱਸਿਆ ਕਿ ਭਾਰਤ ਉੱਚ ਆਮਦਨ ਵਾਲਾ ਦੇਸ਼ ਬਣਨ ਦੀਆਂ ਕੋਸ਼ਿਸ਼ਾਂ ਤਹਿਤ ਭੂਟਾਨ ਨਾਲ ਭਾਈਵਾਲੀ ਕਰਨ ਲਈ ਵਚਨਬੱਧ ਹੈ।



ਮੋਦੀ ਅਤੇ ਟੋਬਗੇ ਵਿਚਾਲੇ ਗੱਲਬਾਤ ਮਗਰੋਂ ਜਾਰੀ ਸਾਂਝੇ ਬਿਆਨ 'ਚ ਕਿਹਾ ਗਿਆ ਕਿ ਦੋਵੇਂ ਪ੍ਰਧਾਨ ਮੰਤਰੀਆਂ ਨੇ ਸੂਰਜੀ ਊਰਜਾ, ਪੌਣ ਊਰਜਾ ਅਤੇ ਗਰੀਨ ਹਾਈਡਰੋਜਨ ਸਣੇ ਪਣ-ਬਿਜਲੀ ਖੇਤਰ ਤੋਂ ਪਰ੍ਹੇ ਭਾਰਤ-ਭੂਟਾਨ ਦੀ ਮੌਜੂਦਾ ਊਰਜਾ ਭਾਈਵਾਲੀ ਦੇ ਵਿਸਤਾਰ ਲਈ ਸਹਿਮਤੀ ਪ੍ਰਗਟਾਈ ਹੈ। ਇਸ ਵਿਚ ਕਿਹਾ ਗਿਆ ਕਿ ਭੂਟਾਨ ਲਈ ਭਾਰਤ ਦੀ ਵਿਕਾਸ ਸਹਾਇਤਾ ਬੁਨਿਆਦੀ ਢਾਂਚੇ ਦੇ ਵਿਕਾਸ, ਸਭ ਤੋਂ ਵਿਆਪਕ ਰੂਪ ਵਿਚ ਸੰਪਰਕ ਉਸਾਰੀ 'ਤੇ ਕੇਂਦਰਿਤ ਹੋਵੇਗੀ, ਜਿਸ ਵਿਚ ਸੜਕ, ਰੇਲ ਅਤੇ ਡਿਜੀਟਲ ਕੁਨੈਕਟੀਵਿਟੀ ਸ਼ਾਮਲ ਹਨ। ਬਿਆਨ ਮੁਤਾਬਕ ਗੱਲਬਾਤ ਦੌਰਾਨ ਮੋਦੀ ਨੇ ਗੈਲੇਫੂ ਮਾਈਂਡਫੁਲਨੈੱਸ ਸਿਟੀ ਬਾਰੇ ਭੂਟਾਨੀ ਰਾਜੇ ਦੇ ਨਜ਼ਰੀਏ ਨੂੰ ਸਲਾਹਿਆ, ਕਿਉਂਕਿ ਇਸ ਨਾਲ ਭੂਟਾਨ ਅਤੇ ਖਿੱਤੇ ਵਿਚ ਸਥਾਈ ਤੌਰ 'ਤੇ ਖੁਸ਼ਹਾਲੀ ਆਵੇਗੀ ਤੇ ਨਾਲ ਹੀ ਭਾਰਤ-ਭੂਟਾਨ ਆਰਥਿਕ ਅਤੇ ਨਿਵੇਸ਼ ਸਬੰਧ ਹੋਰ ਮਜ਼ਬੂਤ ਹੋਣਗੇ। ਇਸ ਵਿਚ ਕਿਹਾ ਗਿਆ ਕਿ ਸ਼ੇਰਿੰਗ ਟੋਬਗੇ ਨੇ ਭੂਟਾਨ ਦੀ 12ਵੀਂ ਪੰਜ ਸਾਲਾ ਯੋਜਨਾ ਲਈ 5000 ਕਰੋੜ ਰੁਪਏ ਦੀ ਮਦਦ ਲਈ ਭਾਰਤ ਦਾ ਧੰਨਵਾਦ ਕੀਤਾ।

# ਸੈਲਾਨੀ ਵੀਜ਼ੇ 'ਤੇ ਕੰਮ ਕਰਦੇ ਗ੍ਰਿਫਤਾਰ

**ਕੋਲੰਬੋ:** ਸੈਲਾਨੀ ਵੀਜ਼ੇ ਉਤੇ ਸ੍ਰੀਲੰਕਾ ਆਏ 21 ਭਾਰਤੀਆਂ ਨੂੰ ਗੈਰਕਾਨੂੰਨੀ ਢੰਗ ਨਾਲ ਆਨਲਾਈਨ ਮਾਰਕੀਟਿੰਗ ਸੈਂਟਰ ਚਲਾਉਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਡੇਲੀ ਮਿਰਰ ਅਖ਼ਬਾਰ ਦੀ ਰਿਪੋਰਟ ਮੁਤਾਬਕ 24 ਤੋਂ 25 ਸਾਲ ਉਮਰ ਦੇ ਇਹ 21 ਭਾਰਤੀ ਫਰਵਰੀ-ਮਾਰਚ ਮਹੀਨੇ ਦੌਰਾਨ ਸੈਲਾਨੀ ਵੀਜ਼ੇ 'ਤੇ ਭਾਰਤ ਆਏ ਸਨ ਤੇ ਇਨ੍ਹਾਂ ਗੈਰਕਾਨੂੰਨੀ ਢੰਗ ਨਾਲ ਕੰਮ ਕਰਕੇ ਟੂਰਿਸਟ ਵੀਜ਼ਾ ਨੇਮਾਂ ਦੀ ਉਲੰਘਣਾ ਕੀਤੀ ਹੈ। ਟਾਪੂਨੁਮਾ ਮੁਲਕ ਦੇ ਪਰਵਾਸ ਤੇ ਆਵਾਸ ਵਿਭਾਗ ਨੇ ਇਨ੍ਹਾਂ ਸਾਰਿਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ। ਰਿਪੋਰਟ ਮੁਤਾਬਕ ਸ਼ੁਰੂਆਤੀ ਜਾਂਚ ਮਗਰੋਂ ਵਿਭਾਗ ਨੇ ਨੈਗੋਂਬੋ ਸ਼ਹਿਰ ਵਿਚ ਕਿਰਾਏ ਦੇ ਇਕ ਮਕਾਨ 'ਤੇ ਛਾਪਾ ਮਾਰਿਆ ਤਾਂ ਉਪਰੋਕਤ ਵਿਅਕਤੀ ਉਥੇ ਆਨਲਾਈਨ ਮਾਰਕੀਟਿੰਗ ਸੈਂਟਰ ਚਲਾਉਂਦੇ ਮਿਲੇ। ਇਸ ਘਰ ਨੂੰ ਦਫ਼ਤਰ ਦਾ ਰੂਪ ਦਿੱਤਾ ਗਿਆ ਸੀ ਜਿਥੇ ਕੰਪਿਊਟਰ ਤੇ ਹੋਰ ਉਪਕਰਨ ਲਾਏ ਹੋਏ ਸਨ। ਸ੍ਰੀਲੰਕਾ ਦੇ ਕਾਨੂੰਨ ਮੁਤਾਬਕ ਸੈਲਾਨੀ ਵੀਜ਼ੇ 'ਤੇ ਆਉਣ ਵਾਲੇ ਕਿਸੇ ਵੀ ਵਿਅਕਤੀ ਉਤੇ ਕੰਮ ਕਰਨ ਦੀ ਪਾਬੰਦੀ ਹੁੰਦੀ ਹੈ।

# ਲੋਕ ਸਭਾ ਚੋਣਾਂ: 'ਆਪ' ਨੇ ਸਿਆਸੀ ਸਰਗਰਮੀਆਂ ਵਧਾਈਆਂ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣ ਪ੍ਰੋਗਰਾਮ ਐਲਾਨੇ ਜਾਣ ਨਾਲ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਜਦੋਂ ਕਿ ਵਿਰੋਧੀ ਧਿਰਾਂ ਨੇ ਹਾਲੇ ਉਮੀਦਵਾਰਾਂ ਦਾ ਐਲਾਨ ਹੀ ਨਹੀਂ ਕੀਤਾ। 'ਆਪ' ਨੇ ਅੱਠ ਉਮੀਦਵਾਰ ਐਲਾਨ ਦਿੱਤੇ ਹਨ ਜਦੋਂ ਕਿ ਬਾਕੀ ਸਿਆਸੀ ਧਿਰਾਂ ਦਾ ਉਮੀਦਵਾਰਾਂ ਲਈ ਮੰਥਨ ਜਾਰੀ ਹੈ। ਫਰੀਦਕੋਟ ਲੋਕ ਸਭਾ ਹਲਕੇ ਤੋਂ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਚੋਣ ਮੁਹਿੰਮ ਦਾ ਆਗਾਜ਼ ਕਰ ਦਿੱਤਾ ਹੈ। ਹਲਕਾ ਸੰਗਰੂਰ ਤੋਂ 'ਆਪ' ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਚੰਨੋ ਤੋਂ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਾਫਲੇ ਦੇ ਰੂਪ ਵਿਚ ਮੁਹਿੰਮ ਸ਼ੁਰੂ ਕੀਤੀ। ਇਸ ਤਰ੍ਹਾਂ ਹੀ ਹਲਕਾ ਅੰਮ੍ਰਿਤਸਰ ਤੋਂ 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਚੋਣ ਬਿਗਲ ਵਜਾ ਦਿੱਤਾ ਹੈ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਚੋਣ ਮੁਹਿੰਮ ਦਾ ਮੁੱਢ ਬੰਨ੍ਹਿਆ। ਹਲਕਾ ਜਲੰਧਰ ਤੋਂ 'ਆਪ' ਉਮੀਦਵਾਰ ਸੁਸ਼ੀਲ ਰਿੰਕੂ ਵੀ ਸਰਗਰਮ ਹੋ ਗਏ ਹਨ। ਬਠਿੰਡਾ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੀ ਟੀਮ ਨੇ ਵੀ ਹਲਕੇ ਵਿਚ ਚਾਰਜੋਈ ਸ਼ੁਰੂ ਕਰ ਦਿੱਤੀ ਹੈ। ਫਤਹਿਗੜ੍ਹ ਸਾਹਿਬ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਨੇ ਵੀ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਬੇਸ਼ੱਕ ਹਾਲੇ ਉਮੀਦਵਾਰਾਂ ਦਾ ਐਲਾਨ ਤਾਂ ਨਹੀਂ ਕੀਤਾ ਹੈ ਪਰ ਅਕਾਲੀ ਦਲ ਨੇ 'ਪੰਜਾਬ ਬਚਾਓ ਯਾਤਰਾ' ਤਹਿਤ ਚੋਣ ਮੁਹਿੰਮ ਨੂੰ ਭਖਾ ਲਿਆ ਹੈ।



ਕਾਂਗਰਸ ਪਾਰਟੀ ਤਰਫੋਂ ਹਾਲੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਹਾਈਕਮਾਂਡ ਹਾਲੇ ਅਕਾਲੀ ਭਾਜਪਾ ਗੱਠਜੋੜ ਦੀ ਸੰਭਾਵਨਾ ਵੱਲ ਦੇਖ ਰਹੀ ਹੈ। ਕਾਂਗਰਸ ਦੀ ਸਕਰੀਨਿੰਗ ਕਮੇਟੀ ਨੇ ਹਰ ਹਲਕੇ ਵਿਚੋਂ ਤਿੰਨ ਤਿੰਨ ਉਮੀਦਵਾਰਾਂ ਦਾ ਪੈਨਲ ਤਿਆਰ ਕੀਤਾ ਹੈ। ਭਾਰਤੀ ਜਨਤਾ ਪਾਰਟੀ ਨੇ ਵੀ 14 ਮਾਰਚ ਨੂੰ ਦਿੱਲੀ ਵਿਖੇ ਪੰਜਾਬ ਦੇ 13 ਲੋਕ ਸਭਾ ਹਲਕਿਆਂ ਲਈ ਪ੍ਰਤੀ ਹਲਕਾ ਚਾਰ ਚਾਰ ਉਮੀਦਵਾਰਾਂ ਦਾ ਪੈਨਲ ਫਾਈਨਲ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ ਜਿਸ ਕਰ ਕੇ ਉਮੀਦਵਾਰਾਂ ਦਾ ਐਲਾਨ ਪੱਛੜ ਰਿਹਾ ਹੈ। ਪਤਾ ਲੱਗਾ ਹੈ ਕਿ ਸ਼ੁਰੂ ਵਿਚ ਜੋ ਗੱਠਜੋੜ ਹੋਣ ਦੀ ਸੰਭਾਵਨਾ ਉਭਰੀ ਸੀ, ਉਹ ਮੁੜ ਮੱਠੀ ਪੈਂਦੀ ਨਜ਼ਰ ਆ ਰਹੀ ਹੈ।

## ਪਰਵਾਸੀ ਭਾਰਤੀ ਦੇ ਘਰੋਂ ਲੱਖਾਂ ਦੇ ਗਹਿਣੇ ਤੇ ਨਕਦੀ ਚੋਰੀ

**ਨਵਾਂਸ਼ਹਿਰ:** ਨਵਾਂਸ਼ਹਿਰ ਵਿਚ ਚੋਰਾਂ ਨੇ ਪਰਵਾਸੀ ਭਾਰਤੀ ਦੇ ਘਰ ਵਿਚੋਂ ਲੱਖਾਂ ਰੁਪਏ ਦੀ ਕੀਮਤ ਦੇ ਡਾਲਰ, ਭਾਰਤੀ ਕਰੰਸੀ ਅਤੇ ਸੋਨਾ ਚੋਰੀ ਕਰ ਲਿਆ। ਪਰਵਾਸੀ ਭਾਰਤੀ ਬਲਵੀਰ ਸਿੰਘ ਵਾਸੀ ਵਾਹਿਗੁਰੂ ਨਗਰ ਨੇ ਦੱਸਿਆ ਕਿ ਉਸ ਦੀ 17 ਮਾਰਚ ਦੀ ਦਿੱਲੀ ਤੋਂ ਕੈਨੇਡਾ ਲਈ ਫਲਾਈਟ ਸੀ। ਉਹ 15 ਮਾਰਚ ਦੀ ਰਾਤ ਨੂੰ ਰਿਸ਼ਤੇਦਾਰੀ ਵਿਚ ਮਿਲਣ ਲਈ ਗਿਆ ਹੋਇਆ ਸੀ। ਉਹ ਜਦੋਂ 16 ਮਾਰਚ ਨੂੰ ਘਰ ਪੁੱਜਾ ਤਾਂ ਦੇਖਿਆ ਕਿ ਚੋਰਾਂ ਨੇ ਖਿੜਕੀ ਤੋੜ ਕੇ ਪੂਰੇ ਘਰ ਦੀ ਫਰੋਲਾ-ਫਰਾਲੀ ਕੀਤੀ ਹੋਈ ਸੀ। ਚੋਰਾਂ ਨੇ 10 ਹਜ਼ਾਰ ਡਾਲਰ, 6 ਲੱਖ ਰੁਪਏ ਭਾਰਤੀ ਕਰੰਸੀ ਤੇ 15 ਤੋਲੇ ਸੋਨਾ ਚੋਰੀ ਕਰ ਲਿਆ। ਚੋਰਾਂ ਨੇ ਕੀਮਤੀ ਘੜੀਆਂ ਤੇ ਮੋਬਾਈਲ ਫੋਨ ਚੋਰੀ ਨਹੀਂ ਕੀਤੇ।

## ਸਿੱਧੂ ਮੂਸੇਵਾਲਾ ਦੇ ਘਰ ਆਈਆਂ ਖੁਸ਼ੀਆਂ



**ਚੰਡੀਗੜ੍ਹ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਵਿਚ ਖੁਸ਼ੀਆਂ ਖੇੜੇ ਆਏ ਹਨ। ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ ਨੇ ਨੰਨ੍ਹੇ ਮਹਿਮਾਨ ਦਾ ਸਵਾਗਤ ਕੀਤਾ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸੋਸ਼ਲ ਮੀਡੀਆ ਫੇਸਬੁੱਕ 'ਤੇ ਮਰਹੂਮ ਪੰਜਾਬੀ ਗਾਇਕ ਦੇ 'ਛੋਟੇ ਵੀਰ' ਦੀ ਤਸਵੀਰ ਨਾਲ ਇਹ ਖੁਸ਼ੀ ਸਾਂਝੀ ਕੀਤੀ ਹੈ। ਉਨ੍ਹਾਂ ਨਾਲ ਹੀ ਲਿਖਿਆ, "ਸ਼ੁਭਦੀਪ ਨੂੰ ਚਾਹੁਣ ਵਾਲੀਆਂ ਲੱਖਾਂ ਕਰੋੜਾਂ ਰੂਹਾਂ ਦੀਆਂ ਅਸੀਸਾਂ ਨਾਲ ਅਕਾਲ ਪੁਰਖ ਨੇ ਸਾਡੀ ਝੋਲੀ ਵਿਚ ਸ਼ੁੱਭ ਦਾ ਛੋਟਾ ਵੀਰ ਪਾਇਆ ਹੈ।" ਉਨ੍ਹਾਂ ਅੱਗੇ ਲਿਖਿਆ, "ਵਾਹਿਗੁਰੂ ਦੀਆਂ ਬਖਸ਼ਿਸ਼ਾਂ ਸਦਕਾ ਪਰਿਵਾਰ ਤੰਦਰੁਸਤ ਹੈ ਅਤੇ ਸਾਰੇ ਸ਼ੁਭਚਿੰਤਕਾਂ ਦੇ ਅਥਾਹ ਪਿਆਰ ਲਈ ਸ਼ੁਕਰਗੁਜ਼ਾਰ ਹਾਂ।" ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਉਸ ਦੇ ਮਾਤਾ-ਪਿਤਾ ਇਕੱਲੇ ਰਹਿ ਗਏ ਸਨ। ਸਿੱਧੂ ਉਨ੍ਹਾਂ ਦਾ ਇਕਲੌਤਾ ਪੁੱਤਰ ਸੀ। ਉਸ ਦੀ ਮਾਤਾ ਨੇ ਮਾਂ ਬਣਨ ਲਈ ਆਈ.ਵੀ.ਐਫ. ਵਿਧੀ ਅਪਣਾਈ ਸੀ।

# ਲੋਕ ਸਭਾ ਚੋਣਾਂ: ਪੰਜਾਬ ਦੇ 2.12 ਕਰੋੜ ਵੋਟਰ ਚੁਣਨਗੇ 13 ਸੰਸਦ ਮੈਂਬਰ

**ਚੰਡੀਗੜ੍ਹ:** ਅਗਾਮੀ ਲੋਕ ਸਭਾ ਚੋਣਾਂ ਦੌਰਾਨ ਐਤਕੀਂ ਪੰਜਾਬ ਵਿਚ 2.12 ਕਰੋੜ ਵੋਟਰਾਂ ਨੂੰ ਆਪਣੇ 13 ਸੰਸਦ ਮੈਂਬਰ ਚੁਣਨ ਲਈ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਮੌਕਾ ਮਿਲੇਗਾ। ਲੰਘੇ ਪੰਜ ਵਰ੍ਹਿਆਂ ਦੌਰਾਨ ਪੰਜਾਬ ਵਿਚ 8.96 ਲੱਖ ਵੋਟਰ ਵਧੇ ਹਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਸੂਬੇ ਵਿਚ ਵੋਟਰਾਂ ਦੀ ਗਿਣਤੀ 2.03 ਕਰੋੜ ਸੀ ਜੋ ਹੁਣ ਵਧ ਕੇ 2.12 ਕਰੋੜ ਹੋ ਗਈ ਹੈ।

ਸੂਬੇ ਵਿਚ ਪਟਿਆਲਾ ਲੋਕ ਸਭਾ ਹਲਕੇ ਵਿਚ ਸਭ ਤੋਂ ਵੱਧ 17.87 ਲੱਖ ਵੋਟਰ ਹਨ ਜਿਨ੍ਹਾਂ ਵਿਚ 9.35 ਲੱਖ ਪੁਰਸ਼ ਅਤੇ 8.52 ਲੱਖ ਮਹਿਲਾ ਵੋਟਰ ਹਨ। ਇਸੇ ਤਰ੍ਹਾਂ ਫ਼ਤਹਿਗੜ੍ਹ ਸਾਹਿਬ ਹਲਕੇ ਵਿਚ ਸਭ ਤੋਂ ਘੱਟ 15.39 ਲੱਖ ਵੋਟਰ ਹਨ ਜਿਨ੍ਹਾਂ ਵਿਚੋਂ 8.16 ਲੱਖ ਪੁਰਸ਼ ਅਤੇ 7.22 ਲੱਖ ਮਹਿਲਾਵਾਂ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ 13 ਲੋਕ ਸਭਾ ਸੀਟਾਂ ਦੇ ਕੁੱਲ ਪੋਲਿੰਗ ਸਟੇਸ਼ਨਾਂ ਅਤੇ ਕੁੱਲ ਵੋਟਰਾਂ ਬਾਬਤ ਅੰਕੜੇ ਜਾਰੀ ਕੀਤੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਸੂਬੇ ਦੇ 13 ਲੋਕ ਸਭਾ ਹਲਕਿਆਂ ਵਿਚ 24,433 ਪੋਲਿੰਗ ਸਟੇਸ਼ਨ ਹਨ ਜਿਨ੍ਹਾਂ ਉੱਤੇ 2,12,71,246 ਵੋਟਰਾਂ ਨੂੰ ਵੋਟ ਪਾਉਣ ਦਾ ਮੌਕਾ ਮਿਲੇਗਾ। ਇਨ੍ਹਾਂ ਵਿਚੋਂ 1.11 ਕਰੋੜ ਪੁਰਸ਼ ਵੋਟਰ ਹਨ ਜਦੋਂਕਿ ਇਕ ਕਰੋੜ ਮਹਿਲਾ ਵੋਟਰ ਹਨ। ਇਸੇ ਤਰ੍ਹਾਂ ਕੁੱਲ 744 ਟਰਾਂਸਜੈਂਡਰ ਵੋਟਰ ਹਨ।



ਇਸੇ ਤਰ੍ਹਾਂ ਗੁਰਦਾਸਪੁਰ 'ਚ ਕੁੱਲ 15,95,300 ਵੋਟਰ ਹਨ ਜਿਨ੍ਹਾਂ 'ਚੋਂ 8.44 ਲੱਖ ਪੁਰਸ਼ ਅਤੇ 7.50 ਲੱਖ ਮਹਿਲਾਵਾਂ ਹਨ। ਇਸ ਜ਼ਿਲ੍ਹੇ ਵਿਚ 1895 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਅੰਮ੍ਰਿਤਸਰ ਵਿਚ ਕੁੱਲ 15,93,846 ਵੋਟਰਾਂ ਵਿਚੋਂ 8.36 ਲੱਖ ਪੁਰਸ਼ ਅਤੇ 7.56 ਲੱਖ ਮਹਿਲਾਵਾਂ ਹਨ। ਖਡੂਰ ਸਾਹਿਬ ਵਿਚ 16,55,468 ਲੱਖ ਵੋਟਰ ਹਨ ਜਿਨ੍ਹਾਂ 'ਚੋਂ 8.70 ਲੱਖ ਪੁਰਸ਼ ਅਤੇ 7.85 ਲੱਖ ਮਹਿਲਾ ਵੋਟਰ ਹਨ। ਜਲੰਧਰ ਵਿਚ 16,41,872 ਵੋਟਰ ਹਨ ਜਿਨ੍ਹਾਂ ਵਿਚ 8.54 ਲੱਖ ਪੁਰਸ਼ ਤੇ 7.87 ਲੱਖ ਮਹਿਲਾਵਾਂ ਸ਼ਾਮਲ ਹਨ।

ਹੁਸ਼ਿਆਰਪੁਰ ਵਿਚ ਕੁੱਲ 15,93,018 ਵੋਟਰਾਂ ਵਿਚੋਂ 8.26 ਲੱਖ ਪੁਰਸ਼ ਅਤੇ 7.66 ਲੱਖ ਮਹਿਲਾਵਾਂ ਹਨ। ਅਨੰਦਪੁਰ ਸਾਹਿਬ ਹਲਕੇ ਵਿਚ 17,11,255 ਵੋਟਰ ਹਨ ਜਿਨ੍ਹਾਂ 'ਚੋਂ 8.93 ਲੱਖ ਪੁਰਸ਼ ਅਤੇ 8.17 ਲੱਖ ਮਹਿਲਾ ਵੋਟਰ ਹਨ। ਲੁਧਿਆਣਾ ਹਲਕੇ ਵਿਚ 17,28,619 ਵੋਟਰ ਹਨ ਜਿਨ੍ਹਾਂ 'ਚੋਂ 9.22 ਲੱਖ ਪੁਰਸ਼ ਅਤੇ 8.06 ਲੱਖ ਮਹਿਲਾ ਵੋਟਰ ਹਨ। ਫ਼ਰੀਦਕੋਟ ਹਲਕੇ ਵਿਚ 15,78,937 ਵੋਟਰ ਹਨ ਜਿਨ੍ਹਾਂ 'ਚੋਂ 8.34 ਲੱਖ ਪੁਰਸ਼ ਅਤੇ 7.44 ਲੱਖ ਮਹਿਲਾ ਵੋਟਰ ਹਨ। ਇਸੇ ਤਰ੍ਹਾਂ ਫ਼ਿਰੋਜ਼ਪੁਰ ਹਲਕੇ ਵਿਚ 16,57,131 ਵੋਟਰ ਹਨ ਜਿਨ੍ਹਾਂ 'ਚੋਂ 8.73 ਲੱਖ ਪੁਰਸ਼ ਅਤੇ 7.83 ਲੱਖ ਮਹਿਲਾ ਵੋਟਰ ਹਨ। ਬਠਿੰਡਾ ਲੋਕ ਸਭਾ ਹਲਕੇ ਵਿਚ ਕੁੱਲ 16,38,881 ਵੋਟਰ ਹਨ ਜਿਨ੍ਹਾਂ 'ਚੋਂ 8.63 ਲੱਖ ਪੁਰਸ਼ ਅਤੇ 7.74 ਲੱਖ ਮਹਿਲਾ ਵੋਟਰ ਹਨ। ਸੰਗਰੂਰ ਹਲਕੇ ਵਿਚ ਕੁੱਲ 15,50,017 ਵੋਟਰ ਹਨ ਜਿਨ੍ਹਾਂ 'ਚੋਂ 8.20 ਲੱਖ ਪੁਰਸ਼ ਅਤੇ 7.29 ਲੱਖ ਮਹਿਲਾ ਵੋਟਰ ਹਨ।

# ਆਖਰੀ ਪੜਾਅ ਕਾਰਨ ਪੰਜਾਬ 'ਚ ਪ੍ਰਭਾਵਿਤ ਕੀਤੇ ਜਾ ਸਕਦੇ ਨੇ ਵੋਟਰ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ 'ਚ ਲੋਕ ਸਭਾ ਚੋਣਾਂ ਪਹਿਲੀ ਜੂਨ ਨੂੰ ਆਖਰੀ ਪੜਾਅ 'ਚ ਹੋਣ ਬਾਰੇ ਭਾਜਪਾ ਦੇ ਇਰਾਦਿਆਂ 'ਤੇ ਸ਼ੱਕ ਜ਼ਾਹਰ ਕੀਤਾ। ਉਨ੍ਹਾਂ ਨੇ ਚੋਣ ਕਮਿਸ਼ਨ ਦੀ ਆਜ਼ਾਦੀ 'ਤੇ ਕੋਈ ਟਿੱਪਣੀ ਕਰਨ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਭਾਜਪਾ ਯਕੀਨੀ ਤੌਰ 'ਤੇ ਪੰਜਾਬ ਵਿਚ ਆਪਣੀ ਧਨ ਸ਼ਕਤੀ ਦੀ ਦੁਰਵਰਤੋਂ ਕਰੇਗੀ। ਜਦੋਂ ਤੱਕ ਪੰਜਾਬ ਵਿਚ ਚੋਣਾਂ ਹੋਣਗੀਆਂ, ਉਦੋਂ ਤੱਕ ਭਾਜਪਾ ਦੇ ਸਾਰੇ ਪ੍ਰਮੁੱਖ ਆਗੂ ਆਪੋ-ਆਪਣੇ ਹਲਕਿਆਂ ਵਿਚ ਆਪਣੇ ਕੰਮ ਨਿਬੇੜ ਲੈਣਗੇ। ਉਹ ਸ਼ਾਇਦ ਚੋਣਾਂ ਵਿਚ ਵਿਘਨ ਪਾਉਣ ਅਤੇ ਇੱਥੋਂ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਪੰਜਾਬ 'ਚ ਡੇਰਾ ਲਾ ਰਹੇ ਹੋਣਗੇ।

ਸ੍ਰੀ ਬਾਜਵਾ ਨੇ ਕਿਹਾ ਕਿ ਜੇਕਰ ਪੰਜਾਬ ਵਿਚ ਪਹਿਲੇ ਪੜਾਅ ਵਿਚ ਚੋਣਾਂ ਹੋਣੀਆਂ ਹੁੰਦੀਆਂ ਤਾਂ ਭਾਜਪਾ ਆਪਣੇ ਮੰਤਰੀਆਂ ਅਤੇ ਪ੍ਰਮੁੱਖ ਨੇਤਾਵਾਂ ਨੂੰ ਪੰਜਾਬ ਵਿਚ ਨਹੀਂ ਲਿਆ ਸਕਦੀ ਸੀ ਅਤੇ ਪੰਜਾਬ ਵਿਚ ਆਜ਼ਾਦ ਤੇ ਨਿਰਪੱਖ ਚੋਣਾਂ ਦੀਆਂ ਵਧੇਰੇ ਸੰਭਾਵਨਾ ਹੁੰਦੀ। ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰਾ ਆਸਾਨੀ ਨਾਲ ਪ੍ਰਭਾਵਿਤ ਨਹੀਂ ਹੋਵੇਗਾ। ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ ਵਿਚ ਦੋ ਸਾਲਾਂ ਦੇ ਸ਼ਾਸਨ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਵੀ ਬਹੁਤ ਸਾਰਾ ਫੰਡ ਇਕੱਠਾ ਕੀਤਾ ਹੈ। ਇਸ ਲਈ ਇਹ ਦੋਵੇਂ ਪਾਰਟੀਆਂ ਆਪਣੀ ਧਨ ਸ਼ਕਤੀ ਦੀ ਦੁਰਵਰਤੋਂ ਕਰ ਸਕਦੀਆਂ ਹਨ।

## ਕਾਂਗਰਸ ਤੇ 'ਆਪ' ਪੰਜਾਬੀਆਂ ਨੂੰ ਮੂਰਖ ਬਣਾ ਰਹੇ: ਸੁਖਬੀਰ

**ਲੰਬੀ:** ਸ਼੍ਰੋਮਣੀ ਅਕਾਲੀ ਦਲ ਦੇ ਗੜ੍ਹ ਲੰਬੀ ਵਿਚ 'ਪੰਜਾਬ ਬਚਾਓ ਯਾਤਰਾ' ਪੁੱਜੀ। ਇਹ ਯਾਤਰਾ ਸਰਾਵਾਂ ਜ਼ੈਲ ਦੇ ਪਿੰਡ ਕੋਲਿਆਂਵਾਲੀ ਤੋਂ ਸ਼ੁਰੂ ਹੋਈ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਅਤੇ 'ਆਪ' ਦਾ ਪੰਜਾਬ ਵਿਚ ਗੈਰ ਰਸਮੀ ਗੱਠਜੋੜ ਹੈ। ਇਹ ਅਸਿੱਧੀ ਜੰਗ ਲੜ ਕੇ ਪੰਜਾਬੀਆਂ ਨੂੰ ਮੂਰਖ ਬਣਾਉਣ ਲਈ ਪੱਬਾਂ ਭਾਰ ਹਨ। ਜਦੋਂਕਿ ਕੌਮੀ ਪੱਧਰ 'ਤੇ ਇਨ੍ਹਾਂ ਦਾ ਰਸਮੀ ਗੱਠਜੋੜ ਹੋ ਚੁੱਕਿਆ ਹੈ। ਇਸ ਕਰਕੇ 'ਆਪ' ਨੇ ਸੀਨੀਅਰ ਕਾਂਗਰਸੀ ਆਗੂਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੀ ਕਾਰਵਾਈ ਵੀ ਠੰਢੇ ਬਸਤੇ ਪਾ ਦਿੱਤੀ ਹੈ। ਇਸ ਤੋਂ ਪਹਿਲਾਂ ਲੰਬੀ ਵਿਚ ਮਹਿਲਾ ਅਕਾਲੀ ਦਲ ਦੀਆਂ ਵਰਕਰਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਫਲਸਫੇ ਅਨੁਸਾਰ ਸਭ ਨੂੰ ਨਾਲ ਲੈ ਕੇ ਵਿਕਾਸ ਦੇ ਰਾਹ 'ਤੇ ਚੱਲਣ ਲਈ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਹੁਣ ਖੇਤਰੀ ਪਾਰਟੀ ਦੀ ਲੋੜ ਮਹਿਸੂਸ ਕਰ ਰਹੇ ਹਨ, ਜੋ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰ ਸਕਦੀ ਹੋਵੇ। ਲੋਕਾਂ ਨੇ ਵੇਖ ਲਿਆ ਹੈ ਕਿ ਦਿੱਲੀ ਦੀ ਪਾਰਟੀ ਨੇ ਆਪਣੇ ਸਿਆਸੀ ਟੀਚਿਆਂ ਦੀ ਪੂਰਤੀ ਲਈ ਸੂਬੇ ਦਾ ਸਰਮਾਇਆ ਲੁੱਟਿਆ ਹੈ। ਬਾਦਲ ਨੇ ਦੋਸ਼ ਲਗਾਇਆ ਕਿ 'ਆਪ' ਸਰਕਾਰ ਨੇ ਵਿਕਾਸ ਕਾਰਜਾਂ ਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਪੈਸਾ ਪ੍ਰਾਪੇਗੰਡੇ ਆਦਿ 'ਤੇ ਖਰਚ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਕਾਂਗਰਸ ਤੇ ਹੁਣ 'ਆਪ' ਸਰਕਾਰ ਨੇ ਲੰਬੀ ਹਲਕੇ ਨੂੰ ਅਣਗੌਲਿਆ ਕੀਤਾ ਹੈ।



# ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ ਪੁਲਿਸ ਨੇ ਚੌਕਸੀ ਵਧਾਈ

**ਚੰਡੀਗੜ੍ਹ:** ਲੋਕ ਸਭਾ ਚੋਣਾਂ 2024 ਦਾ ਐਲਾਨ ਹੋਣ ਮਗਰੋਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸੁਰੱਖਿਆ ਇੰਤਜ਼ਾਮਾਂ ਦੀ ਸਮੀਖਿਆ ਕਰਨ ਮਗਰੋਂ ਸੂਬੇ ਵਿਚ ਪੁਲਿਸ ਫੋਰਸ ਨੇ ਮੁਸਤੈਦੀ ਵਧਾ ਦਿੱਤੀ ਹੈ। ਸੂਬੇ ਵਿਚ 75 ਫੀਸਦੀ ਪੁਲਿਸ ਬਲ ਤਾਇਨਾਤ ਕਰ ਦਿੱਤੇ ਗਏ ਹਨ ਅਤੇ ਅੰਤਰਰਾਜੀ ਨਾਕਿਆਂ 'ਤੇ ਚੈਕਿੰਗ ਸ਼ੁਰੂ ਕਰ ਦਿੱਤੀ ਗਈ ਹੈ। ਸੂਬੇ ਵਿਚ ਨੀਮ ਫੌਜੀ ਬਲਾਂ ਦੀਆਂ 25 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ।

ਡੀ.ਜੀ.ਪੀ. ਯਾਦਵ ਨੇ ਕਿਹਾ ਕਿ ਪੁਲਿਸ ਸਰਹੱਦੀ ਸੂਬੇ ਵਿਚ ਨਿਰਪੱਖ ਤੇ ਸ਼ਾਂਤੀਪੂਰਨ ਚੋਣਾਂ ਦਾ ਅਮਲ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਆਦਰਸ਼ ਚੋਣ ਜ਼ਾਬਤੇ ਦੀ ਹਰ ਪੱਖ ਤੋਂ ਪਾਲਣਾ ਕਰਨ ਅਤੇ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਭਗੌੜਿਆਂ (ਪੀ.ਓ) ਤੇ ਪੈਰੋਲ ਜੰਪਰਜ਼ ਨੂੰ ਗ੍ਰਿਫ਼ਤਾਰ ਕਰਨ ਅਤੇ ਗੈਰ-ਜ਼ਮਾਨਤੀ ਵਾਰੰਟਾਂ ਨੂੰ ਲਾਗੂ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਐਸ.ਐਸ.ਪੀਜ਼. ਅਤੇ ਸੀ.ਪੀਜ਼. ਨੂੰ ਨਾਜਾਇਜ਼ ਸ਼ਰਾਬ, ਨਸ਼ੀਲੇ ਪਦਾਰਥਾਂ ਤੇ ਸਾਈਕੋਟਰੌਪਿਕ ਪਦਾਰਥਾਂ ਦੀ ਵਿਕਰੀ ਵਿਚ ਸ਼ਾਮਲ ਲੋਕਾਂ ਦੀ ਚੌਕਸੀ ਨਾਲ ਨਿਗਰਾਨੀ ਕਰਨ ਲਈ ਵੀ ਕਿਹਾ ਗਿਆ ਹੈ। ਗੌਰਵ ਯਾਦਵ ਨੇ ਲਾਇਸੈਂਸੀ ਹਥਿਆਰ ਜਮ੍ਹਾਂ ਕਰਾਏ ਜਾਣ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਕਈ ਜ਼ਿਲ੍ਹਿਆਂ ਵਿਚ 22 ਮਾਰਚ ਤੱਕ ਅਸਲਾ ਜਮ੍ਹਾਂ ਕਰਾਉਣ ਬਾਰੇ ਜ਼ਿਲ੍ਹਾ ਮੈਜਿਸਟਰੇਟਾਂ ਨੇ ਹੁਕਮ ਜਾਰੀ ਕੀਤੇ ਹੋਏ ਹਨ। ਸਪੈਸ਼ਲ ਡੀ.ਜੀ.ਪੀ. ਅਰਪਿਤ ਸ਼ੁਕਲਾ ਨੇ ਕਿਹਾ ਕਿ ਸੂਬੇ ਭਰ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਫੀਲਡ ਅਫਸਰਾਂ ਨੂੰ ਪੁਲਿਸ ਬਲਾਂ ਦਾ ਆਡਿਟ ਕਰਨ ਲਈ ਕਿਹਾ ਗਿਆ ਹੈ ਅਤੇ ਚੋਣਾਂ ਦੌਰਾਨ 75 ਫੀਸਦ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ। ਸਾਰੇ ਸੀ.ਪੀਜ਼. ਤੇ ਐਸ.ਐਸ.ਪੀਜ਼. ਨੂੰ ਪਹਿਲਾਂ ਹੀ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖਣ ਅਤੇ ਆਪੋ-ਆਪਣੇ ਅਧਿਕਾਰ ਖੇਤਰਾਂ ਵਿਚ ਫਲੈਗ ਮਾਰਚ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਅਪਰਾਧੀਆਂ ਅਤੇ ਨਸ਼ਾ ਤਸਕਰਾਂ ਨੂੰ ਰੋਕਣ ਲਈ ਅੰਤਰ-ਰਾਜੀ ਸਰਹੱਦਾਂ 'ਤੇ ਚੈਕਿੰਗ ਵਧਾ ਦਿੱਤੀ ਗਈ ਹੈ। 25 ਕੰਪਨੀਆਂ ਵਿਚ ਸੈਂਟਰਲ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐਫ) ਦੀਆਂ ਪੰਜ, ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦੀਆਂ 15 ਅਤੇ ਇੰਡੋ-ਤਿੱਬਤੀਅਨ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਦੀਆਂ ਪੰਜ ਕੰਪਨੀਆਂ ਸ਼ਾਮਲ ਹਨ।



ਪੰਜਾਬ ਟਾਈਮਜ਼

*ਸ਼ਨਿਚਰਵਾਰ, 23 ਮਾਰਚ, 2024*

# ਚੋਣਾਂ ਦਾ ਪਿੜ ਭਖਿਆ

*ਭਾਰਤ ਵਿਚ ਅਗਲੀਆਂ ਲੋਕ ਸਭਾ ਚੋਣਾਂ ਦਾ ਐਲਾਨ ਹੋ ਗਿਆ ਹੈ ਅਤੇ ਇਸ ਦੇ ਨਾਲ ਹੀ ਸਿਆਸੀ ਪਿੜ ਭਖ ਗਿਆ ਹੈ। ਕੇਂਦਰ ਵਿਚ ਸੱਤਾਧਾਰੀ ਧਿਰ ਤਾਂ ਚਿਰਾਂ ਤੋਂ ਚੋਣ ਸਰਗਰਮੀਆਂ ਦੇ ਹਿਸਾਬ ਨਾਲ ਚੱਲ ਰਹੀ ਸੀ ਪਰ ਹੁਣ ਚੋਣਾਂ ਦੇ ਰਸਮੀ ਐਲਾਨ ਤੋਂ ਬਾਅਦ ਇਸ ਨੇ ਹੋਰ ਹੀਲੇ ਕਰਨ ਵਿਚ ਤੇਜ਼ੀ ਲੈ ਆਂਦੀ ਹੈ। ਭਾਰਤੀ ਜਨਤਾ ਪਾਰਟੀ ਦੇ ਖਿਲਾਫ ਉਸਰਿਆ ਇੰਡੀਆ ਗੱਠਜੋੜ ਭਾਵੇਂ ਤਕੜੀ ਪੈਂਠ ਤਾਂ ਨਹੀਂ ਪਾ ਸਕਿਆ ਪਰ ਇਸ ਨੇ ਕੁਝ ਮਸਲਿਆਂ 'ਤੇ ਵਿਰੋਧੀ ਧਿਰ ਦੇ ਇਕ ਹਿੱਸੇ ਨੂੰ ਪ੍ਰਭਾਵਿਤ ਜ਼ਰੂਰ ਕੀਤਾ ਹੈ। ਸਿਆਸੀ ਵਿਸ਼ਲੇਸ਼ਕਾਂ ਮੁਤਾਬਿਕ, ਗੱਠਜੋੜ ਦੀ ਇਸ ਕਵਾਇਦ ਦਾ ਚੋਣਾਂ 'ਤੇ ਅਸਰ ਪੈਣਾ ਲਾਜ਼ਮੀ ਹੈ। ਉਧਰ, ਸੁਪਰੀਮ ਕੋਰਟ ਦੇ ਚੋਣ ਬਾਂਡਾਂ ਬਾਰੇ ਹੁਕਮਾਂ ਨੇ ਵੱਖਰਾ ਮਾਹੌਲ ਸਿਰਜ ਦਿੱਤਾ ਹੈ। ਚੋਣ ਬਾਂਡਾਂ ਦੇ ਮਾਮਲੇ ਵਿਚ ਜੋ ਭ੍ਰਿਸ਼ਟਾਚਾਰ ਭਾਰਤੀ ਜਨਤਾ ਪਾਰਟੀ ਨੇ ਕੀਤਾ ਹੈ, ਉਸ ਨਾਲ ਸਰਕਾਰ ਬਹੁਤ ਬੁਰੀ ਫਸ ਗਈ ਹੈ। ਇਹ ਹੁਣ ਵਿਰੋਧੀ ਧਿਰ ਉਤੇ ਨਿਰਭਰ ਹੈ ਕਿ ਇਸ ਨੇ ਚੋਣ ਬਾਂਡ ਵਾਲੇ ਮਾਮਲੇ ਨੂੰ ਆਪਣੇ ਹੱਕ ਵਿਚ ਕਿਵੇਂ ਵਰਤਣਾ ਹੈ। ਚੋਣ ਬਾਂਡਾਂ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਵਾਲੀਆਂ ਚੋਟੀ ਦੀਆਂ 30 ਫਰਮਾਂ 'ਚੋਂ ਅੱਧ ਤੋਂ ਵੱਧ ਫਰਮਾਂ ਦੀ ਜਾਂਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.), ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਅਤੇ ਆਮਦਨ ਕਰ ਵਿਭਾਗ ਦੀ ਨਿਗਰਾਨੀ ਹੇਠ ਚੱਲ ਰਹੀ ਸੀ। ਇਨ੍ਹਾਂ ਖੁਲਾਸਿਆਂ ਤੋਂ ਵਿਰੋਧੀ ਧਿਰ ਦੀਆਂ ਪਾਰਟੀਆਂ ਵਲੋਂ ਲਾਏ ਜਾਂਦੇ ਇਨ੍ਹਾਂ ਦੋਸ਼ਾਂ ਨੂੰ ਬਲ ਮਿਲਿਆ ਹੈ ਕਿ ਚੰਦਾ ਦੇਣ ਵਾਲੀਆਂ ਫਰਮਾਂ ਅਤੇ ਇਸ ਦਾ ਲਾਭ ਹਾਸਿਲ ਕਰਨ ਵਾਲੀਆਂ ਸਿਆਸੀ ਪਾਰਟੀਆਂ ਵਿਚਕਾਰ ਲੈਣ-ਦੇਣ ਹੋਇਆ ਸੀ। ਇਸ ਨਾਲ ਵਿਰੋਧੀ ਧਿਰ ਦੇ ਇਨ੍ਹਾਂ ਦੋਸ਼ਾਂ ਨੂੰ ਵੀ ਹੁਣ ਦਰਕਿਨਾਰ ਨਹੀਂ ਕੀਤਾ ਜਾ ਸਕੇਗਾ ਕਿ ਵਿਭਾਗਾਂ ਅਤੇ ਏਜੰਸੀਆਂ ਨੂੰ ਸੱਤਾਧਾਰੀ ਧਿਰ ਆਪਣੇ ਮੁਫਾਦਾਂ ਲਈ ਵਰਤ ਰਹੀ ਹੈ। ਚੋਣ ਬਾਂਡ ਸਕੀਮ ਤਹਿਤ ਮਿਲਣ ਵਾਲੇ ਚੰਦਿਆਂ ਦਾ ਸਭ ਤੋਂ ਵੱਡਾ ਹਿੱਸਾ ਭਾਰਤੀ ਜਨਤਾ ਪਾਰਟੀ ਨੂੰ ਮਿਲਿਆ ਸੀ ਅਤੇ ਕੁੱਲ ਮਿਲਾ ਕੇ ਇਹ 6566 ਕਰੋੜ ਰੁਪਏ ਦੀ ਰਕਮ ਬਣਦੀ ਹੈ ਜੋ ਪਿਛਲੇ ਸਾਲਾਂ ਦੌਰਾਨ ਮਿਲੇ ਕੁੱਲ ਚੰਦਿਆਂ ਦਾ 55 ਫ਼ੀਸਦ ਬਣ ਜਾਂਦਾ ਹੈ।*

*ਚੋਣ ਕਮਿਸ਼ਨ ਦੇ ਐਲਾਨ ਅਨੁਸਾਰ, ਚੋਣਾਂ ਸੱਤ ਗੇੜਾਂ ਵਿਚ ਹੋਣੀਆਂ ਹਨ ਅਤੇ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਇਸ ਦੇ ਨਾਲ-ਨਾਲ ਕਈ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਵੀ ਹੋਣਗੀਆਂ ਜਿਨ੍ਹਾਂ ਵਿਚ ਹਰਿਆਣਾ, ਅਰੁਣਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼, ਸਿੱਕਮ ਤੇ ਉੜੀਸਾ ਸ਼ਾਮਲ ਹਨ। ਇਸੇ ਦੌਰਾਨ, ਲੋਕ ਸਭਾ ਚੋਣਾਂ ਵਿਚ ਦੱਖਣ ਵਿਚ ਆਪਣੇ ਪੈਰ ਜਮਾਉਣ ਦੇ ਮਨਸ਼ੇ ਨਾਲ ਭਾਰਤੀ ਜਨਤਾ ਪਾਰਟੀ ਨੇ ਤਾਮਿਲ ਨਾਡੂ ਵਿਚ ਪੱਤਾਲੀ ਮੱਕਲ ਕਾਚੀ (ਪੀ.ਐਮ.ਕੇ.) ਨਾਲ ਸੀਟਾਂ ਦੀ ਵੰਡ ਕਰ ਲਈ ਹੈ। ਪਿਛਲੇ ਸਾਲ ਅੰਨਾ ਡੀ.ਐਮ.ਕੇ. ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ। ਪੀ.ਐਮ.ਕੇ. 2021 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਅੰਨਾਡੀ.ਐਮ.ਕੇ. ਦੀ ਅਗਵਾਈ ਵਾਲੇ ਗੱਠਜੋੜ ਦਾ ਹਿੱਸਾ ਸੀ। ਵਿਧਾਨ ਸਭਾ ਚੋਣਾਂ ਵਿਚ ਪੀ.ਐਮ.ਕੇ. ਨੇ ਪੰਜ ਸੀਟਾਂ ਜਿੱਤੀਆਂ ਸਨ ਅਤੇ ਚਾਰ ਫ਼ੀਸਦ ਵੋਟਾਂ ਹਾਸਿਲ ਕੀਤੀਆਂ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿਚ ਤਾਮਿਲ ਨਾਡੂ ਵਿਚ ਦ੍ਰਾਵਿੜ ਮੁਨੇਤਰ ਕੜਗਮ (ਡੀਐਮਕੇ) ਦੀ ਅਗਵਾਈ ਵਾਲੇ ਧਰਮ-ਨਿਰਪੱਖ ਅਗਾਂਹਵਧੂ ਗੱਠਜੋੜ (ਐਸ.ਪੀ.ਏ.) ਨੇ 39 ਵਿਚੋਂ 38 ਸੀਟਾਂ ਜਿੱਤੀਆਂ ਸਨ। ਕਾਂਗਰਸ ਅਤੇ ਖੱਬੀਆਂ ਪਾਰਟੀਆਂ ਵੀ ਇਸ ਗੱਠਜੋੜ ਦਾ ਹਿੱਸਾ ਹਨ ਜੋ ਹੁਣ 'ਇੰਡੀਆ' ਗੱਠਜੋੜ ਦੇ ਬੈਨਰ ਹੇਠ ਚੋਣਾਂ ਲੜ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਤਾਮਿਲ ਨਾਡੂ ਅਤੇ ਕੇਰਲਾ ਦੇ ਕਈ ਦੌਰੇ ਕੀਤੇ ਹਨ ਜਿਸ ਤੋਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਜਨਤਾ ਪਾਰਟੀ ਦੱਖਣ ਦੇ ਸੂਬਿਆਂ ਵਿਚ ਲੋਕ ਸਭਾ ਦੀਆਂ ਚੋਣਾਂ ਨੂੰ ਕਿੰਨੀ ਗੰਭੀਰਤਾ ਨਾਲ ਲੈ ਰਹੀ ਹੈ। ਭਾਰਤੀ ਜਨਤਾ ਪਾਰਟੀ ਇਸ ਤੱਥ ਤੋਂ ਭਲੀਭਾਂਤ ਵਾਕਿਫ਼ ਹੈ ਕਿ ਇਹ ਦੱਖਣ ਦੇ ਕਿਸੇ ਵੀ ਸੂਬੇ ਦੀ ਸੱਤਾ ਵਿਚ ਨਹੀਂ ਹੈ। ਭਾਸ਼ਾ ਵੱਲ ਪਹੁੰਚ ਅਤੇ ਕਈ ਹੋਰ ਮਸਲਿਆਂ ਕਰ ਕੇ ਭਾਰਤੀ ਜਨਤਾ ਪਾਰਟੀ ਦੀ ਕਾਰਗੁਜ਼ਾਰੀ ਇਨ੍ਹਾਂ ਸੂਬਿਆਂ ਅੰਦਰ ਸੀਮਤ ਹੀ ਰਹੀ ਹੈ। ਖੇਤਰੀ ਪਾਰਟੀਆਂ ਨਾਲ ਗੱਠਜੋੜ ਕਰਨ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਇਸ ਖਿੱਤੇ ਵਿਚ ਆਪਣੇ ਪੈਰ ਜਮਾਉਣ ਵਿਚ ਅਸਫਲ ਰਹੀ ਹੈ। ਭਾਰਤੀ ਜਨਤਾ ਪਾਰਟੀ ਹੋਰ ਥਾਈਂ ਵੀ ਚੁਣਾਵੀ ਗੱਠਜੋੜ ਜਾਂ ਸੀਟਾਂ ਦਾ ਲੈਣ ਦੇਣ ਕਰ ਰਹੀ ਹੈ। ਇਸ ਨੇ ਬਿਹਾਰ ਵਿਚ ਜਨਤਾ ਦਲ (ਯੂ.) ਅਤੇ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨਾਲ ਸੀਟਾਂ ਦੀ ਵੰਡ ਦਾ ਸਮਝੌਤਾ ਕਰ ਲਿਆ ਸੀ। ਇਹ ਕਿਆਸ ਵੀ ਹਨ ਕਿ ਮਹਾਰਾਸ਼ਟਰ ਵਿਚ ਰਾਜ ਠਾਕਰੇ ਦੀ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਵੀ ਐਨ.ਡੀ.ਏ. ਵਿਚ ਸ਼ਾਮਿਲ ਹੋ ਸਕਦੀ ਹੈ।*

*ਹਾਲ ਦੀ ਘੜੀ ਭਾਵੇਂ ਭਾਰਤੀ ਜਨਤਾ ਪਾਰਟੀ ਦਾ ਹੱਥ ਉਪਰ ਜਾਪਦਾ ਹੈ ਪਰ ਸਿਆਸਤ ਦਾ ਇਹ ਪਿੜ ਇੰਨਾ ਸਿੱਧਾ ਵੀ ਨਹੀਂ ਹੈ। ਹਰਿਆਣਾ ਅਤੇ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੇ ਬਹੁਤ ਜ਼ਿਆਦਾ ਪਛੜ ਜਾਣ ਦੀ ਕਨਸੋਆਂ ਹਨ। ਕਿਹਾ ਜਾ ਰਿਹਾ ਹੈ ਕਿ ਇਸੇ ਕਰ ਕੇ ਇਨ੍ਹਾਂ ਦੋਹਾਂ ਸੂਬਿਆਂ ਨੂੰ ਸਭ ਤੋਂ ਅਖੀਰਲੇ ਗੇੜ ਵਿਚ ਰੱਖਿਆ ਗਿਆ ਹੈ। ਦੱਖਣੀ ਸੂਬਿਆਂ ਵਿਚ ਉਂਝ ਹੀ ਭਾਰਤੀ ਜਨਤਾ ਪਾਰਟੀ ਦੇ ਪੈਰ ਨਹੀਂ ਲੱਗ ਰਹੇ। ਅਧੂਰੇ ਰਾਮ ਮੰਦਰ ਦਾ ਉਦਘਾਟਨ ਕਰ ਕੇ ਭਾਰਤੀ ਜਨਤਾ ਪਾਰਟੀ ਨੇ ਲਾਹਾ ਲੈਣ ਦਾ ਯਤਨ ਕੀਤਾ ਪਰ ਹੁਣ ਖਬਰਾਂ ਹਨ ਕਿ ਇਸ ਮੁੱਦੇ ਦਾ ਹੁਣ ਬਹੁਤ ਅਸਰ ਨਹੀਂ ਰਹਿ ਗਿਆ। ਕੌਣ ਜਿੱਤਦਾ ਤੇ ਕੌਣ ਹਾਰਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਪਰ ਇਹ ਸੰਭਵ ਹੈ ਕਿ ਸੱਤਾ ਧਿਰ ਨੂੰ ਓਨੀਆਂ ਸੀਟਾਂ ਨਾ ਮਿਲਣ ਜਿੰਨੀਆਂ ਦਾ ਇਹ ਦਾਅਵਾ ਕਰ ਰਹੀ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਵੋਟ-ਭੁੱਖ ਦੇ ਕਾਰੇ!

ਬੁੱਲੇ ਸ਼ਾਹ ਨੂੰ ਮਿਲਿਆ ਸੀ ਸਬਕ ਜਿੱਦਾਂ, ਉੱਧਰੋਂ ਪੁੱਟ ਕੇ ਦੂਜੇ ਥਾਂ ਲਾਉਣ ਵਾਲਾ।
ਸਿਆਸੀ ਦਲਾਂ ਨੇ ਫੜ ਲਿਆ ਕੰਮ ਏਹੋ, ਬੰਦਾ 'ਪੱਟ' ਕੇ 'ਸੀਟ' ਜਿਤਾਉਣ ਵਾਲਾ।
ਕਿਤਿਓਂ ਚੱਕ ਕੇ 'ਇੱਟ' ਤੇ ਕਿਤੋਂ 'ਰੋੜਾ', ਭਾਨਮਤੀ ਦਾ 'ਕੁਣਬਾ' ਬਣਾਉਣ ਵਾਲਾ।
ਕਾਮਯਾਬ ਹੁਣ ਸਿਆਸਤ ਵਿਚ ਉਹੀ ਹੁੰਦਾ, 'ਭੋਗ' ਦੀਨ ਇਮਾਨ ਦਾ ਪਾਉਣ ਵਾਲਾ।
'ਟਿਕਟ' ਲੱਭਦੇ ਫਿਰਦੇ ਨੇ ਗਾਹਕ ਕੋਈ, 'ਵਗਦੀ ਗੰਗਾ' ਵਿਚ ਹੱਥ ਧੁਆਉਣ ਵਾਲਾ।
ਵਾਅਦਾ ਭੁੱਲ ਗਏ 'ਨਵੇਂ' ਵੀ ਜਾਪਦੇ ਨੇ, ਪਹਿਲਾਂ ਨਾਲੋਂ 'ਬਦਲਾਅ' ਲਿਆਉਣ ਵਾਲਾ!

# ਚੋਣ ਬਾਂਡ, ਪਾਰਟੀਆਂ ਅਤੇ ਕਾਰਪੋਰੇਟ ਘਰਾਣੇ

**ਕਾਰਪੋਰੇਟ ਘਰਾਣਿਆਂ ਵੱਲੋਂ ਮੌਜੂਦਾ ਢਾਂਚੇ ਨੂੰ ਬਣਾਈ ਰੱਖਣ ਲਈ ਚੋਣਾਂ ਨੇੜੇ ਹਾਕਮ ਜਮਾਤ ਪਾਰਟੀਆਂ ਨੂੰ ਫੰਡ ਦੇ ਰੂਪ ਵਿਚ ਕੁਝ ਪੂੰਜੀ ਦੇਣ ਦਾ ਅਮਲ ਦਹਾਕਿਆਂ ਤੋਂ ਚੱਲ ਰਿਹਾ ਹੈ ਜਿਸ ਦੇ ਬਦਲ ਵਜੋਂ ਸੱਤਾ ਹਾਸਲ ਕਰਨ ਵਾਲੀ ਧਿਰ ਤੋਂ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਵਾਈਆਂ ਜਾਂਦੀਆਂ ਸਨ ਅਤੇ ਮੋਟੀਆਂ ਸਬਸਿਡੀਆਂ ਹਾਸਿਲ ਕੀਤੀਆਂ ਜਾਂਦੀਆਂ ਸਨ। ਭਾਜਪਾ ਨੇ ਸੱਤਾ ਹਾਸਲ ਕਰਨ ਤੋਂ ਬਾਅਦ ਚੋਣ ਬਾਂਡ ਯੋਜਨਾ ਤਹਿਤ ਇਸ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਆਪਣੇ ਪੱਖ ਵਿਚ ਭੁਗਤਾ ਲਿਆ।**

ਦੇਸ਼ ਵਿਚ ਇਕ ਪਾਸੇ ਲੋਕ ਸਭਾ ਚੋਣਾਂ ਦਾ ਬਿਗੁਲ ਵੱਜਿਆ ਹੋਇਆ ਹੈ, ਦੂਜੇ ਪਾਸੇ ਸੁਪਰੀਮ ਕੋਰਟ ਵਿਚ ਚੱਲ ਰਹੀ ਸੁਣਵਾਈ ਕਾਰਨ ਚੋਣ ਬਾਂਡ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਚੋਣ ਬਾਂਡ ਯੋਜਨਾ 2018 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਇਹ ਕਹਿ ਕੇ ਸ਼ੁਰੂ ਕੀਤੀ ਸੀ ਕਿ ਸਰਕਾਰ ਹੁਣ ਸਿਆਸੀ ਫੰਡਿੰਗ ਵਿਚ ਪਾਰਦਰਸ਼ਤਾ ਲਿਆਏਗੀ। ਇਸ ਯੋਜਨਾ ਤਹਿਤ ਕੋਈ ਵੀ ਬੰਦਾ ਜਾਂ ਕੰਪਨੀ ਇਕ ਹਜ਼ਾਰ ਰੁਪਏ ਤੋਂ ਇਕ ਕਰੋੜ ਰੁਪਏ ਦੇ ਮੁੱਲ ਦੇ ਜਿੰਨੇ ਵੀ ਚਾਹੇ ਚੋਣ ਬਾਂਡ ਐਸ.ਬੀ.ਆਈ. ਦੀਆਂ ਅਧਿਕਾਰਤ ਬਰਾਂਚਾਂ ਤੋਂ ਖਰੀਦ ਸਕਦਾ ਹੈ। ਖਰੀਦਦਾਰ ਇਹ ਬਾਂਡ ਸਿਆਸੀ ਪਾਰਟੀਆਂ ਨੂੰ ਦਿੰਦੇ ਸਨ ਜੋ ਇਨ੍ਹਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਖਾਤੇ ਵਿਚ ਜਮ੍ਹਾਂ ਕਰਾ



ਲੈਂਦੀਆਂ ਸਨ। ਇਸ ਸਕੀਮ ਤਹਿਤ ਖਰੀਦਦਾਰ ਬਾਰੇ ਜਾਣਕਾਰੀ ਆਮ ਲੋਕਾਂ ਤੋਂ ਗੁਪਤ ਰੱਖੀ ਜਾਂਦੀ ਸੀ ਅਤੇ ਇਹ ਵੀ ਨਹੀਂ ਦੱਸਿਆ ਜਾਂਦਾ ਸੀ ਕਿ ਕਿਸ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕੰਪਨੀ ਨੇ ਕਿੰਨੇ ਪੈਸੇ ਦੇ ਬਾਂਡ ਕਿਸ ਸਿਆਸੀ ਪਾਰਟੀ ਨੂੰ ਦਿੱਤੇ ਪਰ ਇਹ ਭੇਤ ਨਾ ਹੀ ਤਾਂ ਭਾਰਤੀ ਸਟੇਟ ਬੈਂਕ ਤੋਂ ਗੁਪਤ ਸਨ ਅਤੇ ਨਾ ਹੀ ਕੇਂਦਰੀ ਏਜੰਸੀਆਂ ਤੋਂ; ਮਤਲਬ, ਜਦ ਐਸ.ਬੀ.ਆਈ. ਅਤੇ ਸਰਕਾਰੀ ਏਜੰਸੀਆਂ ਨੂੰ ਪਤਾ ਹੈ ਕਿ ਕਿਸ ਵਪਾਰਕ ਅਦਾਰੇ ਨੇ ਕਿੰਨੇ ਪੈਸੇ ਦੇ ਬਾਂਡ ਖਰੀਦੇ ਅਤੇ ਕਿਸ ਸਿਆਸੀ ਪਾਰਟੀ ਨੂੰ ਦਿੱਤੇ ਤਾਂ ਸਾਫ ਹੈ ਕਿ ਸੱਤਾਧਾਰੀ ਧਿਰ ਨੂੰ ਵੀ ਪੂਰੀ ਜਾਣਕਾਰੀ ਹੋਵੇਗੀ। ਜੇ ਇਹ ਭੇਤ ਕਿਸੇ ਤੋਂ ਗੁਪਤ ਹੈ ਤਾਂ ਉਹ ਹਨ ਵਿਰੋਧੀ ਪਾਰਟੀਆਂ ਅਤੇ ਆਮ ਵੋਟਰ। ਇਸ ਯੋਜਨਾ ਨੇ ਸਭ ਤੋਂ ਵੱਡਾ ਘਚੋਲਾ ਸ਼ੁਰੂ ਕੀਤਾ ਕਿ ਜਦ ਦੇਸ਼ ਦੇ ਨਾਗਰਿਕਾਂ ਨੂੰ ਇਹ ਹੀ ਪਤਾ ਨਹੀਂ ਲੱਗਦਾ ਕਿ ਕੌਣ ਕਿਸ ਨੂੰ ਕਿੰਨਾ ਫੰਡ ਦੇ ਰਿਹਾ ਹੈ ਤਾਂ ਪਾਰਦਰਸ਼ਤਾ ਕਿੱਥੇ ਹੈ?

ਵੈਸੇ ਤਾਂ ਇਸ ਲੋਕ ਵਿਰੋਧੀ ਢਾਂਚੇ ਨੂੰ ਬਣਾਈ ਰੱਖਣ ਲਈ ਕਾਰਪੋਰੇਟ ਘਰਾਣਿਆਂ ਵੱਲੋਂ ਚੋਣਾਂ ਨੇੜੇ ਹਾਕਮ ਜਮਾਤ ਪਾਰਟੀਆਂ ਨੂੰ ਫੰਡ ਦੇ ਰੂਪ ਵਿਚ ਕੁਝ ਪੂੰਜੀ ਦੇਣ ਦਾ ਅਮਲ ਦਹਾਕਿਆਂ ਤੋਂ ਚੱਲ ਰਿਹਾ ਹੈ ਜਿਸ ਦੇ ਬਦਲ ਵਜੋਂ ਸੱਤਾ ਹਾਸਲ ਕਰਨ ਵਾਲੀ ਧਿਰ ਤੋਂ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਵਾਈਆਂ ਜਾਂਦੀਆਂ ਸਨ ਅਤੇ ਮੋਟੀਆਂ ਸਬਸਿਡੀਆਂ ਹਾਸਲ ਕੀਤੀਆਂ ਜਾਂਦੀਆਂ ਸਨ ਪਰ ਭਾਜਪਾ ਨੇ ਸੱਤਾ ਹਾਸਲ ਕਰਨ ਤੋਂ ਬਾਅਦ ਚੋਣ ਬਾਂਡ ਯੋਜਨਾ ਤਹਿਤ ਇਸ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਆਪਣੇ ਪੱਖ ਵਿਚ ਭੁਗਤਾ ਲਿਆ। ਇਸ ਯੋਜਨਾ ਨੇ ਦੇਸ਼ ਦੀ ਜਮਹੂਰੀ ਕਹੀ ਜਾਂਦੀ ਪ੍ਰਣਾਲੀ 'ਤੇ ਸਵਾਲ ਖੜ੍ਹੇ ਕੀਤੇ ਤਾਂ ਇਹ ਮਾਮਲਾ ਸੁਪਰੀਮ ਕੋਰਟ ਵਿਚ ਗਿਆ। ਸੁਪਰੀਮ ਕੋਰਟ ਵਿਚ ਦਲੀਲ ਦਿੱਤੀ ਗਈ ਕਿ ਵੋਟਰਾਂ ਨੂੰ ਇਹ ਜਾਣਨ ਦਾ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ ਕਿ ਕਿਸੇ ਸਿਆਸੀ ਪਾਰਟੀ ਨੂੰ ਫੰਡ ਕਿਹੜੀਆਂ ਕੰਪਨੀਆਂ, ਵਿਅਕਤੀਆਂ ਅਤੇ ਹੋਰ ਸਰੋਤਾਂ ਤੋਂ ਪ੍ਰਾਪਤ ਹੋਏ।

ਸੁਪਰੀਮ ਕੋਰਟ ਨੇ 15 ਫਰਵਰੀ ਨੂੰ ਚੋਣ ਬਾਂਡਾਂ ਨੂੰ ਰਿਸ਼ਵਤ ਕਰਾਰ ਦਿੰਦਿਆਂ ਐਸ.ਬੀ.ਆਈ. ਨੂੰ ਕਿਹਾ ਸੀ ਕਿ ਉਹ ਚੋਣ ਫੰਡ ਦੇਣ ਵਾਲੀਆਂ ਕੰਪਨੀਆਂ ਅਤੇ ਪ੍ਰਾਪਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਦਾ ਪੂਰਾ ਵੇਰਵਾ 6 ਮਾਰਚ ਤੱਕ ਚੋਣ ਕਮਿਸ਼ਨ ਨੂੰ ਸੌਂਪੇ ਅਤੇ ਚੋਣ ਕਮਿਸ਼ਨ 13 ਮਾਰਚ ਤੱਕ ਇਸ ਵੇਰਵੇ ਨੂੰ ਆਪਣੀ ਵੈੱਬਸਾਈਟ ਉੱਤੇ ਨਸ਼ਰ ਕਰੇ ਪਰ ਇਸ ਮਾਮਲੇ ਵਿਚ ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਨੰਗੇ ਚਿੱਟੇ ਰੂਪ ਵਿਚ ਸਰਕਾਰ ਦੇ ਪੱਖ ਵਿਚ ਭੁਗਤੀ ਕਿਉਂਕਿ 6 ਮਾਰਚ ਤੋਂ ਪਹਿਲਾਂ ਹੀ ਐਸ.ਬੀ.ਆਈ. ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕਰ ਕੇ





30 ਜੂਨ ਤੱਕ ਸਮਾਂ ਵਧਾਉਣ ਦੀ ਮੰਗ ਕੀਤੀ ਜਿਸ ਦਾ ਮੰਤਵ ਸਮਝਿਆ ਜਾ ਸਕਦਾ ਹੈ ਕਿ ਐਸ.ਬੀ.ਆਈ. ਚਾਹੁੰਦੀ ਸੀ ਕਿ 30 ਜੂਨ ਤੱਕ ਲੋਕ ਸਭਾ ਚੋਣਾਂ ਲੰਘ ਜਾਣਗੀਆਂ ਅਤੇ ਸੱਤਾਧਾਰੀ ਧਿਰ ਦਾ ਚੋਣਾਂ ਵਿਚ ਕੋਈ ਸਿਆਸੀ ਨੁਕਸਾਨ ਨਹੀਂ ਹੋਵੇਗਾ; ਹਾਲਾਂਕਿ ਐਸ.ਬੀ.ਆਈ. ਕੋਲ ਸਿਆਸੀ ਪਾਰਟੀਆਂ ਦੇ ਚੋਣ ਬਾਂਡਾਂ ਦਾ ਆਡਿਟ ਟਰੈਕ ਹੁੰਦਾ ਹੈ; ਭਾਵ, ਹਰ ਬਾਂਡ ਉੱਤੇ ਸੀਰੀਅਲ ਨੰਬਰ ਹੁੰਦਾ ਹੈ ਜਿਸ ਤੋਂ ਉਸ ਨਾਲ ਸਬੰਧਿਤ ਸਾਰੀ ਜਾਣਕਾਰੀ, ਦੇਣ ਲੈਣ ਵਾਲੇ ਬਾਰੇ ਵੇਰਵਿਆਂ ਸਮੇਤ, ਇੱਕ ਥਾਂ ਸਟੋਰ ਹੋ ਜਾਂਦੀ ਹੈ; ਮਤਲਬ, ਐਸ.ਬੀ.ਆਈ. ਅਤੇ ਸਰਕਾਰ ਕੋਲ ਪੂਰਾ ਸਿਸਟਮ ਮੌਜੂਦ ਹੈ ਜਿਸ ਤਹਿਤ ਮਹਿਜ਼ 24 ਘੰਟਿਆਂ ਵਿਚ ਡੇਟਾ ਪ੍ਰਾਪਤ ਹੋ ਸਕਦਾ ਹੈ। ਅਸਲ ਵਿਚ ਚੋਣ ਬਾਂਡ ਦਾ ਡੇਟਾ ਜਨਤਕ ਹੋਣ ਤੋਂ ਰੋਕਣ ਲਈ ਸਰਕਾਰ/ਐਸ.ਬੀ.ਆਈ. ਨੇ ਪੂਰੀ ਵਾਹ ਲਗਾਈ ਕਿਉਂਕਿ ਸਰਕਾਰ ਨਹੀਂ ਚਾਹੁੰਦੀ ਸੀ ਕਿ ਹਾਕਮ ਜਮਾਤ ਪਾਰਟੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਗੱਠਜੋੜ ਦਾ ਸੱਚ ਲੋਕਾਂ ਸਾਹਮਣੇ ਆਵੇ।

ਸਰਕਾਰ ਨੇ ਐਸ.ਬੀ.ਆਈ. ਨੂੰ ਅਜਿਹੀ ਢਾਲ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਐਸ.ਬੀ.ਆਈ. ਨੇ ਅਦਾਲਤੀ ਸਖਤੀ ਦੇ ਬਾਵਜੂਦ ਪੋਲੀ-ਪਤਲੀ ਜਿਹੀ ਜਾਣਕਾਰੀ ਮੁਹੱਈਆ ਕੀਤੀ ਹੈ; ਉਦਾਹਰਨ ਦੇ ਤੌਰ 'ਤੇ ਐਸ.ਬੀ.ਆਈ. ਵੱਲੋਂ 14 ਮਾਰਚ ਨੂੰ ਦਿੱਤੇ ਅੰਕੜਿਆਂ ਵਿਚ ਚੋਣ ਬਾਂਡਾਂ ਦੇ ਪਛਾਣ ਨੰਬਰ ਨਹੀਂ ਸਨ ਜਿਸ ਤੋਂ ਇਹ ਪਤਾ ਲੱਗ ਸਕਦਾ ਕਿ ਫੰਡ ਦਿੱਤਾ ਕਿਸ ਪਾਰਟੀ ਨੂੰ ਗਿਆ ਹੈ। ਸੁਪਰੀਮ ਕੋਰਟ ਨੇ ਪਛਾਣ ਨੰਬਰ ਦਾ ਖੁਲਾਸਾ ਨਾ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਐਸ.ਬੀ.ਆਈ. ਦੇ ਇਸ ਵਿਹਾਰ ਤੋਂ ਖਫਾ ਹੋ ਕੇ ਜਿੱਥੇ ਐਸ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ, ਉੱਥੇ ਹੀ ਚੋਣ ਕਮਿਸ਼ਨ ਨੂੰ ਕਿਹਾ ਕਿ ਚੋਣ ਬਾਂਡ ਦੇ ਵਿਲੱਖਣ ਨੰਬਰ ਬਾਰੇ ਜਾਣਕਾਰੀ ਫੌਰੀ ਮੁਹੱਈਆ ਕੀਤੀ ਜਾਵੇ।

ਹੁਣ ਚੋਣ ਕਮਿਸ਼ਨ ਦੇ ਨਸ਼ਰ ਹੋਏ ਅੰਕੜਿਆਂ ਅਨੁਸਾਰ ਭਾਜਪਾ ਨੂੰ ਚੋਣ ਬਾਂਡ ਸਕੀਮ ਜ਼ਰੀਏ 6986.5 ਕਰੋੜ ਰੁਪਏ ਦਾ ਫੰਡ ਮਿਲਿਆ ਹੈ ਜੋ ਬਾਕੀ ਸਾਰੀਆਂ ਪਾਰਟੀਆਂ ਨੂੰ ਮਿਲੇ ਫੰਡ ਦੇ ਦੁੱਗਣੇ ਤੋਂ ਵੀ ਵੱਧ ਹੈ। 1397 ਕਰੋੜ ਦੇ ਚੰਦੇ ਨਾਲ ਤ੍ਰਿਣਮੂਲ ਕਾਂਗਰਸ ਦੂਜੇ, 1334 ਕਰੋੜ ਨਾਲ ਕਾਂਗਰਸ ਤੀਸਰੇ, 1322 ਕਰੋੜ ਨਾਲ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐਸ.) ਚੌਥੇ ਸਥਾਨ 'ਤੇ ਹੈ। ਇਸ ਤੋਂ ਇਲਾਵਾ ਉੜੀਸਾ ਦੀ ਸੱਤਾਧਾਰੀ ਪਾਰਟੀ ਬੀ.ਜੇ.ਡੀ. ਨੂੰ 944.5 ਕਰੋੜ, ਡੀਐਮਕੇ ਨੂੰ 656.5 ਕਰੋੜ ਤੇ ਆਂਧਰਾ ਪ੍ਰਦੇਸ਼ ਦੀ ਸੱਤਾਧਾਰੀ ਪਾਰਟੀ ਵਾਈ.ਐਸ.ਆਰ. ਕਾਂਗਰਸ ਨੂੰ ਕਰੀਬ 442.8 ਕਰੋੜ ਰੁਪਏ ਦੇ ਫੰਡ ਮਿਲੇ ਹਨ।

ਸਾਨੂੰ ਪਤਾ ਹੈ ਕਿ ਪਾਰਦਰਸ਼ਤਾ ਨਾਲ ਕੰਮ ਕਰਨ ਵਾਲੀ ਕੋਈ ਕੰਪਨੀ ਕਰੋੜਾਂ ਰੁਪਏ ਦਾ ਚੋਣ ਫੰਡ ਕਿਉਂ ਦੇਵੇਗੀ। ਸਿਰਫ ਉਹ ਕੰਪਨੀਆਂ ਫੰਡ ਦੇਣਗੀਆਂ ਜੋ ਲੋਕਾਂ ਦੀ ਲੁੱਟ ਨਾਲ ਅਤੇ ਸਰਕਾਰ ਤੋਂ ਲਾਭ ਹਾਸਲ ਕਰ ਕੇ ਇਸ ਤੋਂ ਕਈ ਗੁਣਾ ਜ਼ਿਆਦਾ ਵਸੂਲਦੀਆਂ ਹਨ। ਮਤਲਬ ਸਾਫ ਹੈ ਕਿ ਕਾਰਪੋਰੇਟ ਘਰਾਣੇ ਸਰਕਾਰ ਤੋਂ ਆਪਣੇ ਨਿੱਜੀ ਲਾਭ ਲੈਣ ਲਈ ਚੋਣ ਫੰਡ ਦੇ ਨਾਮ ਹੇਠ ਹਾਕਮ ਜਮਾਤ ਦੀਆਂ ਰਾਜਨੀਤਕ ਧਿਰਾਂ ਖਾਸਕਰ ਸੱਤਾ ਧਿਰ ਨੂੰ ਚੰਦਾ ਦਿੰਦੇ ਹਨ।

ਦੂਜਾ ਕਾਰਨ ਉਹਨਾਂ ਵਿਚ ਇਹ ਭਾਵਨਾ ਵੀ ਕੰਮ ਕਰਦੀ ਹੈ ਕਿ ਜੇਕਰ ਅਸੀਂ ਸੱਤਾਧਾਰੀ ਪਾਰਟੀ ਨੂੰ ਫੰਡ ਨਾ ਦਿੱਤਾ ਤਾਂ ਉਹ ਸਾਡੇ ਲਈ ਮੁਸੀਬਤ ਖੜ੍ਹੀ ਕਰਨਗੇ। ਕਈ ਰਿਪੋਰਟਾਂ ਅਜਿਹੀਆਂ ਹਨ ਵੀ ਕਿ ਜਦ ਕਈ ਕੰਪਨੀਆਂ ਨੇ ਭਾਜਪਾ ਨੂੰ ਫੰਡ ਨਾ ਦਿੱਤਾ ਤਾਂ ਉਹ ਏਜੰਸੀਆਂ ਦੀ ਰਡਾਰ 'ਤੇ ਆਈਆਂ ਅਤੇ ਕੇਂਦਰੀ ਏਜੰਸੀਆਂ ਦੇ ਛਾਪਿਆਂ ਤੋਂ ਬਾਅਦ ਉਨ੍ਹਾਂ ਫੰਡ ਦੇਣਾ ਸ਼ੁਰੂ ਕਰ ਦਿੱਤਾ; ਭਾਵ, ਜਿਹੜੀਆਂ ਕੰਪਨੀਆਂ ਫੰਡ ਨਹੀਂ ਦਿੰਦੀਆਂ, ਉਹਨਾਂ ਦੀ ਕੇਂਦਰੀ ਏਜੰਸੀਆਂ ਦੁਆਰਾ ਬਾਂਹ ਮਰੋੜ ਕੇ ਫੰਡ ਲਿਆ ਜਾਂਦਾ ਹੈ। ਉਦਾਹਰਨ ਵਜੋਂ, ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਜਾਰੀ ਅੰਕੜਿਆਂ ਤੋਂ ਜਾਣਕਾਰੀ ਮਿਲੀ ਹੈ ਕਿ ਚੰਦਾ ਦੇਣ ਵਾਲਿਆਂ ਵਿਚ ਸਭ ਤੋਂ ਮੂਹਰੇ ਨਾਂ 1368 ਕਰੋੜ ਰੁਪਏ ਦੇ ਚੁਣਾਵੀ ਬਾਂਡ ਖਰੀਦਣ ਵਾਲੀ ਲਾਟਰੀ ਕੰਪਨੀ 'ਫਿਊਚਰ ਗੇਮਿੰਗ ਐਂਡ ਹੋਟਲ ਸਰਵਿਸਜ਼' ਦਾ ਹੈ। ਇਹ ਉਹੀ ਕੰਪਨੀ ਹੈ ਜਿਸ ਖਿਲਾਫ ਕੇਂਦਰੀ ਏਜੰਸੀ ਈ.ਡੀ. ਨੇ 2022 ਵਿਚ ਜਾਂਚ ਕੀਤੀ ਸੀ। ਇਸ ਦਾ ਮਾਲਕ 'ਲਾਟਰੀ ਕਿੰਗ' ਸਾਂਟਿਆਗੋ ਮਾਰਟਿਨ ਈ.ਡੀ. ਦੀ ਰਡਾਰ 'ਤੇ ਰਿਹਾ ਸੀ। ਸੱਚ ਤਾਂ ਇਹ ਹੈ ਕਿ ਚੁਣਾਵੀ ਬਾਂਡ ਖਰੀਦਣ ਵਾਲੀਆਂ ਮੋਹਰੀ 30 ਕੰਪਨੀਆਂ ਵਿਚੋਂ ਅੱਧਿਓਂ ਵੱਧ ਖਿਲਾਫ ਈ.ਡੀ., ਸੀ.ਬੀ.ਆਈ. ਜਾਂ ਆਮਦਨ ਕਰ ਵਿਭਾਗ ਦੀ ਜਾਂਚ ਦੀ ਤਲਵਾਰ ਲਟਕ ਰਹੀ ਸੀ।

ਹਕੀਕਤ ਇਹ ਹੈ ਕਿ ਫੰਡ ਦੇਣ ਵਾਲੀਆਂ ਕੁਝ ਅਜਿਹੀਆਂ ਕੰਪਨੀਆਂ ਹਨ ਜਿਨ੍ਹਾਂ 'ਤੇ ਛਾਪੇ ਮਾਰੇ ਗਏ ਅਤੇ ਫਿਰ ਉਹਨਾਂ ਪਾਰਟੀ ਫੰਡ 'ਚ ਪੈਸੇ ਦਿੱਤੇ; ਕਈ ਅਜਿਹੀਆਂ ਕੰਪਨੀਆਂ ਵੀ ਹਨ ਜਿਨ੍ਹਾਂ ਦਾ ਆਪਣਾ ਕੋਈ ਕਾਰੋਬਾਰ ਜਾਂ ਲਾਭ ਨਹੀਂ ਹੈ, ਫਿਰ ਵੀ ਉਹ ਪਾਰਟੀਆਂ ਨੂੰ ਫੰਡ ਦੇ ਰਹੀਆਂ ਹਨ ਜਿਸ ਤੋਂ ਖਦਸ਼ਾ ਹੈ ਕਿ ਕੁਝ ਕੰਪਨੀਆਂ ਸਿਰਫ ਫੰਡ ਦੇਣ ਲਈ ਬਣਾਈਆਂ ਹੋ ਸਕਦੀਆਂ ਹਨ। ਉਦਾਹਰਨ ਵਜੋਂ ਜੇਕਰ ਕੋਈ ਅਜਿਹੀ ਕੰਪਨੀ ਫੰਡ ਦੇ ਰਹੀ ਹੈ ਜਿਸ ਕੋਲ ਫੰਡ ਦੇਣ ਦੇ ਅਨੁਪਾਤ ਦੇ ਹਿਸਾਬ ਵਾਲੀ ਆਮਦਨ ਨਹੀਂ ਹੈ ਤਾਂ ਕੀ ਆਡਿਟ ਟੀਮਾਂ ਤੇ ਕੇਂਦਰੀ ਏਜੰਸੀਆਂ ਦੀ ਇਹ ਜ਼ਿੰਮੇਵਾਰੀ ਨਹੀਂ ਬਣਦੀ ਸੀ ਕਿ ਉਹਨਾਂ ਕੋਲ ਐਨਾ ਫੰਡ ਕਿੱਥੋਂ ਆ ਰਿਹਾ ਹੈ, ਇਸ ਦੀ ਜਾਂਚ ਕਰਦੀਆਂ। ਚੋਣ ਬਾਂਡ ਯੋਜਨਾ ਵਿਚ ਇਹ ਚੋਰ ਮੋਰੀ ਹੈ ਕਿ ਕੋਈ ਵੀ ਵੱਡੀ ਕੰਪਨੀ ਜਾਂ ਅਮੀਰ ਆਦਮੀ ਫਰਜ਼ੀ ਕੰਪਨੀ ਕਾਇਮ ਕਰ ਕੇ ਪੈਸੇ ਉਸ ਦੇ ਖਾਤੇ ਵਿਚ ਪਾ ਸਕਦਾ ਹੈ ਜਿੱਥੋਂ ਇਹ ਸਿਆਸੀ ਪਾਰਟੀ ਨੂੰ ਦਿੱਤੇ ਜਾ ਸਕਦੇ ਹਨ। ਨੋਟਬੰਦੀ ਰਾਹੀਂ ਕਾਲਾ ਧਨ ਫੜਨ ਦਾ ਦਾਅਵਾ ਕਰਨ ਵਾਲੀ ਸਰਕਾਰ ਕੋਲ ਕੀ ਇਹ ਪੈਮਾਨਾ ਹੈ ਕਿ ਉਹ ਇਹ ਪਤਾ ਕਰ ਸਕੇ ਕਿ ਚੋਣ ਬਾਂਡ ਰਾਹੀਂ ਮਿਲਣ ਵਾਲਾ ਫੰਡ ਕਾਲਾ ਧਨ ਹੈ ਜਾਂ ਸਫੈਦ ਹੈ।

ਹਕੀਕਤ ਇਹ ਹੈ ਕਿ ਚੋਣ ਬਾਂਡ ਸੱਤਾ ਧਿਰ ਵੱਲੋਂ ਭਾਰਤ ਦੇ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦੀਆਂ ਚੋਰੀਆਂ ਲੁਕਾਉਣ ਦੇ ਬਦਲ ਵਜੋਂ ਉਹਨਾਂ ਤੋਂ 'ਫੰਡ' ਵਸੂਲਣ ਦਾ ਕਾਨੂੰਨੀ ਢੰਗ ਹੈ। ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਐਸ.ਬੀ.ਆਈ. ਜਾਂ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਜਾ ਰਹੇ ਅੰਕੜੇ ਵੀ ਅਧੂਰੇ ਹਨ। ਮੌਜੂਦਾ ਅੰਕੜੇ ਵੀ ਸਿਰਫ ਗੋਗਲੂਆਂ ਤੋਂ ਮਿੱਟੀ ਝਾੜਨ ਵਾਲੇ ਹਨ।

# ਨਾਗਰਿਕਤਾ ਖੋਹਣ ਦਾ ਹਥਿਆਰ ਹੈ ਲਾਗੂ ਕੀਤਾ ਨਾਗਰਿਕਤਾ ਸੋਧ ਕਾਨੂੰਨ

11 ਮਾਰਚ ਨੂੰ ਸੀ.ਏ.ਏ. (ਨਾਗਰਿਕਤਾ ਸੋਧ ਕਾਨੂੰਨ) ਨਿਯਮ 2024 ਦਾ ਨੋਟੀਫਿਕੇਸ਼ਨ ਕੀਤੇ ਜਾਣ ਨਾਲ ਨਾਗਰਿਕਤਾ ਰੱਦ ਹੋਣ ਦਾ ਖ਼ਤਰਾ ਫਿਰ ਮੰਡਲਾਉਣਾ ਸ਼ੁਰੂ ਹੋ ਗਿਆ ਹੈ। ਸੰਨ 2020 'ਚ ਆਰ.ਐੱਸ.ਐੱਸ.-ਭਾਜਪਾ ਹਕੂਮਤ ਨੇ ਸੀ.ਏ.ਏ. 2019 ਨੂੰ ਲਾਗੂ ਕਰਨ ਦਾ ਜੋ ਅਮਲ ਮੁਅੱਤਲ ਕਰ ਦਿੱਤਾ ਸੀ, ਉਹ ਇਸ ਫਿਰਕੂ ਕਾਨੂੰਨ ਨੂੰ ਵਕਤੀ ਤੌਰ 'ਤੇ ਠੰਡੇ ਬਸਤੇ 'ਚ ਪਾ ਕੇ ਲੋਕ ਰੋਹ 'ਤੇ ਠੰਢਾ ਛਿੜਕਣ ਅਤੇ ਕਿਸੇ ਹੋਰ ਢੁੱਕਵੇਂ ਮੌਕੇ 'ਚ ਲਾਗੂ ਕਰਨ ਦੀ ਚਾਲ ਸੀ। ਦੇਸ਼-ਬਦੇਸ਼ ਵਿਚ ਇਸ ਕਾਲੇ ਕਾਨੂੰਨ ਵਿਰੁੱਧ ਜ਼ੋਰਦਾਰ ਮੁਜ਼ਾਹਰੇ ਹੋਏ ਸਨ ਅਤੇ ਇਸ ਨੂੰ ਅਦਾਲਤ ਵਿਚ ਵੀ ਚੁਣੌਤੀ ਦਿੱਤੀ ਗਈ ਸੀ। 200 ਤੋਂ ਵੱਧ ਪਟੀਸ਼ਨਾਂ ਸੁਪਰੀਮ ਕੋਰਟ ਵਿਚ ਅਜੇ ਵੀ ਸੁਣਵਾਈ ਦੀ ਉਡੀਕ 'ਚ ਹਨ ਜਿਨ੍ਹਾਂ ਬਾਰੇ ਹੁਣ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਨਵੀਆਂ ਪਟੀਸ਼ਨਾਂ ਦੇ ਨਾਲ ਹੀ ਪੁਰਾਣੀਆਂ ਦੀ ਸੁਣਵਾਈ ਵੀ ਕੀਤੀ ਜਾਵੇਗੀ।

ਸੀ.ਏ.ਏ. ਨੂੰ ਕਾਨੂੰਨੀ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿਚ ਸਭ ਤੋਂ ਪਹਿਲਾਂ ਪਟੀਸ਼ਨ ਇੰਡੀਅਨ ਯੂਨੀਅਨ ਮੁਸਲਿਮ ਲੀਗ ਨੇ ਦਾਇਰ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਕੀਤੀ ਸੀ। ਫਿਰ 200 ਤੋਂ ਵੱਧ ਹੋਰ ਪਟੀਸ਼ਨਾਂ ਦਾਇਰ ਹੋਈਆਂ। ਉਨ੍ਹਾਂ ਨੂੰ ਸੁਪਰੀਮ ਕੋਰਟ ਨੇ ਪਹਿਲੀ ਪਟੀਸ਼ਨ ਨਾਲ ਹੀ ਟੈਗ ਕਰ ਦਿੱਤਾ। ਉਦੋਂ ਪਟੀਸ਼ਨਾਂ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਤਾਂ ਜਾਰੀ ਕੀਤਾ ਸੀ ਪਰ ਉਦੋਂ ਤੱਕ ਸੀ.ਏ.ਏ. ਦੇ ਨਿਯਮ ਨਹੀਂ ਸੀ ਬਣੇ ਜਿਸ ਕਾਰਨ ਸਰਕਾਰ ਸੋਧੇ ਹੋਏ ਕਾਨੂੰਨ ਉੱਪਰ ਰੋਕ ਲਗਾਉਣ ਦੀ ਮੰਗ ਨੂੰ ਰੱਦ ਕਰਾਉਣ 'ਚ ਸਫਲ ਹੋ ਗਈ ਸੀ।

ਅਕਤੂਬਰ 2022 'ਚ ਤੱਤਕਾਲੀ ਚੀਫ ਜਸਟਿਸ ਯੂ.ਯੂ. ਲਲਿਤ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਅਦਾਲਤੀ ਹੁਕਮ ਸੁਣਾਇਆ ਸੀ ਕਿ ਤੱਤਕਾਲੀ ਚੀਫ ਜਸਟਿਸ ਦੀ ਰਿਟਾਇਰਮੈਂਟ ਤੋਂ ਬਾਦ ਦਸੰਬਰ 2022 'ਚ ਇਨ੍ਹਾਂ ਪਟੀਸ਼ਨਾਂ ਉੱਪਰ ਅੰਤਮ ਸੁਣਵਾਈ ਸ਼ੁਰੂ ਕੀਤੀ ਜਾਵੇਗੀ ਜੋ ਨਹੀਂ ਕੀਤੀ ਗਈ। ਨਾਗਰਿਕਤਾ ਖੁੱਸ ਜਾਣ ਦੇ ਖ਼ਦਸ਼ੇ ਕਾਰਨ ਦਹਿ-ਲੱਖਾਂ ਲੋਕਾਂ ਦੇ ਸੜਕਾਂ 'ਤੇ ਆ ਕੇ ਮਹੀਨਿਆਂ ਤੱਕ ਪ੍ਰਦਰਸ਼ਨ ਕਰਦੇ ਰਹੇ। ਐਨੇ ਗੰਭੀਰ ਖ਼ਦਸ਼ਿਆਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੂੰ ਤਾਂ ਖ਼ੁਦ ਹੀ ਨੋਟਿਸ ਲੈਣਾ ਚਾਹੀਦਾ ਸੀ ਪਰ ਇਸ ਨੇ ਤਾਂ 2019 'ਚ ਪਾਈਆਂ ਪਟੀਸ਼ਨਾਂ ਉੱਪਰ ਹੁਣ ਤੱਕ ਅੰਤਮ ਸੁਣਵਾਈ ਵੀ ਸ਼ੁਰੂ ਨਹੀਂ ਕੀਤੀ, ਨਿਪਟਾਰਾ ਕਰਨਾ ਤਾਂ ਦੂਰ ਰਿਹਾ।

ਚੋਣਾਂ ਮੌਕੇ ਫਿਰਕੂ ਪੱਤੇ ਦੇ ਰੂਪ 'ਚ ਸੀ.ਏ.ਏ. ਨਿਯਮਾਂ ਦੇ ਨੋਟੀਫਿਕੇਸ਼ਨ ਦੀ ਵਰਤੋਂ ਐਨੀ ਖ਼ਤਰਨਾਕ ਨਹੀਂ ਹੈ ਜਿੰਨੀਆਂ ਖ਼ਤਰਨਾਕ ਇਸ ਦੀਆਂ ਭਵਿੱਖੀ ਅਰਥ-ਸੰਭਾਵਨਾਵਾਂ ਹਨ। ਦਰਅਸਲ, ਲੋਕ ਸਭਾ ਚੋਣਾਂ 'ਚ ਹਿੰਦੂ ਵੋਟਾਂ ਬਟੋਰਨ ਦੀ ਫਿਰਕੂ ਚਾਲ ਤੋਂ ਕਿਤੇ ਖ਼ਤਰਨਾਕ ਸੰਘ ਬ੍ਰਿਗੇਡ ਵੱਲੋਂ ਅਗਲੀ ਵਾਰ ਸਰਕਾਰ ਬਣਾ ਕੇ ਕੌਮੀ ਨਾਗਰਿਕਤਾ ਰਜਿਸਟਰ ਬਣਾਉਣ ਦੇ ਫਾਸ਼ੀਵਾਦੀ ਪ੍ਰੋਜੈਕਟ ਵੱਲ ਵਧਣ ਦੀ ਧੁੱਸ ਹੈ। 2014 ਤੋਂ ਲੈ ਕੇ ਹੁਕਮਰਾਨ ਧਿਰ ਦੀ ਰਾਜਕੀ ਤੇ ਰਾਜਸੀ ਸਰਪ੍ਰਸਤੀ ਵਾਲੇ ਦਹਿਸ਼ਤੀ ਗਰੋਹਾਂ ਵੱਲੋਂ ਮੁਲਕ ਦੇ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਹਿੱਸਿਆਂ, ਖ਼ਾਸ ਕਰ ਕੇ ਘੱਟਗਿਣਤੀ ਮੁਸਲਮਾਨਾਂ, ਇਸਾਈਆਂ, ਦਲਿਤਾਂ ਅਤੇ ਔਰਤਾਂ ਨੂੰ ਜਿਵੇਂ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਦੇ ਮੱਦੇਨਜ਼ਰ ਸੀ.ਏ.ਏ. ਨੂੰ ਇਸ ਦੇ ਮੁਕੰਮਲ ਅੰਜਾਮ ਤੱਕ ਲਾਗੂ ਕੀਤੇ ਜਾਣ ਨਾਲ ਪੈਦਾ ਹੋਣ ਵਾਲੀ ਨਫ਼ਰਤ ਅਤੇ ਸਮਾਜੀ ਉਥਲ-ਪੁਥਲ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਖ਼ਾਸ ਕਰ ਕੇ ਮੁਸਲਮਾਨਾਂ ਨਾਲ ਜੋ ਸਲੂਕ ਕੀਤਾ ਜਾ ਰਿਹਾ ਹੈ, ਉਸ ਕਾਰਨ ਉਨ੍ਹਾਂ ਦਾ ਇਹ ਭੈਅ ਨਿਰਾਧਾਰ ਨਹੀਂ ਹੈ ਕਿ ਇਸ ਕਾਨੂੰਨ ਜ਼ਰੀਏ ਹਾਸਲ ਕੀਤੀ ਤਾਨਾਸ਼ਾਹ ਤਾਕਤ ਉਨ੍ਹਾਂ ਨੂੰ ਦਬਾਉਣ ਲਈ ਵਰਤੀ ਜਾਵੇਗੀ।

*ਸੀ.ਏ.ਏ. ਨੂੰ ਕਾਨੂੰਨੀ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿਚ ਸਭ ਤੋਂ ਪਹਿਲਾਂ ਪਟੀਸ਼ਨ ਇੰਡੀਅਨ ਯੂਨੀਅਨ ਮੁਸਲਿਮ ਲੀਗ ਨੇ ਦਾਇਰ ਕੀਤੀ ਸੀ। ਫਿਰ 200 ਤੋਂ ਵੱਧ ਹੋਰ ਪਟੀਸ਼ਨਾਂ ਦਾਇਰ ਹੋਈਆਂ। ਉਨ੍ਹਾਂ ਨੂੰ ਸੁਪਰੀਮ ਕੋਰਟ ਨੇ ਪਹਿਲੀ ਪਟੀਸ਼ਨ ਨਾਲ ਹੀ ਟੈਗ ਕਰ ਦਿੱਤਾ। ਉਦੋਂ ਪਟੀਸ਼ਨਾਂ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਤਾਂ ਜਾਰੀ ਕੀਤਾ ਸੀ ਪਰ ਉਦੋਂ ਤੱਕ ਸੀ.ਏ.ਏ. ਦੇ ਨਿਯਮ ਨਹੀਂ ਸੀ ਬਣੇ ਜਿਸ ਕਾਰਨ ਸਰਕਾਰ ਸੋਧੇ ਹੋਏ ਕਾਨੂੰਨ ਉੱਪਰ ਰੋਕ ਲਗਾਉਣ ਦੀ ਮੰਗ ਨੂੰ ਰੱਦ ਕਰਾਉਣ 'ਚ ਸਫਲ ਹੋ ਗਈ ਸੀ।*

ਭਗਵਾ ਹਕੂਮਤ ਦੇਸ਼-ਦੁਨੀਆ ਨੂੰ ਗੁੰਮਰਾਹ ਕਰਨ ਲਈ ਝੂਠ ਫੈਲਾ ਰਹੀ ਹੈ ਕਿ ਸੀ.ਏ.ਏ. ਕਿਸੇ ਦੀ ਨਾਗਰਿਕਤਾ ਖੋਹਣ ਲਈ ਨਹੀਂ ਸਗੋਂ ਨਾਗਰਿਕਤਾ ਦੇਣ ਲਈ ਬਣਾਇਆ ਗਿਆ ਹੈ। ਹੁਕਮਰਾਨ ਧਿਰ ਇਹ ਕੂੜ ਪ੍ਰਚਾਰ ਵੀ ਕਰ ਰਹੀ ਹੈ ਕਿ ਸੀ.ਏ.ਏ. ਦਾ ਵਿਰੋਧ ਕਰਨ ਵਾਲੇ ਸਤਾਏ ਹੋਏ ਹਿੰਦੂਆਂ ਅਤੇ ਹੋਰ ਗ਼ੈਰ-ਮੁਸਲਮਾਨਾਂ ਨੂੰ ਨਾਗਰਿਕਤਾ ਦੇਣ ਦੇ ਖ਼ਿਲਾਫ਼ ਹਨ। ਹਕੀਕਤ ਇਹ ਹੈ ਕਿ ਸੀ.ਏ.ਏ. ਦਾ ਨੋਟੀਫਿਕੇਸ਼ਨ ਸਿਰਫ਼ ਤਿੰਨ ਮੁਲਕਾਂ (ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ) ਤੋਂ ਆਏ ਗ਼ੈਰ-ਮੁਸਲਮਾਨ ਸ਼ਰਨਾਰਥੀਆਂ ਅਤੇ ਰਾਜਨੀਤਕ ਪਨਾਹ ਲੈਣ ਦੇ ਚਾਹਵਾਨ ਵਿਅਕਤੀਆਂ ਨੂੰ ਨਾਗਰਿਕਤਾ ਦੇਣ ਦਾ ਰਾਹ ਪੱਧਰਾ ਕਰਦਾ ਹੈ ਜੋ 31 ਦਸੰਬਰ 2014 ਤੱਕ ਭਾਰਤ ਵਿਚ ਦਾਖ਼ਲ ਹੋਏ ਅਤੇ ਜੋ ਭਾਰਤ ਵਿਚ ਲੰਮੇ ਵੀਜ਼ਿਆਂ ਦੇ ਆਧਾਰ 'ਤੇ ਜਾਂ 'ਗ਼ੈਰ-ਕਾਨੂੰਨੀ' ਰੂਪ 'ਚ ਰਹਿ ਰਹੇ ਹਨ। ਇਹ ਛੇ ਖ਼ਾਸ ਧਾਰਮਿਕ ਸਮੂਹ ਹਨ ਹਿੰਦੂ, ਪਾਰਸੀ, ਬੋਧੀ, ਜੈਨੀ, ਇਸਾਈ ਅਤੇ ਸਿੱਖ। ਮੁਸਲਮਾਨਾਂ ਨੂੰ ਇਸ 'ਚੋਂ ਬਾਹਰ ਰੱਖਿਆ ਗਿਆ ਹੈ ਜਦਕਿ ਪਾਕਿਸਤਾਨ ਵਿਚ ਅਹਿਮਦੀਆ ਤੇ ਸ਼ੀਆ ਅਤੇ ਅਫ਼ਗਾਨਿਸਤਾਨ ਵਿਚ ਹਜ਼ਾਰਾ ਫਿਰਕੇ ਦੇ ਘੱਟਗਿਣਤੀ ਮੁਸਲਮਾਨ ਉੱਥੋਂ ਦੇ ਸਟੇਟ ਦੇ ਜ਼ੁਲਮਾਂ ਦੇ ਸਤਾਏ ਹੋਏ ਸਮੂਹ ਹਨ। ਬੰਗਲਾਦੇਸ਼ ਵਿਚ ਐੱਲ.ਜੀ.ਬੀ.ਟੀ.ਕਿਊ.ਆਈ. (ਸਮਲਿੰਗੀ ਅਤੇ ਉਹ ਸਾਰੇ ਇਨਸਾਨ ਜਿਨ੍ਹਾਂ ਨੂੰ ਜਿਨਸੀ ਬਣਤਰ ਅਤੇ ਜਿਨਸੀ ਰੁਚੀਆਂ ਆਮ ਇਨਸਾਨ ਤੋਂ ਵੱਖਰੀਆਂ ਹਨ) ਲਗਾਤਾਰ ਜ਼ੁਲਮਾਂ ਤੋਂ ਪੀੜਤ ਹਨ। ਇੰਝ, ਇਨ੍ਹਾਂ ਤਿੰਨ ਮੁਲਕਾਂ ਦੇ ਜ਼ੁਲਮਾਂ ਤੋਂ ਤੰਗ ਆ ਕੇ ਭਾਰਤ ਵਿਚ ਆਏ ਮੁਸਲਮਾਨ ਅਤੇ ਹੋਰ ਮਜ਼ਲੂਮ ਹਿੱਸੇ ਨਾਗਰਿਕਤਾ ਨਹੀਂ ਲੈ ਸਕਣਗੇ। ਇਸੇ ਤਰ੍ਹਾਂ, ਮਿਆਂਮਾਰ ਦੇ ਰੋਹਿੰਗਿਆ ਅਤੇ ਸ੍ਰੀਲੰਕਾ ਦੇ ਤਾਮਿਲ ਵੀ ਨਾਗਰਿਕਤਾ ਨਹੀਂ ਲੈ ਸਕਣਗੇ ਜਦਕਿ ਉਨ੍ਹਾਂ ਉੱਪਰ ਉੱਥੇ ਲਗਾਤਾਰ ਭਿਆਨਕ ਜ਼ੁਲਮ ਹੋ ਰਹੇ ਹਨ।




ਭਗਵਾ ਹਕੂਮਤ ਲਈ ਪਨਾਹ ਜਾਂ ਨਾਗਰਿਕਤਾ ਦੇਣ ਦਾ ਪੈਮਾਨਾ ਇਨਸਾਨੀ ਹਮਦਰਦੀ ਨਹੀਂ ਸਗੋਂ ਮਜ਼ਲੂਮ ਦਾ ਧਰਮ ਹੈ। ਇਸ ਹਕੂਮਤ ਅਨੁਸਾਰ ਦੁਨੀਆ ਵਿਚ ਸਿਰਫ਼ ਧਰਮ ਦੇ ਆਧਾਰ 'ਤੇ ਹੀ ਜ਼ੁਲਮ ਹੋ ਰਹੇ ਹਨ, ਉਹ ਵੀ ਸਿਰਫ਼ ਤਿੰਨ ਮੁਸਲਿਮ ਬਹੁਗਿਣਤੀ ਮੁਲਕਾਂ 'ਚ! ਚਾਹੇ ਕੋਈ ਆਪਣੇ ਮੁਲਕ 'ਚ ਜ਼ੁਲਮ ਦਾ ਕਿੰਨਾ ਵੀ ਸਤਾਇਆ ਹੋਵੇ, ਜੇ ਉਹ ਇਸ ਸਰਕਾਰ ਵੱਲੋਂ ਤੈਅ ਕੀਤੇ ਛੇ ਧਾਰਮਿਕ ਸਮੂਹਾਂ ਨਾਲ ਸਬੰਧਿਤ ਨਹੀਂ ਹੈ ਤਾਂ ਉਹ ਨਾਗਰਿਕਤਾ ਦਾ ਹੱਕਦਾਰ ਨਹੀਂ ਮੰਨਿਆ ਜਾਵੇਗਾ।

ਭਾਰਤੀ ਹਾਕਮ ਜਮਾਤ ਦੇ ਬਹੁਗਿਣਤੀਵਾਦੀ ਝੁਕਾਅ ਦੇ ਬਾਵਜੂਦ ਭਾਰਤ ਦੇ ਸੰਵਿਧਾਨ ਅਤੇ ਨਾਗਰਿਕਤਾ ਐਕਟ 1955 ਵਿਚ ਨਾਗਰਿਕਤਾ ਦਾ ਆਧਾਰ ਧਰਮ ਨੂੰ ਨਹੀਂ ਸੀ ਬਣਾਇਆ ਗਿਆ। ਸਮਾਂ ਪਾ ਕੇ ਭਾਰਤੀ ਹਾਕਮ ਜਮਾਤ ਨੇ ਇਸ ਮੁੱਢਲੀ ਧਰਮਨਿਰਪੱਖ ਪਹੁੰਚ ਨੂੰ ਤਿਆਗਣ ਵੱਲ ਵਧਣਾ ਸ਼ੁਰੂ ਕਰ ਦਿੱਤਾ। 1955 ਦੇ ਮੂਲ ਕਾਨੂੰਨ 'ਚ ਬਹੁਤ ਸਾਰੀਆਂ ਸੋਧਾਂ ਕੀਤੀਆਂ ਗਈਆਂ। ਆਰ.ਐੱਸ.ਐੱਸ.-ਭਾਜਪਾ ਨੇ ਸੱਤਾ 'ਚ ਆ ਕੇ ਸ਼ਰੇਆਮ ਫਿਰਕੂ ਰੁਖ਼ ਅਖ਼ਤਿਆਰ ਕਰ ਲਿਆ ਅਤੇ ਧਰਮ ਨੂੰ ਨਾਗਰਿਕਤਾ ਦਾ ਪੈਮਾਨਾ ਬਣਾ ਲਿਆ। ਭਾਜਪਾ ਦੀ ਅਗਵਾਈ ਹੇਠਲੀ ਐੱਨ.ਡੀ.ਏ. ਸਰਕਾਰ ਨੇ ਨਾਗਰਿਕਤਾ ਨਿਯਮ-2003 (ਰਜਿਸਟ੍ਰੇਸ਼ਨ ਆਫ ਸਿਟੀਜ਼ਨਜ਼ ਐਂਡ ਇਸ਼ੂ ਆਫ ਨੈਸ਼ਨਲ ਆਇਡੈਂਟਿਟੀ ਕਾਰਡਜ਼') ਨੋਟੀਫਾਈ ਕੀਤੇ। ਜਿਨ੍ਹਾਂ ਦਾ ਉਦੇਸ਼ ਬਿਲਕੁਲ ਸਪਸ਼ਟ ਸੀ- ਘਰ-ਘਰ ਜਾ ਕੇ ਹਰ ਪਰਿਵਾਰ ਅਤੇ ਵਿਅਕਤੀ ਦੇ ਨਾਗਰਿਕਤਾ ਦਰਜੇ ਸਮੇਤ ਖ਼ਾਸ ਵੇਰਵੇ ਇਕੱਠੇ ਕਰਨੇ, ਮੁਕਾਮੀ ਰਜਿਸਟਰਾਰ ਵੱਲੋਂ ਛਾਣਬੀਣ ਕਰ ਕੇ ਇਨ੍ਹਾਂ ਵੇਰਵਿਆਂ ਦੀ ਤਸਦੀਕ ਕਰਨਾ, ਜਨਸੰਖਿਆ ਰਜਿਸਟਰ ਵਿਚ ਸ਼ੱਕੀ ਨਾਗਰਿਕਤਾ ਵਾਲੇ ਵਿਅਕਤੀਆਂ ਨੂੰ 'ਡੀ' (ਡਾਊਟਫੁੱਲ) ਵਜੋਂ ਦਰਜ ਕਰ ਕੇ ਅਗਲੇਰੀ ਜਾਂਚ ਦੇ ਅਮਲ 'ਚ ਪਾਉਣਾ ਅਤੇ ਉਨ੍ਹਾਂ ਨੂੰ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਕਹਿਣਾ। ਲਿਹਾਜ਼ਾ, 2003 ਦਾ ਨੋਟੀਫਿਕੇਸ਼ਨ ਮੁਲਕ ਦੇ ਹਰ ਬਾਸ਼ਿੰਦੇ ਨੂੰ ਨਾਗਰਿਕਤਾ ਸਾਬਤ ਕਰਨ ਵਾਲਿਆਂ ਦੀ ਕਤਾਰ ਵਿਚ ਖੜ੍ਹਾ ਕਰਨ ਵਾਲਾ ਸੀ ਜਦਕਿ ਆਪਣੇ ਮੁਲਕ ਛੱਡ ਕੇ ਆਏ ਸ਼ਰਨਾਰਥੀਆਂ ਨੂੰ ਛੱਡ ਕੇ ਜਿਨ੍ਹਾਂ ਦੀ ਗਿਣਤੀ ਕੁਲ ਆਬਾਦੀ 'ਚ ਬਹੁਤ ਹੀ ਨਿਗੂਣੀ ਹੈ, ਬਾਕੀ ਲੋਕ ਪਹਿਲਾਂ ਹੀ ਇਸ ਮੁਲਕ ਦੇ ਨਾਗਰਿਕ ਹਨ। ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ.-1 ਅਤੇ ਯੂ.ਪੀ.ਏ.-2 ਸਰਕਾਰਾਂ ਨੇ ਵੀ 2003 ਦੇ ਨੋਟੀਫਿਕੇਸ਼ਨ ਨੂੰ ਰੱਦ ਨਹੀਂ ਕੀਤਾ। ਯੂ.ਪੀ.ਏ. ਸਰਕਾਰ ਦੌਰਾਨ ਸੋਧੇ ਹੋਏ ਨਾਗਰਿਕਤਾ ਨਿਯਮ-2009 ਪੰਜ ਫਰਵਰੀ 2009 ਨੂੰ ਲਾਗੂ ਕੀਤੇ ਗਏ।

*ਸੀ.ਏ.ਏ. ਮਹਿਜ਼ ਸ਼ੁਰੂਆਤ ਹੈ। ਇਹ ਐੱਨ.ਪੀ.ਆਰ. ਅਤੇ ਐੱਨ.ਆਰ.ਸੀ. ਦੀ ਡੂੰਘੀ ਤਿਆਰੀ ਦਾ ਹਿੱਸਾ ਹੈ। ਐੱਨ.ਪੀ.ਆਰ., ਭਾਰਤ ਪੱਧਰ ਦਾ ਐੱਨ.ਆਰ.ਸੀ. ਬਣਾਉਣ ਦੀ ਦਿਸ਼ਾ 'ਚ ਮੁੱਢਲੀ ਤਿਆਰੀ ਸਾਬਤ ਹੋਵੇਗਾ।*

2014 'ਚ ਮੁੜ ਸੱਤਾ 'ਚ ਆ ਕੇ ਸੰਘ ਬ੍ਰਿਗੇਡ ਨੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੱਗੇ ਵਧਾਉਣ ਉੱਪਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਨਾਗਰਿਕਤਾ ਸੋਧ ਕਾਨੂੰਨ 2019 ਪਾਸ ਕੀਤਾ। ਸਵਾਲ ਉੱਠਣ 'ਤੇ ਭਗਵਾ ਹਕੂਮਤ ਨੇ ਇਹ ਝੂਠੀ ਯਕੀਨਦਹਾਨੀ ਦਿਵਾਉਣ ਲਈ ਪੂਰਾ ਟਿੱਲ ਲਾਇਆ ਕਿ ਅਸਾਮ ਨੂੰ ਛੱਡ ਕੇ ਬਾਕੀ ਭਾਰਤ ਵਿਚ ਐੱਨ.ਆਰ.ਸੀ. ਲਾਗੂ ਕਰਨਾ ਉਨ੍ਹਾਂ ਦੀ ਸਰਕਾਰ ਦੇ ਏਜੰਡੇ 'ਤੇ ਨਹੀਂ ਹੈ। ਅਮਿਤ ਸ਼ਾਹ ਨੇ ਐਲਾਨ ਕੀਤਾ ਕਿ ਐੱਨ.ਆਰ.ਸੀ. (ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼) ਅਤੇ ਐੱਨ.ਪੀ.ਆਰ. (ਨੈਸ਼ਨਲ ਪਾਪੂਲੇਸ਼ਨ ਰਜਿਸਟਰ) ਦਰਮਿਆਨ ਕੋਈ ਸੰਬੰਧ ਨਹੀਂ ਹੈ ਅਤੇ ਅਜੇ ਇਸ ਉੱਪਰ ਬਹਿਸ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਉਸ ਨੇ ਇੱਥੋਂ ਤੱਕ ਕਿਹਾ ਕਿ ਕਿਸੇ ਨੂੰ ਵੀ 'ਡੀ' (ਸ਼ੱਕੀ) ਵਜੋਂ ਚਿੰਨ੍ਹਤ ਨਹੀਂ ਕੀਤਾ ਜਾਵੇਗਾ ਅਤੇ ਕਿਸੇ ਨੂੰ ਵੀ ਐੱਨ.ਪੀ.ਆਰ. ਬਾਰੇ ਡਰਨ ਦੀ ਜ਼ਰੂਰਤ ਨਹੀਂ ਹੈ, ਆਪ 'ਕ੍ਰੋਨੋਲੋਜੀ ਸਮਝੀਏ'!। ਜਦਕਿ ਗ੍ਰਹਿ ਰਾਜ-ਮੰਤਰੀ ਨੇ ਬਿਲਕੁਲ ਸਪਸ਼ਟ ਕਿਹਾ ਕਿ ਐੱਨ.ਪੀ.ਆਰ. ਭਾਰਤ ਦੇ ਹਰ ਬਾਸ਼ਿੰਦੇ ਦੇ ਨਾਗਰਿਕਤਾ ਦਰਜੇ ਦੀ ਤਸਦੀਕ ਕਰਕੇ ਭਾਰਤੀ ਨਾਗਰਿਕਾਂ ਦਾ ਕੌਮੀ ਰਜਿਸਟਰ (ਐੱਨ.ਆਰ.ਆਈ.ਸੀ.) ਬਣਾਏਗਾ ਅਤੇ ਐੱਨ.ਪੀ.ਆਰ. ਐੱਨ.ਆਰ.ਸੀ. ਦੇ 'ਮਦਰ ਡੇਟਾਬੇਸ' ਦਾ ਕੰਮ ਕਰੇਗਾ। ਪਾਰਲੀਮੈਂਟ ਵਿਚ ਚਰਚਾ ਦੌਰਾਨ ਕੇਂਦਰੀ ਵਜ਼ੀਰਾਂ ਦੇ ਆਪਾ-ਵਿਰੋਧੀ ਅਤੇ ਗੋਲਮੋਲ ਬਿਆਨਾਂ ਤੋਂ ਸ਼ੱਕ ਦੀ ਕੋਈ ਗੁੰਜਾਇਸ਼ ਨਾ ਰਹੀ ਕਿ ਭਗਵਾ ਹਕੂਮਤ ਦੀ ਮਨਸ਼ਾ ਕੀ ਹੈ ਅਤੇ ਇਹ ਕਾਨੂੰਨ ਮੌਜੂਦਾ ਹਕੂਮਤ ਲਈ ਧਾਰਮਿਕ ਵਿਤਕਰੇ ਦਾ ਹਥਿਆਰ ਹੈ।

ਸੀ.ਏ.ਏ. ਮਹਿਜ਼ ਸ਼ੁਰੂਆਤ ਹੈ। ਇਹ ਐੱਨ.ਪੀ.ਆਰ. ਅਤੇ ਐੱਨ.ਆਰ.ਸੀ. ਦੀ ਡੂੰਘੀ ਤਿਆਰੀ ਦਾ ਹਿੱਸਾ ਹੈ। ਐੱਨ.ਪੀ.ਆਰ., ਭਾਰਤ ਪੱਧਰ ਦਾ ਐੱਨ.ਆਰ.ਸੀ. ਬਣਾਉਣ ਦੀ ਦਿਸ਼ਾ 'ਚ ਮੁੱਢਲੀ ਤਿਆਰੀ ਸਾਬਤ ਹੋਵੇਗਾ। ਆਖ਼ਿਰਕਾਰ ਐੱਨ.ਆਰ.ਸੀ. ਲਾਗੂ ਹੋਣ 'ਤੇ ਸਿਰਫ਼ ਗ਼ੈਰ-ਕਾਨੂੰਨੀ ਆਵਾਸੀਆਂ ਅਤੇ ਗ਼ੈਰ-ਕਾਨੂੰਨੀ ਬਾਸ਼ਿੰਦਿਆਂ ਦੀ ਨਾਗਰਿਕਤਾ ਹੀ ਟੈਸਟ ਨਹੀਂ ਹੋਵੇਗੀ ਸਗੋਂ ਮੁਲਕ ਦੇ ਹਰ ਨਾਗਰਿਕ ਨੂੰ ਇਸ ਅਗਨੀ ਪ੍ਰੀਖਿਆ ਵਿਚੋਂ ਲੰਘਣਾ ਪਵੇਗਾ। ਇਹ ਕਾਨੂੰਨ ਨਾਗਰਿਕਾਂ ਨੂੰ ਨਾਗਰਿਕਾਂ ਅਤੇ 'ਸ਼ੱਕੀ ਨਾਗਰਿਕਾਂ' ਵਿਚ ਵੰਡ ਦੇਵੇਗਾ।

ਨਾਗਰਿਕਤਾ ਸਾਬਤ ਕਰਨ ਲਈ ਉਨ੍ਹਾਂ ਦਾ ਵਾਹ ਘੋਰ ਲੋਕ-ਵਿਰੋਧੀ, ਬੇਕਿਰਕ ਅਤੇ ਭ੍ਰਿਸ਼ਟ ਤੰਤਰ ਨਾਲ ਪਵੇਗਾ। ਕੋਈ ਮਾਮੂਲੀ ਸਰਟੀਫਿਕੇਟ ਜਾਂ ਸਰਕਾਰੀ ਕਾਗਜ਼ਾਤ ਲੈਣ ਲਈ ਸਰਕਾਰੀ ਦਫ਼ਤਰਾਂ 'ਚ ਅਕਸਰ ਹੀ ਜ਼ਲੀਲ ਤੇ ਖੱਜਲ-ਖ਼ੁਆਰ ਹੋਣ ਦੇ ਤਜਰਬੇ 'ਚੋਂ ਲੰਘ ਚੁੱਕਾ ਕੋਈ ਵੀ ਬੰਦਾ ਸੌਖਿਆਂ ਹੀ ਸਮਝ ਸਕਦਾ ਹੈ ਕਿ ਇਹ ਕਾਨੂੰਨੀ ਅਮਲ ਕਿੰਨਾ ਭਿਆਨਕ ਸੰਤਾਪ ਹੋਵੇਗਾ। ਆਮ ਲੋਕਾਂ ਲਈ ਤਾਂ ਮਾਮੂਲੀ ਸਰਕਾਰੀ ਸਕੀਮਾਂ ਦੇ ਕਾਰਡ ਬਣਾਉਣਾ ਹੀ ਮੁਸੀਬਤ ਬਣ ਜਾਂਦੀ ਹੈ, ਉਹ ਨਾਗਰਿਕਤਾ ਲਈ ਲਾਜ਼ਮੀ ਦਸਤਾਵੇਜ਼ੀ ਸਬੂਤ ਕਿਵੇਂ ਜੁਟਾਉਣਗੇ ਅਤੇ ਕਿਵੇਂ ਪੂਰੇ ਕਰਨਗੇ! ਔਰਤਾਂ, ਦਲਿਤ, ਹੋਰ ਹਾਸ਼ੀਆਗ੍ਰਸਤ ਅਤੇ ਗ਼ਰੀਬ ਲੋਕ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੇ ਜਿਨ੍ਹਾਂ ਦੇ ਨਾਂ ਜ਼ਮੀਨ-ਜਾਇਦਾਦ ਨਹੀਂ ਹੁੰਦੀ। ਇਸ ਪੈਮਾਨੇ 'ਤੇ ਪੂਰਾ ਨਾ ਉੱਤਰਨ ਵਾਲਿਆਂ ਨਾਲ ਸੀ.ਏ.ਏ. ਤਹਿਤ ਨਜਿੱਠਿਆ ਜਾਵੇਗਾ। ਕੋਈ ਵੀ ਮੁਲਕ ਐਨੀ ਵੱਡੀ ਤਾਦਾਦ 'ਚ ਭਾਰਤ ਦੇ ਇਸ ਤਰ੍ਹਾਂ 'ਸਟੇਟਹੀਣ' ਲੋਕਾਂ ਨੂੰ ਸਵੀਕਾਰ ਨਹੀਂ ਕਰੇਗਾ, ਉਨ੍ਹਾਂ ਨੂੰ ਅਨਿਸ਼ਚਿਤ ਸਮੇਂ ਲਈ 'ਨਜ਼ਰਬੰਦੀ ਸੈਂਟਰਾਂ' 'ਚ ਰੱਖਿਆ ਜਾਵੇਗਾ ਜਿਵੇਂ ਅਸਾਮ ਵਿਚ ਵਾਪਰਿਆ ਹੈ। ਉੱਥੋਂ ਦੇ ਸਾਢੇ ਤਿੰਨ ਕਰੋੜ ਲੋਕਾਂ ਵਿਚੋਂ 19 ਲੱਖ ਲੋਕਾਂ ਨੂੰ ਨਾਗਰਿਕਤਾ ਸੂਚੀ 'ਚੋਂ ਬਾਹਰ ਕਰ ਦਿੱਤਾ ਗਿਆ। ਗ਼ੈਰ-ਨਾਗਰਿਕ ਅਤੇ ਨਾਜਾਇਜ਼ ਆਵਾਸੀ ਐਲਾਨੇ ਗਏ ਲੋਕਾਂ ਵਿਚੋਂ 60% ਹਿੰਦੂ ਅਤੇ 70% ਔਰਤਾਂ ਸਨ। ਬੰਗਾਲੀ ਪਿਛੋਕੜ ਵਾਲੇ ਮੁਸਲਮਾਨ ਸਿਰਫ਼ 4.89 ਲੱਖ ਸਨ!

ਦਸੰਬਰ 2019 'ਚ ਸੀ.ਏ.ਏ. ਪਾਸ ਕੀਤੇ ਜਾਣ ਸਮੇਂ ਅਵਾਮ ਨੇ ਵਿਆਪਕ ਪੈਮਾਨੇ 'ਤੇ ਵਿਰੋਧ ਕੀਤਾ ਸੀ। ਸ਼ਾਹੀਨ ਬਾਗ ਮੋਰਚੇ ਤੋਂ ਪ੍ਰੇਰਿਤ ਹੋ ਕੇ ਲਾਮਬੰਦ ਹੋਈ ਵਿਸ਼ਾਲ ਲੋਕਰਾਇ ਤੋਂ ਭੈਭੀਤ ਫਾਸ਼ੀਵਾਦੀ ਹਕੂਮਤ ਨੇ ਇਸ ਵਾਰ ਨੋਟੀਫਿਕੇਸ਼ਨ ਕਰਨ ਸਮੇਂ ਜਾਬਰ ਪੇਸ਼ਬੰਦੀਆਂ ਦਾ ਸਹਾਰਾ ਲਿਆ। ਯੋਗੀ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਨੇ ਲਖਨਊ ਵਿਚ ਉੱਘੇ ਸ਼ਾਇਰ ਮੁਨਾਵਰ ਰਾਣਾ ਦੀਆਂ ਦੋ ਧੀਆਂ ਸਮੇਤ ਉਨ੍ਹਾਂ ਸਾਰੀਆਂ ਸਰਗਰਮ ਔਰਤਾਂ ਨੂੰ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਜਿਨ੍ਹਾਂ ਨੇ 2020 'ਚ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ ਸੀ। ਕੇਰਲਾ ਵਿਚ ਪੁਰਅਮਨ ਮੁਜ਼ਾਹਰਾਕਾਰੀਆਂ ਉੱਪਰ ਵਹਿਸ਼ੀਆਨਾ ਲਾਠੀਚਾਰਜ ਅਤੇ ਜਬਰ ਕੀਤਾ ਗਿਆ। ਦਿੱਲੀ ਵਿਚ ਜਾਮੀਆ ਮਿਲੀਆ ਅਤੇ ਮੁਸਲਿਮ ਬਹੁਗਿਣਤੀ ਵਾਲੇ ਹੋਰ ਇਲਾਕੇ ਪੁਲਿਸ ਛਾਉਣੀਆਂ ਬਣਾ ਦਿੱਤੇ ਗਏ। ਤਾਂ ਜੋ ਦਿੱਲੀ ਪੁਲਿਸ ਅਤੇ ਹਿੰਦੂਤਵ ਦਹਿਸ਼ਤੀ ਗਰੋਹਾਂ ਦੁਆਰਾ ਅੰਜਾਮ ਦਿੱਤੀ ਮੁਸਲਿਮ ਵਿਰੋਧੀ ਹਿੰਸਾ, ਸਾੜਫੂਕ ਅਤੇ ਭੰਨਤੋੜ ਦੇ ਦਹਿਸ਼ਤੀ ਮਾਹੌਲ ਨੂੰ ਚੇਤੇ ਕਰਕੇ ਸੜਕਾਂ ਉੱਪਰ ਨਾ ਆਉਣ। ਉਸ ਹਿੰਸਾ ਨੇ 53 ਲੋਕਾਂ ਦੀ ਜਾਨ ਲਈ ਸੀ ਜੋ ਮੁੱਖ ਤੌਰ 'ਤੇ ਮੁਸਲਮਾਨ ਸਨ। ਕਪਿਲ ਮਿਸ਼ਰਾ ਅਤੇ ਮੌਜੂਦਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ 'ਗੋਲੀ ਮਾਰੋ ਸਾਲੋਂ ਕੋ' ਦੇ ਭੜਕਾਊ ਨਾਅਰੇ ਲਾਉਂਦਿਆਂ ਉਨ੍ਹਾਂ ਹਿੰਸਕ ਜਲੂਸਾਂ ਦੀ ਅਗਵਾਈ ਕੀਤੀ ਸੀ। ਆਰ.ਐੱਸ.ਐੱਸ. ਦੀ ਸ਼ਾਖਾ ਬਣ ਕੇ ਕੰਮ ਕਰ ਰਹੀ ਦਿੱਲੀ ਪੁਲਿਸ ਨੇ ਸੈਂਕੜੇ ਮੁਸਲਮਾਨਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹਾਂ 'ਚ ਸਾੜਿਆ। 21 ਤੋਂ ਵੱਧ ਲੋਕਾਂ ਉੱਪਰ ਯੂਏਪੀਏ ਲਗਾਇਆ ਗਿਆ। ਜਿਨ੍ਹਾਂ ਵਿਚੋਂ ਉਮਰ ਖ਼ਾਲਿਦ, ਸ਼ਰਜੀਲ ਇਮਾਮ ਦੇ ਨਾਲ-ਨਾਲ ਮੁਸਲਮਾਨ ਲੜਕੀਆਂ ਅਜੇ ਵੀ ਬਿਨਾਂ ਜ਼ਮਾਨਤ ਜੇਲ੍ਹ 'ਚ ਹਨ।

ਉਪਰੋਕਤ ਨੋਟੀਫਿਕੇਸ਼ਨ ਦਾ ਵਿਰੋਧ ਕੇਰਲਾ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਦੀਆਂ ਰਾਜ ਸਰਕਾਰਾਂ ਨੇ ਵੀ ਕੀਤਾ ਹੈ। ਪਰ ਅਸਲ ਲੜਾਈ ਭਾਰਤ ਦੇ ਲੋਕਾਂ ਨੂੰ ਲੜਨੀ ਪਵੇਗੀ। ਇਸ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਦੀ ਮੰਗ ਕਰਦੇ ਹੋਏ ਮੁਲਕ ਦੇ ਅਵਾਮ ਨੂੰ ਖ਼ਬਰਦਾਰ ਕਰਨਾ ਜ਼ਰੂਰੀ ਹੈ ਕਿ ਇਹ ਕਾਲਾ ਕਾਨੂੰਨ ਉਨ੍ਹਾਂ ਲਈ ਕਿਸ ਤਰ੍ਹਾਂ ਖ਼ਤਰਾ ਬਣੇਗਾ। ਵਿਸ਼ਾਲ ਲੋਕਰਾਇ ਹੀ ਫਾਸ਼ੀਵਾਦੀ ਹਕੂਮਤ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਸਕਦੀ ਹੈ।

# ਭਾਰਤੀ ਸਮਾਜਵਾਦੀ ਅੰਬਰ ਦਾ ਧਰੂ ਤਾਰਾ - ਮਧੂ ਦੰਡਵਤੇ

ਭਾਰਤੀ ਸਮਾਜਵਾਦੀ ਰਵਾਇਤ ਹੁਣ ਸਾਹਸੱਤਹੀਣ ਹੋ ਗਈ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਇਸ ਧਾਰਾ ਦਾ ਸਮਾਜ ਅਤੇ ਸਿਆਸਤ ਉਪਰ ਭਰਵਾਂ ਤੇ ਮਾਣਮੱਤਾ ਅਸਰ ਹੋਇਆ ਕਰਦਾ ਸੀ। ਫਿਰ ਵੀ ਬਹੁਤ ਥੋੜ੍ਹੇ ਲੋਕ ਹੀ ਸਮਾਜਵਾਦੀਆਂ ਦੇ ਅਤੀਤ ਦੀ ਬੁਲੰਦੀ ਤੋਂ ਜਾਣੂ ਹਨ। ਕਾਂਗਰਸ, ਕਮਿਊਨਿਸਟਾਂ, ਖੇਤਰੀ ਪਾਰਟੀਆਂ, ਅੰਬੇਡਕਰਵਾਦੀਆਂ ਅਤੇ ਜਨ ਸੰਘ ਅਤੇ ਭਾਜਪਾ (ਖ਼ਾਸਕਰ ਹਾਲੀਆ ਸਾਲਾਂ ਵਿਚ) -ਇਨ੍ਹਾਂ ਸਾਰਿਆਂ ਦੇ ਆਪੋ ਆਪਣੇ ਇਤਿਹਾਸਕਾਰ ਅਤੇ ਧੁਤੂ ਮੰਡਲ ਰਹੇ ਹਨ ਜਿਨਾਂ ਨੇ ਇਨ੍ਹਾਂ ਧਿਰਾਂ ਦੇ ਪ੍ਰਮੁੱਖ ਆਗੂਆਂ ਦੀ ਵਿਚਾਰਧਾਰਕ ਬੰਸਾਵਲੀ ਦੀ ਖੋਜਬੀਨ ਕੀਤੀ,



**ਰਾਮਚੰਦਰ ਗੁਹਾ**

ਜੀਵਨੀਆਂ ਲਿਖੀਆਂ ਅਤੇ ਕਦੇ ਕਦੇ ਉਸਤਤੀ ਲੇਖਾਂ ਦੀ ਰਚਨਾ ਕੀਤੀ ਹੈ। ਪਰ ਭਾਰਤੀ ਸਮਾਜਵਾਦੀਆਂ ਨਾਲ ਅਜਿਹਾ ਕੁਝ ਨਹੀਂ ਹੋਇਆ ਅਤੇ ਇਤਿਹਾਸਕਾਰਾਂ ਨੇ ਬਹੁਤ ਦੂਰ-ਦੂਰ ਤੱਕ ਇਨ੍ਹਾਂ ਨੂੰ ਵਿਸਾਰ ਹੀ ਦਿੱਤਾ।


ਦੇਸ਼ ਦੇ ਸਮਾਜਵਾਦੀਆਂ ਦੇ ਸਭ ਤੋਂ ਨਫ਼ੀਸ ਤਰਜਮਾਨਾਂ 'ਚ ਸ਼ੁਮਾਰ ਇੱਕ ਆਗੂ ਮਧੂ ਦੰਡਵਤੇ ਸਨ, ਜਿਨ੍ਹਾਂ ਦਾ ਜਨਮ 21 ਜਨਵਰੀ 1923 ਨੂੰ ਹੋਇਆ। ਬੰਬਈ (ਹੁਣ ਮੁੰਬਈ) ਵਿਚ ਵਿਦਿਆਰਥੀ ਹੁੰਦਿਆਂ ਮਧੂ ਦੰਡਵਤੇ ਕਾਂਗਰਸ ਸੋਸ਼ਲਿਸਟ ਪਾਰਟੀ (ਸੀਐੱਸਪੀ) ਦੇ ਆਦਰਸ਼ਾਂ ਅਤੇ ਜੈਪ੍ਰਕਾਸ਼ ਨਰਾਇਣ, ਰਾਮ ਮਨੋਹਰ ਲੋਹੀਆ ਤੇ ਯੂਸਫ਼ ਮਹਿਰੈਲੀ ਜਿਹੇ ਇਸ ਪਾਰਟੀ ਦੇ ਕ੍ਰਿਸ਼ਮਈ ਆਗੂਆਂ ਤੋਂ ਪ੍ਰਭਾਵਿਤ ਹੋਏ ਸਨ। 'ਸੀਐੱਸਪੀ' ਦਾ ਵਿਚਾਰ ਸੀ ਕਿ ਮੁੱਖਧਾਰਾ ਦੀ ਕਾਂਗਰਸ ਪਾਰਟੀ ਆਰਥਿਕ ਨਿਆਂ ਅਤੇ ਔਰਤਾਂ ਦੇ ਹੱਕਾਂ ਜਿਹੇ ਮੁੱਦਿਆਂ 'ਤੇ ਦਕੀਆਨੂਸ ਸੋਚ ਰੱਖਦੀ ਹੈ। ਇਸ ਦੇ ਨਾਲ ਹੀ ਇਸ ਨੇ ਭਾਰਤੀ ਕਮਿਊਨਿਸਟ ਪਾਰਟੀ ਤੋਂ ਵੀ ਦੂਰੀ ਬਣਾ ਕੇ ਰੱਖੀ ਸੀ ਜਿਸ ਨੇ ਆਪਣੇ ਪੱਲੇ ਦੀਆਂ ਤਣੀਆਂ ਸੋਵੀਅਤ ਸੰਘ ਨਾਲ ਬੰਨ੍ਹੀਆਂ ਹੋਈਆਂ ਸਨ। 1942 ਦੀ 'ਭਾਰਤ ਛੱਡੋ' ਲਹਿਰ ਦਾ ਸਮਾਜਵਾਦੀਆਂ ਨੇ ਸਾਥ ਦਿੱਤਾ ਸੀ ਜਦੋਂਕਿ ਕਮਿਊਨਿਸਟਾਂ ਨੇ ਵਿਰੋਧ ਕੀਤਾ ਸੀ ਜਿਸ ਕਰਕੇ ਦੋਵਾਂ ਵਿਚਕਾਰ ਪਾੜਾ ਸਾਫ਼ ਜ਼ਾਹਿਰ ਹੋ ਗਿਆ ਸੀ।

ਵਿਚਾਰਧਾਰਕ ਤੌਰ 'ਤੇ ਸਮਾਜਵਾਦੀ ਤਿੰਨ ਪੱਖਾਂ ਤੋਂ ਕਮਿਊਨਿਸਟਾਂ ਤੋਂ ਬਿਲਕੁੱਲ ਵੱਖਰੇ ਸਨ। ਪਹਿਲਾ, ਕਮਿਊਨਿਸਟ ਸਟਾਲਿਨ ਦਾ ਜਾਪ ਕਰਦੇ ਸਨ ਜਦੋਂਕਿ ਸਮਾਜਵਾਦੀ ਸਟਾਲਿਨ ਨੂੰ ਤਾਨਾਸ਼ਾਹ (ਜੋ ਕਿ ਸਹੀ ਵੀ ਸੀ) ਅਤੇ ਰੂਸ ਨੂੰ ਤਾਨਾਸ਼ਾਹੀ ਗਿਣਦੇ ਸਨ। ਦੂਜਾ, ਕਮਿਊਨਿਸਟ ਹਿੰਸਾ ਦੀ ਭੂਮਿਕਾ ਨੂੰ ਮਾਨਤਾ ਦਿੰਦੇ ਸਨ ਜਦੋਂਕਿ ਸਮਾਜਵਾਦੀ ਸਿਆਸੀ ਵਿਵਾਦ ਸੁਲਝਾਉਣ ਲਈ ਅਹਿੰਸਾ ਨੂੰ ਤਰਜੀਹ ਦਿੰਦੇ ਸਨ। ਤੀਜਾ, ਕਮਿਊਨਿਸਟ ਆਰਥਿਕ ਤੇ ਸਿਆਸੀ ਸ਼ਕਤੀ ਦੇ ਕੇਂਦਰੀਕਰਨ ਵਿਚ ਭਰੋਸਾ ਰੱਖਦੇ ਸਨ ਜਦੋਂਕਿ ਸਮਾਜਵਾਦੀ ਇਨ੍ਹਾਂ ਖੇਤਰਾਂ ਵਿਚ ਤਾਕਤਾਂ ਦੇ ਵਿਕੇਂਦਰੀਕਰਨ ਦੀ ਵਕਾਲਤ ਕਰਦੇ ਸਨ।

ਆਪਣੇ ਆਪ ਨੂੰ ਕਮਿਊਨਿਸਟਾਂ ਨਾਲੋਂ ਵੱਖਰੇ ਦਰਸਾਉਂਦਿਆਂ ਸਮਾਜਵਾਦੀ, ਮਹਾਤਮਾ ਗਾਂਧੀ ਤੋਂ ਪ੍ਰੇਰਨਾ ਲੈਂਦੇ ਸਨ। ਮਧੂ ਦੰਡਵਤੇ ਨੇ ਮਾਰਕਸ ਅਤੇ ਗਾਂਧੀ ਬਾਰੇ ਆਪਣੀ ਕਿਤਾਬ ਵਿਚ ਲਿਖਿਆ: ''ਹਿੰਸਕ ਤੌਰ ਤਰੀਕਿਆਂ ਦੀ ਗਾਂਧੀ ਵੱਲੋਂ ਕੀਤੀ ਜਾਂਦੀ ਮੁਖ਼ਾਲਫ਼ਤ ਉਨ੍ਹਾਂ ਦੇ ਮਨੁੱਖੀ ਜੀਵਨ ਪ੍ਰਤੀ ਸਤਿਕਾਰ 'ਤੇ ਅਧਾਰਿਤ ਸੀ। ਵਿਅਕਤੀ ਕਿਸੇ ਸਿਸਟਮ ਦੇ ਅੰਗ ਵਜੋਂ ਕੰਮ ਕਰਦੇ ਹਨ ਅਤੇ ਸਿਸਟਮ ਦੀਆਂ ਗ਼ਲਤੀਆਂ ਬਦਲੇ ਉਸ ਦੇ ਅੰਗਾਂ ਨੂੰ ਹਰਗਿਜ਼ ਸਜ਼ਾ ਨਹੀਂ ਦਿੱਤੀ ਜਾਣੀ ਜਾਂ ਉਨ੍ਹਾਂ ਨੂੰ ਬਰਬਾਦ ਨਹੀਂ ਕੀਤਾ ਜਾਣਾ ਚਾਹੀਦਾ... ਗਾਂਧੀ ਨੇ ਤਜਰਬੇ ਤੋਂ ਸਿੱਖਿਆ ਸੀ ਕਿ ਹਿੰਸਕ ਇਨਕਲਾਬ ਵਿਚ ਲੋਕਾਂ ਦੇ ਬਹੁਤ ਵੱਡੇ ਹਿੱਸਿਆਂ ਦੀ ਕੋਈ ਹਕੀਕੀ ਸ਼ਮੂਲੀਅਤ ਨਹੀਂ ਹੁੰਦੀ; ਇਨਕਲਾਬ ਵਿਚ ਇਕ ਛੋਟੀ ਜਿਹੀ ਗਿਣਤੀ ਹਿੱਸਾ ਲੈਂਦੀ ਹੈ ਅਤੇ ਇਸ ਤੋਂ ਵੀ ਘੱਟ ਗਿਣਤੀ ਸੱਤਾ 'ਤੇ ਕਾਬਜ਼ ਹੋ ਜਾਂਦੀ ਹੈ ਜੋ ਲੋਕਾਂ ਦੇ ਨਾਂ 'ਤੇ ਤਾਨਾਸ਼ਾਹੀ ਚਲਾਉਂਦੀ ਹੈ।''

ਇਸੇ ਕਿਤਾਬ ਵਿਚ ਦੰਡਵਤੇ ਅਗਾਂਹ ਲਿਖਦੇ ਹਨ: ''ਗਾਂਧੀ ਦਾ ਸਿਆਸੀ ਅਤੇ ਆਰਥਿਕ ਦ੍ਰਿਸ਼ਟੀਕੋਣ ਇਕ ਖਰੇ ਅਹਿੰਸਕ ਲੋਕਰਾਜੀ ਸਮਾਜ ਦਾ ਨਿਰਮਾਣ ਕਰਨ ਦੀ ਖ਼ੁਆਹਿਸ਼ 'ਚੋਂ ਉਪਜਿਆ ਸੀ ਜਿੱਥੇ ਦਮਨ ਲਈ ਕੋਈ ਥਾਂ ਨਹੀਂ ਹੁੰਦੀ ਅਤੇ ਮਨੁੱਖ ਰਿਆਸਤ (ਸਟੇਟ) ਜਾਂ ਤਕਨਾਲੋਜੀ ਦਾ ਔਜ਼ਾਰ ਬਣ ਕੇ ਨਹੀਂ ਵਿਚਰਦਾ। ਇਸ ਕਰਕੇ ਉਹ ਕਮਿਊਨਿਜ਼ਮ 'ਤੇ ਫ਼ਿਦਾ ਨਹੀਂ ਹੋਏ ਜੋ ਪੂੰਜੀਵਾਦ ਤੋਂ ਤਕਨਾਲੋਜੀ ਦਾ ਉਤਪਾਦਨ ਉਧਾਰ ਲੈਂਦਾ ਹੈ, ਪਰ ਸਿਰਫ਼ ਉਤਪਾਦਨ ਦੇ ਸਬੰਧਾਂ ਨੂੰ ਤਬਦੀਲ ਕਰਨ ਦੀ ਜੱਦੋ-ਜਹਿਦ ਕਰਦਾ ਹੈ।''

ਆਜ਼ਾਦੀ ਤੋਂ ਬਾਅਦ ਸਮਾਜਵਾਦੀ ਮੂਲ ਪਾਰਟੀ ਕਾਂਗਰਸ ਨਾਲੋਂ ਤੋੜ ਵਿਛੋੜਾ ਕਰ ਗਏ ਅਤੇ ਉਨ੍ਹਾਂ ਆਪਣੀ ਵੱਖਰੀ ਪਾਰਟੀ ਬਣਾ ਲਈ। ਮਗਰਲੇ ਸਾਲਾਂ ਵਿਚ ਇਸ ਵਿਚ ਕਈ ਫੁੱਟਾਂ ਵੀ ਪਈਆਂ ਅਤੇ ਕਈ ਰਲੇਵੇਂ ਵੀ ਹੋਏ। ਸਮਾਜਵਾਦੀਆਂ ਨੇ 1950ਵਿਆਂ, 60ਵਿਆਂ ਅਤੇ 70ਵਿਆਂ ਦੇ ਦਹਾਕਿਆਂ ਵਿਚ ਸਿਆਸੀ ਬਹਿਸ ਨੂੰ ਅਮੀਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ, ਭਾਵੇਂ ਇਨ੍ਹਾਂ ਵਿਚ ਫੁੱਟ ਹੋਵੇ ਜਾਂ ਇਕਜੁੱਟ ਹੋਣ, ਸੱਤਾ ਵਿਚ ਹੋਣ ਜਾਂ ਸੱਤਾ ਤੋਂ ਬਾਹਰ, ਕੇਂਦਰ ਵਿਚ ਹੋਣ ਜਾਂ ਸੂਬਿਆਂ ਵਿਚ ਹੋਣ।



ਲੋਹੀਆ ਅਤੇ ਜੇਪੀ ਜਿਹੇ ਸਮਾਜਵਾਦੀ ਆਗੂਆਂ ਨੂੰ ਦੇਸ਼ ਭਰ ਵਿਚ ਸਾਰੇ ਤਬਕੇ ਜਾਣਦੇ ਤੇ ਸਤਿਕਾਰਦੇ ਸਨ। ਲਿੰਗਕ ਸਮਾਨਤਾ ਲਈ ਪੁਰਜ਼ੋਰ ਹਮਾਇਤ ਕਾਂਗਰਸ ਸੋਸ਼ਲਿਸਟ ਪਾਰਟੀ ਦੀ ਵਿਲੱਖਣ ਪਛਾਣ ਸੀ। ਦਰਅਸਲ, ਕਾਂਗਰਸ, ਜਨ ਸੰਘ ਅਤੇ ਇੱਥੋਂ ਤੱਕ ਕਿ ਕਮਿਊਨਿਸਟਾਂ ਦੇ ਮੁਕਾਬਲੇ ਇਸ ਪਾਰਟੀ ਨੇ ਕਿਤੇ ਜ਼ਿਆਦਾ ਤਾਦਾਦ ਵਿਚ ਸ਼ਾਨਾਮੱਤੇ ਮਹਿਲਾ ਆਗੂ ਪੈਦਾ ਕੀਤੇ ਸਨ ਜਿਨ੍ਹਾਂ ਵਿਚ ਕਮਲਾਦੇਵੀ ਚਟੋਪਾਧਿਆਏ, ਮ੍ਰਿਣਾਲ ਗੋਰੇ ਅਤੇ ਮਧੂ ਦੰਡਵਤੇ ਦੀ ਪਤਨੀ ਪ੍ਰਮਿਲਾ ਸ਼ਾਮਿਲ ਸਨ। ਸਮਾਜਵਾਦੀ ਸੱਭਿਆਚਾਰਕ ਖੇਤਰਾਂ ਖ਼ਾਸਕਰ ਰੰਗਮੰਚ ਤੇ ਸੰਗੀਤ ਅਤੇ ਨਾਗਰਿਕ ਹੱਕਾਂ ਅਤੇ ਵਾਤਾਵਰਨ ਦੀਆਂ ਲਹਿਰਾਂ ਵਿਚ ਵੀ ਕਾਫ਼ੀ ਸਰਗਰਮ ਰਹੇ ਹਨ।

ਆਪਣੀ ਜਵਾਨੀ ਦੇ ਦਿਨਾਂ ਦੇ ਨਾਇਕ ਜੇਪੀ ਵਾਂਗੂ, ਮਧੂ ਦੰਡਵਤੇ ਇਖ਼ਲਾਕੀ ਤੇ ਜਿਸਮਾਨੀ ਦਲੇਰੀ ਵਾਲੇ ਵਿਅਕਤੀ ਰਹੇ ਹਨ। ਲੋਹੀਆ ਦੀ ਤਰ੍ਹਾਂ ਉਹ ਵਿਦਵਾਨ ਰਹੇ ਹਨ। ਐਨ ਜੀ ਗੋਰੇ, ਐੱਸ ਐਮ ਜੋਸ਼ੀ ਅਤੇ ਸਾਣੇ ਗੁਰੂਜੀ (ਜੋ ਕਿ ਸਾਰੇ ਉਨ੍ਹਾਂ ਲਈ ਆਦਰਸ਼ ਰਹੇ ਹਨ) ਵਾਂਗ ਹੀ ਉਨ੍ਹਾਂ ਮਹਾਰਾਸ਼ਟਰ ਲਈ ਆਪਣੇ ਪਿਆਰ ਨੂੰ ਭਾਰਤ ਲਈ ਪਿਆਰ ਨਾਲ ਇਕਮਿਕ ਕੀਤਾ ਸੀ। ਫਿਰ ਵੀ, ਉਨ੍ਹਾਂ ਦੀ ਵਿਹਾਰਕ ਦੇਣ ਕਰਕੇ ਉਨ੍ਹਾਂ ਦੀ ਆਪਣੇ ਸਾਥੀ ਸਮਾਜਵਾਦੀਆਂ ਅੰਦਰ ਵਿਲੱਖਣ ਪਛਾਣ ਰਹੀ ਹੈ। ਉਨ੍ਹਾਂ ਲੱਖਾਂ ਭਾਰਤੀਆਂ ਨੂੰ ਆਪਣੀ ਜ਼ਿੰਦਗੀ ਵਿਚ ਸੁਧਾਰਨ ਲਈ ਬਹੁਤ ਮਦਦ ਕੀਤੀ ਸੀ।

ਇਹ ਕੰਮ ਉਨ੍ਹਾਂ ਪਹਿਲੀ ਜਨਤਾ ਸਰਕਾਰ ਵੇਲੇ ਕੇਂਦਰੀ ਰੇਲ ਮੰਤਰੀ ਵਜੋਂ ਨਿਭਾਇਆ। ਦੋ ਸਾਲਾਂ ਦੇ ਸੰਖੇਪ ਜਿਹੇ ਅਰਸੇ ਵਿਚ ਦੰਡਵਤੇ ਨੇ ਭਰਵਾਂ ਅਸਰ ਪਾਇਆ। ਉਨ੍ਹਾਂ ਸਟੇਟ (ਰਿਆਸਤ) ਅਤੇ ਰੇਲਵੇ ਯੂਨੀਅਨ ਵਿਚਕਾਰ ਭਰੋਸਾ (ਜੋ 1974 ਦੀ ਹੜਤਾਲ ਅਤੇ ਇੰਦਰਾ ਗਾਂਧੀ ਸਰਕਾਰ ਵੱਲੋਂ ਇਸ ਨੂੰ ਕੁਚਲਣ ਕਰਕੇ ਟੁੱਟ ਗਿਆ ਸੀ) ਮੁੜ ਪੈਦਾ ਕੀਤਾ, ਕੰਪਿਊਟਰੀਕਰਨ ਦਾ ਅਮਲ ਸ਼ੁਰੂ ਕੀਤਾ ਅਤੇ ਸਭ ਤੋਂ ਅਹਿਮ ਇਹ ਕਿ ਮੁਸਾਫ਼ਰ ਰੇਲਗੱਡੀਆਂ ਵਿਚ ਸੈਕਿੰਡ ਕਲਾਸ ਵਿਚ ਲੱਕੜ ਦੀਆਂ ਸਖ਼ਤ ਸੀਟਾਂ ਉਪਰ ਫੋਮ ਵਾਲੇ ਨਰਮ ਗੱਦੇ ਲਗਾਏ। ਉਨ੍ਹਾਂ ਦੇ ਇਸ ਕੰਮ ਨਾਲ ਅਰਬਾਂ ਮੁਸਾਫ਼ਰਾਂ ਦਾ ਰੇਲ ਸਫ਼ਰ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਆਰਾਮਦਾਇਕ ਬਣ ਗਿਆ।

ਇਨ੍ਹਾਂ ਨਰਮ ਫੋਮ ਵਾਲੀਆਂ ਸੀਟਾਂ ਵਾਲੀ ਪਹਿਲੀ ਰੇਲਗੱਡੀ ਨੂੰ ਬੰਬਈ ਤੋਂ ਕਲਕੱਤੇ ਲਈ 26 ਦਸੰਬਰ 1977 ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ ਸੀ। ਰੇਲਵੇ ਬੋਰਡ ਦੀ ਇੱਛਾ ਸੀ ਕਿ ਇਸ ਨੂੰ ਈਸਟਰਨ ਐਕਸਪ੍ਰੈਸ ਦਾ ਨਾਂ ਦਿੱਤਾ ਜਾਵੇ, ਪਰ ਰੇਲ ਮੰਤਰੀ ਦੰਡਵਤੇ ਨੇ ਇਸ ਦਾ ਨਾਂ ਗੀਤਾਂਜਲੀ ਐਕਸਪ੍ਰੈਸ ਚੁਣਿਆ ਜਿਸ ਵਿਚ ਰਾਬਿੰਦਰਨਾਥ ਟੈਗੋਰ ਦੇ ਚਿੱਤਰ ਲੱਗੇ ਹੋਏ ਸਨ। ਬੇਸ਼ੱਕ, ਦੰਡਵਤੇ ਦੇਸ਼ ਦਾ ਬਿਹਤਰੀਨ ਰੇਲ ਮੰਤਰੀ ਸੀ। ਦਰਅਸਲ, ਉਹ ਉਨ੍ਹਾਂ ਗਿਣੇ ਚੁਣੇ ਕੈਬਨਿਟ ਮੰਤਰੀਆਂ 'ਚੋਂ ਸਨ ਜਿਨ੍ਹਾਂ ਭਾਰਤ ਅਤੇ ਭਾਰਤ ਦੇ ਲੋਕਾਂ ਦੀ ਬਿਹਤਰੀ ਲਈ ਪਰਿਵਰਤਨਕਾਰੀ ਅਸਰ ਪਾਇਆ ਸੀ। ਇਨ੍ਹਾਂ ਵਿਚ 1947 ਤੋਂ 1950 ਤੱਕ ਗ੍ਰਹਿ ਮੰਤਰੀ ਵਜੋਂ ਵੱਲਭ ਭਾਈ ਪਟੇਲ, 1964 ਤੋਂ 1967 ਤੱਕ ਖੇਤੀਬਾੜੀ ਮੰਤਰੀ ਵਜੋਂ ਸੀ. ਸੁਬਰਾਮਣੀਅਮ ਅਤੇ 1991 ਤੋਂ 1996 ਤੱਕ ਵਿੱਤ ਮੰਤਰੀ ਵਜੋਂ ਮਨਮੋਹਨ ਸਿੰਘ ਦਾ ਨਾਂ ਆਉਂਦਾ ਹੈ।

ਦੂਜੀ ਵਾਰ ਬਣੀ ਜਨਤਾ ਸਰਕਾਰ ਵੇਲੇ ਦੰਡਵਤੇ ਨੇ ਵਿੱਤ ਮੰਤਰੀ ਵਜੋਂ ਸੇਵਾਵਾਂ ਦਿੱਤੀਆਂ ਸਨ ਅਤੇ 1990 ਦੇ ਆਪਣੇ ਬਜਟ ਭਾਸ਼ਣ ਵਿਚ ਖ਼ਾਸ ਤੌਰ 'ਤੇ ਵਾਤਾਰਵਨ ਦੀਆਂ ਚੁਣੌਤੀਆਂ ਵੱਲ ਧਿਆਨ ਦਿਵਾਉਂਦਿਆਂ ਉਨ੍ਹਾਂ ਟਿੱਪਣੀ ਕੀਤੀ ਸੀ: ''ਸਾਡੇ ਵਾਤਾਵਰਨ ਲਈ ਪੈਦਾ ਹੋ ਰਹੇ ਖ਼ਤਰੇ ਨੂੰ ਹੁਣ ਹੋਰ ਲੰਮਾ ਸਮਾਂ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਅਨੁਮਾਨ ਲਾਇਆ ਗਿਆ ਹੈ ਕਿ ਭੋਇੰ ਖੋਰ, ਖਾਰੇਪਣ ਅਤੇ ਸਮੁੱਚੇ ਜੰਗਲੀ ਖੇਤਰ ਦੀ ਬਰਬਾਦੀ ਆਦਿ ਕਾਰਨ ਅੰਦਾਜ਼ਨ 13.9 ਕਰੋੜ ਹੈਕਟੇਅਰ ਜ਼ਮੀਨ ਦੇ ਉਪਜਾਊਪਣ ਵਿਚ ਨਿਘਾਰ ਆਇਆ ਹੈ। ਵੱਖੋ-ਵੱਖਰੇ ਸਰੋਤਾਂ ਤੋਂ ਸਾਡੇ ਜੰਗਲਾਂ ਉਪਰ ਦਬਾਅ ਪੈ ਰਿਹਾ ਹੈ। ਸ਼ਹਿਰੀ ਖੇਤਰਾਂ ਵਿਚ ਸਨਅਤ, ਟਰਾਂਸਪੋਰਟ ਅਤੇ ਹੋਰਨਾਂ ਸਰੋਤਾਂ ਕਰਕੇ ਹਵਾ ਅਤੇ ਪਾਣੀ ਦਾ ਪ੍ਰਦੂਸ਼ਣ ਬਹੁਤ ਜ਼ਿਆਦਾ ਵਧ ਗਿਆ ਹੈ। ਸਿਹਤਮੰਦ ਵਾਤਾਵਰਨ ਜੀਵਨ ਦੇ ਮਿਆਰ ਦਾ ਹਿੱਸਾ ਹੁੰਦਾ ਹੈ ਅਤੇ ਉਤਪਾਦਕ ਵਾਤਾਵਰਨ ਹੀ ਵਿਕਾਸ ਦਾ ਆਧਾਰ ਹੁੰਦਾ ਹੈ। ਦਿਹਾਤੀ ਵਿਕਾਸ ਅਤੇ ਵਿਕੇਂਦਰੀਕਰਨ ਉਪਰ ਸਾਡੇ ਜ਼ੋਰ ਸਦਕਾ ਸਾਨੂੰ ਵਾਤਾਵਰਨਕ ਸਰੋਕਾਰਾਂ ਨੂੰ ਵਿਕਾਸ ਦੇ ਡਿਜ਼ਾਈਨ ਨਾਲ ਇਕਮਿਕ ਕਰਨ ਦੀ ਖੁੱਲ੍ਹ ਮਿਲਦੀ ਹੈ।''

ਦੁਰਭਾਗ ਇਹ ਹੈ ਕਿ ਬਾਅਦ ਵਿਚ ਆਈਆਂ ਸਰਕਾਰਾਂ ਨੇ ਇਨ੍ਹਾਂ ਚਿਤਾਵਨੀਆਂ ਨੂੰ ਦਰਕਿਨਾਰ ਕਰ ਦਿੱਤਾ ਅਤੇ ਉਹ ਅੰਨ੍ਹੇ ਪੂੰਜੀਵਾਦ ਤੇ ਮੈਗਾ ਪ੍ਰਾਜੈਕਟਾਂ ਦੇ ਖ਼ਬਤ ਦਾ ਸ਼ਿਕਾਰ ਹੋ ਗਈਆਂ ਜਿਨ੍ਹਾਂ ਨੇ ਸਾਡੇ ਵਾਤਾਵਰਨ ਨੂੰ ਮਲੀਆਮੇਟ ਕਰ ਦਿੱਤਾ ਅਤੇ ਹਵਾ ਤੇ ਪਾਣੀ ਦੇ ਪ੍ਰਦੂਸ਼ਣ, ਘਟਦੇ ਜਲ ਭੰਡਾਰਾਂ, ਜੰਗਲਾਂ ਦੀ ਬਰਬਾਦੀ, ਜ਼ਹਿਰੀਲੇ ਮਾਦਿਆਂ ਅਤੇ ਹੋਰ ਬਹੁਤ ਕਿਸਮ ਦਾ ਬੇਸ਼ੁਮਾਰ ਬੋਝ ਸਾਡੀਆਂ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ 'ਤੇ ਲੱਦ ਦਿੱਤਾ ਹੈ।

ਅੰਤ ਵਿਚ ਮੈਂ ਦੰਡਵਤੇ ਦੇ ਇੱਕ ਕਥਨ ਦਾ ਹਵਾਲਾ ਦੇਣਾ ਚਾਹੁੰਦਾ ਹਾਂ ਜਿਸ ਦਾ ਅਜੋਕੇ ਸਮਿਆਂ ਲਈ ਬਹੁਤ ਪ੍ਰਸੰਗਕ ਹੈ। ਇਹ ਉਨ੍ਹਾਂ ਦੇ ਪਹਿਲੀ ਜੁਲਾਈ 2005 ਨੂੰ ਆਏ ਸੰਸਮਰਣ ਦੀ ਭੂਮਿਕਾ 'ਚੋਂ ਲਿਆ ਗਿਆ ਹੈ ਜਦੋਂ ਉਹ ਆਪਣੀ ਉਮਰ ਦੇ ਅੱਸੀਵਿਆਂ 'ਚ ਸਨ। ਉਹ ਕਹਿੰਦੇ ਹਨ: '1984 ਦੇ ਸਿੱਖ ਵਿਰੋਧੀ ਦੰਗੇ, ਬਾਬਰੀ ਮਸਜਿਦ ਦੀ ਘਟਨਾ ਅਤੇ ਹਾਲੀਆ ਸਾਲਾਂ 'ਚ ਗੁਜਰਾਤ ਵਿਚ ਹੋਏ ਫ਼ਿਰਕੂ ਦੰਗਿਆਂ, ਅੱਗਜ਼ਨੀ ਤੇ ਲੁੱਟਮਾਰ ਨੇ ਧਰਮ-ਨਿਰਪੱਖਤਾ ਨੂੰ ਬਹੁਤ ਗਹਿਰੀ ਢਾਹ ਲਾਈ ਹੈ। ਧਾਰਮਿਕ ਸਹਿਣਸ਼ੀਲਤਾ ਦਾ ਅਹਿਸਾਸ ਲੀਰੋ-ਲੀਰ ਹੋ ਗਿਆ ਹੈ ਜਿਸ ਨੂੰ ਭਾਰਤ ਦੀ ਆਜ਼ਾਦੀ ਦੀ ਲਹਿਰ ਦੌਰਾਨ ਬਹੁਤ ਪਿਆਰ ਨਾਲ ਸਿੰਜਿਆ ਗਿਆ

*(ਬਾਕੀ ਅਗਲੇ ਸਫੇ 'ਤੇ)*

# ਫਿਲਮੀ ਵਿਰਸਾ ਫਾਊਂਡੇਸ਼ਨ ਤੇ ਅਦਾਕਾਰਾ ਵਹੀਦਾ ਰਹਿਮਾਨ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੈਂ ਤੇ ਮੇਰੀ ਹਮਸਫਰ ਆਪਣੀ ਉਮਰ ਦੇ ਦਸਵੇਂ ਦਹਾਕੇ ਵਿਚ ਪਰਵੇਸ਼ ਕਰ ਚੁੱਕੇ ਹਾਂ। ਹੁਣ ਸਾਡਾ ਹਸਪਤਾਲ ਆਉਣਾ-ਜਾਣਾ ਵਧ ਗਿਆ ਹੈ। ਵਿਹਲੇ ਸਮੇਂ ਮੁੱਦਤ ਤੋਂ ਸਾਂਭ ਕੇ ਰੱਖੀਆਂ ਤਸਵੀਰਾਂ ਤੇ ਵਸਤਾਂ ਨੂੰ ਲਭ ਕੇ ਮਿੱਤਰ ਪਿਆਰਿਆਂ ਤੇ ਉਨ੍ਹਾਂ ਦੇ ਬਾਲ ਬੱਚਿਆਂ ਨੂੰ ਵੰਡਦੇ ਰਹਿੰਦੇ ਹਾਂ। ਸਾਡੇ ਕੋਲੋਂ ਉਨ੍ਹਾਂ ਦੀ ਸਾਂਭ-ਸੰਭਾਲ ਮੁਸ਼ਕਲ ਹੋ ਚੁੱਕੀ ਹੈ। ਇਹ ਗੱਲ ਵੱਖਰੀ ਹੈ ਕਿ ਇਸ ਅਮਲ ਨਾਲ ਯਾਦਾਂ ਦੀ ਪਿਟਾਰੀ ਖੁੱਲ੍ਹ ਜਾਂਦੀ ਹੈ। ਖੁੱਲ੍ਹਦੀ ਹੈ ਤਾਂ ਖੁੱਲ੍ਹੀ ਰਹੇ। ਬਚਾਅ ਲੋਕਾਂ ਨੇ ਸੋਚਣਾ ਹੈ ਕਿਹੜੀ ਵਸਤੂ ਕਿੰਨਾ ਚਿਰ ਰੱਖਣੀ ਹੈ ਤੇ ਕਿਵੇਂ ਰੱਖਣੀ ਹੈ।

ਇਸ ਅਮਲ ਵਿਚੋਂ ਲੰਘਦਿਆਂ ਮੀਡੀਆਂ ਨੇ ਦੱਸਿਆ ਕਿ ਫਿਲਮੀ ਦੁਨੀਆਂ ਵਾਲਿਆਂ ਨੇ ਇੱਕ ਫਿਲਮ ਵਿਰਾਸਤ ਫਾਊਂਡੇਸ਼ਨ ਸਥਾਪਤ ਕਰ ਰੱਖੀ ਹੈ ਜਿਥੇ ਅਦਾਕਾਰਾਂ ਦੀਆਂ ਯਾਦਗਾਰੀ ਵਸਤਾਂ ਸਾਂਭ ਕੇ ਰੱਖੀਆਂ ਜਾਂਦੀਆਂ ਹਨ। ਇਹ ਵੀ ਕਿ ਹਾਲ ਵਿਚ ਉਨ੍ਹਾਂ ਨੇ 86 ਸਾਲਾ ਵਹੀਦਾ ਰਹਿਮਾਨ ਦੀਆਂ ਵਸਤਾਂ ਚੁਣੀਆਂ ਹਨ। ਇਸ ਕਾਰਜ ਲਈ ਉਹ ਮੁੰਬਈ ਸਾਗਰ ਦੇ ਕੰਢੇ ਪੈਂਦੇ ਵਹੀਦਾ ਰਹਿਮਾਨ ਦੇ ਘਰ ਪਹੁੰਚੇ ਤਾਂ ਹੈਰਾਨ ਰਹਿ ਗਏ ਕਿ ਉਸਨੇ ਕਿੰਨਾ ਕੁੱਝ ਸੰਭਾਲ ਰੱਖਿਆ ਹੈ। ਏਸ ਭਾਵ ਨਾਲ ਕਿ ਉਸਦੇ ਦੋਹਤਰੇ ਪੋਤਰੇ ਵੱਡੇ ਹੋ ਕੇ ਇਨ੍ਹਾਂ ਨੂੰ ਵੇਖ ਸਕਣ। ਵਿਰਾਸਤੀ ਫਾਊਂਡੇਸ਼ਨ ਨੂੰ ਦਾਨ ਕਰਨ ਦਾ ਵਿਚਾਰ ਉਦੋਂ ਬਣਿਆ ਜਦ ਇੱਕ ਸਾਲ ਪਹਿਲਾਂ ਫਾਊਂਡੇਸ਼ਨ ਵਲੋਂ ਦਿਖਾਈ 'ਗਾਈਡ' ਫਿਲਮ ਵੇਖਣ ਗਈ ਤਾਂ ਖਚਾ-ਖਚ ਭਰੇ ਹਾਲ ਵਿਚ ਦਰਸ਼ਕਾਂ ਦੀ ਸ਼ਾਂਤ ਮੁਦਰਾ ਨੇ ਹੈਰਾਨ ਕਰ ਦਿੱਤਾ। ਇਹ ਵੀ ਕਿ ਬੱਚਾ ਲੋਕ ਘਰ ਦੀ ਥਾਂ ਫਾਊਂਡੇਸ਼ਨ ਦੇ ਵਿਹੜੇ ਵਿਚ ਵੇਖ ਕੇ ਵਧੇਰੇ ਖ਼ੁਸ਼ ਹੋਣਗੇ। ਚੇਤੇ ਰਹੇ ਕਿ ਵਹੀਦਾ ਰਹਿਮਾਨ ਨੇ ਏਸ



ਫਿਲਮ ਤੋਂ ਬਿਨਾ ਚੌਧਵੀਂ ਕਾ ਚਾਂਦ, 'ਸਾਹਿਬ, ਬੀਵੀ ਔਰ ਗੁਲਾਮ', ਕਾਗਜ਼ ਕੇ ਫੂਲ, ਔਰ ਪਿਆਸ ਵਰਗੀਆਂ ਅਤਿਅੰਤ ਮਕਬੂਲ ਫਿਲਮਾਂ ਵਿਚ ਕੰਮ ਕੀਤਾ ਹੋਇਆ ਹੈ।

ਫਿਲਮ ਵਿਰਾਸਤ ਫਾਊਂਡੇਸ਼ਨ ਨੂੰ ਦਿੱਤੀਆਂ ਯਾਦਗਾਰੀ ਵਸਤਾਂ ਵਿਚ ਉਸ ਵਲੋਂ ਸੀ ਆਈ ਡੀ (394) ਫਿਲਮ ਲਈ 1956 ਵਿਚ ਉਸਦੀ ਮਾਂ ਵਲੋਂ ਖਰੀਦੀ ਸਾੜੀ ਵੀ ਸੀ ਜਿਸਨੂੰ ਦੇਂਦਿਆਂ ਉਹ ਬੱਚਿਆਂ ਵਾਂਗ ਭਾਵੁਕ ਹੋ ਗਈ।

ਵਹੀਦਾ ਨੇ ਇਹ ਵੀ ਦੱਸਿਆ ਕਿ ਸ਼ੂਟਿੰਗ ਸਮੇਂ ਫਿਲਮਾਂ ਦੇ ਡਾਇਰੈਕਟ ਕੁੱਝ ਵੀ ਕਹਿੰਦੇ ਉਹ ਆਪਣੇ ਪਹਿਰਾਵੇ ਦਾ ਆਪ ਧਿਆਨ ਰਖਦੀ। ਗੱਲਾਂ ਗੱਲਾਂ ਵਿਚ ਉਸਨੇ 'ਅਮਰਪਾਲੀ' (1966), ਫਿਲਮ ਵਿਚ ਵਿਜਿਆਂਤੀ ਵਲੋਂ ਪਹਿਨੀ ਪੁਸ਼ਾਕ ਦਾ ਜ਼ਿਕਰ ਕਰਦਿਆਂ ਇਹ ਵੀ ਕਿਹਾ 'ਸਾੜੀ ਤੋਂ ਉਪਰਲੇ ਜਿਸਮ ਨੂੰ ਮਣਕੇ ਮੋਤੀਆਂ ਤੇ ਗਹਿਣਿਆਂ ਨਾਲ ਢੱਕਣ ਦਾ ਰਿਵਾਜ 2500 ਸਾਲ ਪਹਿਲਾਂ ਦੀ ਗੱਲ ਹੈ ਜਦੋਂ ਆਮ ਲੋਕ ਵੀ ਆਦਿਵਾਸੀਆਂ ਵਾਂਗ ਨੰਗੇ ਧੜ ਵਿਚਰਦੇ ਸਨ।' ਆਪਣੀ ਸ਼ਰਮਾਕਲ ਬਿਰਤੀ ਬਾਰੇ ਉਸਨੇ ਇਹ ਵੀ ਦੱਸਿਆ ਕਿ 'ਕਲਾ ਬਾਜ਼ਾਰ' ਫਿਲਮ ਦੀ ਸ਼ੂਟਿੰਗ ਸਮੇਂ ਜਦੋਂ ਦੇਵ ਆਨੰਦ ਦਾ ਪੈਰ ਉੱਚੀ ਥਾਂ ਤੋਂ ਤਿਲਕਿਆਂ ਤਾਂ ਉਸਨੇ ਆਪਣੀ ਸਾੜੀ ਨੂੰ ਰੱਸਾ ਬਣਾ ਕੇ ਲਟਕਾਉਣਾ ਸੀ। ਉਸਨੂੰ ਸ਼ਰਮ ਆ ਗਈ। ਮੇਰੇ ਮੂੰਹ ਤੋਂ ਨਿਕਲਿਆ ਯੇਹ ਤੋਂ ਮੈਂ ਨਹੀਂ ਕਰੂੰਗੀ। ਉਹ ਵੀ ਖੁਲ੍ਹੀ ਥਾਂ, ਸ਼ਰ੍ਹੇਆਮ, ਸੁਣ ਕੇ ਵਿਜੇ ਆਨੰਦ ਬੋਲਿਆ 'ਯਹਾਂ ਮਸਲਾ ਜਿਸਮ ਦਿਖਾਨੇ ਨਹੀਂ, ਕਿਸੀ ਦੀ ਜਾਨ ਬਚਾਨੇ ਕਾ ਹੈ।'

ਵਸਤਰਾਂ ਦੀ ਚੋਣ ਵਾਲੀ ਗੱਲ ਨੂੰ ਅੱਗੇ ਤੋਰਦਿਆਂ ਉਸਨੇ ਕਿਹਾ, 'ਆਪ ਕੁੱਛ ਭੀ ਪਹਿਨ ਲੀਜੀਏ, ਬਿਕਨੀ ਪਹਿਨੇ ਯਾ ਸਵਿਮਿੰਗ ਸੂਟ, ਪਰ ਦਿਖਾਵੇ ਦੇ ਲਈ ਨਹੀਂ ਦਿਖਾਵਾ ਫਜ਼ੂਲ ਹੈ।' ਫਿਲਮ ਵਿਰਾਸਤ ਫਾਊਂਡੇਸ਼ਨ ਬਣਾਉਣ ਵਾਲਿਆਂ ਦੀ ਵੱਧ ਤੋਂ ਵੱਧ ਸ਼ਲਾਘਾ ਹੋਣੀ ਚਾਹੀਦੀ ਹੈ। ਕਾਸ਼! ਕੋਮਲ ਹੁਨਰਾਂ ਵਾਲੇ ਵੀ ਆਪਣੇ ਬੱਚਿਆਂ ਲਈ ਇਹੋ ਜਿਹੀ ਸੰਸਥਾ ਸਥਾਪਤ ਕਰ ਸਕਦੇ। ਇਹ ਕਰਦਿਆਂ ਵੀ ਕਵੀ, ਚਿੱਤਰਕਾਰ ਤੇ ਬੁੱਤ ਘਾੜੇ ਏਨੇ ਸੁਭਾਗੇ ਨਹੀਂ ਕਿ ਕਿਸੇ ਇੱਕ ਸ਼ਹਿਰ ਦੇ ਵਸਨੀਕ ਹੋ ਸਕਣ। ਮੇਰੇ ਵਲੋਂ ਇਹ ਭਾਵਨਾ ਰਖਣਾ ਕੁਦਰਤੀ ਹੈ।

**ਅੰਤਿਕਾ**

ਮਿਰਜ਼ਾ ਗਾਲਿਬ॥
ਜ਼ਿਕਰ ਉਸ ਪਰੀ ਵਸ਼ ਕਾ,
ਔਰ ਫਿਰ ਬਿਆਂ ਅਪਨਾ,
ਬਨ ਗਿਆ ਰਕੀਬ ਆਖਿਰ,
ਥਾ ਜੋ ਗਜ਼ਦਾਂ ਅਪਨਾ।
ਮੰਜ਼ਿਰ ਏਕ ਬੁਲੰਦੀ ਪਰ
ਔਰ ਹਮ ਬਨਾ ਲੇਤੇ,
ਕਾਸ਼ ਕਿ ਇਧਰ ਹੋਤਾ,
ਅਰਸ਼ ਸੇ ਮੁਕਾਂ ਅਪਨਾ।
ਹਮ ਕਹਾਂ ਕੇ ਦਾਨਾ ਥੇ,
ਕਿਸ ਹੁਨਰ ਮੇਂ ਯਕਤਾ ਥੇ,
ਬੇਸਵਬ ਹੂਆ ਗਾਲਿਬ,
ਦੁਸ਼ਮਨ ਆਸਮਾਂ ਅਪਨਾ।

# ਪੰਜਾਬ ਕਾਂਗਰਸ ਵਿਚ ਕਲੇਸ਼ ਅਤੇ ਚੋਣਾਂ

ਅੱਜ ਜਦ ਭਾਰਤ ਵਿਚ ਲੋਕ ਸਭਾ ਚੋਣਾਂ ਸਿਰ 'ਤੇ ਹਨ ਤਾਂ ਪੰਜਾਬ ਕਾਂਗਰਸ ਪਾਰਟੀ ਦਾ ਅੰਦਰੂਨੀ ਕਲੇਸ਼ ਰੁਕਣਾਂ ਤਾਂ ਇੱਕ ਪਾਸੇ ਰਿਹਾ, ਸਗੋਂ ਵਧਦਾ ਜਾ ਰਿਹਾ ਹੈ। ਉਂਝ ਤਾਂ ਪੰਜਾਬ ਕਾਂਗਰਸ ਵਿਚ ਅੰਦਰੂਨੀ ਕਲੇਸ਼ ਕੋਈ ਨਵਾਂ ਨਹੀਂ, ਇਹ ਉਸ ਵੇਲੇ ਤੋਂ ਚੱਲ ਰਿਹਾ ਹੈ ਜਦ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ ਅਤੇ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ। ਕਾਰਨ ਕੋਈ ਵੀ ਹੋਣ, ਅੰਦਰੂਨੀ ਵਿਰੋਧਾਂ ਦਾ ਸਾਹਮਣਾ ਕਰਦਿਆਂ ਹੀ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਛੱਡਣੀ ਪਈ ਸੀ। ਉਸ ਪਿਛੋਕੜ ਦਾ ਵਰਣਨ ਕਰਨਾ ਇਸ ਲੇਖ ਦਾ ਵਿਸ਼ਾ ਨਹੀਂ। ਪਰ, ਉਸ ਤੋਂ ਬਾਅਦ ਵੀ ਕਾਂਗਰਸ ਵਿਚ ਅੰਦਰੂਨੀ ਲੜਾਈ

**ਨਰਿੰਦਰ ਸਿੰਘ ਢਿਲੋਂ**
**ਫੋਨ: 1-825-925-4032**

ਚਲਦੀ ਰਹੀ ਜੋ ਅੱਜ ਵੀ ਜਾਰੀ ਹੈ।

ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੇ ਜਿਸ ਢੰਗ ਨਾਲ ਤੱਪੜ ਰੁਲੇ ਸਨ, ਉਸ ਦਾ ਕਾਰਨ ਬਾਹਰੋਂ ਨਹੀਂ ਸੀ। ਪਾਰਟੀ ਦੇ ਅੰਦਰ ਜੋ ਕੁੱਕੜ-ਖੇਹ ਉੱਡ ਰਹੀ ਸੀ, ਉਸ ਨਾਲ ਇਹ ਹਸ਼ਰ ਹੋਣਾ ਹੀ ਸੀ। ਕੈਪਟਨ ਅਮਰਿੰਦਰ ਸਿੰਘ ਦੀ ਬਤੌਰ ਮੁੱਖ ਮੰਤਰੀ ਨਿਕੰਮੀ ਕਾਰਗੁਜ਼ਾਰੀ ਕਾਰਨ ਉਸਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹੁਣ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਅਤੇ ਨਵਜੋਤ ਸਿੰਘ ਸਿੱਧੂ ਕਾਂਗਰਸ ਦੇ ਪ੍ਰਧਾਨ ਬਣਾਏ ਗਏ ਸਨ। ਉਨ੍ਹਾਂ ਤੋਂ ਪਹਿਲਾਂ ਸੁਨੀਲ ਜਾਖੜ ਕਾਂਗਰਸ ਦੇ ਪ੍ਰਧਾਨ ਸਨ। ਰਾਤੋ-ਰਾਤ ਪ੍ਰਧਾਨ ਬਦਲਣ ਅਤੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਤੋਂ ਬਾਅਦ ਸੁਨੀਲ ਜਾਖੜ ਵੀ ਕਾਂਗਰਸ ਲੀਡਰਸ਼ਿਪ ਦੇ ਨਾਲ ਨਾਰਾਜ਼ ਹੋ ਗਏ। ਉਸ ਸਮੇਂ ਸਾਰੇ ਕਾਂਗਰਸੀ ਨੇਤਾਵਾਂ ਵਿਚ ਕੁਰਸੀ ਦੀ ਦੌੜ ਚੱਲ ਰਹੀ ਸੀ। ਸੁਨੀਲ ਜਾਖੜ ਕਾਂਗਰਸ ਪ੍ਰਧਾਨ ਵੀ ਨਾ ਰਹੇ ਅਤੇ ਮੁੱਖ ਮੰਤਰੀ ਵੀ ਨਾ ਬਣ ਸਕੇ, ਜਿਸ ਕਰਕੇ ਉਹ ਖਿਸਕਦੇ-ਖਿਸਕਦੇ, ਭਾਰਤੀ ਜਨਤਾ ਪਾਰਟੀ ਵਿਚ ਸ਼ਾਮਿਲ ਹੋ ਗਏ। ਨਵਜੋਤ ਸਿੱਧੂ ਨੇ ਕਾਂਗਰਸ ਪ੍ਰਧਾਨ ਬਣਨ ਤੋਂ ਬਾਅਦ ਆ ਰਹੀਆਂ ਚੋਣਾਂ ਵਿਚ ਮੁੱਖ ਮੰਤਰੀ ਦੀ ਕੁਰਸੀ ਵੱਲ ਝਾਕਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਹੀ ਲੀਡਰਾਂ ਵਿਰੁੱਧ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ। ਇਹ ਉਹ ਸਮਾਂ ਸੀ ਜਦ ਕਰਤਾਰਪੁਰ ਲਾਂਘਾ ਖੁੱਲ੍ਹਣ ਕਰਕੇ ਨਵਜੋਤ ਸਿੰਘ ਸਿੱਧੂ ਦੀ ਚੜ੍ਹਤ ਸੀ, ਪਰ ਪਾਰਟੀ ਵਿਚ ਕਾਰਗੁਜ਼ਾਰੀ ਠੀਕ ਨਾ ਹੋਣ ਕਾਰਨ ਉਸ ਦਾ ਹਰਮਨ-ਪਿਆਰਤਾ ਦਾ ਗਰਾਫ ਡਿੱਗਦਾ ਗਿਆ ਅਤੇ ਹੌਲੀ-ਹੌਲੀ ਉਹ ਕਾਂਗਰਸ ਸਫਾਂ ਵਿਚੋਂ ਨਿਖੜਦਾ ਗਿਆ। ਉਸ ਨੂੰ ਆਪਣੀ ਚੜ੍ਹਤ ਦਾ ਹੰਕਾਰ ਹੀ ਲੈ ਬੈਠਾ। ਉਸ ਸਮੇਂ ਪੰਜਾਬ ਕਾਂਗਰਸ ਵਿਚ ਜੋ ਕੁਝ ਵਾਪਰ ਰਿਹਾ ਸੀ, ਕੇਂਦਰੀ ਹਾਈ ਕਮਾਨ ਅੱਖਾਂ ਮੀਟ ਕੇ ਬੈਠੀ ਰਹੀ ਅਤੇ ਇਸ ਦਾ ਸਿੱਟਾ ਕਾਂਗਰਸ ਪਾਰਟੀ ਨੂੰ ਚੋਣਾਂ ਵਿਚ ਭੁਗਤਣਾ ਪਿਆ। ਕਾਂਗਰਸੀ ਮੰਤਰੀਆਂ, ਵਿਧਾਇਕਾਂ ਅਤੇ ਹਲਕਾ ਇੰਚਾਰਜਾਂ 'ਤੇ ਲਗਦੇ ਕੁਰਪਸ਼ਨ ਦੇ ਦੋਸ਼ ਵੀ ਕਾਂਗਰਸ ਦੇ ਜੜ੍ਹੀਂ ਬੈਠ ਗਏ।

ਹੁਣ ਜਦ ਲੋਕ ਸਭਾ ਚੋਣਾਂ ਸਿਰ 'ਤੇ ਹਨ ਤਾਂ ਕਾਂਗਰਸ ਦੀ ਕਾਰਜਸ਼ੈਲੀ ਤੋਂ ਇੰਝ ਲੱਗਦਾ ਹੈ ਕਿ ਇਨ੍ਹਾਂ ਲੀਡਰਾਂ ਨੇ ਬੀਤੇ ਤੋਂ ਕੋਈ ਸਬਕ ਨਹੀਂ ਸਿੱਖਿਆ। ਅਸਲ ਵਿਚ ਮੌਜੂਦਾ ਅੰਦਰੂਨੀ ਪਾਰਟੀ ਕਲੇਸ਼ ਹੁਣ ਅੰਦਰੂਨੀ ਨਹੀਂ ਰਿਹਾ ਬਲਕਿ ਜਨਤਕ ਹੋ ਗਿਆ ਹੈ। ਬਹੁਤ ਸਾਰੇ ਕਾਂਗਰਸੀ ਨੇਤਾ ਪਾਰਟੀ ਛੱਡ ਕੇ ਦੂਸਰੀਆਂ ਪਾਰਟੀਆਂ ਵਿਚ ਜਾ ਰਹੇ ਹਨ। ਹਾਲਤ ਇਹ ਬਣ ਗਈ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਦਾ ਉਪ ਨੇਤਾ ਡਾਕਟਰ ਰਾਜ ਕੁਮਾਰ ਵੀ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਿਆ ਹੈ। ਹੁਣ ਤਾਂ ਚਾਰ ਆਗੂਆਂ ਦੀ 2027 ਵਿਚ ਵਿਧਾਨ ਸਭਾ ਚੋਣਾਂ 'ਚ ਮੁੱਖ ਮੰਤਰੀ ਦਾ ਚਿਹਰਾ ਬਣਨ ਦੀ ਹੁਣ ਤੋਂ ਹੀ ਦੌੜ ਲੱਗੀ ਹੋਈ ਹੈ ਜਿਸ ਕਰਕੇ ਪਾਰਟੀ ਵੱਲੋਂ ਆਮ ਆਦਮੀ ਪਾਰਟੀ ਨਾਲ ਗੱਠਜੋੜ ਕਰ ਕੇ ਚੋਣਾਂ ਲੜਨ ਦਾ ਵਿਰੋਧ ਕਰਦਿਆਂ ਇੱਕ ਦੂਜੇ ਨਾਲੋਂ ਅੱਗੇ ਹੋ ਕੇ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਅਤੇ ਆਪਣੇ ਆਪ ਨੂੰ ਵੱਡਾ ਲੀਡਰ ਸਾਬਤ ਕਰਨ ਲਈ ਇੱਕ ਦੂਜੇ ਨੂੰ ਠਿੱਬੀ ਵੀ ਲਾਈ ਜਾ ਰਹੀ ਹੈ।

ਭਾਜਪਾ ਵਿਰੋਧੀ ਸਮੁੱਚੀ ਵਿਰੋਧੀ ਧਿਰ ਦੇਸ਼ ਵਿਚ 'ਇੰਡੀਆ' ਨਾਂ ਦਾ ਗੱਠਜੋੜ ਬਣਾ ਕੇ ਭਾਜਪਾ ਨੂੰ ਹਰਾਉਣ ਲਈ ਪੂਰਾ ਜ਼ੋਰ ਲਾ ਰਹੀ ਹੈ। ਆਮ ਆਦਮੀ ਪਾਰਟੀ ਵੀ ਇਸ ਗੱਠਜੋੜ ਵਿਚ ਸ਼ਾਮਿਲ ਹੈ। ਕਈ ਰਾਜਾਂ ਵਿਚ ਕਾਂਗਰਸ ਅਤੇ 'ਆਪ' ਗੱਠਜੋੜ ਸੀਟਾਂ ਦੀ ਵੰਡ ਵੀ ਕਰ ਚੁੱਕਾ ਹੈ ਜਿਨ੍ਹਾਂ ਵਿਚ ਦਿੱਲੀ ਵੀ ਸ਼ਾਮਿਲ ਹੈ ਪਰ ਪੰਜਾਬ ਦੇ ਕਾਂਗਰਸੀ ਲੀਡਰ ਜਿਨ੍ਹਾਂ ਵਿਚ ਪ੍ਰਮੁੱਖ ਪ੍ਰਤਾਪ ਸਿੰਘ ਬਾਜਵਾ, ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਮੁੱਖ ਹਨ, ਆਮ ਆਦਮੀ ਪਾਰਟੀ ਨਾਲ ਗੱਠਜੋੜ ਕਰਨ ਦਾ ਵਿਰੋਧ ਕਰ ਰਹੇ ਹਨ। ਇਹ ਤਿੰਨ ਨੇਤਾ ਤਾਂ ਪੰਜਾਬ ਵਿਚ 'ਆਪ' ਨਾਲ ਗੱਠਜੋੜ ਕਰਨ ਦਾ ਵਿਰੋਧ ਕਰ ਰਹੇ ਹਨ ਪਰ ਨਵਜੋਤ ਸਿੰਘ ਸਿੱਧੂ ਇਸ ਗੱਠਜੋੜ ਦਾ ਵਿਰੋਧ ਕਰਨ ਦੀ ਬਜਾਏ ਹਾਈ ਕਮਾਂਡ ਦੇ ਫੈਸਲੇ ਅਨੁਸਾਰ ਚੱਲਣ ਬਾਰੇ ਕਹਿ ਰਹੇ ਹਨ। ਕਾਂਗਰਸ ਦੇ ਉਪਰੋਕਤ ਲੀਡਰ ਇਕ ਪਾਸੇ ਪਾਰਟੀ ਵਿਚ ਅਨੁਸ਼ਾਸਨ ਭੰਗ ਕਾਰਨ ਵਾਲਿਆਂ ਵਿਰੁੱਧ ਕਾਰਵਾਈ ਦੀਆਂ ਧਮਕੀਆਂ ਦੇ ਰਹੇ ਹਨ, ਦੂਜੇ ਪਾਸੇ ਆਪ ਹੀ ਕੇਂਦਰੀ ਲੀਡਰਸ਼ਿਪ ਦਾ ਵਿਰੋਧ ਕਰ ਕੇ ਅਨੁਸ਼ਾਸਨ ਭੰਗ ਕਰ ਰਹੇ ਹਨ।

ਪੰਜਾਬ ਵਿਚ ਕਾਂਗਰਸ ਵੱਲੋਂ ਆਮ ਆਦਮੀ ਪਾਰਟੀ ਦਾ ਵਿਰੋਧ ਕਰਨ ਦਾ ਇੱਕ ਕਾਰਨ ਕੁਝ ਕਾਂਗਰਸੀ ਲੀਡਰਾਂ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਹੈ। ਇਹ ਨੇਤਾ ਇਹ ਤਾਂ ਨਹੀਂ ਕਹਿ ਸਕਦੇ ਕਿ ਸਾਧੂ ਸਿੰਘ ਧਰਮਸੋਤ ਜਾਂ ਹੋਰ ਨੇਤਾ ਪਾਕ-ਪਵਿੱਤਰ ਹਨ ਅਤੇ ਕੁਰੱਪਸ਼ਨ ਰਹਿਤ ਹਨ, ਸਿਰਫ ਇਹ ਹੀ ਢਿੰਡੋਰਾ ਪਿੱਟ ਰਹੇ ਹਨ ਕਿ ਸਰਕਾਰ ਸਿਆਸੀ ਬਦਲਾਖੋਰੀ ਕਰ ਰਹੀ ਹੈ। ਇਸ ਵਿਰੋਧ ਵਿਚ ਇਹ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਵਿਧਾਇਕਾਂ 'ਤੇ ਨਿੱਜੀ ਅਤੇ ਪਰਿਵਾਰਾਂ ਉੱਤੇ ਸ਼ਬਦੀ ਹਮਲੇ ਕਰਨ ਤੱਕ ਵੀ ਚਲੇ ਗਏ ਹਨ। ਇਹ ਨਿੱਜੀ ਹਮਲੇ ਕਰਨ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਮੁੱਖ ਹਨ। ਉਹ ਵਿਧਾਨ ਸਭਾ ਵਿਚ ਪਹਿਲਾਂ ਵੀ ਗੈਰ ਪਾਰਲੀਮਾਨੀ ਭਾਸ਼ਾ ਵਰਤਦੇ ਰਹੇ ਹਨ ਅਤੇ ਮੌਜੂਦਾ ਬਜਟ ਸੈਸ਼ਨ ਵਿਚ ਵੀ ਉਨ੍ਹਾਂ ਦੀ ਇਤਰਾਜ਼ਯੋਗ ਭਾਸ਼ਾ ਸੁਣਨ ਵਿਚ ਆਈ ਹੈ। ਜਲੰਧਰ ਦੇ ਇੱਕ ਸਮਾਗਮ ਵਿਚ ਨਵਜੋਤ ਸਿੰਘ ਸਿੱਧੂ ਨੇ ਵੀ ਮੁੱਖ ਮੰਤਰੀ ਦੇ ਪਰਿਵਾਰ 'ਤੇ ਨਿੱਜੀ ਹਮਲੇ ਕੀਤੇ ਸਨ। ਜਦ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੋੜਵਾਂ ਹਮਲਾ ਕੀਤਾ ਗਿਆ ਤਾਂ ਫਿਰ ਸਾਰੇ ਕਾਂਗਰਸੀ ਨੇਤਾ ਤਿਲਮਿਲਾ ਉੱਠੇ ਸਨ। ਵਿਧਾਨ ਸਭਾ ਵਿਚ ਪ੍ਰਤਾਪ ਸਿੰਘ ਬਾਜਵਾ ਦੀ ਨੀਵੇਂ ਪੱਧਰ ਦੀ ਭਾਸ਼ਾ ਕਾਰਨ ਅਤੇ ਉਸ ਦਾ ਵਿਰੋਧ ਹੋਣ ਕਾਰਨ ਸਾਰੇ ਕਾਂਗਰਸੀ ਨੇਤਾਵਾਂ ਨੂੰ ਵੀ ਸ਼ਰਮਸਾਰ ਹੋਣਾ ਪਿਆ। ਇਹ ਵੀ ਪਤਾ ਲੱਗਾ ਹੈ ਕਿ ਪਾਰਟੀ ਦੇ ਅੰਦਰ ਵੀ ਬਹੁਤ ਸਾਰੇ ਨੇਤਾਵਾਂ ਨੇ ਬਾਜਵਾ ਦੀ ਸ਼ਬਦਾਵਲੀ ਦਾ ਵਿਰੋਧ ਕੀਤਾ ਹੈ। ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੇ ਨਵੇਂ ਚੁਣ ਕੇ ਆਏ ਵਿਧਾਇਕਾਂ ਵਿਰੁੱਧ ਵੀ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਇਨ੍ਹਾਂ ਟਿੱਪਣੀਆਂ ਨਾਲ ਪ੍ਰਤਾਪ ਸਿੰਘ ਬਾਜਵਾ ਦਾ ਗਰਾਫ ਹੋਰ ਥੱਲੇ ਡਿੱਗਾ ਹੈ।

ਵੇਖਦੇ ਆਏ ਹਾਂ ਕਿ ਪੰਜਾਬ ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਣ 'ਤੇ ਵਿਰੋਧੀ ਧਿਰ ਵਾਕ ਆਊਟ ਤਾਂ ਕਰਦੀ ਰਹੀ ਹੈ ਪਰ ਰਾਜਪਾਲ ਨੂੰ ਬੋਲਣ ਹੀ ਨਾ ਦਿੱਤਾ ਜਾਵੇ, ਇਹ ਪਹਿਲੀ ਵਾਰ ਹੋਇਆ ਹੈ। ਇਹ ਵੀ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਹੋਇਆ ਹੈ। ਇਸ ਨਾਲ ਲੋਕਾਂ ਵਿਚ ਕਾਂਗਰਸ ਦੇ ਵਕਾਰ ਨੂੰ ਢਾਹ ਲੱਗੀ ਹੈ ਅਤੇ ਲੋਕਾਂ ਨੇ ਜਿਨ੍ਹਾਂ ਵਿਚ ਕਾਂਗਰਸੀ ਸਮਰਥਕ ਵੀ ਸ਼ਾਮਿਲ ਹਨ, ਇਸ ਦਾ ਬਹੁਤ ਬੁਰਾ ਮਨਾਇਆ ਹੈ। ਇੰਜ ਜਾਪਦਾ ਹੈ ਕਿ ਇਹ ਕਾਂਗਰਸੀ ਨੇਤਾ



ਸਿਹਤਮੰਦ ਸਿਆਸੀ ਕਦਰਾਂ-ਕੀਮਤਾਂ ਤੋਂ ਦੂਰ ਚਲੇ ਜਾਣ ਕਾਰਨ ਵੀ 'ਆਪ' ਨਾਲ ਪੰਜਾਬ ਵਿਚ ਚੋਣ ਗੱਠਜੋੜ ਕਰਨ ਦਾ ਵਿਰੋਧ ਕਰ ਰਹੇ ਹਨ।

ਲੰਮੇ ਸਮੇਂ ਤੋਂ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਪਬਲਿਕ ਸੈਕਟਰ, ਜਮਹੂਰੀ ਅਤੇ ਸੰਵਿਧਾਨਕ ਸੰਸਥਾਵਾਂ 'ਤੇ ਹਮਲੇ ਕੀਤੇ ਹਨ। ਦੇਸ਼ ਵਿਚ ਮਹਿੰਗਾਈ ਅਸਮਾਨ ਛੂਹ ਰਹੀ ਹੈ, ਬੇਰੁਜ਼ਗਾਰੀ ਅਤੇ ਗਰੀਬੀ ਅੰਤਾਂ ਦੀ ਵਧੀ ਹੈ, ਵੱਡੇ ਵੱਡੇ ਸਰਮਾਏਦਾਰ ਘਰਾਣਿਆਂ ਨੂੰ ਮੋਦੀ ਸਰਕਾਰ ਵੱਲੋਂ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਦੇਸ਼ ਦੀ ਵੱਡੀ ਬਹੁ-ਗਿਣਤੀ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗੁੰਡਾਗਰਦੀ ਅਤੇ ਨਿਕੰਮੇ ਰਾਜ ਪ੍ਰਬੰਧ ਕਾਰਨ ਨਪੀੜੀ ਜਾ ਰਹੀ ਹੈ। ਭਾਜਪਾ ਨੇ ਪਿਛਲੇ ਲੰਮੇ ਸਮੇਂ ਤੋਂ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਫਿਰਕੂ ਹਿੰਸਾ ਦਾ ਮਾਹੌਲ ਬਣਾਇਆ ਹੋਇਆ ਹੈ। ਸਮੇਂ ਦੀ ਲੋੜ ਇਹ ਹੈ ਕਿ ਭਾਜਪਾ ਨੂੰ ਹਰਾਉਣ ਦੇ ਮੁੱਦੇ 'ਤੇ ਆਪੋ-ਆਪਣੀ ਹਉਮੈ ਨੂੰ ਇੱਕ ਪਾਸੇ ਰੱਖਦਿਆਂ ਸਾਂਝਾ ਗੱਠਜੋੜ ਬਣਾ ਕੇ ਚੋਣਾਂ ਲੜੀਆਂ ਜਾਣ, ਪਰ ਪੰਜਾਬ ਵਿਚ ਕਾਂਗਰਸ ਪਾਰਟੀ ਦੇ ਨੇਤਾ ਇਸ ਮੁੱਦੇ ਨੂੰ ਆਪਣੀ ਹਉਮੈ ਤੋਂ ਛੋਟਾ ਸਮਝ ਰਹੇ ਹਨ। ਕਾਂਗਰਸ ਦੀ ਕੇਂਦਰੀ ਹਾਈ ਕਮਾਂਡ ਏਨੀ ਕਮਜ਼ੋਰ ਹੈ ਕਿ ਉਸ ਦਾ ਇਸ ਸਬੰਧੀ ਅਜੇ ਤੱਕ ਕੋਈ ਪ੍ਰਤੀਕਰਮ ਸਾਹਮਣੇ ਨਹੀਂ ਆਇਆ।

ਸੁਣਨ ਵਿਚ ਆਇਆ ਹੈ ਕਿ ਕਾਂਗਰਸ ਪਾਰਟੀ ਦੇ ਇਹ ਉਪਰੋਕਤ ਨੇਤਾ 2027 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਮੁੱਖ ਮੰਤਰੀ ਦਾ ਚਿਹਰਾ ਬਣਨ ਵਾਸਤੇ ਹੁਣ ਤੋਂ ਹੀ ਯਤਨ ਕਰ ਰਹੇ ਹਨ। 'ਆਪ' ਨਾਲ ਸਮਝੌਤੇ ਦਾ ਵਿਰੋਧ ਸਭ ਤੋਂ ਪਹਿਲਾਂ ਪ੍ਰਤਾਪ ਸਿੰਘ ਬਾਜਵਾ ਨੇ ਕੀਤਾ। ਅਸਲ ਵਿਚ ਉਹ ਦੂਸਰੇ ਨੇਤਾਵਾਂ ਨੂੰ ਸ਼ਸ਼ਕਾਰ ਕੇ ਆਪ ਚੁੱਪ ਰਹਿਣਾ ਚਾਹੁੰਦੇ ਸਨ ਤਾਂ ਜੋ ਕੇਂਦਰੀ ਲੀਡਰਸ਼ਿਪ ਦੀ ਨਜ਼ਰ ਵਿਚ ਰਾਜਾ ਵੜਿੰਗ, ਸੁਖਜਿੰਦਰ ਸਿੰਘ ਰੰਧਾਵਾ ਅਤੇ ਨਵਜੋਤ ਸਿੰਘ ਸਿੱਧੂ ਦਾ ਗੈਰ ਅਨੁਸ਼ਾਸਤ ਲੀਡਰਾਂ ਵਾਲਾ ਪ੍ਰਭਾਵ ਬਣ ਜਾਵੇ ਅਤੇ ਬਾਜਵਾ ਸਭ ਤੋਂ ਮੂਹਰਲੇ ਨੇਤਾ ਦੇ ਤੌਰ 'ਤੇ ਉੱਭਰ ਸਕਣ। ਪਰ ਦੂਜੇ ਕਾਂਗਰਸੀ ਨੇਤਾਵਾਂ ਨੇ ਉਸ ਸਮੇਂ ਸ੍ਰੀ ਬਾਜਵਾ ਦੀ ਇਸ ਬਿਆਨਬਾਜ਼ੀ ਦਾ ਕੋਈ ਨੋਟਿਸ ਨਾ ਲਿਆ ਜਿਸ ਕਰਕੇ ਉਸ ਨੇ ਮੁੜ ਸਾਰਿਆਂ ਨਾਲ ਸੰਪਰਕ ਕਰ ਕੇ 'ਆਪ' ਨਾਲ ਗੱਠਜੋੜ ਕਰਨ ਦੇ ਵਿਰੋਧ ਲਈ ਸਹਿਮਤ ਕਰ ਲਿਆ।

ਦੂਸਰੇ ਪਾਸੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ 2027 ਦੀਆਂ ਚੋਣਾਂ ਵਿਚ ਆਪਣੇ ਆਪ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਨ ਲਈ ਯਤਨਸ਼ੀਲ ਹੈ। ਹੁਣ ਤੱਕ ਕਾਂਗਰਸ ਵਿਚ ਇੱਕਾ-ਦੁੱਕਾ ਨੂੰ ਛੱਡ ਕੇ ਇਹੀ ਰਿਵਾਇਤ ਰਹੀ ਹੈ ਕਿ ਕਾਂਗਰਸ ਪ੍ਰਧਾਨ ਹੀ ਮੁੱਖ ਮੰਤਰੀ ਬਣਦਾ ਰਿਹਾ ਹੈ। ਇਸ ਤੋਂ ਇਲਾਵਾ ਸੁਖਜਿੰਦਰ ਸਿੰਘ ਰੰਧਾਵਾ, ਜੋ ਪਿਛਲੇ ਲੰਮੇ ਸਮੇਂ ਤੋਂ ਰਾਜਸਥਾਨ ਕਾਂਗਰਸ ਦੇ ਇੰਚਾਰਜ ਵੀ ਹਨ ਅਤੇ ਰਾਜਸਥਾਨ ਵਿਚ ਕੰਮ ਕਰਨ ਕਰਕੇ ਉਨ੍ਹਾਂ ਦੀ ਕੇਂਦਰੀ ਹਾਈ ਕਮਾਂਡ ਵਿਚ ਚੰਗੀ ਪਹੁੰਚ ਵੀ ਹੈ, ਉਹ ਕੈਪਟਨ ਸਰਕਾਰ ਵਿਚ ਮੰਤਰੀ ਅਤੇ ਚਰਨਜੀਤ ਸਿੰਘ ਚੰਨੀ ਸਰਕਾਰ ਵਿਚ ਡਿਪਟੀ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ, ਉਹ ਵੀ ਮੁੱਖ ਮੰਤਰੀ ਦੇ ਚਿਹਰੇ ਦੇ ਦਾਅਵੇਦਾਰ ਹਨ। ਉਂਝ ਵੀ ਉਹ ਪ੍ਰਤਾਪ ਸਿੰਘ ਬਾਜਵਾ ਦੇ ਪਾਰਟੀ ਅੰਦਰ ਵਿਰੋਧੀ ਸਮਝੇ ਜਾਂਦੇ ਹਨ ਅਤੇ ਪੁਰਾਣੇ ਕਾਂਗਰਸੀ ਵੀ ਹਨ।

ਨਵਜੋਤ ਸਿੰਘ ਸਿੱਧੂ ਨੇ ਪਿਛਲੇ ਸਮੇਂ ਵਿਚ ਕੁਝ ਥਾਵਾਂ 'ਤੇ ਵੱਡੇ-ਵੱਡੇ ਇਕੱਠ ਕਰ ਕੇ ਆਪਣੀ ਧਾਂਕ ਜਮਾਉਣ ਦਾ ਯਤਨ ਕੀਤਾ ਸੀ, ਪਰ ਪੰਜਾਬ ਕਾਂਗਰਸ ਦੇ ਸਾਰੇ ਪ੍ਰਮੁੱਖ ਲੀਡਰ ਉਸ ਦੀ ਕਾਰਜਸ਼ੈਲੀ ਦੇ ਵਿਰੁੱਧ ਹਨ ਅਤੇ ਕੇਂਦਰੀ ਹਾਈ ਕਮਾਂਡ ਪਾਸੋਂ ਨਵਜੋਤ ਸਿੱਧੂ ਨੂੰ ਪਾਰਟੀ 'ਚੋਂ ਕੱਢਣ ਦੀ ਮੰਗ ਵੀ ਕੀਤੀ ਜਾ ਚੁੱਕੀ ਹੈ। ਇੰਝ ਲੱਗਦਾ ਹੈ ਕਿ ਕੇਂਦਰੀ ਹਾਈ ਕਮਾਂਡ ਵਿਚ ਨਵਜੋਤ ਸਿੰਘ ਸਿੱਧੂ ਦੀ ਚੰਗੀ ਪਹੁੰਚ ਹੈ ਜਿਸ ਕਰਕੇ ਉਸ ਨੂੰ ਪਾਰਟੀ ਵਿਚੋਂ ਬਾਹਰ ਕਰਨਾ ਤਾਂ ਇਕ ਪਾਸੇ ਰਿਹਾ, ਉਸ ਨੂੰ ਲੋਕ ਸਭਾ ਚੋਣਾਂ ਲਈ ਉਮੀਦਵਾਰ ਚੁਣਨ ਵਾਲੀ ਕਮੇਟੀ ਵਿਚ ਬਤੌਰ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਭਾਵੇਂ ਉਸ ਦੀ ਕੇਂਦਰੀ ਹਾਈ ਕਮਾਂਡ ਵਿਚ ਚੰਗੀ ਪਹੁੰਚ ਹੈ ਪਰ ਆਪਣੀ ਕਾਰਜਸ਼ੈਲੀ ਅਤੇ ਵਿਵਾਦਤ ਬਿਆਨਬਾਜ਼ੀ ਕਾਰਨ ਉਹ 2027 ਦੀ ਚੋਣ ਲਈ ਮੁੱਖ ਮੰਤਰੀ ਦਾ ਚਿਹਰਾ ਬਣਨ ਦੀ ਦੌੜ ਤੋਂ ਬਹੁਤ ਪਿੱਛੇ ਹੈ।

ਅੱਜ ਦੀ ਸਥਿਤੀ ਵਿਚ ਕਾਂਗਰਸ ਦੇ ਅੰਦਰੂਨੀ ਕਲੇਸ਼ ਦਾ ਆਮ ਆਦਮੀ ਪਾਰਟੀ ਪੂਰਾ ਲਾਭ ਲੈਣ ਦੀ ਤਾਕ ਵਿਚ ਹੈ। ਵਿਜੀਲੈਂਸ ਵੱਲੋਂ ਕਾਂਗਰਸ ਅਤੇ ਅਕਾਲੀ-ਭਾਜਪਾ ਰਾਜ ਦੌਰਾਨ ਹੋਏ ਘਪਲਿਆਂ ਨੂੰ ਬੇਪਰਦ ਕੀਤੇ ਜਾਣ ਨਾਲ ਵੀ ਇਨ੍ਹਾਂ ਪਾਰਟੀਆਂ ਦੀ ਸਥਿਤੀ ਹਾਸੋ-ਹੀਣੀ ਬਣ ਰਹੀ ਹੈ। ਆਮ ਆਦਮੀ ਪਾਰਟੀ ਵੱਲੋਂ ਇਹ ਸਤਰਾਂ ਲਿਖਣ ਤੱਕ ਪੰਜਾਬ ਵਿਚ 13 ਵਿਚੋਂ 8 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਜਦ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਅਤੇ ਕਾਂਗਰਸ ਸਮੇਤ ਕਿਸੇ ਵੀ ਪਾਰਟੀ ਨੇ ਅਜੇ ਤੱਕ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਅਜੇ ਵੀ ਭਾਜਪਾ ਨਾਲ ਚੋਣ ਗੱਠਜੋੜ ਕਰਨ ਦਾ ਪੂਰਾ ਤਾਣ ਲਾਇਆ ਜਾ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਰੁੱਸੇ ਹੋਏ ਅਕਾਲੀਆਂ ਨੂੰ ਮੁੜ ਘਰ ਵਾਪਸੀ ਲਈ ਸਹਿਮਤ ਕੀਤਾ ਜਾ ਰਿਹਾ ਹੈ। ਉਸ ਦੀ ਇਸ ਮੁਹਿੰਮ ਵਿਚ ਸੁਖਦੇਵ ਸਿੰਘ ਢੀਂਡਸਾ, ਜੋ ਕਦੇ ਇਹ ਕਹਿੰਦੇ ਸਨ ਕਿ ਜਦ ਤੱਕ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦਾ ਪ੍ਰਧਾਨ ਹੈ, ਉਹ ਅਕਾਲੀ ਦਲ ਵਿਚ ਨਹੀਂ ਜਾ ਸਕਦੇ, ਘਰ ਵਾਪਸੀ ਕਰ ਚੁੱਕੇ ਹਨ ਅਤੇ ਬੀਬੀ ਜਗੀਰ ਕੌਰ, ਜੋ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਚੈਲੰਜ ਕਰਦੇ ਸਨ ਉਹ ਵੀ ਵਾਪਸ ਅਕਾਲੀ ਦਲ ਵਿਚ ਸ਼ਾਮਿਲ ਹੋ ਚੁੱਕੇ ਹਨ। ਭਾਵੇਂ ਇਹ ਸੰਭਾਵਨਾ ਹੈ ਕਿ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਹੋ ਜਾਵੇਗਾ, ਫਿਰ ਵੀ ਅਕਾਲੀ ਦਲ ਦੀ ਹਾਲਤ ਕੋਈ ਬਹੁਤ ਵਧੀਆ ਨਹੀਂ। ਭਾਜਪਾ ਦੀ ਹਾਲਤ ਪੰਜਾਬ ਵਿਚ ਪਹਿਲਾਂ ਹੀ ਬਹੁਤ ਮਾੜੀ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਸੁਭਾਅ ਦੇ ਤੌਰ 'ਤੇ ਭਾਵੇਂ ਸਾਊ ਵਿਅਕਤੀ ਹੈ ਪਰ ਰਾਜਸੀ ਤੌਰ 'ਤੇ ਬਹੁਤਾ ਤੇਜ਼-ਤਰਾਰ ਨਹੀਂ। ਅਸਲ ਸੱਚ ਇਹ ਹੈ ਕਿ ਉਹ ਆਪਣੇ ਪਿਤਾ ਦੇ ਪ੍ਰਭਾਵ ਦਾ ਹੀ ਹੁਣ ਤੱਕ ਲਾਭ ਲੈਂਦਾ ਰਿਹਾ ਹੈ।

ਕਾਂਗਰਸ ਪ੍ਰਧਾਨ ਹੁੰਦਿਆਂ ਵੀ ਸੁਨੀਲ ਜਾਖੜ ਕੋਈ ਵਿਸ਼ੇਸ਼ ਭੂਮਿਕਾ ਨਹੀਂ ਨਿਭਾ ਸਕਿਆ ਸੀ। ਉਦੋਂ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਿੱਛੇ ਪਿੱਛੇ ਹੀ ਫਿਰਦਾ ਰਿਹਾ। ਉਹ ਕਿਉਂਕਿ ਹੁਣ ਭਾਜਪਾ ਵਿਚ ਹੈ ਅਤੇ ਉਸ ਨੂੰ ਭਾਜਪਾ ਦਾ ਸੂਬਾ ਪ੍ਰਧਾਨ ਬਣਾਉਣ ਕਰਕੇ ਭਾਜਪਾ ਦੇ ਬਹੁਤ ਸਾਰੇ ਪੁਰਾਣੇ ਵਰਕਰ ਅਤੇ ਨੇਤਾ ਨਾਰਾਜ਼ ਹਨ। ਇਸ ਕਰਕੇ ਅਕਾਲੀ-ਭਾਜਪਾ ਗੱਠਜੋੜ ਹੋਣ 'ਤੇ ਵੀ ਕਾਂਗਰਸ ਵਿਚ ਧੜੇਬਾਜ਼ੀ ਦਾ ਇਸ ਗੱਠਜੋੜ ਨੂੰ ਲਾਭ ਮਿਲਣ ਦੀ ਸੰਭਾਵਨਾ ਨਹੀਂ ਹੈ।

ਜਦ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਅੰਦਰੂਨੀ ਝਗੜਿਆਂ ਕਾਰਨ, ਭਾਜਪਾ ਵੱਲੋਂ ਸਬਜ਼ ਬਾਗ ਵਿਖਾਏ ਜਾਣ ਜਾਂ ਕੇਂਦਰੀ ਜਾਂਚ ਏਜੰਸੀਆਂ ਦੇ ਡਰ ਕਾਰਨ, ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟ ਨੇਤਾਵਾਂ ਵਿਰੁੱਧ ਛੇੜੀ ਮੁਹਿੰਮ ਕਾਰਨ ਡਰਦੇ ਹੋਏ ਅਤੇ ਕੁਰਸੀ ਖੁੱਸਣ ਦੇ ਦੁੱਖ ਵਿਚ ਬਹੁਤ ਸਾਰੇ ਨੇਤਾ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ ਵਿਚ ਚਲੇ ਗਏ ਸਨ, ਜਿਨ੍ਹਾਂ ਵਿਚੋਂ ਕਈ ਮੁੜ ਕਾਂਗਰਸ ਵਿਚ 'ਘਰ ਵਾਪਸੀ' ਕਰ ਚੁੱਕੇ ਹਨ, ਪਰ ਪਾਰਟੀ ਦਾ ਅੰਦਰੂਨੀ ਮਾਹੌਲ ਸ਼ਾਂਤ ਨਹੀਂ ਹੈ। ਇਹ ਨੇਤਾ ਕਿਸੇ ਨਾ ਕਿਸੇ ਕੁਰਸੀ ਤੋਂ ਬਿਨਾ ਨਹੀਂ ਰਹਿ ਸਕਦੇ। ਇਨ੍ਹਾਂ ਨੇਤਾਵਾਂ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਵੀ ਸ਼ਾਮਿਲ ਹਨ ਜੋ ਹੁਣ ਤੱਕ ਭਾਜਪਾ ਨੂੰ ਕੋਸਦੇ ਨਹੀਂ ਸੀ ਥੱਕਦੇ। ਇਹ ਨੇਤਾ ਕਾਂਗਰਸ ਪਾਰਟੀ ਅਤੇ ਸਰਕਾਰ ਵਿਚ ਹਰ ਸਹੂਲਤ ਮਾਣਦੇ ਰਹੇ ਹਨ। ਕਾਂਗਰਸ ਪਾਰਟੀ ਵਿਚ ਪਾਰਟੀ ਨੇਤਾਵਾਂ ਅਤੇ ਵਰਕਰਾਂ ਨੂੰ ਇੱਕਮੁੱਠ ਰੱਖਣ ਲਈ ਵੀ ਕੋਈ ਯਤਨ ਨਹੀਂ ਹੋ ਰਿਹਾ ਅਤੇ ਨਾ ਹੀ ਕੇਂਦਰੀ ਹਾਈ ਕਮਾਂਡ ਕੋਈ ਰੋਲ ਅਦਾ ਕਰ ਰਹੀ ਹੈ। ਹਰ ਨੇਤਾ ਨੂੰ ਆਪਣੇ ਆਪਣੇ ਹਲਕੇ ਦੀ ਹੀ ਚਿੰਤਾ ਹੈ। ਸਮੁੱਚੇ ਪੰਜਾਬ ਵਿਚ ਪਾਰਟੀ ਦੀ ਮਜ਼ਬੂਤੀ ਦੇ ਯਤਨ ਕੋਹਾਂ ਦੂਰ ਹਨ। ਇਸ ਅਵਸਥਾ ਵਿਚ ਆਉਣ ਵਾਲੀਆਂ ਚੋਣਾਂ ਵਿਚ ਕਾਂਗਰਸ ਦੀ ਕੀ ਪੁਜ਼ੀਸ਼ਨ ਰਹਿੰਦੀ ਹੈ, ਇਹ ਸਮਾਂ ਹੀ ਦੱਸੇਗਾ। ਅੱਜ ਦੇ ਹਾਲਾਤ ਮੁਤਾਬਕ ਲੱਗਦਾ ਹੈ ਕਿ ਜੇ ਪਾਰਟੀ ਦਾ ਜਥੇਬੰਦਕ ਢਾਂਚਾ ਠੀਕ ਨਾ ਕੀਤਾ ਗਿਆ, ਉੱਚੇ ਅਹੁਦੇ ਦਾ ਲਾਲਚ, ਆਪਸੀ ਵਿਰੋਧਤਾਈਆਂ, ਧੜੇਬੰਦੀਆਂ ਨਾ ਛੱਡੀਆਂ ਗਈਆਂ, ਯਾਨੀ ਪਾਰਟੀ ਦਾ ਅੰਦਰੂਨੀ ਕਲੇਸ਼ ਖਤਮ ਨਾ ਕੀਤਾ ਗਿਆ ਤਾਂ ਪਾਰਟੀ ਆਉਣ ਵਾਲੀਆਂ ਚੋਣਾਂ ਵਿਚ ਬਹੁਤਾ ਮਾਅਰਕਾ ਨਹੀਂ ਮਾਰ ਸਕੇਗੀ।

---

## *ਭਾਰਤੀ ਸਮਾਜਵਾਦੀ ਅੰਬਰ ਦਾ ਧਰੂ ਤਾਰਾ - ਮਧੂ ਦੰਡਵਤੇ*

***(ਪਿਛਲੇ ਸਫੇ ਦੀ ਬਾਕੀ)***

ਸੀ। ਉਂਝ, ਇੱਕ ਦਿਨ ਇਸ ਖਲਾਰੇ ਵਿਚੋਂ ਹੀ ਸਦਭਾਵਨਾ ਵਾਲੇ ਭਾਰਤ ਦੀ ਡਿਓਢੀ ਦਾ ਨਿਰਮਾਣ ਕੀਤਾ ਜਾਵੇਗਾ। ਭਾਵੁਕਤਾ ਵਕਤੀ ਹੁੰਦੀ ਹੈ ਪਰ ਖਲੂਸ ਲੰਮਾ ਅਰਸਾ ਟਿਕਿਆ ਰਹਿੰਦਾ ਹੈ।''

ਹੁਣ ਸਾਡੀ ਸਿਆਸਤ ਵਿਚ ਹਿੰਦੂਤਵ ਦੀ ਤੂਤੀ ਵੱਜ ਰਹੀ ਹੈ ਜਿਸ ਕਰਕੇ ਖਲੂਸ ਅਤੇ ਭਾਈਚਾਰੇ ਦੇ ਹੱਕ ਵਿਚ ਖਲੋਣ ਵਾਲੇ ਲੋਕਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਦ੍ਰਿੜ੍ਹਤਾ ਨਾਲ ਮਿਹਨਤ ਕਰਨੀ ਪਵੇਗੀ ਤਾਂ ਕਿ ਦੰਡਵਤੇ ਦੀ ਆਸ ਨੂੰ ਸਾਕਾਰ ਕੀਤਾ ਜਾ ਸਕੇ। ਮੈਂ ਆਪਣੇ ਕਾਲਮ ਦੀ ਸ਼ੁਰੂਆਤ ਵਿਚ ਇਹ ਜ਼ਿਕਰ ਕੀਤਾ ਸੀ ਕਿ ਕਾਂਗਰਸੀਆਂ, ਕਮਿਊਨਿਸਟਾਂ ਅਤੇ ਹਿੰਦੂਤਵਵਾਦੀਆਂ ਦੇ ਮੁਕਾਬਲੇ ਸਮਾਜਵਾਦੀਆਂ ਨੂੰ ਵਿਦਵਾਨਾਂ ਨੇ ਬਣਦੀ ਤਵੱਜੋ ਨਹੀਂ ਦਿੱਤੀ ਸੀ। ਸ਼ਾਇਦ ਇਸ ਦਾ ਕਾਰਨ ਇਹ ਹੋਵੇ ਕਿ ਉਨ੍ਹਾਂ ਦਾ ਹਾਲੀਆ ਇਤਿਹਾਸ ਬਹੁਤਾ ਸ਼ਾਨਮੱਤਾ ਨਹੀਂ ਰਿਹਾ ਜਿਸ ਵਿਚ ਅਖੌਤੀ ਸਮਾਜਵਾਦੀਆਂ ਦੇ ਇੱਕ ਖੇਮੇ ਵਲੋਂ ਹਿੰਦੂਤਵਵਾਦੀਆਂ ਨੂੰ ਮਾਨਤਾ ਦਿਵਾਈ ਗਈ ਸੀ ਅਤੇ ਇੱਕ ਦੂਜੇ ਖੇਮੇ ਨੇ ਵੰਸ਼ਵਾਦੀ ਪਾਰਟੀਆਂ ਦਾ ਗਠਨ ਕਰ ਕੇ ਆਪਣੀਆਂ ਪਾਰਟੀਆਂ ਦੀ ਵਾਗਡੋਰ ਆਪਣੇ ਪੁੱਤਰਾਂ ਦੇ ਹਵਾਲੇ ਕਰ ਦਿੱਤੀ ਸੀ। ਕੁਝ ਵੀ ਹੋਵੇ, ਪਰ ਆਜ਼ਾਦੀ ਤੋਂ ਇੱਕ ਦਹਾਕੇ ਪਹਿਲਾਂ ਤੋਂ ਲੈ ਕੇ ਬਾਅਦ ਦੇ ਘੱਟੋ-ਘੱਟ ਤਿੰਨ ਦਹਾਕਿਆਂ ਤੱਕ ਸਮਾਜਵਾਦੀਆਂ ਨੇ ਅਜਿਹੇ ਸਿਆਸੀ ਰੁਝਾਨ ਦੀ ਤਰਜਮਾਨੀ ਕੀਤੀ ਸੀ ਜਿਸ ਨੂੰ ਬੌਧਿਕ ਨਵੀਨਤਾ ਅਤੇ ਜ਼ਾਤੀ ਦਲੇਰੀ ਲਈ ਜਾਣਿਆ ਜਾਂਦਾ ਹੈ।

ਭਾਰਤੀ ਸਮਾਜਵਾਦ, ਇਸ ਦੇ ਉਭਾਰ ਤੇ ਪ੍ਰਪੱਕਤਾ ਅਤੇ ਬੌਧਿਕਤਾ ਤੋਂ ਲੈ ਕੇ ਜਨਤਕ ਜੀਵਨ ਵਿਚ ਇਸ ਦੇ ਬਹੁ-ਪਰਤੀ ਯੋਗਦਾਨ, ਇਸ ਦੇ ਪਤਨ ਤੇ ਬਰਬਾਦੀ ਦੇ ਢੁਕਵੇਂ ਇਤਿਹਾਸ ਦੀ ਸਾਨੂੰ ਹਾਲੇ ਵੀ ਉਡੀਕ ਹੋ ਰਹੀ ਹੈ। ਉਂਝ, ਹੁਣ ਭਾਵੇਂ ਜੀਵਨੀਆਂ ਦੇ ਲਿਹਾਜ਼ ਤੋਂ ਹੀ ਸਹੀ, ਕੁਝ ਆਸ਼ਾਵਾਦੀ ਸੰਕੇਤ ਨਜ਼ਰ ਆਏ ਹਨ। ਸਾਲ 2022 ਵਿਚ ਰਾਹੁਲ ਰਾਮਾਗੁੰਡਮ ਨੇ ਜਾਰਜ ਫਰਨਾਂਡੇਜ਼ ਦੀ ਘਟਨਾ ਭਰਪੂਰ ਜੀਵਨ ਬਾਰੇ ਇੱਕ ਖੋਜੀ ਅਧਿਐਨ ਪ੍ਰਕਾਸ਼ਿਤ ਕੀਤਾ ਸੀ। ਮੈਂ ਕਮਲਾਦੇਵੀ ਚਟੋਪਾਧਿਆਏ ਬਾਰੇ ਨਿਕੋ ਸਲੇਟ ਦੀ ਲਿਖੀ ਦਿਲਚਸਪ ਜੀਵਨੀ ਦਾ ਖਰੜਾ ਪੜ੍ਹ ਰਿਹਾ ਹਾਂ ਜੋ ਇਸ ਸਾਲ ਦੇ ਅੰਤ ਤੱਕ ਛਾਇਆ ਹੋਣ ਦੀ ਆਸ ਹੈ। ਮੈਨੂੰ ਪਤਾ ਲੱਗਿਆ ਹੈ ਕਿ ਅਕਸ਼ੈ ਮੁਕੁਲ ਵੱਲੋਂ ਜੈਪ੍ਰਕਾਸ਼ ਨਰਾਇਣ ਦੀ ਜੀਵਨੀ ਬਾਰੇ ਕਾਫ਼ੀ ਗਹਿਰਾਈ ਨਾਲ ਕੰਮ ਕੀਤਾ ਜਾ ਰਿਹਾ ਹੈ। ਆਸ ਬੱਝਦੀ ਹੈ ਕਿ ਇਸ ਕਾਰਜ ਤੋਂ ਕੁਝ ਹੋਣਹਾਰ ਤੇ ਮਿਹਨਤੀ ਵਿਦਵਾਨ ਹੌਸਲਾ ਪਾ ਕੇ ਮਧੂ ਦੰਡਵਤੇ ਦੀ ਜੀਵਨੀ ਲਿਖਣ ਦੇ ਕਾਰਜ ਨੂੰ ਹੱਥ ਪਾਉਣਗੇ ਜਾਂ ਫਿਰ ਮਧੂ ਤੇ ਪ੍ਰਮਿਲਾ ਦੋਵਾਂ ਦੀ ਸਾਂਝੀ ਜੀਵਨੀ ਵੀ ਲਿਖੀ ਜਾ ਸਕਦੀ ਹੈ।

# ਪੰਜਾਬ ਦੇ ਸਿਦਕ ਦੀ ਕਹਾਣੀ- ਕਿਸਾਨ ਅੰਦੋਲਨ

ਕੀ ਕਾਰਨ ਹੈ ਕਿ ਬਹੁਤ ਸਾਰੇ ਸਮਾਜਿਕ ਕਾਰਕੁਨ, ਦਾਨਿਸ਼ਵਰ, ਸਿਆਸੀ ਵਿਸ਼ਲੇਸ਼ਕ ਤੇ ਵਿਦਵਾਨ ਇਹ ਮਹਿਸੂਸ ਕਰ ਰਹੇ ਹਨ ਕਿ ਦੇਸ਼ ਦੀ ਜਮਹੂਰੀਅਤ ਅਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਿਚਕਾਰਲਾ ਰਿਸ਼ਤਾ ਬਹੁਤ ਡੂੰਘਾ, ਅਹਿਮ, ਸਜੀਵ ਤੇ ਬਹੁ-ਪਰਤੀ ਹੈ? ਕੀ ਇਸ ਦਾ ਕਾਰਨ ਇਹ ਹੈ ਕਿ 2020-21 ਵਿਚ ਪੰਜਾਬੀ ਕਿਸਾਨਾਂ ਦੀ ਅਗਵਾਈ ਵਿਚ ਹੋਏ ਕਿਸਾਨ ਸੰਘਰਸ਼ ਕਾਰਨ ਨਾ ਸਿਰਫ਼ ਕੇਂਦਰ ਸਰਕਾਰ ਨੂੰ ਕਾਰਪੋਰੇਟ ਪੱਖੀ ਖੇਤੀ ਕਾਨੂੰਨ ਵਾਪਸ ਲੈਣੇ ਪਏ ਸਨ ਜਾਂ ਇਸ ਦਾ ਕਾਰਨ ਇਹ ਵੀ ਹੈ ਕਿ ਉਸ ਸੰਘਰਸ਼ ਨੇ ਦੇਸ਼ ਵਿਚ ਸਾਂਝੀਵਾਲਤਾ ਵਾਲੀ ਜਮਹੂਰੀਅਤ ਦੇ ਨਵੇਂ ਮਿਆਰਾਂ ਦੀ ਸਿਰਜਣਾ ਕੀਤੀ? ਕੀ ਇਸ ਦਾ ਕਾਰਨ ਇਹ ਹੈ ਕਿ ਕਿਸਾਨਾਂ ਦੁਆਰਾ ਦਿੱਲੀ ਦੀਆਂ ਹੱਦਾਂ 'ਤੇ ਲਾਏ ਡੇਰਿਆਂ ਕਾਰਨ ਬਣਾਏ ਗਏ ਬੈਰੀਕੇਡਾਂ ਕਾਰਨ ਆਵਾਜਾਈ ਵਿਚ ਤਾਂ ਜ਼ਰੂਰ ਵਿਘਨ ਪਿਆ ਪਰ ਕਿਸਾਨਾਂ ਦੁਆਰਾ ਮੱਲੇ ਗਏ ਰਾਹ-ਰਸਤਿਆਂ

ਸਵਰਾਜਬੀਰ

ਅਤੇ ਬੈਰੀਕੇਡਾਂ ਨੇ ਜਮਹੂਰੀਅਤ ਦੇ ਨਵੇਂ ਦਰ-ਦਰਵਾਜ਼ੇ ਖੋਲ੍ਹੇ? ਜਾਂ ਇਸ ਦਾ ਕਾਰਨ ਇਹ ਹੈ ਕਿ ਕਿਸਾਨ ਸੰਘਰਸ਼ ਨੇ ਦੇਸ਼ ਦੇ ਲੋਕਾਂ ਦੇ ਮਨਾਂ ਵਿਚ ਆਸਾਂ-ਉਮੀਦਾਂ ਦਾ ਉਹ ਸੰਸਾਰ ਬਣਾਇਆ ਜਿਸ ਦੇ ਆਧਾਰ 'ਤੇ ਦੇਸ਼ ਦੀ ਲੋਟ-ਸੱਤਾ ਅਤੇ ਕਾਰਪੋਰੇਟੀ ਨਿਜ਼ਾਮ ਦੇ ਸੰਗਮ ਦਾ ਸਾਹਮਣਾ ਕੀਤਾ ਜਾ ਸਕਦਾ ਹੈ? ਜਾਂ ਇਸ ਦਾ ਕਾਰਨ ਇਹ ਹੈ ਕਿ ਇਸ ਅੰਦੋਲਨ ਨੇ ਇਹ ਸਿੱਧ ਕੀਤਾ ਕਿ ਦੇਸ਼ ਦੀ ਸਭ ਤੋਂ ਸ਼ਕਤੀਸ਼ਾਲੀ ਸਿਆਸੀ ਤਾਕਤ ਵਿਰੁੱਧ ਸ਼ਾਂਤਮਈ ਅਤੇ ਲੋਕ-ਵੇਗ ਨਾਲ ਸਰਸ਼ਾਰ ਅੰਦੋਲਨ ਖੜ੍ਹਾ ਕੀਤਾ ਜਾ ਸਕਦਾ ਹੈ ਅਤੇ ਅਸੀਮ ਤਾਕਤ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ? ਉਹ ਚੁਣੌਤੀ ਦਿੱਤੀ ਗਈ ਅਤੇ ਕਿਸਾਨ ਸੰਘਰਸ਼, ਜਿਸ ਨੂੰ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਹੋਰ ਸੂਬਿਆਂ ਦੀ ਹਮਾਇਤ ਹਾਸਿਲ ਹੋਈ, ਜੇਤੂ ਹੋਇਆ; ਗ਼ੈਰ-ਜਮਹੂਰੀ ਅਤੇ ਕਾਰਪੋਰੇਟੀ ਪੱਖੀ ਸ਼ਕਤੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਸਦੀਆਂ ਤੋਂ ਪੰਜਾਬ ਦੇ ਇਤਿਹਾਸ ਨੇ ਪੰਜਾਬੀਆਂ ਨੂੰ ਜਬਰ ਤੇ ਜ਼ੁਲਮ ਦਾ ਵਿਰੋਧ ਕਰਨ ਦੇ ਤੌਰ-ਤਰੀਕੇ ਅਤੇ ਕਵਾਇਦ ਸਿਖਾਈ ਹੈ। ਅਜਿਹੇ ਕਈ ਵਿਰੋਧ ਤੇ ਵਿਦਰੋਹ ਕਬੀਲਿਆਂ, ਜਾਤਾਂ, ਸਥਾਨਕ ਰਾਠਾਂ ਤੇ ਰਾਜਿਆਂ-ਰਜਵਾੜਿਆਂ ਦੀ ਇੱਜ਼ਤ-ਮਾਣ ਆਦਿ ਭਾਵਨਾਵਾਂ 'ਤੇ ਆਧਾਰਿਤ ਸਨ ਅਤੇ ਕਈ ਵਾਰ ਅਜਿਹੀਆਂ ਵਲਗਣਾਂ ਨੂੰ ਤੋੜਦਿਆਂ ਵਿਆਪਕ ਵਿਦਰੋਹ ਬਣੇ। ਸਿੱਖ ਧਰਮ ਨੇ ਪੰਜਾਬੀ ਸਮਾਜ ਵਿਚ ਜਮਹੂਰੀ ਰੂਹ ਫੂਕੀ ਅਤੇ ਸਮਾਜ ਵਿਚ ਇੱਕ-ਈਸ਼ਵਰਵਾਦ, ਸਾਂਝੀਵਾਲਤਾ ਅਤੇ ਮਨੁੱਖੀ ਬਰਾਬਰੀ ਦੇ ਸੰਕਲਪਾਂ ਦਾ ਸੰਚਾਰ ਸ਼ੁਰੂ ਹੋਇਆ। ਜਿੱਥੇ ਜੋਗੀਆਂ ਤੇ ਸੂਫ਼ੀਆਂ ਨੇ ਪੰਜਾਬੀਆਂ ਨੂੰ ਧਾਰਮਿਕ ਤੇ ਸਮਾਜਿਕ ਕੱਟੜਤਾ ਵਿਰੁੱਧ ਲੜਨਾ ਸਿਖਾਇਆ, ਉੱਥੇ ਸਿੱਖ ਧਰਮ ਨੇ ਪੰਜਾਬੀ ਸਮਾਜ ਦੀ ਊਰਜਾ ਨੂੰ ਸੰਗਠਿਤ ਇਤਿਹਾਸ-ਮੁਖੀ ਤੇਵਰ ਦੇ ਕੇ ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਦੇ ਉੱਤਰੀ ਖਿੱਤੇ ਦੀ ਪ੍ਰਮੁੱਖ ਸਿਆਸੀ ਤਾਕਤ ਬਣਾ ਦਿੱਤਾ। ਇਸ ਤਾਕਤ ਦੇ ਬਣਨ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਸੰਚਾਰਿਤ ਕੀਤੀ ਗਈ ਸਾਂਝੀਵਾਲਤਾ, ਸਮਾਜਿਕ ਏਕਤਾ ਤੇ ਸਮਤਾ ਅਤੇ ਊਰਜਾਮਈ ਮਨੁੱਖਤਾ ਦੀ ਭੂਮਿਕਾ ਸਭ ਤੋਂ ਵੱਧ ਸੀ/ਹੈ; ਇਸ ਦੇ ਨਾਲ ਨਾਲ ਬਾਬਾ ਨਾਨਕ ਨੇ ਪੰਜਾਬੀਆਂ ਨੂੰ ਸੰਕੀਰਨਤਾ 'ਚੋਂ ਕੱਢਿਆ ਅਤੇ ਉਨ੍ਹਾਂ ਦੇ ਆਰੰਭੇ ਯਤਨਾਂ ਕਾਰਨ ਜੋ ਸੰਦੇਸ਼ ਸਿੱਖ ਧਰਮ ਦੁਆਰਾ ਪੰਜਾਬੀ ਸਮਾਜ ਵਿਚ ਸੰਚਾਰਿਤ ਹੋਇਆ, ਉਸ ਦੀ ਆਵਾਜ਼ ਇੱਕ-ਪਰਤੀ ਨਹੀਂ ਸਗੋਂ ਬਹੁ-ਪਰਤੀ ਸੀ; ਇਸ ਆਵਾਜ਼ ਵਿਚ ਸ਼ੇਖ ਫ਼ਰੀਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਧੰਨਾ



ਅਤੇ ਹੋਰ ਭਗਤਾਂ ਦੀਆਂ ਆਵਾਜ਼ਾਂ ਸ਼ਾਮਿਲ ਸਨ ਜਿਸ ਕਾਰਨ ਸਮਾਜ ਨੇ ਬਹੁ-ਆਵਾਜ਼ੀ ਸੰਦੇਸ਼ ਸੁਣਨ ਅਤੇ ਉਸ ਵਿਚਲੀਆਂ ਧੁਨੀਆਂ ਦੀ ਗੂੰਜ ਨੂੰ ਗ੍ਰਹਿਣ ਕਰਨ ਦਾ ਸਲੀਕਾ ਸਿੱਖਿਆ। ਇਸ ਦਾ ਸੰਗਠਿਤ ਆਗਾਜ਼ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਆਦਿ ਗ੍ਰੰਥ ਨਾਲ ਹੋਇਆ ਅਤੇ ਇਸ ਰੁਝਾਨ ਨਾਲ ਊਰਜਿਤ ਪ੍ਰਕਿਰਿਆ ਕਾਰਨ ਪੰਜਾਬੀ ਲੋਕ-ਮਨ ਦਾ ਸੁਭਾਅ ਇਸ ਤਰ੍ਹਾਂ ਦਾ ਬਣਿਆ ਕਿ ਪੰਜਾਬੀ ਸਮਾਜ ਵੱਖ ਵੱਖ ਤਰ੍ਹਾਂ ਦੀਆਂ ਸੋਚਾਂ ਨੂੰ ਗ੍ਰਹਿਣ ਕਰਨ ਵਾਲਾ ਸਮਾਜ ਬਣਿਆ ਜੋ ਵੱਖ ਵੱਖ ਤਰ੍ਹਾਂ ਦੇ ਵਖਰੇਵਿਆਂ, ਵੰਡੀਆਂ ਆਦਿ ਨੂੰ ਸਿੱਝਣ ਦੇ ਨਾਲ ਨਾਲ ਸਾਂਝੀਵਾਲਤਾ ਤੇ ਸਮਾਜਿਕ ਏਕਤਾ ਦਾ ਆਧਾਰ ਕਾਇਮ ਰੱਖ ਸਕਦਾ ਸੀ। ਵਕਤੀ ਉਬਾਲਾਂ ਤੇ ਕੜਵੱਲਾਂ ਕਾਰਨ ਅਜਿਹੇ ਰੁਝਾਨ ਵਿਚ ਤਰੇੜਾਂ ਵੀ ਪੈਂਦੀਆਂ ਰਹੀਆਂ ਪਰ ਪੰਜਾਬੀ ਲੋਕ-ਮਨ ਸਾਂਝੀਵਾਲਤਾ ਤੇ ਮਨੁੱਖੀ ਬਰਾਬਰੀ ਦੀ ਜ਼ਮੀਨ ਵੱਲ ਪਰਤਦਾ ਰਿਹਾ। ਸਿੱਖ ਗੁਰੂਆਂ ਅਤੇ ਯੋਧਿਆਂ ਦੀਆਂ ਕੁਰਬਾਨੀਆਂ ਨੇ ਇਸ ਜ਼ਮੀਨ ਨੂੰ ਲਹੂ ਨਾਲ ਸਿੰਜਿਆ।

18ਵੀਂ ਸਦੀ 'ਚ ਇਹ ਊਰਜਾ ਸਿੱਖ ਮਿਸਲਾਂ ਦੇ ਰੂਪ ਵਿਚ ਪ੍ਰਗਟ ਹੋਈ। ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਜਾਗੀਰਦਾਰੀ ਢਾਂਚੇ ਨੂੰ ਵੱਡੀ ਢਾਹ ਲਗਾਉਣ ਤੋਂ ਬਾਅਦ ਸਮਾਜ ਦੀ ਉਹ ਮੋਹਰੀ/ਮੁਹਰੈਲ ਤੇ ਅਗਾਂਹਵਧੂ ਤਾਕਤ ਬਣ ਗਿਆ ਜਿਸ ਨੂੰ ਪੰਜਾਬ ਦੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਸਵੀਕਾਰ ਕੀਤਾ। ਸਿੱਖ ਮਿਸਲਾਂ ਵਿਚ ਜਿੱਥੇ ਕਾਰੀਗਰ, ਵਪਾਰੀ ਤੇ ਦਲਿਤ ਜਾਤਾਂ ਜਮਾਤਾਂ ਇਤਿਹਾਸਕ ਤਾਕਤ ਬਣੀਆਂ ਉੱਥੇ ਇਨ੍ਹਾਂ ਵਿਚ ਪ੍ਰਮੁੱਖ ਭੂਮਿਕਾ ਕਿਸਾਨੀ ਨੇ ਨਿਭਾਈ ਜਿਸ ਕਾਰਨ ਉਸ ਜਾਤ ਤੇ ਜਮਾਤ ਦੇ ਨੁਮਾਇੰਦਿਆਂ ਨੂੰ ਸੱਤਾ ਵੀ ਮਿਲੀ ਅਤੇ ਸਮਾਜਿਕ ਮਾਣ-ਸਨਮਾਨ ਵੀ। ਉਸ ਮਾਣ-ਸਨਮਾਨ ਨੇ ਜਾਤੀ ਅਭਿਮਾਨ ਵੀ ਉਭਾਰਿਆ ਪਰ ਸਿੱਖ ਗੁਰੂ ਸਾਹਿਬਾਨ, ਭਗਤਾਂ, ਸੂਫ਼ੀਆਂ ਤੇ ਜੋਗੀਆਂ ਦੇ ਸੰਦੇਸ਼ ਤੋਂ ਪੈਦਾ ਹੋਈ ਜੀਵਨ-ਜਾਚ ਅਜਿਹੀ ਸੀ/ਹੈ ਕਿ ਵਕਤੀ ਵਿਗਾੜਾਂ ਦੇ ਬਾਵਜੂਦ ਅਗਵਾਈ ਕਰ ਰਹੀ ਜਮਾਤ ਨੂੰ ਸਮਾਜ ਦੇ ਹਿਰਦੇ ਵਿਚ ਜੜ੍ਹਾਂ ਲੈ ਚੁੱਕੀਆਂ ਸਾਂਝੀਵਾਲਤਾ ਤੇ ਸਮਾਜਿਕ ਬਰਾਬਰੀ ਦੀਆਂ ਭਾਵਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਅਤੇ ਇਨ੍ਹਾਂ ਭਾਵਨਾਵਾਂ ਨੂੰ ਅਗਵਾਈ ਦੇ ਟੀਚਿਆਂ ਵਿਚ ਸ਼ਾਮਿਲ ਕਰਨਾ ਪੈਂਦਾ ਰਿਹਾ। ਇਹੀ ਕਾਰਨ ਸੀ ਕਿ ਸਾਰਾ ਸਮਾਜ ਇਸ ਅਗਵਾਈ ਦੀ ਹਮਾਇਤ ਕਰਦਾ ਹੋਇਆ ਇਸ ਨੂੰ ਸਵੀਕਾਰ ਕਰਦਾ ਸੀ।

ਸੰਖੇਪਤਾ ਲਈ ਅਸੀਂ ਇਸ ਦੀਆਂ ਦੋ ਉਦਾਹਰਨਾਂ ਲੈ ਸਕਦੇ ਹਾਂ: 1914-15 ਦੀ ਗ਼ਦਰ ਪਾਰਟੀ ਲਹਿਰ ਅਤੇ 2020-21 ਦਾ ਕਿਸਾਨ ਸੰਘਰਸ਼। ਗ਼ਦਰ ਲਹਿਰ ਨੇ ਇਹ ਸਾਬਤ ਕੀਤਾ ਕਿ ਵੱਖ ਵੱਖ ਧਰਮਾਂ ਤੇ ਜਾਤਾਂ ਦੇ ਲੋਕ ਇਕੱਠੇ ਹੋ ਕੇ ਅਤਿਅੰਤ ਸ਼ਕਤੀਸ਼ਾਲੀ ਬਸਤੀਵਾਦੀ ਤਾਕਤ ਨਾਲ ਲੋਹਾ ਲੈਣ ਦਾ ਹੀਆ ਕਰ ਸਕਦੇ ਸਨ। ਇਸ ਲਹਿਰ ਦੇ ਆਗੂ ਵੱਖ ਵੱਖ ਧਰਮਾਂ ਦੇ ਵਿਅਕਤੀ ਸਨ ਪਰ ਲਹਿਰ ਦੀ ਰੀੜ੍ਹ ਦੀ ਹੱਡੀ ਪੰਜਾਬੀ ਕਿਸਾਨੀ ਸੀ। ਇਸ ਦਾ ਕਾਰਨ ਸ਼ਾਇਦ ਇਹ ਵੀ ਹੈ ਕਿ ਜ਼ਮੀਨ ਦੀ ਮਾਲਕੀ ਅਤੇ ਇਤਿਹਾਸਕ ਤਜਰਬੇ ਕਾਰਨ ਪੰਜਾਬੀ ਕਿਸਾਨੀ ਨੂੰ ਕੁਰਬਾਨੀਆਂ ਦੇਣ ਅਤੇ ਅਗਵਾਈ ਕਰਨ ਲਈ ਲੋੜੀਂਦੇ ਸਮਾਜਿਕ ਤੇ ਆਰਥਿਕ ਸਰੋਤ ਪ੍ਰਾਪਤ ਸਨ। ਇਸ ਲਹਿਰ ਨੇ ਪੰਜਾਬ ਵਿਚ ਨਾ ਸਿਰਫ਼ ਪੰਜਾਬੀਆਂ ਦੀ ਨਾਬਰੀ ਦੀ ਰਵਾਇਤ ਨੂੰ ਪੁਨਰ-ਸੁਰਜੀਤ ਕੀਤਾ ਸਗੋਂ ਇਸ ਦੇ ਨਾਲ ਨਾਲ ਆਜ਼ਾਦੀ ਸੰਘਰਸ਼ ਵਿਚ ਹੋਏ ਬਾਅਦ ਦੇ ਸੰਘਰਸ਼ਾਂ, ਜਿਨ੍ਹਾਂ ਵਿਚ ਜਲ੍ਹਿਆਂਵਾਲਾ ਬਾਗ ਦੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਪਾਰਟੀ ਲਹਿਰ, ਭਗਤ ਸਿੰਘ ਦੇ ਸਾਥੀਆਂ ਦੀ ਲਹਿਰ ਅਤੇ ਹੋਰ ਲੋਕ ਲਹਿਰਾਂ ਸ਼ਾਮਲ ਸਨ, ਲਈ ਪ੍ਰੇਰਨਾ ਬਣੀ। ਪੰਜਾਬੀ ਸ਼ਾਇਰ ਤਾਰਾ ਸਿੰਘ ਦੇ ਇਹ ਸ਼ਬਦ ਅਜਿਹੇ ਸੰਘਰਸ਼ਾਂ ਦੀ ਤਰਜਮਾਨੀ ਕਰਦੇ ਹਨ, "ਗੋਲੀਆਂ, ਲਾਠੀਆਂ, ਬੇੜੀਆਂ, ਤੂਹਮਤਾਂ/ਰੱਤ ਸੁੱਚੀ ਇਨ੍ਹਾਂ ਨਾਲ ਝੁਕਦੀ ਨਹੀਂ/ ਮੁੱਕ ਜਾਂਦੇ ਝੱਖੜ ਜਬਰ ਜ਼ੁਲਮ ਦੇ/ ਪਰ, ਸਿਦਕ ਦੀ ਕਹਾਣੀ ਮੁੱਕਦੀ ਨਹੀਂ।"

ਇਹੀ ਵਰਤਾਰਾ 2020-21 ਵਿਚ ਵੱਡੇ ਪੱਧਰ 'ਤੇ ਵਾਪਰਿਆ ਜਦੋਂ ਕੇਂਦਰ ਸਰਕਾਰ ਨੇ ਖੇਤੀ ਖੇਤਰ ਸਬੰਧੀ ਆਰਡੀਨੈਂਸ ਲਾਗੂ ਕਰ ਕੇ ਅਤੇ ਫਿਰ ਕਾਨੂੰਨ ਬਣਾ ਕੇ ਖੇਤੀ ਖੇਤਰ ਵਿਚ ਕਾਰਪੋਰੇਟ ਅਦਾਰਿਆਂ ਦੇ ਦਾਖ਼ਲੇ ਦਾ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਵਿਰੋਧ ਕਰਨ ਲਈ ਪੰਜਾਬੀ ਕਿਸਾਨੀ ਵਿਆਪਕ ਸਾਂਝੀਵਾਲਤਾ ਦੇ ਸੂਤਰ ਵਿਚ ਪਰੋਈ ਗਈ ਅਤੇ ਅਜਿਹੀ ਏਕਮਈ ਤਾਕਤ ਬਣ ਕੇ ਉੱਭਰੀ ਜਿਸ ਨੂੰ ਸਮਾਜ ਦੇ ਦੂਸਰੇ ਵਰਗਾਂ ਦੀ ਹਮਾਇਤ ਹਾਸਿਲ ਹੋਈ। ਇਸ ਉਭਾਰ ਨੇ ਹਰਿਆਣਾ, ਉੱਤਰ ਪ੍ਰਦੇਸ਼ ਤੇ ਹੋਰ ਸੂਬਿਆਂ ਦੇ ਕਿਸਾਨਾਂ ਤੇ ਹੋਰ ਵਰਗਾਂ ਦੇ ਲੋਕਾਂ ਨੂੰ ਵੀ ਉਤਸ਼ਾਹਿਤ ਕੀਤਾ ਅਤੇ ਉਹ ਇਸ ਉਭਾਰ ਵਿਚ ਸ਼ਾਮਿਲ ਹੋਏ ਜਿਸ ਕਾਰਨ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਵਾਪਸ ਲੈਣੇ ਪਏ। ਕਿਸਾਨ ਅੰਦੋਲਨ ਨੇ ਜਥੇਬੰਦੀਆਂ ਅਤੇ ਆਗੂਆਂ ਦੀ ਏਕਤਾ, ਸਾਂਝੀਵਾਲਤਾ ਅਤੇ ਲੋਕਾਂ ਦੇ ਆਪਸੀ ਮਿਲਵਰਤਣ ਦੇ ਨਵੇਂ ਮਿਆਰ ਕਾਇਮ ਕੀਤੇ। ਕਈ ਦਹਾਕਿਆਂ ਤੋਂ ਪੰਜਾਬੀਆਂ ਤੇ ਹਰਿਆਣਵੀਆਂ ਦੇ ਮਨਾਂ ਵਿਚ ਇੱਕ ਦੂਸਰੇ ਵਿਰੁੱਧ ਘੋਲੀ ਜਾ ਰਹੀ ਕੁੜੱਤਣ ਵੀ ਦੂਰ ਹੋਈ। ਪੰਜਾਬੀਆਂ ਦੇ ਸੰਘਰਸ਼ਸ਼ੀਲ ਸਿਦਕ ਦੀ ਰੌਸ਼ਨੀ ਪੂਰੀ ਦੁਨੀਆ ਵਿਚ ਦਿਖਾਈ ਦਿੱਤੀ।

ਇਸ ਅੰਦੋਲਨ ਨੇ ਸ਼ਕਤੀਸ਼ਾਲੀ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ। ਅਸੀਮ ਤਾਕਤ ਦੇ ਗਰੂਰ ਵਿਚ ਗੜੁੱਚ ਕੋਈ ਵੀ ਸਿਆਸੀ ਜਮਾਤ ਇਸ ਤਰ੍ਹਾਂ ਝੁਕਣ ਤੋਂ ਪੈਦਾ ਹੋਈ ਕੁੜੱਤਣ ਅਤੇ ਹਾਰ ਦੇ ਅਹਿਸਾਸ ਨੂੰ ਭੁੱਲਦੀ ਨਹੀਂ; ਸਵੈ-ਕੇਂਦਰਿਤ ਅਭਿਮਾਨ ਵਿਚ ਗੜੁੱਚ ਤਾਕਤ ਵਿਚ ਇਹ ਉਦਾਰਤਾ ਅਤੇ ਖੁੱਲ੍ਹਾਪਣ ਨਹੀਂ ਹੁੰਦਾ ਕਿ ਉਹ ਲੋਕ-ਸ਼ਕਤੀ ਦੀਆਂ ਮੰਗਾਂ ਨੂੰ ਨਿਮਰਤਾ ਨਾਲ ਪ੍ਰਵਾਨ ਕਰੇ। ਇਹੀ ਕਾਰਨ ਹੈ ਕਿ ਇਹ ਤਾਕਤ ਹੁਣ ਪੰਜਾਬ ਦੀ ਕਿਸਾਨ ਏਕਤਾ ਨੂੰ ਭੰਗ ਕਰਨ 'ਤੇ ਤੁਲੀ ਹੋਈ ਹੈ; ਇਹ ਤਾਕਤ ਪੰਜਾਬ ਦੀ ਕਿਸਾਨ ਸ਼ਕਤੀ ਨੂੰ ਟੋਟੇ ਟੋਟੇ ਹੋਇਆਂ ਦੇਖਣਾ ਚਾਹੁੰਦੀ ਹੈ। ਸਾਰੇ ਜਾਣਦੇ ਹਨ ਕਿ ਇਹ ਤਾਕਤ ਕੱਟੜਤਾ ਤੇ ਹੰਕਾਰ ਨੂੰ ਪ੍ਰਣਾਈ ਹੋਈ ਹੈ ਅਤੇ ਇਸ ਨੂੰ ਕਾਰਪੋਰੇਟ ਅਦਾਰਿਆਂ ਦੀ ਸੰਪੂਰਨ ਹਮਾਇਤ ਹਾਸਿਲ ਹੈ; ਇਸ ਨੇ ਦੇਸ਼ ਦੇ ਸੰਵਿਧਾਨਕ ਅਦਾਰਿਆਂ ਨੂੰ ਖੋਰਾ ਲਗਾਇਆ ਅਤੇ ਦੇਸ਼ ਦੇ ਵਿਰਸੇ ਅਤੇ ਸੰਵਿਧਾਨ ਦੁਆਰਾ ਸਿਰਜਤ ਜਮਹੂਰੀ ਰਵਾਇਤਾਂ ਨੂੰ ਕਮਜ਼ੋਰ ਕੀਤਾ ਹੈ। ਇਸ ਤਾਕਤ ਦੇ ਮਨ ਵਿਚ ਇਹ ਰੜਕ ਹੈ ਕਿ ਕਿਵੇਂ ਨਾ ਕਿਵੇਂ ਪੰਜਾਬੀ ਕਿਸਾਨਾਂ ਦੀ ਏਕਤਾ ਨੂੰ ਭੰਗ ਕੀਤਾ ਜਾਵੇ। ਇਸ ਸਮੇਂ ਪੰਜਾਬੀ ਕਿਸਾਨੀ ਇੱਕ ਅਜਿਹੀ ਪ੍ਰਮੁੱਖ ਸ਼ਕਤੀ ਹੈ ਜੋ ਇਸ ਤਾਕਤ ਦੇ ਗ਼ੈਰ-ਜਮਹੂਰੀ ਰੁਝਾਨਾਂ ਵਿਰੁੱਧ ਸੰਗਠਿਤ ਸ਼ਕਤੀ ਬਣਨ ਅਤੇ ਉੱਤਰੀ ਭਾਰਤ ਵਿਚ ਸਮਾਜ ਨੂੰ ਅਗਵਾਈ ਦੇਣ ਵਾਲੀ ਜਮਾਤ ਬਣ ਸਕਦੀ ਹੈ।

ਸੱਤਾਧਾਰੀ ਧਿਰਾਂ ਚਾਹੁੰਦੀਆਂ ਹਨ ਕਿ ਪੰਜਾਬੀ ਕਿਸਾਨੀ ਦੀ ਸੰਗਠਿਤ ਸ਼ਕਤੀ ਚੂਰ ਚੂਰ ਹੋ ਜਾਵੇ, ਆਗੂਆਂ ਵਿਚ ਵਿਚਾਰਧਾਰਕ ਤੇ ਨਿੱਜੀ ਵਖਰੇਵੇਂ ਉੱਠਣ, ਅਗਵਾਈ ਆਪਣੇ ਹੱਥਾਂ ਵਿਚ ਲੈਣ ਲਈ ਲੜਾਈ ਹੋਵੇ ਅਤੇ ਉਸ ਦਾ ਫ਼ਾਇਦਾ ਸੱਤਾਧਾਰੀ ਧਿਰਾਂ ਤੇ ਕਾਰਪੋਰੇਟ ਅਦਾਰਿਆਂ ਨੂੰ ਮਿਲੇ। ਅਜਿਹੇ ਮਾਹੌਲ ਵਿਚ ਪੰਜਾਬ ਦੇ ਕਿਸਾਨਾਂ ਸਾਹਮਣੇ ਪ੍ਰਮੁੱਖ ਚੁਣੌਤੀ ਆਪਣੀ ਏਕਤਾ ਨੂੰ ਕਾਇਮ ਰੱਖਣ ਤੇ ਇਸ ਦੀ ਰਖਵਾਲੀ ਕਰਨ ਅਤੇ ਇਸ ਏਕਤਾ ਨੂੰ ਤੋੜਨ ਵਾਲਿਆਂ ਦੇ ਯਤਨਾਂ ਨੂੰ ਹਰਾਉਣ ਦੀ ਹੈ; ਭਾਵੇਂ ਕਹਿਣ-ਸੁਣਨ ਨੂੰ ਇਹ ਕੰਮ ਸਰਲ ਤੇ ਆਸਾਨ ਦਿਸਦਾ ਹੈ ਪਰ ਇਹ ਕੰਮ ਅਤਿਅੰਤ ਜਟਿਲ ਅਤੇ ਮੁਸ਼ਕਿਲਾਂ ਵਾਲਾ ਹੈ ਜਿਵੇਂ ਮੁਨੀਰ ਨਿਆਜ਼ੀ ਨੇ ਕਿਹਾ ਹੈ "ਕੰਮ ਉਹੋ ਮੁਨੀਰ ਸੀ ਮੁਸ਼ਕਿਲਾਂ ਦਾ/ ਜਿਹੜਾ ਸ਼ੁਰੂ 'ਚ ਬਹੁਤ ਆਸਾਨ ਦਿਸਿਆ" ਪਰ ਪੰਜਾਬੀ ਕਿਸਾਨੀ ਨੂੰ ਇਹ ਚੁਣੌਤੀ ਸਵੀਕਾਰ ਕਰਦਿਆਂ ਇਹ ਕੰਮ ਕਰਨਾ ਪੈਣਾ ਹੈ। ਦੇਸ਼ ਵਿਚ ਜਮਹੂਰੀਅਤ ਨੂੰ ਬਚਾਉਣ ਅਤੇ ਕਾਇਮ ਰੱਖਣ ਲਈ ਕਾਰਜਸ਼ੀਲ ਵੱਖ ਵੱਖ ਧੁਰੀਆਂ ਵਿਚੋਂ ਸਭ ਤੋਂ ਮਜ਼ਬੂਤ ਧੁਰੀ ਪੰਜਾਬੀ ਕਿਸਾਨੀ ਤੇ ਪੰਜਾਬ ਦੇ ਲੋਕਾਂ ਦੀ ਸਮੂਹਿਕ ਸ਼ਕਤੀ ਹੈ ਅਤੇ ਪੰਜਾਬੀਆਂ ਨੂੰ ਇਸ ਇਤਿਹਾਸਕ ਕਾਰਜ ਦੇ ਹਾਣ ਦੇ ਹੋਣ ਲਈ ਏਕਤਾ ਸਥਾਪਿਤ ਕਰਨੀ ਪੈਣੀ ਹੈ।

ਪੰਜਾਬ ਦੇ ਕਿਸਾਨਾਂ ਅਤੇ ਕਿਸਾਨ ਆਗੂਆਂ ਦੇ ਸਾਹਮਣੇ ਚੁਣੌਤੀ ਬਹੁਤ ਵੱਡੀ ਹੈ; ਉਨ੍ਹਾਂ ਦਾ ਸੰਘਰਸ਼ ਕਿਸਾਨਾਂ ਦੇ ਹਿੱਤਾਂ ਲਈ ਅੰਦੋਲਨ ਤੱਕ ਸੀਮਤ ਨਹੀਂ; ਉਹ ਇਸ ਦੇਸ਼ ਵਿਚ ਜਮਹੂਰੀਅਤ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਖਵਾਲੀ ਕਰਨ ਵਾਲੇ ਸੰਗਰਾਮ ਦਾ ਅਹਿਮ ਹਿੱਸਾ ਹਨ; ਉਹ ਇਸ ਜਮਹੂਰੀ ਸੰਗਰਾਮ ਦੇ ਸੂਤਰਧਾਰ ਹਨ। ਉਨ੍ਹਾਂ ਨੂੰ ਬਾਬਾ ਨਾਨਕ ਜੀ ਦਾ ਇਹ ਕਥਨ ਯਾਦ ਰੱਖਣਾ ਚਾਹੀਦਾ ਹੈ, "ਏਕੇ ਕਉ ਨਾਹੀ ਭਉ ਕੋਇ॥" ਇਸ ਇਤਿਹਾਸਕ ਕਾਰਜ ਲਈ ਪੰਜਾਬ ਦੇ ਕਿਸਾਨਾਂ, ਕਿਸਾਨ ਜਥੇਬੰਦੀਆਂ ਅਤੇ ਹੋਰ ਵਰਗਾਂ ਦੇ ਲੋਕਾਂ ਦੀ ਏਕਤਾ ਸਭ ਤੋਂ ਜ਼ਰੂਰੀ ਹੈ।

# ਗੁਣੀ ਗਿਆਨੀ

ਮੇਰੀ ਦਿਲਚਸਪੀ ਅਤੇ ਵਿਚਰਨ ਨਾਲ ਬਹੁਤ ਸਾਰੇ ਬੰਦਿਆਂ ਨੂੰ ਇਤਫ਼ਾਕ ਨਹੀਂ ਹੁੰਦਾ ਤੇ ਅਕਸਰ ਮੈਂ ਨੁਕਤਾਚੀਨੀ ਦਾ ਸ਼ਿਕਾਰ ਹੁੰਦਾ ਹਾਂ। ਮੈਂ ਇਸ ਦੀ ਪਰਵਾਹ ਤਾਂ ਨਹੀਂ ਕਰਦਾ ਪਰ ਆਪਣੇ ਇਨ੍ਹਾਂ ਨੁਕਤਾਚੀਨਾਂ ਨਾਲ ਵਿਚਰਦਿਆਂ ਜਾਂ ਗੱਲਬਾਤ

ਗੁਰਦੀਪ ਢੁੱਡੀ
ਫੋਨ: +91-95010-20731

ਕਰਦਿਆਂ ਮੈਂ ਆਪਣੀ ਉਸ ਦਿਲਚਸਪੀ ਜਾਂ ਫਿਰ ਵਿਚਰਨ ਨੂੰ ਜਾਂ ਤਾਂ ਲੁਕੋਣ ਦੀ ਕੋਸ਼ਿਸ਼ ਕਰਦਾ ਹਾਂ, ਜਾਂ ਫਿਰ ਗੱਲ ਨੂੰ ਵਲੇਵਾਂ ਪਾ ਲੈਂਦਾ ਹਾਂ। ਮੈਨੂੰ ਇਹ ਅਹਿਸਾਸ ਵੀ ਹੈ ਕਿ ਮੇਰੀ ਜ਼ਿੰਦਗੀ ਦਾ ਜੋ ਕੋਈ ਹਾਸਲ ਹੈ ਤਾਂ ਇਸ ਵਿਚ ਵੱਡਾ ਹਿੱਸਾ ਕਥਿਤ ਉਨ੍ਹਾਂ ਅਨਪੜ੍ਹ ਜਾਂ ਫਿਰ ਪੇਂਡੂਆਂ ਜਾਂ ਛੋਟੀਆਂ ਨੌਕਰੀਆਂ ਵਾਲਿਆਂ ਦਾ ਹੈ ਜਿਨ੍ਹਾਂ ਨੂੰ ਆਮ ਤੌਰ 'ਤੇ 'ਚਾਰ ਜਮਾਤਾਂ ਪੜ੍ਹੇ' ਐਵੇਂ ਹੀ ਸਮਝਦੇ ਹਨ।

1984 ਵਿਚ ਮੈਂ ਆਪਣੀ ਬਦਲੀ ਥੋੜ੍ਹੇ ਜਿਹੇ ਤਰੱਦਦ ਨਾਲ ਸਰਕਾਰੀ ਹਾਈ ਸਕੂਲ ਕੁਰਾਈਵਾਲਾ ਦੀ ਕਰਵਾ ਲਈ। ਇੱਥੇ ਹਾਜ਼ਰ ਹੋਣ ਤੋਂ ਬਾਅਦ ਜਲਦੀ ਹੀ ਪੰਜਾਬ ਦਾ ਵੱਡਾ ਦੁਖਾਂਤ ਸਾਕਾ ਨੀਲਾ ਤਾਰਾ ਵਾਪਰ ਗਿਆ। ਸਕੂਲ ਕੁਝ ਸਮੇਂ ਲਈ ਬੰਦ ਹੋਏ। ਪਹਿਲਾਂ ਅਧਿਆਪਕ ਸਕੂਲ ਆਉਣ ਲੱਗੇ ਅਤੇ ਅਮਨ ਕਾਨੂੰਨ ਦੀ ਸਥਿਤੀ ਦੇ ਜਾਇਜ਼ੇ ਮਗਰੋਂ ਵਿਦਿਆਰਥੀ ਵੀ ਸਕੂਲ ਆਉਣ ਲੱਗ ਪਏ। ਵਿਹਲੇ ਦਿਨਾਂ ਵਿਚ ਕੁਝ ਸਮਾਂ ਆਪਣੇ ਸਾਥੀ ਅਧਿਆਪਕਾਂ ਨਾਲ ਤਤਕਾਲੀ ਸਮੇਂ ਦੇ ਹਾਲਾਤ 'ਤੇ ਵਿਚਾਰ-ਵਟਾਂਦਰਾ ਕਰ ਲੈਣਾ। ਜ਼ਿਆਦਾ ਸਾਥੀਆਂ ਅਨੁਸਾਰ ਕੇਂਦਰ ਸਰਕਾਰ ਦੁਆਰਾ ਕੀਤੇ ਗਏ 'ਨੀਲੇ ਤਾਰੇ' ਨੂੰ ਗ਼ਲਤ ਆਖਿਆ ਜਾਂਦਾ ਸੀ। ਇਸ ਦੇ ਨਾਲ ਹੀ ਇਕ ਫ਼ਿਰਕੇ ਬਾਰੇ ਕੁਝ ਨਿੰਦਣਯੋਗ ਟਿੱਪਣੀਆਂ ਵੀ ਕੀਤੀਆਂ ਜਾਂਦੀਆਂ। ਬੜੀ ਵਾਰੀ ਮੈਂ ਬਹਾਨਾ ਜਿਹਾ ਬਣਾ ਕੇ ਉੱਠ ਕੇ ਚਲੇ ਜਾਣਾ। ਮੈਨੂੰ ਲੱਗਦਾ ਜਿਵੇਂ ਦੋ ਜਣੇ ਹੋਰ ਵੀ ਮੇਰੇ ਨਾਲ ਗੱਲਬਾਤ ਕਰਨ ਦੇ ਇੱਛਕ ਹੋਣ। ਇਹ ਦੋਨੋ ਜਣੇ ਦਫ਼ਤਰੀ ਭਾਸ਼ਾ ਵਿਚ ਸੇਵਾਦਾਰ ਜਾਂ ਫਿਰ ਦਰਜਾਚਾਰ ਕਰਮਚਾਰੀ ਸਨ। ਇਨ੍ਹਾਂ ਵਿਚੋਂ ਇਕ ਦਾ ਪਿਛੋਕੜ ਉੱਤਰ ਪ੍ਰਦੇਸ਼ ਦਾ ਸੀ; ਦੂਜਾ, ਤੋਤਾ ਰਾਮ ਨੇੜਲੇ ਪਿੰਡ ਗੁਰੂਸਰ ਦਾ ਵਸਨੀਕ ਸੀ।

ਤੋਤਾ ਰਾਮ ਆਪਣੇ ਬਹੁਤ ਪੁਰਾਣੇ ਸਾਈਕਲ 'ਤੇ ਸਕੂਲ ਆਉਂਦਾ ਹੁੰਦਾ ਸੀ। ਇਸ ਦੀ ਗੱਲਬਾਤ ਬੜੀ ਕੜਾਕੇਦਾਰ ਹੁੰਦੀ ਸੀ ਅਤੇ ਕੋਈ ਅਣਜਾਣ ਬੰਦਾ ਉਸ ਦੇ ਬੋਲਣ ਤੋਂ ਉਸ ਦੇ ਵੈਲੀ ਹੋਣ ਦਾ ਅੰਦਾਜ਼ਾ ਵੀ ਲਾ ਸਕਦਾ ਸੀ। ਉਸ ਦੇ ਸਿਰ ਦੇ ਵਾਲ ਬਹੁਤ ਛੋਟੇ ਛੋਟੇ ਜਿਹੇ ਕਤਰੇ ਹੁੰਦੇ ਸਨ। ਸਿਰ ਦੇ ਦੋਨੇ ਪਾਸੇ ਵਾਲ ਵਾਹਵਾ ਜਿਹਾ ਮੱਥਾ ਨੰਗਾ ਕਰਦੇ ਦਿਸਦੇ ਸਨ। ਮੁੱਛਾਂ ਉਹ ਕਤਰ ਕੇ ਰੱਖਿਆ ਕਰਦਾ ਸੀ। ਛੋਟੇ-ਬਿੰਦੇ ਉਹ ਮੁੱਛਾਂ 'ਤੇ ਆਪਣਾ ਹੱਥ ਮੁੱਛਾਂ ਨੂੰ ਵੱਟ ਦੇਣ ਵਾਲਿਆਂ ਵਾਂਗ ਕਰਦਾ ਸੀ। ਉਸ ਦੀਆਂ ਗੱਲਾਂ ਵਿਚੋਂ ਮੈਨੂੰ ਵੀ ਉਸ ਦੇ ਲੜਾਕਾ ਜਿਹਾ ਹੋਣ ਦਾ ਭੁਲੇਖਾ ਪੈਂਦਾ ਪਰ ਉਸ ਦੀਆਂ ਗੱਲਾਂ ਦਿਲਚਸਪ ਹੋਣ ਕਰ ਕੇ ਮੈਂ ਬੜੀ ਵਾਰੀ ਸੁਣਨ ਵਾਸਤੇ ਹੀ ਉਸ ਕੋਲ ਆਪ ਚੱਲ ਕੇ ਜਾਂਦਾ ਹੁੰਦਾ ਸਾਂ। ਉਸ ਦੀਆਂ ਗੱਲਾਂ ਦੇ ਟੋਟਕਿਆਂ ਵਿਚੋਂ ਉਸ ਦੇ ਤਜਰਬੇ ਦੀ ਝਲਕ ਮਿਲਦੀ ਸੀ ਜਿਸ ਤੋਂ ਮੈਂ ਆਪਣੀ ਨੌਕਰੀ 'ਤੇ ਲੱਗਣ ਕਰ ਕੇ ਵਾਂਝਾਂ ਹੋ ਗਿਆ ਸਾਂ।

ਇਕ ਦਿਨ ਮੈਂ ਉਸ ਨੂੰ ਆਪਣੀ ਇਕ ਮੁਸ਼ਕਲ ਦੱਸੀ। ਨਵਾਂ ਨਵਾਂ ਮੈਂ ਸਕੂਟਰ ਖਰੀਦਿਆ ਸੀ ਅਤੇ ਸਕੂਲੋਂ ਛੁੱਟੀ ਹੋਣ ਬਾਅਦ ਘਰ ਨੂੰ ਜਾਣ ਸਮੇਂ ਮੈਂ ਜਿਹੜੇ ਰਾਹੇ ਜਾਣਾ ਹੁੰਦਾ ਸੀ, ਉਸ ਰਾਹ ਵਿਚ ਇਕ ਘਰ ਦਾ ਰੱਖਿਆ ਹੋਇਆ ਕੁੱਤਾ ਅਕਸਰ ਘਰ ਦੇ ਬੂਹੇ ਅੱਗੇ ਬੈਠਾ ਹੁੰਦਾ। ਇਹ ਕੁੱਤਾ ਮੈਨੂੰ ਵੱਢਣ ਵਾਲਿਆਂ ਵਾਂਗ ਪੈਂਦਾ ਅਤੇ ਸਕੂਟਰ ਨਾਲ ਕੁਝ ਦੂਰ ਤੱਕ ਭੱਜਦਾ ਵੀ ਸੀ। ਕੁੱਤਾ ਵੱਡਾ ਹੋਣ ਕਰ ਕੇ ਡਰ ਵੀ ਲੱਗਦਾ ਸੀ। ਆਪਣੇ ਡਰ ਨੂੰ ਉਸ ਨਾਲ ਸਾਂਝਾ ਕਰਦਿਆਂ ਮੈਂ ਆਖਿਆ, "ਯਾਰ ਤੋਤਾ ਰਾਮ, ਇਕ ਕੁੱਤਾ ਬੜਾ ਤੰਗ ਕਰਦਾ ਹੈ। ਹਰ ਰੋਜ਼ ਮੈਨੂੰ ਪੈਂਦਾ।"

"ਹੱਛਿਆ" ਆਖਦਿਆਂ ਉਸ ਨੇ ਪਹਿਲਾਂ ਆਪਣੇ ਘੋਨਿਆਂ ਵਰਗੇ ਸਿਰ 'ਤੇ ਹੱਥ ਫੇਰਿਆ ਅਤੇ ਫਿਰ ਕੱਟੀਆਂ ਹੋਈਆਂ ਮੁੱਛਾਂ ਨੂੰ ਤਾਅ ਦੇਣ ਵਾਲਿਆਂ ਵਾਂਗ ਕੀਤਾ। "ਅੱਜ ਤੁਸੀਂ ਮੈਨੂੰ ਆਪਣੇ ਨਾਲ ਬਿਠਾ ਕੇ ਲਿਜਾਇਓ, ਦੇਖਦੇ ਆਂ ਫਿਰ।" ਉਹ ਮੁਛਕਣੀਆਂ ਹੱਸਿਆ।

ਛੁੱਟੀ ਵੇਲੇ ਉਸ ਨੇ ਆਪਣੇ ਉੱਤੇ ਖੇਸੀ ਲਈ ਹੋਈ ਸੀ ਅਤੇ ਉਹ ਮੇਰੇ ਨਾਲ ਜਾਣ ਵਾਸਤੇ ਤਿਆਰ-ਬਰ-ਤਿਆਰ ਸੀ। ਸਕੂਟਰ 'ਤੇ ਉਹ ਮੇਰੇ ਨਾਲ ਬੈਠ ਗਿਆ ਅਤੇ ਜਦੋਂ ਅਸੀਂ ਉਸ ਕੁੱਤੇ ਕੋਲ ਦੀ ਲੰਘਣ ਲੱਗੇ ਤਾਂ ਕੁੱਤਾ ਉਸੇ ਤਰ੍ਹਾਂ ਸਾਡੇ ਵੱਲ ਵਧਦਾ ਹੋਇਆ ਭੌਂਕਿਆ। ਪਲ ਵਿਚ ਹੀ ਪਿੱਛੋਂ ਕੁਝ ਵਾਪਰਿਆ ਤੇ ਕੁੱਤਾ ਚੀਕਦਾ ਹੋਇਆ ਪਿਛਾਂਹ ਨੂੰ ਭੱਜ ਗਿਆ। ਥੋੜ੍ਹਾ ਅੱਗੇ ਜਾ ਕੇ ਉਸ ਨੇ ਮੈਨੂੰ ਵਾਪਸ ਸਕੂਲ ਛੱਡ ਕੇ ਆਉਣ ਲਈ ਆਖਿਆ, "ਲਓ ਜੀ, ਹੁਣ ਕੁੱਤਾ ਥੋਨੂੰ ਦੇਖ ਕੇ ਅੰਦਰ ਵੜ ਜਾਇਆ ਕਰੇਗਾ।"

ਗੱਲ ਉਸੇ ਤਰ੍ਹਾਂ ਹੋਈ। ਹੁਣ ਜਦੋਂ ਵੀ ਮੈਂ ਉੱਥੋਂ ਦੀ ਲੰਘਦਾ, ਕੁੱਤਾ ਉੱਠ ਕੇ ਘਰ ਵਿਚ ਵੜ ਜਾਇਆ ਕਰੇ। ਸਚਮੁੱਚ ਜ਼ਿੰਦਗੀ ਦਾ ਤਜਰਬਾ ਇੱਥੇ ਕਾਰਗਰ ਸਾਬਤ ਹੋਇਆ ਸੀ। ਮੇਰੇ ਪੜ੍ਹੇ ਲਿਖੇ, ਅਧਿਆਪਕ ਲੱਗੇ ਦੇ ਇਹ ਗੱਲ ਦਿਮਾਗ ਵਿਚ ਨਹੀਂ ਆਈ ਸੀ ਪਰ ਅੱਖਰ ਗਿਆਨ ਤੋਂ ਕੋਰੇ ਤੋਤਾ ਰਾਮ ਕੋਲ ਕਿੰਨਾ ਗਿਆਨ ਸੀ, ਇਸ ਦਾ ਅਹਿਸਾਸ ਉਸ ਦਿਨ ਹੋਇਆ ਸੀ। ਇਸੇ ਕਰ ਕੇ ਮੇਰੇ ਮਨ ਵਿਚ ਇਹ ਧਾਰਨਾ ਪੱਕੀ ਹੋ ਗਈ ਸੀ ਕਿ 'ਜ਼ਿੰਦਗੀ ਦਾ ਤਜਰਬਾ ਵੱਡੀਆਂ ਤੋਂ ਵੱਡੀਆਂ ਪੜ੍ਹਾਈਆਂ ਤੋਂ ਵੀ ਵਧੇਰੇ ਗਿਆਨ ਨਾਲ ਭਰਪੂਰ ਹੁੰਦਾ ਹੈ'। ਇਨ੍ਹਾਂ ਗੁਣੀ ਗਿਆਨੀ ਬੰਦਿਆਂ ਦੁਆਰਾ ਸਿਰਜੇ ਮੁਹਾਵਰੇ ਅਤੇ ਅਖਾਣ ਅੱਜ ਵੀ ਸਾਨੂੰ ਆਪਣੀ ਗੱਲ ਤਰਕਸੰਗਤ ਬਣਾਉਣ ਵੇਲੇ ਕੰਮ ਆਉਂਦੇ ਹਨ।

# 23 ਮਾਰਚ ਦੇ ਸ਼ਹੀਦ ਅਤੇ ਅੱਜ ਦੀਆਂ ਚੁਣੌਤੀਆਂ

*ਸ਼ਹੀਦ ਭਗਤ ਸਿੰਘ ਅਨੁਸਾਰ ਇਨਕਲਾਬ ਦਾ ਭਾਵ 'ਲੋਕਾਂ ਵੱਲੋਂ ਲੋਕਾਂ ਲਈ ਰਾਜਨੀਤਕ ਤਾਕਤ 'ਤੇ ਕਬਜ਼ਾ ਹੈ।' 'ਸਾਮਰਾਜਵਾਦ ਮੁਰਦਾਬਾਦ' ਨਾਅਰਾ ਬੁਲੰਦ ਕੀਤੇ ਬਿਨਾਂ ਉਨ੍ਹਾਂ ਦਾ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਅਧੂਰਾ ਹੈ। ਜਦ ਤੱਕ ਕਿਸੇ ਵੀ ਦੇਸ਼ ਉਪਰੋਂ ਸਾਮਰਾਜਵਾਦ ਅਤੇ ਇਸ ਦੀ ਜੋਟੀਦਾਰ ਦੇਸੀ ਸਰਮਾਏਦਾਰੀ ਦੀ ਜਕੜ ਨਹੀਂ ਟੁੱਟਦੀ, ਤਦ ਤੱਕ ਸੱਚੀ ਆਜ਼ਾਦੀ ਅਤੇ ਮੁਕਤ ਵਿਕਾਸ ਸੰਭਵ ਨਹੀਂ।*

ਹਾਕਮ ਜਮਾਤੀ ਪਾਰਟੀਆਂ ਅਤੇ ਉਨ੍ਹਾਂ ਦੀਆਂ ਸਰਕਾਰਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਅਗਵਾ ਕਰਨ ਅਤੇ ਸ਼ਹੀਦਾਂ ਦੀ ਵਿਚਾਰਧਾਰਾ ਨਾਲ ਖਿਲਵਾੜ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ। ਇਸ ਨੂੰ ਮੁੱਖ ਰੱਖਦੇ ਹੋਏ ਇਨਕਲਾਬੀ ਲਹਿਰ ਲਈ ਸ਼ਹੀਦਾਂ ਦੀ ਅਸਲ ਵਿਚਾਰਧਾਰਾ ਨੂੰ ਲੋਕਾਂ ਵਿਚ ਹਰਮਨਪਿਆਰਾ ਬਣਾਉਣ ਦਾ ਕਾਰਜ ਬਹੁਤ ਮਹੱਤਵਪੂਰਨ ਹੈ। ਇਸ ਸੋਝੀ ਦੀ ਲੋਕ ਮੁਕਤੀ ਲਈ ਜੱਦੋਜਹਿਦ ਵਿਚ ਵੱਡੀ ਭੂਮਿਕਾ ਹੈ।


**ਨਵਕਿਰਨ ਸਿੰਘ ਪੱਤੀ**

ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਹਰੇਕ ਮੁੱਦੇ ਨੂੰ ਗਹਿਰਾਈ ਵਿਚ ਪੜ੍ਹਿਆ, ਸਮਝਿਆ ਅਤੇ ਭਾਰਤੀ ਹਾਲਾਤ ਅਨੁਸਾਰ ਉਸ ਬਾਰੇ ਲਿਖਿਆ ਅਤੇ ਟਿੱਪਣੀਆਂ ਕੀਤੀਆਂ। ਉਨ੍ਹਾਂ ਨੇ ਸਮਾਜ ਦੀ ਜਮਾਤੀ ਬਣਤਰ ਦੀ ਨਿਸ਼ਾਨਦੇਹੀ ਕਰਦੇ ਹੋਏ ਲੋਟੂ ਜਮਾਤਾਂ ਦੀ ਸਮਝੌਤਾਬਾਜ਼ ਭੂਮਿਕਾ ਨੰਗੀ ਕੀਤੀ ਅਤੇ ਕਿਰਤੀ ਜਮਾਤਾਂ ਨੂੰ ਜਥੇਬੰਦ ਕਰਨ 'ਤੇ ਜ਼ੋਰ ਦਿੱਤਾ। ਹਾਕਮ ਜਮਾਤੀ ਟੋਲਾ ਝਾੜੂ ਪਾਰਟੀ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਨਾਲ ਤਾਂ ਬਹੁਤ ਹੇਜ ਦਿਖਾ ਰਹੀ ਹੈ ਪਰ ਉਨ੍ਹਾਂ ਦੇ ਜੁੜਵੇਂ ਨਾਅਰੇ ਦੇ ਦੂਜੇ ਪੱਖ 'ਸਾਮਰਾਜਵਾਦ ਮੁਰਦਾਬਾਦ' ਬਾਰੇ ਚਲਾਕੀ ਨਾਲ ਚੁੱਪ ਹੈ।

ਇੰਝ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਚੋਣਾਂ ਵਿਚ ਉਨ੍ਹਾਂ ਦਾ ਝਾੜੂ ਦਾ ਬਟਨ ਦਬਾਉਣਾ ਹੀ ਇਨਕਲਾਬ ਕਰ ਦੇਵੇਗਾ ਜਦਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੇ ਇਨਕਲਾਬ ਬਾਰੇ ਆਪਣੀ ਸਮਝ ਸਾਫ਼ ਬਿਆਨ ਕੀਤੀ ਹੋਈ ਹੈ। ਇਨਕਲਾਬੀ ਤਾਕਤਾਂ ਨੂੰ ਲੋਕਾਂ ਨੂੰ ਸਪਸ਼ਟ ਕਰਨ ਦੀ ਲੋੜ ਹੈ ਕਿ 'ਆਪ' ਦੀ ਰਾਜਨੀਤੀ ਦਾ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਕੋਈ ਲਾਗਾ ਦੇਗਾ ਨਹੀਂ ਹੈ।

ਸ਼ਹੀਦ ਭਗਤ ਸਿੰਘ ਅਨੁਸਾਰ ਇਨਕਲਾਬ ਦਾ ਭਾਵ 'ਲੋਕਾਂ ਵੱਲੋਂ ਲੋਕਾਂ ਲਈ ਰਾਜਨੀਤਕ ਤਾਕਤ 'ਤੇ ਕਬਜ਼ਾ ਹੈ।' 'ਸਾਮਰਾਜਵਾਦ ਮੁਰਦਾਬਾਦ' ਨਾਅਰੇ ਨੂੰ ਬਰਾਬਰ ਬੁਲੰਦ ਕੀਤੇ ਬਿਨਾਂ ਉਨ੍ਹਾਂ ਦਾ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਅਧੂਰਾ ਹੈ। ਜਦ ਤੱਕ ਕਿਸੇ ਵੀ ਦੇਸ਼ ਉਪਰੋਂ ਸਾਮਰਾਜਵਾਦ ਅਤੇ ਇਸ ਦੀ ਜੋਟੀਦਾਰ ਦੇਸੀ ਸਰਮਾਏਦਾਰੀ ਦੀ ਜਕੜ ਨਹੀਂ ਟੁੱਟਦੀ, ਤਦ ਤੱਕ ਸੱਚੀ ਆਜ਼ਾਦੀ ਅਤੇ ਮੁਕਤ ਵਿਕਾਸ ਸੰਭਵ ਨਹੀਂ ਹੈ।

ਸ਼ਹੀਦਾਂ ਦੀ ਸਭ ਤੋਂ ਵੱਧ ਟੇਕ ਨੌਜਵਾਨਾਂ ਉਪਰ ਸੀ। ਉਨ੍ਹਾਂ ਨੇ ਨੌਜਵਾਨ ਭਾਰਤ ਸਭਾ ਬਣਾ ਕੇ 'ਉੱਠੋ ਨੌਜਵਾਨੋ ਸਾਨੂੰ ਸੁੱਤਿਆ ਯੁੱਗ ਬੀਤ ਗਏ' ਲਈ ਹਲੂਣਿਆਂ ਸੀ। ਉਨ੍ਹਾਂ ਨੇ ਕਿਹਾ ਸੀ ਕਿ 'ਆਲੋਚਨਾ ਅਤੇ ਸੁਤੰਤਰ ਸੋਚਣੀ' ਇਨਕਲਾਬੀ ਦੇ ਲਾਜ਼ਮੀ ਗੁਣ ਹਨ। ਅੱਜ ਭਾਰਤ ਉਪਰ ਕਾਬਜ਼ ਹਿੰਦੂਤਵੀ ਫਾਸ਼ੀਵਾਦੀਆਂ ਨੇ ਯੂਨੀਵਰਸਿਟੀਆਂ, ਕਾਲਜਾਂ ਵਿਚ ਸਹਿਮ ਦਾ ਮਾਹੌਲ ਪੈਦਾ ਕਰ ਕੇ ਨੌਜਵਾਨਾਂ ਵਿਚੋਂ ਇਨ੍ਹਾਂ ਦੋਵਾਂ ਲਾਜ਼ਮੀ ਗੁਣਾਂ ਨੂੰ ਖ਼ਤਮ ਕਰਨ ਲਈ ਅਤੇ ਨਕਲੀ ਦੇਸ਼ਭਗਤੀ ਦਾ ਆਪਣਾ ਏਜੰਡਾ ਥੋਪਣ ਲਈ ਪੂਰੀ ਤਾਕਤ ਝੋਕੀ ਹੋਈ ਹੈ। ਪਹਿਲੀਆਂ ਸਰਕਾਰਾਂ ਤਾਂ ਸ਼ਹੀਦਾਂ ਦੀ ਥਾਂ ਫਿਲਮੀ ਐਕਟਰਾਂ, ਕ੍ਰਿਕਟਰਾਂ ਨੂੰ ਹੀਰੋ ਬਣਾ ਕੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਹੋਰਾਂ ਦੇ ਰਾਹ ਤੋਂ ਭਟਕਾਉਂਦੀਆਂ ਸਨ, ਹੁਣ ਦੀ ਸਰਕਾਰ ਮਿਥਿਹਾਸ ਥੋਪ ਕੇ ਵਿਗਿਆਨਕ ਸੋਚ ਅਤੇ ਇਨਕਲਾਬੀ ਵਿਰਾਸਤ ਤੋਂ ਜਵਾਨੀ ਨੂੰ ਦੂਰ ਰੱਖਣ ਦੀ ਕੋਝੀ ਸਾਜ਼ਿਸ਼ ਵਿਚ ਜੁੱਟੀ ਹੋਈ ਹੈ। ਸ਼ਹੀਦ ਭਗਤ ਸਿੰਘ ਹੋਰਾਂ ਦੀਆਂ 'ਮੈਂ ਨਾਸਤਿਕ ਕਿਉਂ ਹਾਂ' ਅਤੇ ਹੋਰ ਲਿਖਤਾਂ ਨੌਜਵਾਨਾਂ ਨੂੰ ਇਨ੍ਹਾਂ ਸਮੂਹ ਮੂਲਵਾਦੀ ਫਿਰਕੂ ਅਤੇ ਹੋਰ ਤਾਕਤਾਂ ਦੇ ਲੋਕ ਦੁਸ਼ਮਣ ਏਜੰਡਿਆਂ ਨੂੰ ਸਮਝਣ ਦੇ ਸਮਰੱਥ ਬਣਾਉਂਦੀਆਂ ਹੋਣ ਕਾਰਨ ਇਸ ਲੋਟੂ ਰਾਜ ਅਤੇ ਹਾਕਮ ਜਮਾਤਾਂ ਲਈ ਬਹੁਤ ਖ਼ਤਰਨਾਕ ਹਨ, ਇਸੇ ਲਈ ਉਹ ਸ਼ਹੀਦਾਂ ਦੀ ਗੱਲ ਕਰਦੇ ਹਨ, ਉਨ੍ਹਾਂ ਦੀ ਵਿਚਾਰਧਾਰਾ ਦੀ ਨਹੀਂ।



*23 ਮਾਰਚ ਦੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ।*

ਸ਼ਹੀਦ ਭਗਤ ਸਿੰਘ ਨੇ ਜਿਨ੍ਹਾਂ ਕਿਸਾਨਾਂ ਮਜ਼ਦੂਰਾਂ ਨੂੰ ਇਨਕਲਾਬ ਦੀ ਅਹਿਮ ਤਾਕਤ ਕਿਹਾ ਸੀ, ਉਹ ਅੱਜ ਡੂੰਘੇ ਆਰਥਿਕ ਸੰਕਟ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਨੇ ਲਿਖਿਆ ਸੀ – "ਹਕੀਕੀ ਇਨਕਲਾਬੀ ਫੌਜਾਂ ਤਾਂ ਪਿੰਡਾਂ ਅਤੇ ਕਾਰਖਾਨਿਆਂ ਵਿੱਚ ਹਨ, ਕਿਸਾਨੀ ਅਤੇ ਮਜ਼ਦੂਰ। ਇਹ ਸੁੱਤੇ ਸ਼ੇਰ ਜੇ ਇੱਕ ਵਾਰ ਜਾਗ ਪਏ ਤਾਂ ਉਹ ਸਾਡੇ ਨੇਤਾਵਾਂ ਦੇ ਆਸ਼ਿਆਂ ਦੀ ਪੂਰਤੀ ਬਾਅਦ ਰੁਕਣ ਵਾਲੇ ਨਹੀਂ।" ਇਸ ਲਈ ਅੱਜ ਇਨਕਲਾਬੀ ਲਹਿਰ ਨੂੰ ਨੌਜਵਾਨਾਂ ਦੇ ਨਾਲ-ਨਾਲ ਇਹਨਾਂ ਕਿਸਾਨਾਂ-ਮਜ਼ਦੂਰਾਂ ਨੂੰ ਆਪਣੇ ਸੰਗ ਹੋਰ ਵੀ ਦ੍ਰਿੜਤਾ ਅਤੇ ਵਿਸ਼ਾਲਦਿਲੀ ਨਾਲ ਜੋੜਨ ਦੀ ਲੋੜ ਹੈ ਤਾਂ ਜੋ ਇਹ ਖੁਦਕੁਸ਼ੀ ਦਾ ਰਾਹ ਛੱਡ ਕੇ ਜਮਾਤੀ ਲੜਾਈ ਦੁਆਰਾ ਆਪਣੀ ਜ਼ਿੰਦਗੀ ਨੂੰ ਜਿਊਣਯੋਗ ਬਣਾਉਣ ਲਈ ਜੂਝਣ ਦੇ ਰਾਹ ਤੁਰਨ।

ਭਗਤ ਸਿੰਘ ਦੀ ਭਵਿੱਖਬਾਣੀ ਅਨੁਸਾਰ ਦਲਾਲ ਪੂੰਜੀਵਾਦੀ ਜਮਾਤ ਨੇ ਆਪਣੇ ਆਕਾ ਅੰਗਰੇਜ਼ੀ ਸਾਮਰਾਜ ਨਾਲ ਸਮਝੌਤੇ ਤਹਿਤ 'ਆਜ਼ਾਦੀ' ਦਾ ਨਾਟਕ ਰਚਿਆ ਅਤੇ 1947 ਤੋਂ ਪਿੱਛੋਂ ਸਾਮਰਾਜਵਾਦੀ ਤਾਕਤਾਂ ਨਵਬਸਤੀਵਾਦੀ ਕੰਟਰੋਲ ਦੁਆਰਾ ਸਾਡੇ ਦੇਸ਼ ਉੱਪਰ ਕਾਬਜ਼ ਹਨ। ਇਸੇ ਲਈ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੇ ਧਾਰਨੀ ਇਸ ਲੋਕ ਦੁਸ਼ਮਣ ਪ੍ਰਬੰਧ ਦੀ ਕਬਰ ਪੁੱਟਣ ਲਈ ਇਨਕਲਾਬੀ ਤਬਦੀਲੀ ਲਿਆਉਣ ਲਈ ਅੱਜ ਵੀ ਤਨਦੇਹੀ ਨਾਲ ਯਤਨਸ਼ੀਲ ਹਨ। ਇਸੇ ਜੱਦੋਜਹਿਦ ਦੌਰਾਨ ਮਾਰਚ ਮਹੀਨੇ ਇਨਕਲਾਬੀ ਕਵੀ ਪਾਸ਼ ਅਤੇ ਇਨਕਲਾਬੀ ਆਗੂ ਜੈਮਲ ਸਿੰਘ ਪੱਡਾ ਸ਼ਹੀਦ ਹੋਏ।

ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੀ ਵਿਚਾਰਧਾਰਾ ਉਸ ਸਮੇਂ ਵੀ ਅੰਗਰੇਜ਼ੀ ਸਾਮਰਾਜ ਲਈ ਵੱਡਾ ਖ਼ਤਰਾ ਸੀ ਅਤੇ ਅੱਜ ਵੀ ਇਸ ਵਿਚਾਰਧਾਰਾ ਦੀ ਸੱਚੀ ਵਾਰਿਸ ਇਨਕਲਾਬੀ ਲਹਿਰ ਭਾਰਤੀ ਹਾਕਮ ਲਈ 'ਸਭ ਤੋਂ ਵੱਡਾ ਖ਼ਤਰਾ' ਬਣੀ ਹੋਈ ਹੈ। ਇਸ ਲਹਿਰ ਨੂੰ ਵਿਸ਼ਾਲ ਅਤੇ ਪ੍ਰਚੰਡ ਕਰਨਾ ਹੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਜ਼ਾਮਨੀ ਬਣ ਸਕਦਾ ਹੈ।

# ਹਰਿਆਣਾ ਵਿਚ ਭਾਜਪਾ ਨੂੰ ਹਾਰਨ ਦਾ ਖੌਫ

ਚੋਣਾਂ ਤੋਂ ਪਹਿਲਾਂ ਹੋਣ ਵਾਲੀ ਬੇਚੈਨੀ ਕਹੋ ਜਾਂ ਯੋਜਨਾਬੱਧ ਪੈਂਤੜੇਬਾਜ਼ੀ - ਭਾਜਪਾ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਬਣਾਏ ਜਾਣ ਦੇ ਅਮਲ ਵਿਚ ਤੇਜ਼ੀ ਅਤੇ ਫ਼ੈਸਲਾਕੁਨ ਮੋੜ ਕੱਟਣ ਦੇ ਸਾਰੇ ਅੰਸ਼ ਮੌਜੂਦ ਸਨ। ਕਾਂਗਰਸ ਅਤੇ ਵਿਰੋਧੀ ਧਿਰ ਦੀਆਂ ਹੋਰਨਾਂ ਪਾਰਟੀਆਂ ਤੋਂ ਉਲਟ ਭਾਜਪਾ ਅਤੇ ਆਮ ਆਦਮੀ ਪਾਰਟੀ ਵਲੋਂ ਵੱਖ-ਵੱਖ ਹਲਕਿਆਂ ਅਤੇ ਸੂਬਿਆਂ

**ਰਾਜੇਸ਼ ਰਾਮਚੰਦਰਨ**

ਅੰਦਰ ਲੋਕਾਂ ਦਾ ਮਿਜ਼ਾਜ ਜਾਣਨ ਲਈ ਹਫ਼ਤਾਵਾਰ ਸਰਵੇਖਣ ਕਰਵਾਏ ਜਾਂਦੇ ਹਨ। ਸਰਵੇਖਣਾਂ ਰਾਹੀਂ ਉਨ੍ਹਾਂ ਨੂੰ ਉਮੀਦਵਾਰਾਂ ਦੀ ਚੋਣ ਕਰਨ, ਸ਼ਿਕਾਇਤਾਂ ਨੂੰ ਮੁਖ਼ਾਤਬ ਹੋਣ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਨਿਰੰਤਰ ਨਿਗਰਾਨੀ ਰੱਖਣ ਵਿਚ ਮਦਦ ਮਿਲਦੀ ਹੈ।

ਸਰਵੇਖਣ ਆਧਾਰਿਤ ਸਮੱਸਿਆ ਹੱਲ ਕਰਨ ਦੀ ਇਹ ਪਹੁੰਚ ਜਨ ਮੱਤ ਨਿਰਮਾਣ ਦੀ ਕਾਰਗਰ ਪ੍ਰਕਿਰਿਆ ਵੱਲ ਲਿਜਾਂਦੀ ਹੈ। ਮਨੋਹਰ ਲਾਲ ਖੱਟਰ ਦਾ ਅਸਤੀਫ਼ਾ ਅਤੇ ਸੈਣੀ ਦੀ ਤਰੱਕੀ ਚੋਣਾਂ ਤੋਂ ਪਹਿਲਾਂ ਜਨਤਕ ਅਕਸ ਦੇ ਪ੍ਰਬੰਧਨ ਦੀਆਂ ਕੋਸ਼ਿਸ਼ਾਂ ਦੀਆਂ ਤਾਜ਼ਾ ਤਰੀਨ ਉਦਾਹਰਨਾਂ ਹਨ। ਇਹ ਕਵਾਇਦ ਨੌਂ ਸਾਲ ਚਾਰ ਮਹੀਨਿਆਂ ਦੇ ਕਾਰਜਕਾਲ ਦੇ ਸੱਤਾ ਵਿਰੋਧ ਦੀ ਭਾਵਨਾ ਨੂੰ ਮੁਖਾਤਬ ਹੋਣ ਨਾਲ ਜੁੜੀ ਹੋਈ ਹੈ ਜੋ ਕਿ ਕਿਸੇ ਮੁੱਖ ਮੰਤਰੀ ਜਾਂ ਸਰਕਾਰ ਲਈ ਕਾਫ਼ੀ ਲੰਮਾ ਸਮਾਂ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਹ ਮਾਤਰ ਤਬਦੀਲੀ ਲਈ ਤਬਦੀਲੀ ਨਹੀਂ ਕੀਤੀ ਗਈ। ਸੈਣੀ, ਖੱਟਰ ਦੇ ਚਹੇਤੇ ਆਗੂ ਹਨ ਅਤੇ ਜਦੋਂ ਉਹ ਆਪਣੇ ਸਿਆਸੀ ਮੁਰਸ਼ਦ ਦੇ ਪੈਰੀਂ ਹੱਥ ਲਾ ਕੇ ਆਪਣੀ ਵਫ਼ਾਦਾਰੀ ਦੀ ਨੁਮਾਇਸ਼ ਕਰਦੇ ਹਨ ਤਾਂ ਇਸ ਨਾਲ ਸਰਕਾਰ ਵਿਰੋਧੀ ਭਾਵ ਦੇ ਹਰ ਨਿਸ਼ਾਨ ਨੂੰ ਧੋ ਦਿੱਤਾ ਜਾਂਦਾ ਹੈ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕੁਰੂਕਸ਼ੇਤਰ ਤੋਂ ਇਸ 54 ਸਾਲਾ ਸੰਸਦ ਮੈਂਬਰ ਦੀ ਮੁੱਖ ਮੰਤਰੀ ਵਜੋਂ ਚੋਣ ਹਰਿਆਣਾ ਦੀ ਸਿਆਸਤ ਉਪਰ ਪਾਰਟੀ ਦੀ ਪਕੜ ਬਣਾਈ ਰੱਖਣ ਲਈ ਸੋਸ਼ਲ ਇੰਜਨੀਅਰਿੰਗ ਦੀ ਲੋੜ ਦਾ ਪ੍ਰਮਾਣ ਹੈ। ਸਾਫ਼ ਜ਼ਾਹਿਰ ਹੈ ਕਿ ਸਰਕਾਰ ਵਿਰੋਧੀ ਭਾਵਨਾ ਅਤੇ ਵੋਟਰਾਂ ਦੇ ਅਕੇਵੇਂ ਕਰ ਕੇ 10/10 ਦੀ ਕਾਰਗੁਜ਼ਾਰੀ ਦੁਹਰਾਉਣ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਕਰਨਾਟਕ ਜਿੱਥੇ ਭਾਜਪਾ ਨੂੰ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਸੀ, ਦੇ ਉਲਟ ਖੱਟਰ ਸਰਕਾਰ ਖਿਲਾਫ਼ ਇਸ ਕਿਸਮ ਦੇ ਦੋਸ਼ ਨਹੀਂ ਲੱਗੇ ਸਨ। ਇਸ ਕਰ ਕੇ ਇਕ ਸਾਫ਼ ਅਕਸ ਵਾਲੇ ਅਤੇ ਗ਼ੈਰ-ਜਾਟ ਚਿਹਰੇ ਨੂੰ ਸਾਹਮਣੇ ਲਿਆਉਣਾ ਪਾਰਟੀ ਨੂੰ ਹੋਰਨਾਂ ਪੱਛੜੀਆਂ ਸ਼੍ਰੇਣੀਆਂ ਤੋਂ ਹੁਲਾਰਾ ਦਿਵਾਉਣ ਦੀ ਕੋਸ਼ਿਸ਼ ਜਾਪਦੀ ਹੈ। ਇਸ ਲਿਹਾਜ਼ ਤੋਂ ਮੁੱਖ ਮੰਤਰੀ ਦੀ ਤਬਦੀਲੀ ਵਿਚ ਲੀਡਰਸ਼ਿਪ ਦੀ ਤਬਦੀਲੀ, ਸਰਕਾਰ ਵਿਰੋਧੀ ਭਾਵਨਾ ਦਾ ਨਿਵਾਰਨ ਅਤੇ ਸੋਸ਼ਲ ਇੰਜਨੀਅਰਿੰਗ 'ਤੇ ਸੇਧਤ ਇਕ ਨਵੇਂ ਚਿਹਰੇ ਨੂੰ ਸਾਹਮਣੇ ਲਿਆਉਣ ਜਿਹੇ ਸਾਰੇ ਪੱਖ ਸ਼ਾਮਲ ਹਨ।

ਹਰਿਆਣਾ ਦੀ ਸਿਆਸਤ ਹਮੇਸ਼ਾ ਤੋਂ ਜਾਟ ਅਤੇ ਗ਼ੈਰ-ਜਾਟ ਨਿਸ਼ਚਿਆਂ ਦੁਆਲੇ ਘੁੰਮਦੀ ਰਹੀ ਹੈ। ਪਿਛਲੇ ਕਰੀਬ ਇਕ ਦਹਾਕੇ ਤੋਂ ਹਰਿਆਣਾ ਸਰਕਾਰ ਦੀ ਅਗਵਾਈ ਕਰਦੇ ਆ ਰਹੇ ਖੱਟਰ ਸਿਆਸੀ ਲੀਡਰਸ਼ਿਪ ਲਈ ਗ਼ੈਰ-ਜਾਟ ਦਾਅਵਿਆਂ ਦਾ ਸਭ ਤੋਂ ਕਾਰਗਰ ਚਿੰਨ੍ਹ ਬਣ ਗਏ ਸਨ। ਉਂਝ, ਸੈਣੀ ਉਸ ਤੋਂ ਇਕ ਕਦਮ ਵਧ ਕੇ ਗ਼ੈਰ-ਜਾਟ ਅਤੇ ਉਹ ਵੀ ਇਕ ਹੋਰ ਪੱਛੜੀ ਸ਼੍ਰੇਣੀ ਤੋਂ ਹੈ ਜਦੋਂਕਿ ਪੰਜਾਬੀ ਭਾਈਚਾਰੇ ਨਾਲ ਸਬੰਧਤ ਉਨ੍ਹਾਂ ਦੇ ਪੂਰਬਵਰਤੀ ਮੁੱਖ ਮੰਤਰੀ ਨੇ ਸੂਬਾਈ ਰਾਜਨੀਤੀ ਵਿਚ ਆਪਣੀ ਪ੍ਰਮੁੱਖਤਾ ਬਰਕਰਾਰ ਰੱਖੀ ਹੋਈ ਹੈ। ਇਸੇ ਲਈ ਪਾਰਟੀ ਲੀਡਰਸ਼ਿਪ ਨੇ ਕੈਬਨਿਟ ਵਿਚ ਖੱਟਰ ਦੇ ਨੰਬਰ ਦੋ ਗ੍ਰਹਿ ਮੰਤਰੀ ਅਨਿਲ ਵਿੱਜ ਦੇ ਦਾਅਵਿਆਂ ਨੂੰ ਦਰਕਿਨਾਰ ਕਰ ਦਿੱਤਾ ਜਿਸ ਤੋਂ ਇਸ਼ਾਰਾ ਮਿਲਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਯੋਜਨਾਬੰਦੀ ਵਿਚ ਖੱਟਰ ਦੀ ਭੂਮਿਕਾ ਬਣੀ ਹੋਈ ਹੈ। ਹੁਣ ਜਿਹੋ ਜਿਹਾ ਸੰਦੇਸ਼ ਗਿਆ ਹੈ ਉਸ ਮੁਤਾਬਕ ਭਾਜਪਾ ਨੇ ਰਾਹੁਲ ਗਾਂਧੀ ਦੇ ਜਾਤੀ ਰਾਜਨੀਤੀ ਨਾਲ ਨਵੇਂ ਨਵੇਂ ਮੋਹ ਦਾ ਇਕ ਹੋਰ ਤੋੜ ਪੈਦਾ ਕਰ ਲਿਆ ਹੈ।

ਹਰਿਆਣਾ ਲਈ ਵਡੇਰਾ ਸੰਦੇਸ਼ ਇਹ ਨਹੀਂ ਹੈ ਕਿ ਸੰਘ ਪਰਿਵਾਰ ਇਕ ਹੋਰ ਓ.ਬੀ.ਸੀ. ਮੁੱਖ ਮੰਤਰੀ ਨਾਲ ਆਪਣੀ ਓ.ਬੀ.ਸੀ. ਪੱਖੀ ਦਿੱਖ ਨੂੰ ਸੁਧਾਰਨ ਦੇ ਯਤਨ ਕਰ ਰਿਹਾ ਹੈ ਸਗੋਂ ਤੱਥ ਇਹ ਹੈ ਕਿ ਪਾਰਟੀ ਕੋਈ ਵੀ ਜੋਖ਼ਮ ਨਹੀਂ ਲੈਣਾ ਚਾਹੁੰਦੀ। ਹਾਲਾਂਕਿ ਭਾਜਪਾ ਆਪਣੇ ਆਪ ਨੂੰ ਮੋਹਰੀ ਪੁਜੀਸ਼ਨ ਵਿਚ ਰੱਖ ਕੇ ਚੱਲ ਰਹੀ ਹੈ ਪਰ ਇਸ ਧਾਰਨਾ ਦੇ ਉਲਟ ਉਹ ਇਹ ਚੋਣਾਂ ਸਿਰਫ਼ ਮੋਦੀ ਦੇ ਕ੍ਰਿਸ਼ਮੇ ਦੇ ਨਾਂ 'ਤੇ ਨਹੀਂ ਲੜ ਰਹੀ। ਹਰਿਆਣਾ ਵਿਚ ਆਖਰੀ ਪਲਾਂ 'ਤੇ ਮੁੱਖ ਮੰਤਰੀ ਦੀ ਕੀਤੀ ਗਈ ਰੱਦੋਬਦਲ ਨੇ ਇਕ ਵਾਰ ਫਿਰ ਸਿੱਧ ਕੀਤਾ ਹੈ ਕਿ ਭਾਰਤ ਦੀਆਂ ਚੋਣਾਂ ਕਦੇ ਵੀ ਰਾਸ਼ਟਰਪਤੀ ਦੀ ਚੋਣ ਤਰਜ 'ਤੇ ਨਹੀਂ ਹੋ ਸਕਦੀਆਂ ਜਿਸ ਵਿਚ ਇਕ ਆਗੂ ਦੀ ਲੋਕਪ੍ਰਿਅਤਾ 'ਤੇ ਟੇਕ ਰੱਖੀ ਜਾਂਦੀ ਹੈ। ਜੇ 543 ਨਾ ਵੀ ਸਹੀ ਤਾਂ ਵੀ ਇਹ ਇਕੱਠੀਆਂ ਕਰਵਾਈਆਂ ਜਾਣ ਵਾਲੀਆਂ ਕੁਝ ਸੈਂਕੜੇ ਚੋਣਾਂ ਹੁੰਦੀਆਂ ਹਨ ਅਤੇ ਹਰੇਕ ਚੋਣ ਦੇ ਆਪਣੇ ਮੁਕਾਮੀ ਮੁੱਦੇ ਹੁੰਦੇ ਹਨ।

ਇਸ ਦੀ ਸਭ ਤੋਂ ਵਧੀਆ ਉਦਾਹਰਨ ਹਨ 1977 ਦੀਆਂ ਚੋਣਾਂ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਇਕ ਗ਼ੈਰ-ਸੰਵਿਧਾਨਕ ਅਥਾਰਿਟੀ ਵਜੋਂ ਉਨ੍ਹਾਂ ਦੇ ਪੁੱਤਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਕਾਂਗਰਸ ਉੱਤਰ ਪ੍ਰਦੇਸ਼, ਬਿਹਾਰ, ਹਰਿਆਣਾ ਜਾਂ ਹਿਮਾਚਲ ਪ੍ਰਦੇਸ਼ ਵਿਚ ਇਕ ਵੀ ਸੀਟ ਨਹੀਂ ਜਿੱਤ ਸਕੀ ਸੀ। ਇਸ ਨੇ ਆਂਧਰਾ ਪ੍ਰਦੇਸ਼ ਵਿਚ 41/42 , ਕਰਨਾਟਕ ਵਿਚ 26/28, ਕੇਰਲਾ ਵਿਚ ਆਪਣੇ ਸਹਿਯੋਗੀਆਂ ਨਾਲ 20/20 ਹੂੰਝਾ ਫੇਰੂ ਜਿੱਤ ਹਾਸਲ ਕੀਤੀ ਸੀ। ਇਸ ਲਈ ਉੱਤਰ- ਦੱਖਣ ਦੀ ਵੰਡ ਹਮੇਸ਼ਾ ਤੋਂ ਹੀ ਰਹੀ ਹੈ ਜਾਂ ਇਕ ਅਤੇ ਦੂਜੇ ਰਾਜ ਵਿਚਕਾਰ ਜ਼ਿਆਦਾ ਤਿੱਖੀ ਵੰਡ ਰਹੀ ਹੈ। ਭਾਰਤ ਦੀਆਂ ਆਮ ਚੋਣਾਂ ਮੁੱਖ ਤੌਰ 'ਤੇ ਸੂਬਿਆਂ ਵਿਚ ਅਤੇ ਫਿਰ ਹਲਕਾਵਾਰ ਲੜੀਆਂ ਜਾਂਦੀਆਂ ਅਤੇ ਜਿਵੇਂ ਕਿ ਕਿਆਸ ਕੀਤਾ ਜਾਂਦਾ ਹੈ, ਕਿਸੇ ਵੀ ਮੌਜੂਦਾ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਚੋਣ ਮੁਹਿੰਮ ਦੀ ਅਪੀਲ ਸਾਰੇ ਪ੍ਰਮੁੱਖ ਸੂਬਿਆਂ ਵਿਚ ਨਹੀਂ ਹੋ ਸਕਦੀ। ਅਮੇਠੀ ਅਤੇ ਰਾਏ ਬਰੇਲੀ ਦੇ ਵੋਟਰਾਂ ਦੀਆਂ ਲੋਕਰਾਜੀ ਰੁਚੀਆਂ, ਬਿਹਤਰ ਸੂਝ ਬੂਝ ਜਾਂ ਸਿਆਸੀ ਸੰਕਲਪ ਬੰਗਲੂਰੂ ਤੇ ਮੈਸੂਰ ਦੇ ਵੋਟਰਾਂ ਨਾਲੋਂ ਜ਼ਿਆਦਾ ਨਹੀਂ ਹੋ ਸਕਦੀਆਂ, ਨਾ ਇਹ 1977 ਵਿਚ ਸਨ ਤੇ ਨਾ ਹੀ 2024 ਵਿਚ।

ਅਬਕੀ ਬਾਰ 400 ਪਾਰ (ਸੱਤਾਧਾਰੀ ਪਾਰਟੀ ਲਈ ਘੱਟੋ-ਘੱਟ 370 ਅਤੇ ਇਸ ਦੇ ਸਹਿਯੋਗੀ ਦਲਾਂ ਲਈ 30 ਸੀਟਾਂ) ਦੇ ਸ਼ੋਰ ਦੇ ਬਾਵਜੂਦ, ਭਾਜਪਾ ਦੇ ਰਣਨੀਤੀਕਾਰ ਰਾਸ਼ਟਰੀ ਲੋਕ ਦਲ ਨੂੰ ਪੱਛਮੀ ਉੱਤਰ ਪ੍ਰਦੇਸ਼ ਵਿਚ ਦੋ ਸੀਟਾਂ ਅਤੇ ਬਿਹਾਰ ਵਿਚ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨੂੰ ਪੰਜ ਸੀਟਾਂ ਦੀ ਪੇਸ਼ਕਸ਼ ਇਸ ਲਈ ਕਰ ਰਹੇ ਹਨ ਕਿਉਂਕਿ ਭਗਵਾ ਪਾਰਟੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸੂਬਾਈ ਪੱਧਰ 'ਤੇ ਕਿਹੋ ਜਿਹੇ ਗਤੀਮਾਨ ਚਲਦੇ ਹਨ ਅਤੇ ਇਕੋ ਤਰਜ ਦੀ ਰਾਸ਼ਟਰੀ ਚੋਣ ਮੁਹਿੰਮ ਦਾ ਅਸਰ ਹੇਠਲੇ ਪੱਧਰ 'ਤੇ ਨਹੀਂ ਹੁੰਦਾ। 'ਮੋਦੀ ਕੀ ਗਾਰੰਟੀ' ਹੋਰ ਕੁਝ ਨਹੀਂ ਬਸ ਕੇਕ 'ਤੇ ਰੱਖੀ ਜਾਣ ਵਾਲੀ ਕ੍ਰੀਮ ਵਾਂਗ ਹੈ ਪਰ ਇਸ ਦਾ ਠੋਸ ਮਾਦਾ ਮੁਕਾਮੀ ਆਗੂਆਂ, ਖਾਹਿਸ਼ਾਂ, ਜਾਤੀ ਸ਼ਕਤੀਕਰਨ ਅਤੇ ਸੂਬਾਈ ਸਰਕਾਰ ਖਿਲਾਫ਼ ਗੁੱਸੇ ਦੀ ਭਾਵਨਾ ਤੋਂ ਮਿਲ ਕੇ ਬਣਦਾ ਹੈ। ਰਾਸ਼ਟਰੀ ਆਗੂ ਦੀ ਦਿੱਖ ਮੁਕਾਮੀ ਪੱਧਰ 'ਤੇ ਪਾਏ ਜਾਣ ਵਾਲੇ ਰੋਹ ਨੂੰ ਜ਼ਾਹਿਰਾ ਤੌਰ 'ਤੇ ਹੂੰਝ ਨਹੀਂ ਸਕਦੀ।

ਮਿਸਾਲ ਦੇ ਤੌਰ 'ਤੇ ਚੁਣਾਵੀ ਬਾਂਡ ਦੇ ਖਰੀਦਦਾਰਾਂ ਅਤੇ ਖਰੀਦ ਤੋਂ ਪਹਿਲਾਂ ਉਨ੍ਹਾਂ ਖਿਲਾਫ਼ ਜਾਂਚ ਏਜੰਸੀਆਂ ਦੀ ਕਾਰਵਾਈ ਵਿਚਕਾਰ ਜੋੜ ਜਿਹੇ ਕੌਮੀ ਮੁੱਦਿਆਂ ਨਾਲੋਂ ਕਰਨਾਟਕ ਵਿਚ ਸਾਬਕਾ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਖਿਲਾਫ਼ ਪੋਕਸੋ ਦਾ ਕੇਸ ਦਰਜ ਕਰਨ ਨਾਲ ਵੋਟਰਾਂ ਦੇ ਰੌਂਅ ਉਪਰ ਜ਼ਿਆਦਾ ਅਸਰ ਪਵੇਗਾ। ਮੁਕਾਮੀ ਮੁੱਦੇ ਜ਼ਿਆਦਾ ਅਹਿਮੀਅਤ ਰੱਖਦੇ ਹਨ। ਅਜਿਹੀਆਂ ਮਿਸਾਲਾਂ ਹਨ ਜਦੋਂ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੀ ਨਾਂਹ-ਮੁਖੀ ਦਿੱਖ ਇਕ ਦੂਜੇ ਨਾਲ ਜੁੜ ਜਾਂਦੀ ਹੈ ਜਿਵੇਂ ਕਿ 1977 ਦੀਆਂ ਚੋਣਾਂ ਵਿਚ ਹੋਇਆ ਸੀ। ਪਰ ਰੋਸ ਮੁਕਤ ਨਿਰਲੇਪ ਚੁਣਾਵੀ ਸੰਦਰਭ ਵਿਚ ਕੇਂਦਰ ਜਾਂ ਸੂਬਾਈ ਸਰਕਾਰ 'ਚੋਂ ਕਿਸੇ ਵੀ ਇਕ ਨਾਲ ਪਾਸਾ ਭਾਰੂ ਪੈ ਸਕਦਾ ਹੈ। ਇਸ ਲਈ ਰਾਜ ਸਰਕਾਰ ਖਿਲਾਫ਼ ਰੋਸ ਦੀ ਭਾਵਨਾ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੁਝ ਹੱਦ ਤੱਕ ਸੰਭਵ ਹੋ ਸਕਦੀ ਹੈ ਜਦੋਂਕਿ ਕੇਂਦਰ ਦਾ ਢੋਲ ਪਿੱਟਣ ਦੀ ਹਾਂ-ਪੱਖੀ ਮੁਹਿੰਮ ਵੀ ਵਿੱਢੀ ਜਾ ਸਕਦੀ ਹੈ।

ਇਸ ਤਰ੍ਹਾਂ ਦਾ ਜੁਗਾੜ ਲਗਭਗ ਹਰੇਕ ਹਲਕੇ ਵਿਚ ਕੀਤਾ ਜਾਂਦਾ ਹੈ ਜਿਸ ਦੇ ਨਾਲ ਹੀ ਭਾਜਪਾ ਵਲੋਂ ਹਿੰਦੀ ਭਾਸ਼ੀ ਸੂਬਿਆਂ ਵਿਚ ਸੀਟਾਂ ਦੀ ਵੰਡ ਬਾਰੇ ਸਮਝੌਤੇ ਵੀ ਕੀਤੇ ਜਾ ਰਹੇ ਹਨ। ਦੂਜੇ ਪਾਸੇ, ਕਾਂਗਰਸ ਦੀ ਟੇਕ ਰਾਹੁਲ ਦੇ ਅਕਸ ਨੂੰ ਉਭਾਰਨ ਵਾਲੀ ਯਾਤਰਾ 'ਤੇ ਲੱਗੀ ਹੋਈ ਹੈ ਜਦੋਂਕਿ ਇਸ ਕੋਲ ਸਰਵੇ ਪੜ੍ਹਨ, ਉਮੀਦਵਾਰਾਂ ਦੀ ਚੋਣ ਅਤੇ ਮੁਕਾਮੀ ਮੁਹਿੰਮ ਵਿੱਢਣ ਲਈ ਬਹੁਤ ਘੱਟ ਸਮਾਂ ਬਚਿਆ ਹੈ। ਖੱਟਰ ਨੂੰ ਲਾਂਭੇ ਕੀਤੇ ਜਾਣ ਦੀ ਘਟਨਾ ਦੀ 2021 ਵਿਚ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਹਟਾਉਣ ਨਾਲ ਤੁਲਨਾ ਕਰੋ। ਉਦੋਂ ਕੈਪਟਨ ਨੇ ਆਪਣੇ ਆਪ ਨੂੰ ਅਪਮਾਨਿਤ ਮਹਿਸੂਸ ਕੀਤਾ ਸੀ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਅਤੇ ਫਿਰ ਨਵਜੋਤ ਸਿੰਘ ਸਿੱਧੂ ਨੇ ਚੰਨੀ ਅਤੇ ਆਪਣੀ ਹੀ ਪਾਰਟੀ ਦੀ ਸਰਕਾਰ ਖਿਲਾਫ਼ ਮੋਰਚਾ ਵਿੱਢ ਦਿੱਤਾ। ਆਚਰਣ ਦਾ ਇਹ ਫ਼ਰਕ ਹੀ ਨਤੀਜਿਆਂ ਨੂੰ ਪਰਿਭਾਸ਼ਤ ਕਰਦਾ ਹੈ।

# ਇਕ ਯਹੂਦੀ ਅਰਬ ਦੀ ਕਥਾ-ਵਿਅਥਾ...

ਕਲਾ ਪਰਿਕਰਮਾ

ਮਕਲੌਡਗੰਜ ਤੋਂ ਸਿਰਫ਼ ਦੋ ਕਿਲੋਮੀਟਰ ਦੀ ਵਿੱਥ 'ਤੇ ਹੈ ਧਰਮਕੋਟ। ਉਚਾਈ 6900 ਫੁੱਟ। ਵਸੋਂ ਹਜ਼ਾਰ ਤੋਂ ਘੱਟ। ਇਸ ਨੂੰ 'ਪਹਾੜਾਂ ਦਾ ਤਲ ਅਵੀਵ' ਕਿਹਾ ਜਾਂਦਾ ਹੈ- ਇੱਥੋਂ ਦੀ ਇਜ਼ਰਾਇਲੀ ਵਸੋਂ ਕਾਰਨ। ਇਜ਼ਰਾਇਲੀਆਂ ਤੋਂ ਇਲਾਵਾ ਇੱਥੇ ਕੁਝ ਇਤਾਲਵੀ ਵੀ ਵੱਸੇ ਹੋਏ ਹਨ ਪਰ ਉਨ੍ਹਾਂ ਦੀ ਸੰਖਿਆ ਨਾਂ-ਮਾਤਰ ਹੈ। ਬਾਕੀ ਆਬਾਦੀ ਤਿੱਬਤੀ ਮਹਾਂਯਾਨੀ ਬੋਧੀਆਂ ਦੀ ਹੈ।




ਉਨ੍ਹਾਂ ਨੇ ਤਿੰਨ ਉਪਾਸਨਾ-ਵਿਪਾਸਨਾ-ਅਧਿਐਨ ਕੇਂਦਰ ਇੱਥੇ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਹਨ। ਤੰਗ ਗਲੀਆਂ ਵਾਲੇ ਇਸੇ ਪਿੰਡ ਵਿਚ ਇਜ਼ਰਾਇਲੀ


**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਕਮਿਊਨਿਟੀ ਸੈਂਟਰ 'ਚਾਬਾਦ ਹਾਊਸ' ਵੀ ਸਥਿਤ ਹੈ ਜੋ ਯਹੂਦੀ ਚਾਬਾਦ ਸੰਪਰਦਾ ਦੇ ਭਾਰਤ ਸਥਿਤ ਤਿੰਨ ਮੁੱਖ ਕੇਂਦਰਾਂ ਵਿਚੋਂ ਇਕ ਹੈ। ਧਰਮਕੋਟ ਵਿਚ ਇਜ਼ਰਾਇਲੀ ਰੈਸਤੋਰਾਵਾਂ ਤੋਂ ਇਲਾਵਾ ਕਈ ਹੋਰ ਕਾਰੋਬਾਰਾਂ ਦੇ ਮਾਲਕ ਇਜ਼ਰਾਇਲੀ ਹੀ ਹਨ। ਕੁਝ ਨੇ ਹਿਮਾਚਲੀ ਕਾਰੋਬਾਰੀਆਂ ਨਾਲ ਭਾਈਵਾਲੀ ਕੀਤੀ ਹੋਈ ਹੈ ਅਤੇ ਕੁਝ ਹੋਰ ਮੁਕਾਮੀ ਇਸਤਰੀਆਂ ਨਾਲ ਵਿਆਹੇ ਹੋਏ ਹਨ। 7 ਅਕਤੂਬਰ 2023 ਨੂੰ ਫ਼ਲਸਤੀਨੀ ਦਹਿਸ਼ਤੀ ਜਮਾਤ 'ਹਮਾਸ' ਵੱਲੋਂ ਗਾਜ਼ਾ ਪੱਟੀ ਦੇ ਬਾਹਰਵਾਰ ਇਜ਼ਰਾਇਲੀਆਂ ਦੇ ਕਤਲੇਆਮ ਤੋਂ ਫੌਰੀ ਬਾਅਦ ਇੱਥੋਂ ਦੇ ਇਜ਼ਰਾਇਲੀ ਬਾਸ਼ਿੰਦੇ ਤੇ ਗ਼ੈਰ-ਬਾਸ਼ਿੰਦੇ (ਟੂਰਿਸਟ) ਵਤਨ ਪਰਤਣ ਲਈ ਉਤਾਵਲੇ ਸਨ। ਸਵਾ ਦੋ ਸੌ ਦੇ ਕਰੀਬ ਇਜ਼ਰਾਇਲੀ ਨਵੀਂ ਦਿੱਲੀ ਤੋਂ ਜਹਾਜ਼ ਚਾਰਟਰ ਕਰਕੇ ਵਤਨ ਪਰਤੇ ਵੀ। ਪਰ ਹੁਣ ਉਨ੍ਹਾਂ ਵਿਚੋਂ ਕਈ ਧਰਮਕੋਟ ਪਰਤ ਆਏ ਹਨ। ਉੱਥੋਂ ਦੇ ਮਾਹੌਲ ਤੋਂ ਨਾਖ਼ੁਸ਼ੀ ਕਾਰਨ। 'ਹਮਾਸ' ਵੱਲੋਂ ਢਾਹੀ ਦਹਿਸ਼ਤ ਦੇ ਜਵਾਬ ਵਿਚ ਇਜ਼ਰਾਈਲ ਪਿਛਲੇ ਸਾਢੇ ਚਾਰ ਮਹੀਨਿਆਂ ਤੋਂ ਗਾਜ਼ਾ ਪੱਟੀ ਦੇ ਫ਼ਲਸਤੀਨੀ ਬਾਸ਼ਿੰਦਿਆਂ ਉੱਪਰ ਜਿਹੜਾ ਅਮਾਨਵੀ ਕਹਿਰ ਵਰ੍ਹਾਉਂਦਾ ਆ ਰਿਹਾ ਹੈ, ਉਸ ਤੋਂ ਕਈ ਇਜ਼ਰਾਇਲੀ ਸ਼ਰਮਸਾਰ ਵੀ ਹਨ ਤੇ ਬੇਜ਼ਾਰ ਵੀ। ਚੰਦ ਦਿਨ ਪਹਿਲਾਂ ਧਰਮਕੋਟ ਦੀ ਫੇਰੀ ਦੌਰਾਨ ਇਕ ਇਜ਼ਰਾਇਲੀ ਸਾਬਕਾ ਫ਼ੌਜੀ ਨੇ ਇਸ ਸਮੀਖਿਅਕ ਨਾਲ ਗੱਲਬਾਤ ਦੌਰਾਨ ਇਜ਼ਰਾਇਲੀ ਸਮਾਜ ਵਿਚਲੀ ਦੁਫੇੜ ਤੇ ਅਸਮਾਨਤਾਵਾਂ ਬਾਰੇ ਕਈ ਕੁਝ ਦੱਸਿਆ। ਅਜਿਹੀਆਂ ਅਸਮਾਨਤਾਵਾਂ ਨੂੰ ਸਿੱਧੇ ਤੌਰ 'ਤੇ ਬੇਪਰਦ ਕਰਦੀ ਹੈ ਇਜ਼ਰਾਇਲੀ ਇਤਿਹਾਸਕਾਰ ਡਾ. ਅਵੀ ਸ਼ਲਾਇਮ ਦੀ ਨਵੀਂ ਕਿਤਾਬ 'ਥ੍ਰੀ ਵਲਡਜ਼: ਮੈਮੌਇਰਜ਼ ਆਫ ਐਨ ਅਰਬ ਜਿਊ' (ਤਿੰਨ ਜਹਾਨ: ਯਾਦਾਂ ਇਕ ਯਹੂਦੀ ਅਰਬ ਦੀਆਂ।

ਇਹ ਕਿਤਾਬ ਪਿਛਲੇ ਸਾਲ ਅਕਤੂਬਰ ਵਿਚ ਲੰਡਨ ਵਿਚ ਰਿਲੀਜ਼ ਹੋਈ ਸੀ। ਭਾਰਤ ਹੁਣ ਪੁੱਜੀ ਹੈ। ਇਹ ਇਜ਼ਰਾਇਲੀ-ਫ਼ਲਸਤੀਨੀ ਸਬੰਧਾਂ ਬਾਰੇ ਸਿੱਧਾ ਤਬਸਰਾ ਨਹੀਂ, ਮੁੱਖ ਤੌਰ 'ਤੇ ਇਹ ਡਾ. ਸ਼ਲਾਇਮ ਵੱਲੋਂ ਇਰਾਕ, ਇਜ਼ਰਾਈਲ ਤੇ ਬ੍ਰਿਟੇਨ ਵਿਚ ਬਿਤਾਈ ਜ਼ਿੰਦਗੀ ਦਾ ਬਿਰਤਾਂਤ ਹੈ। ਇਨ੍ਹਾਂ ਤਿੰਨਾਂ ਮੁਲਕਾਂ ਨੂੰ ਲੇਖਕ ਨੇ ਤਿੰਨ ਵੱਖ ਵੱਖ ਜਹਾਨਾਂ ਨਾਲ ਤੁਲਨਾਇਆ ਹੈ। ਕਿਤਾਬ ਦੱਸਦੀ ਹੈ ਕਿ ਇਜ਼ਰਾਈਲ ਦੀ ਅਸਲੀਅਤ ਉਸ ਦੇ ਅਕਸ ਤੋਂ ਬਹੁਤ ਭਿੰਨ ਹੈ। ਇਜ਼ਰਾਇਲੀ ਸਮਾਜ ਅਸਮਾਨਤਾਵਾਂ ਤੋਂ ਬਚਿਆ ਹੋਇਆ ਨਹੀਂ ਬਲਕਿ ਨਸਲੀ ਤੇ ਭੂਗੋਲਿਕ ਵਿਤਕਰਿਆਂ ਤੇ ਪੱਖਪਾਤਾਂ ਵਿਚ ਲਿਪਤ ਹੋਣ ਕਾਰਨ ਇਹ ਅੰਤਰ-ਵਿਰੋਧਾਂ ਦਾ ਮੁਸਲਸਲ ਸ਼ਿਕਾਰ ਹੁੰਦਾ ਆਇਆ ਹੈ ਅਤੇ ਹੁਣ ਵੀ ਹੋ ਰਿਹਾ ਹੈ।

ਡਾ. ਸ਼ਲਾਇਮ ਬਗ਼ਦਾਦੀ ਯਹੂਦੀ ਹੈ। ਉਹ ਇਰਾਕ ਵਿਚ ਜਨਮਿਆ, 1948 ਵਿਚ ਇਜ਼ਰਾਈਲ ਦੀ ਰਸਮੀ ਸਥਾਪਨਾ ਤੋਂ ਦੋ ਵਰ੍ਹੇ ਪਹਿਲਾਂ। ਉਹ ਪੰਜ ਵਰ੍ਹਿਆਂ ਦਾ ਸੀ ਜਦੋਂ ਉਸ ਦੇ ਮਾਪਿਆਂ ਨੂੰ 1.35 ਲੱਖ ਬਗ਼ਦਾਦੀ ਯਹੂਦੀਆਂ ਸਮੇਤ ਨਵੇਂ ਵਤਨ ਇਜ਼ਰਾਈਲ ਵੱਲ ਹਿਜਰਤ ਕਰਨੀ ਪਈ। ਨਵੇਂ ਵਤਨ ਵਿਚ ਸ਼ਲਾਇਮ ਦੇ ਮਾਪਿਆਂ ਅਤੇ ਉਨ੍ਹਾਂ ਦੇ ਕੁਨਬੇ ਦੇ ਬਾਕੀ ਦੇ ਜੀਆਂ ਨੂੰ ਬਗ਼ਦਾਦ ਵਾਲੀਆਂ ਸੁਖ-ਸਹੂਲਤਾਂ ਅਗਲੇ ਤੀਹ ਵਰ੍ਹਿਆਂ ਤੱਕ ਵੀ ਨਸੀਬ ਨਹੀਂ ਹੋਈਆਂ। ਸ਼ਲਾਇਮ ਉੱਥੇ ਕੁਝ ਵਰ੍ਹੇ ਰਿਹਾ, ਫਿਰ ਇਕ ਵਜ਼ੀਫ਼ਾ ਮਿਲਣ ਸਦਕਾ ਅਗਲੇਰੀ ਪੜ੍ਹਾਈ ਲਈ ਬ੍ਰਿਟੇਨ ਚਲਾ ਗਿਆ। ਉੱਥੇ ਉਸ ਨੇ ਕੈਂਬਰਿਜ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ। 1966 ਵਿਚ ਵਤਨ ਪਰਤਿਆ ਤਾਂ ਫ਼ੌਜ ਦੀ ਸੇਵਾ ਲਾਜ਼ਮੀ ਹੋਣ ਕਾਰਨ ਫ਼ੌਜ ਵਿਚ ਭਰਤੀ ਕਰ ਲਿਆ ਗਿਆ। ਤਿੰਨ ਸਾਲ ਦੀ ਫ਼ੌਜੀ ਨੌਕਰੀ ਦੌਰਾਨ ਉਹ ਹੁੱਬਲਵਤਨੀ ਦੇ ਜਜ਼ਬੇ ਦਾ ਮੁਰੀਦ ਬਣ ਗਿਆ, ਪਰ ਅਗਲੇ ਕੁਝ ਵਰ੍ਹਿਆਂ ਦੌਰਾਨ ਉਸ ਦੇ ਵਿਚਾਰਧਾਰਕ ਦਿਸਹੱਦੇ ਵੱਧ ਵਿਆਪਕ ਹੁੰਦੇ ਗਏ ਅਤੇ ਫ਼ਲਸਤੀਨੀਆਂ ਪ੍ਰਤੀ ਉਸ ਦਾ ਰੁਖ਼ ਵੱਧ ਉਦਾਰਵਾਦੀ ਹੁੰਦਾ ਚੱਲਿਆ ਗਿਆ।



*ਡਾ. ਅਵੀ ਸ਼ਲਾਇਮ ਅਤੇ (ਉਪਰ) ਉਸ ਦੀ ਨਵੀਂ ਕਿਤਾਬ 'ਥ੍ਰੀ ਵਲਡਜ਼: ਮੈਮੌਇਰਜ਼ ਆਫ ਐਨ ਅਰਬ ਜਿਊ'।*

ਡਾ. ਸ਼ਲਾਇਮ ਲਿਖਦਾ ਹੈ ਕਿ ਪਿਛਲੇ 2600 ਵਰ੍ਹਿਆਂ ਦੌਰਾਨ ਯਹੂਦੀਆਂ ਦਾ ਜੀਵਨ ਕਦੇ ਵੀ ਸੁਖਾਲਾ ਨਹੀਂ ਰਿਹਾ (ਅਤੇ ਹੁਣ ਵੀ ਨਹੀਂ ਹੈ)। ਇਸ ਕੌਮ ਨੂੰ ਪਿਛਲੀਆਂ ਢਾਈ ਦਹਿਸਦੀਆਂ ਦੌਰਾਨ ਅਸਹਿ ਤੇ ਅਕਹਿ ਜ਼ਿਆਦਤੀਆਂ ਝੱਲਣੀਆਂ ਪਈਆਂ। ਉਸ ਦੇ ਅੰਦਾਜ਼ੇ ਮੁਤਾਬਕ 1.30 ਕਰੋੜ ਯਹੂਦੀ ਹੋਰਨਾਂ ਮਜ਼ਹਬੀ-ਸਿਆਸੀ ਫ਼ਿਰਕਿਆਂ ਤੇ ਕੌਮਾਂ ਦੇ ਜ਼ੁਲਮਾਂ-ਜਬਰਾਂ ਕਾਰਨ ਮੌਤ ਦਾ ਸ਼ਿਕਾਰ ਹੋਏ; ਅਰਬ ਜਗਤ ਵਿਚ ਘੱਟ, ਯੂਰਪ ਵਿਚ ਵੱਧ। 60 ਲੱਖ ਤੋਂ ਵੱਧ ਨੂੰ ਤਾਂ ਦੂਜੇ ਵਿਸ਼ਵ ਯੁੱਧ ਦੌਰਾਨ ਨਾਜ਼ੀਆਂ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਮੌਤ ਦੇ ਘਾਟ ਉਤਾਰਿਆ। ਅਜਿਹੀ ਜੱਦੋਜਹਿਦ ਦੀਆਂ ਗਾਥਾਵਾਂ ਨੇ ਜਿੱਥੇ ਯਹੂਦੀਆਂ ਅੰਦਰ ਬੇਪਨਾਹ ਜੁਝਾਰੂ ਜਜ਼ਬਾ ਪੈਦਾ ਕੀਤਾ, ਉੱਥੇ ਆਲਮੀ ਤਾਕਤਾਂ, ਖ਼ਾਸ ਕਰਕੇ ਬ੍ਰਿਟੇਨ ਤੇ ਅਮਰੀਕਾ ਨੂੰ ਯਹੂਦੀ ਹੋਮਲੈਂਡ ਦੀ ਸਥਾਪਨਾ ਦਾ ਰਸਤਾ ਪੱਧਰਾ ਕਰਨ ਦੇ ਰਾਹ ਪਾਇਆ। ਯਹੂਦੀਆਂ ਦੇ ਜੁਝਾਰੂ ਜਜ਼ਬੇ ਤੋਂ ਕੁਲ ਦੁਨੀਆਂ ਕਾਇਲ ਹੈ, ਪਰ ਅਸਲੀਅਤ ਇਹ ਵੀ ਹੈ ਕਿ ਇਸੇ ਜਜ਼ਬੇ ਤੋਂ ਉਪਜੇ ਗ਼ਰੂਰ, ਬਦਲਾਖੋਰੀ ਤੇ ਹੈਵਾਨੀਅਤ ਨੇ ਇਜ਼ਰਾਇਲੀਆਂ ਪ੍ਰਤੀ ਹਮਦਰਦੀ ਵਿਚ ਲਗਾਤਾਰ ਕਮੀ ਲਿਆਂਦੀ ਹੈ। ਉਂਜ ਵੀ, ਇਜ਼ਰਾਇਲੀ ਸਮਾਜ ਵਿਚੋਂ ਪਿਛਲੇ 75 ਵਰ੍ਹਿਆਂ ਦੌਰਾਨ ਜਿਹੜੀਆਂ ਸਮਾਜਿਕ ਵੰਡੀਆਂ ਤੇ ਵਲਗਣਾਂ ਮਿਟ ਜਾਣੀਆਂ ਚਾਹੀਦੀਆਂ ਸਨ, ਉਹ ਹੁਣ ਵੱਧ ਉੱਘੜਵੀਆਂ ਹੋ ਚੁੱਕੀਆਂ ਹਨ। ਸਿਆਸੀ-ਸਮਾਜਿਕ-ਆਰਥਿਕ ਢਾਂਚੇ ਉੱਪਰ ਅਸ਼ਕੇਨਾਜ਼ੀ ਭਾਵ ਯੂਰਪੀ (ਅਸਲ ਵਿਚ ਜਰਮਨ-ਪੋਲਿਸ਼) ਯਹੂਦੀ ਗਾਲਿਬ ਹਨ। ਉਹ ਇਹ ਗ਼ਲਬਾ ਤਿਆਗਣ ਤੇ ਯਹੂਦੀ ਸਮਾਜ ਨੂੰ ਇਕਜੁੱਟ ਕਰਨ ਦੇ ਚਾਹਵਾਨ ਹੀ ਨਹੀਂ। ਕਿਤਾਬ ਅੰਦਰਲੇ ਕੁਝ ਸਨਸਨੀਖੇਜ਼ ਖੁਲਾਸੇ ਇਸ ਤਰ੍ਹਾਂ ਹਨ:

*ਇਜ਼ਰਾਇਲੀ ਸਮਾਜ ਵਿਚ ਸਪਸ਼ਟ ਵਰਣ-ਵੰਡ ਹੈ। ਅਸ਼ਕੇਨਾਜ਼ੀ ਯਹੂਦੀ ਪ੍ਰਥਮ ਦਰਜੇ ਦੇ ਨਾਗਰਿਕ ਹਨ। ਏਸ਼ਿਆਈ ਜਾਂ ਅਫਰੀਕੀ ਯਹੂਦੀਆਂ ਨੂੰ ਦੂਜੇ ਦਰਜੇ ਦੇ ਨਾਗਰਿਕ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਜੰਗੀ ਮੈਦਾਨਾਂ ਵਿਚ ਮਰਨ ਲਈ ਤਾਂ ਮੂਹਰੇ ਰੱਖਿਆ ਜਾਂਦਾ ਹੈ, ਪਰ ਸਮਾਜਿਕ-ਸਿਆਸੀ ਰੁਤਬੇ ਮੁੱਖ ਤੌਰ 'ਤੇ ਅਸ਼ਕੇਨਾਜ਼ੀਆਂ ਦੇ ਹਿੱਸੇ ਹੀ ਆਉਂਦੇ ਹਨ। ਤੀਜਾ ਦਰਜਾ ਇਸਾਈਆਂ ਦਾ ਹੈ। ਉਨ੍ਹਾਂ ਨਾਲ ਭੇਦਭਾਵ ਲੁਕਵੇਂ ਢੰਗ ਨਾਲ ਕੀਤਾ ਜਾਂਦਾ ਹੈ, ਸਿੱਧੇ ਤੌਰ 'ਤੇ ਨਹੀਂ; ਪੱਛਮੀ ਜਗਤ ਦੇ ਦਬਦਬੇ ਕਾਰਨ। ਫਿਰ ਫ਼ਲਸਤੀਨੀ ਆਉਂਦੇ ਹਨ। ਉੱਘੇ ਫ਼ਲਸਤੀਨੀ-ਅਮਰੀਕੀ ਵਿਦਵਾਨ (ਮਰਹੂਮ) ਐਡਵਰਡ ਸਈਦ ਮੁਤਾਬਿਕ ਫ਼ਲਸਤੀਨੀ 'ਪੀੜਤਾਂ ਤੋਂ ਵੀ ਵੱਧ ਪੀੜਤ ਹਨ', ਪੈਰ-ਪੈਰ 'ਤੇ ਪੱਖਪਾਤ ਤੇ ਸਿਤਮ ਦੇ ਸ਼ਿਕਾਰ।

*ਇਰਾਕ ਵਿਚ ਯਹੂਦੀ ਭਾਈਚਾਰਾ 2600 ਸਾਲ ਪਹਿਲਾਂ ਵਸਣਾ ਸ਼ੁਰੂ ਹੋਇਆ; ਯਹੂਦੀ ਸਮਰਾਟ ਨੂੰ ਬੈਬੀਲੋਨਿਆਈ ਵਿਜੇਤਾਵਾਂ ਵੱਲੋਂ ਬੇਦਖ਼ਲ ਕੀਤੇ ਜਾਣ ਮਗਰੋਂ। ਸੱਤਵੀਂ ਸਦੀ ਈਸਵੀ ਵਿਚ ਇਸਲਾਮ ਦੇ ਉਭਾਰ ਤੋਂ ਬਾਅਦ ਇਸਲਾਮੀ ਅਰਬ ਵਿਚ ਯਹੂਦੀ, ਅਸੀਰੀਅਨ ਕ੍ਰਿਸ਼ਚਨ, ਆਰਮੀਨੀਅਨ ਤੇ ਯਜ਼ੀਦੀ ਕੌਮਾਂ ਭਾਵੇਂ ਦੂਜੇ ਦਰਜੇ ਦੇ ਨਾਗਰਿਕ ਰਹੀਆਂ, ਫਿਰ ਵੀ ਉਨ੍ਹਾਂ ਦੀਆਂ ਧਾਰਮਿਕ, ਸਮਾਜਿਕ ਤੇ ਆਰਥਿਕ ਆਜ਼ਾਦੀਆਂ ਕਿਸੇ ਨੇ ਨਹੀਂ ਖੋਹੀਆਂ। ਇਸੇ ਲਈ ਇਹ ਸਾਰੀਆਂ ਕੌਮਾਂ ਅਗਲੀਆਂ ਕਈ ਸਦੀਆਂ ਤੱਕ ਖ਼ੁਸ਼ਹਾਲ ਜੀਵਨ ਜਿਊਂਦੀਆਂ ਰਹੀਆਂ। ਡਾ. ਸ਼ਲਾਇਮ ਦੇ ਵੱਡ-ਵਡੇਰੇ ਸਦੀਆਂ ਤੋਂ ਬਗ਼ਦਾਦ ਵਿਚ ਵੱਸੇ ਹੋਏ ਸਨ। ਉਹ ਧਨਾਢ ਕਾਰੋਬਾਰੀ ਸਨ। ਬਾਗ਼ਾਂ ਤੇ ਬੰਗਲਿਆਂ ਦੇ ਮਾਲਕ। ਘਰਾਂ ਵਿਚ ਬੱਚਿਆਂ ਲਈ ਨੈਨੀਆਂ ਅਰਮੀਨੀਅਨ ਹੁੰਦੀਆਂ ਸਨ; ਧਰਮ ਤੋਂ ਇਸਾਈ, ਗੋਰੀਆਂ ਚਿੱਟੀਆਂ, ਵੱਧ ਸੱਭਿਅਕ, ਵੱਧ ਮਿਹਨਤੀ, ਵੱਧ ਵਫ਼ਾਦਾਰ। ਫ਼ਲਸਤੀਨੀ ਬਹੁਮੱਤ ਵਾਲੇ ਖੇਤਰ ਵਿਚ ਯਹੂਦੀਆਂ ਲਈ 'ਮਾਤ-ਭੂਮੀ' ਸਥਾਪਿਤ ਕਰਨ ਦੇ ਵਾਅਦੇ ਵਾਲੇ ਬੈਲਫੌਰ ਐਲਾਨਨਾਮੇ (1917) ਦੇ ਬਾਵਜੂਦ ਇਰਾਕੀ, ਯਮਨੀ ਜਾਂ ਸੀਰੀਆਈ ਅਰਬ ਸਮਾਜਾਂ ਦੇ ਰੁਖ਼ ਵਿਚ ਮੁਕਾਮੀ ਯਹੂਦੀਆਂ ਪ੍ਰਤੀ ਬਹੁਤੀ ਤਬਦੀਲੀ ਨਹੀਂ ਆਈ। ਅਰਬ ਜਗਤ ਵਿਚ ਯਹੂਦੀਆਂ 'ਤੇ ਸਖ਼ਤੀ ਦਾ ਦੌਰ 1948 'ਚ ਇਜ਼ਰਾਈਲ ਦੀ ਸਥਾਪਨਾ ਅਤੇ ਉਸ ਦੀਆਂ ਫ਼ੌਜਾਂ ਤੇ ਹਥਿਆਰਬੰਦ ਰਜ਼ਾਕਾਰਾਂ ਵੱਲੋਂ ਫ਼ਲਸਤੀਨੀ ਇਲਾਕਿਆਂ ਵਿਚ ਮਚਾਈ ਮਾਰਖੋਰੀ ਮਗਰੋਂ ਸ਼ੁਰੂ ਹੋਇਆ।

ਅੰਧਰਾਸ਼ਟਰਵਾਦ ਤੇ ਜੰਗਬਾਜ਼ੀ ਦੇ ਆਲਮ ਵਿਚਭਰਮ-ਭੁਲੇਖੇ ਦੂਰ ਕਰਦੀ ਹੈ ਇਹ ਕਿਤਾਬ। ਇਹੋ ਇਸ ਦਾ ਸਭ ਤੋਂ ਵੱਡਾ ਹਾਸਿਲ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਮਾਰਚ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-631



ਤੀਵੀਂ ਆਦਮੀ ਦਾ ਪਤਾ ਨਾ ਲੱਗੇ, ਇਕੋ ਜਿਹਾ ਪਹਿਰਾਵਾ ਹੈ,
ਕੁੱਕੜ ਦੇ ਖੰਭਾਂ 'ਚ ਪਰਸ ਟੰਗ ਕੇ, ਕੁੱਕੜੀ ਦਾ ਦਿਖਲਾਵਾ ਹੈ।
ਪੈਰੀਂ ਸੈਂਡਲ ਪੁਆ ਦਿੱਤੇ ਨੇ ਮੂਰਖਾਂ, ਬਣਿਆ ਖੁਸਰਾ ਸ਼ਾਵਾ ਹੈ,
ਆਈਫ਼ਲ ਟਾਵਰ ਪੈਰਿਸ ਦਾ ਭਾਵੇਂ, ਅਕਲਾਂ ਦਾ ਗੁਤਾਵਾ ਹੈ।

### ਕੈਪਸ਼ਨ ਮੁਕਾਬਲਾ-629



ਪਾ ਕੇ ਪੱਤ ਗੋਭੀ ਦੀ ਵਰਦੀ
'ਭੋਲੂ' ਕਤਾਰਾਂ ਵਿਚ ਖੜ੍ਹਾਏ।
ਇੱਕ ਸਾਰ ਬੜੇ ਸੁਹਣੇ ਲੱਗਣ
ਜਦ ਕੋਈ ਨਿਗਾਹ ਟਿਕਾਏ।
ਸਮਝਣ ਵਾਲੇ ਸਮਝ ਗਏ ਨੇ
'ਨਕਲੀ ਬੁੱਧੀ' ਕਮਾਲ ਦਿਖਾਏ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*

---

ਤਰਾਈ ਦੇ ਖੇਤਰ ਵਿਚ
ਹੋ ਗਿਆ ਕਮਾਲ
ਗੜ੍ਹਵਾਲੀ ਬੱਚਾ ਫੌਜ ਖੜਾਈ
ਮਸਨੂਈ ਬੁੱਧੀ ਨਾਲ।
ਏ-ਆਈ ਆਰਟੀਫਿਸ਼ਲ ਇੰਟੈਲੀਜੈਂਸ
ਦੇ ਨਾਲ,
ਪੱਤਾ ਗੋਭੀ ਦੀ ਡਰੈੱਸ ਪਵਾਈ
ਖੜੇ ਛੋਟੇ ਨਾਲ।

ਡਿਸਿਪਲਿਨ ਦੇ ਵਿਚ ਖੜ੍ਹੇ ਪੂਰੇ ਜੱਚਦੇ
ਜਿਵੇਂ ਕਰਤੱਬ ਦਿਖਾਉਣਗੇ
ਬੈਂਡ ਵਾਜੇ ਨਾਲ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ (ਪਟਿਆਲਾ)*

---

ਕੰਪਿਊਟਰ ਨੇ ਕਰ ਕਾਰਿਸਤਾਨੀ,
ਬੱਚੇ ਖੇਤੀਂ ਲਿਆ ਖੜ੍ਹਾਏ,
ਬਣਾਉਟੀ ਸਿਆਣਪ ਦਾ ਕਮਾਲ,
ਅੱਖਾਂ ਨੂੰ ਗੋਭੀ ਬੂਟੇ ਭਾਏ।
ਵਿਗਿਆਨਕ ਯੁੱਗ ਕੀਤਾ ਸੰਭਵ,
ਜਾਪੇ ਲੋਕੀਂ ਸਭ ਭਰਮਾਏ,
ਤੱਕ ਤਸਵੀਰਾਂ ਵਿਸ਼ਵਾਸ ਨ ਆਵੇ,
ਦੇਖੋ ਕੀ ਨੇ ਗੁਲ ਖਿਲਾਏ।
*-ਸੇਵਾ ਸਿੰਘ 'ਨੂਰਪੁਰੀ'*

---

ਹਰੇ ਹਰੇ ਜੋ ਬਾਲ ਨੇ ਦਿਖਦੇ
ਖੜ੍ਹੇ ਨਾਲੋ-ਨਾਲ ਜੋ ਦਿਖਦੇ
ਪੱਤ ਗੋਭੀ ਜਿਹੇ ਲੀੜੇ ਪਾ ਕੇ
ਫਸੇ ਆਧੁਨਿਕਤਾ ਦੇ ਜਾਲ 'ਚ ਦਿਖਦੇ।
*-ਚਰਨਜੀਤ ਕੌਰ*
*ਫੋਨ: 98768-65849*

---

ਵਾਹ ਵਿਗਿਆਨ ਦੀ ਤਰੱਕੀ ਫੜੀ ਪਕੜ
ਕੈਮਰਾ ਟਰਿੱਕ, ਡਿਜੀਟਲ ਜ਼ੋਰਾਂ 'ਤੇ
ਨੰਨ੍ਹਾ ਬੱਚਾ
ਪੁਸ਼ਾਕ ਪਾ ਦਿੱਤੀ ਬੰਦ ਗੋਭੀ ਦੀ
ਦੇਖਦੇ ਹੀ ਰਹਿ ਜਾਓਗੇ
ਬੜਾ ਕੁਝ ਹੋਰ ਹੈ ਹੋਣ ਵਾਲਾ।
*-ਦਰਸ਼ਨ ਪਾਲ ਦੋਸਾਂਝ*

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

## Punjabi Cultural Society of Chicago

Celebrating 30 Years of Community Service

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!

*To Celebrate Vaisakhi PCS Presents...*

# Rangla Punjab 2024!



**Saturday, April 20, 2024**

**6:00 PM Sharp**

**Copernicus Center**
**5216 W Lawrence Ave**
**Chicago, IL 60630**

$125 (VIP Seats with Dinner)
$65 (Preferred Seats), $40 (General Seating)

- Assigned Seats for all
- Limited Free Parking
- Children Under 5 yr Free (Need to be in Lap)

## SPONSORS & VENDORS ENCOURAGED

Please email: info@PCSChicago.org or call: (847) 359-5PCS

Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

# ਇੱਕਸਾਰ ਸਿਵਲ ਕੋਡ ਦੇ ਔਰਤਾਂ ਲਈ ਅਰਥ

ਡਾ. ਬਲਜਿੰਦਰ
ਫੋਨ: +91-94170-79720

ਭਾਜਪਾ ਦੀ ਅਗਵਾਈ ਵਾਲੀ ਉੱਤਰਾਖੰਡ ਦੀ ਸੂਬਾਈ ਸਰਕਾਰ ਨੇ ਪਿੱਛੇ ਜਿਹੇ ਇੱਕਸਾਰ ਸਿਵਲ ਕੋਡ (ਯੂਨੀਫਾਰਮ ਸਿਵਲ ਕੋਡ) ਲਾਗੂ ਕਰਨ ਦੇ ਮਾਮਲੇ 'ਚ ਕਾਨੂੰਨ ਪਾਸ ਕੀਤਾ ਹੈ। ਯੂਨੀਫਾਰਮ ਸਿਵਲ ਕੋਡ ਹੈ ਕੀ ਅਤੇ ਭਾਰਤ ਦੇ ਸਮੂਹ ਲੋਕਾਂ, ਖਾਸ ਕਰ ਔਰਤਾਂ ਲਈ ਇਹਦੇ ਕੀ ਮਾਇਨੇ ਹਨ? ਔਰਤਾਂ ਦੇ ਹੋਰਨਾਂ ਮਾਮਲਿਆਂ ਦੇ ਨਾਲ-ਨਾਲ ਇਹ ਵੀ ਇੱਕ ਮਸਲਾ ਹੈ ਜਿਸ ਨੂੰ ਉਚੇਚਾ ਵਿਚਾਰਨਾ ਚਾਹੀਦਾ ਹੈ।

ਸਾਡੇ ਮੁਲਕ ਦੀ ਤਹਿਜ਼ੀਬ ਬਹੁ-ਰੰਗੀ ਹੈ। ਇੱਥੇ ਅਲੱਗ-ਅਲੱਗ ਮਜ਼੍ਹਬਾਂ, ਫ਼ਿਰਕਿਆਂ, ਕਬੀਲਿਆਂ, ਵੇਸਾਂ, ਗਣਾਂ ਦੇ ਲੋਕ ਵਾਸਾ ਕਰਦੇ ਹਨ। ਮੁਲਕ ਦੇ ਅੱਡ-ਅੱਡ ਭਾਗਾਂ ਅੰਦਰ ਰਹਿਣ ਵਾਲੇ ਲੋਕਾਂ ਅੰਦਰ ਆਰਥਿਕ ਵਿਕਾਸ ਦੇ ਪੱਖ ਤੋਂ ਬਹੁਤ ਵੱਡੇ ਪਾੜੇ ਖੜ੍ਹੇ ਹਨ। ਸਮਾਜਿਕ ਵਿਕਾਸ ਤੇ ਤਹਿਜ਼ੀਬੀ ਵਿਕਾਸ 'ਤੇ ਵੀ ਇੱਕ ਪੱਧਰ 'ਤੇ ਨਹੀਂ ਹਨ। ਮੁਲਕ ਦੇ ਧਰਾਤਲ ਦੇ ਹਿਸਾਬ ਨਾਲ ਵੀ ਉਨ੍ਹਾਂ ਦਰਮਿਆਨ ਆਪਸੀ ਰਿਸ਼ਤਿਆਂ ਦੇ ਵਿਆਪਕ ਪੱਧਰ ਦੇ ਪਾੜੇ ਮੌਜੂਦ ਹਨ।

ਇਸ ਮਾਮਲੇ 'ਤੇ ਹੁਣ ਕਿਸਾਨੀ ਨੂੰ ਹੀ ਲੈ ਲਈਏ। ਇੱਕ ਪਾਸੇ ਤਾਂ ਆਹਲਾ ਦਰਜੇ ਦੀਆਂ ਉੱਨਤ ਕਿਸਮ ਦੀਆਂ ਮਸ਼ੀਨਾਂ ਨਾਲ ਖੇਤੀ ਕੀਤੀ ਜਾਂਦੀ ਹੈ ਪਰ ਨਾਲ ਹੀ ਕਾਫ਼ੀ ਵੱਡੀ ਤਾਦਾਦ ਵਿਚ ਕਿਸਾਨ ਆਪਣੇ ਖੇਤਾਂ ਅੰਦਰ ਪ੍ਰਾਚੀਨ ਕਾਲ ਤੋਂ ਤੁਰੇ ਆਉਂਦੇ ਹਲਾਂ, ਪਸ਼ੂਆਂ ਅਤੇ ਹੋਰ ਰਵਾਇਤੀ ਸੰਦਾਂ ਨਾਲ ਖੇਤੀ ਕਰਦੇ ਹਨ। ਲਾਜ਼ਮੀ ਹੈ ਕਿ ਇੱਕ ਖੇਤਰ ਵਿਚਲੀ ਅਜਿਹੀ ਵੰਨ-ਸਵੰਨਤਾ ਤੇ ਵਖਰੇਵੇਂ ਹੋਣ ਕਰ ਕੇ ਉਨ੍ਹਾਂ ਦੇ ਮਿਜ਼ਾਜ, ਰਸਮੋ-ਰਿਵਾਜ਼, ਸਮਾਜਿਕ ਕਦਰਾਂ-ਕੀਮਤਾਂ ਵੀ ਲਾਜ਼ਮੀ ਹੀ ਵੱਖੋ-ਵੱਖਰੀਆਂ ਹੋਣਗੀਆਂ।

ਸਾਡੇ ਮੁਲਕ ਦੇ ਵਿਆਹ ਸਬੰਧਾਂ ਦੇ ਮਾਮਲੇ ਵਿਚ ਵੀ ਬਹੁਤ ਸਾਰੇ ਵਖਰੇਵੇਂ ਮਿਲਦੇ ਹਨ। ਆਮ ਰੂਪ ਵਿਚ ਇੱਕ ਪਤੀ ਇੱਕ ਪਤਨੀ ਵਾਲਾ ਰਿਵਾਜ਼ ਹੈ ਪਰ ਮੁਸਲਿਮ ਧਰਮ ਦੇ ਕੁਝ ਕੁ ਪੈਰੋਕਾਰਾਂ ਅੰਦਰ ਬਹੁ-ਪਤਨੀ ਪ੍ਰਥਾ ਅਜੇ ਵੀ ਚੱਲ ਰਹੀ ਹੈ। ਕਈ ਹੋਰਨਾਂ ਕਬੀਲਿਆਂ ਅੰਦਰ ਹੋਰ ਵੱਖਰੇ ਕਿਸਮ ਦੇ ਰਿਵਾਜ਼ ਹਨ। ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੇ ਦੁਰਗਮ ਪਹਾੜੀ ਇਲਾਕਿਆਂ ਅੰਦਰ ਬਹੁ-ਪਤੀ ਪ੍ਰਥਾ ਵੀ ਅਜੇ ਚੱਲਦੀ ਹੈ। ਮੁਲਕ ਦੀ ਇੰਨੀ ਜ਼ਿਆਦਾ ਵੰਨ-ਸਵੰਨਤਾ ਵਾਲੇ ਹਾਲਾਤ ਵਿਚ ਅਜਿਹਾ ਕਾਨੂੰਨ ਸੂਬਾਈ ਸਰਕਾਰ ਵੱਲੋਂ ਪਾਸ ਕੀਤੇ ਜਾਣਾ ਇਸੇ ਕਰ ਕੇ ਹੀ ਧਿਆਨ ਦੀ ਮੰਗ ਕਰਦਾ ਹੈ। 7 ਫਰਵਰੀ 2024 ਨੂੰ ਪਾਸ ਕੀਤੇ ਇਸ ਕਾਨੂੰਨ ਦੀ ਇੱਕ ਧਾਰਾ ਵਿਚ ਬਿਨਾਂ ਵਿਆਹ ਸਬੰਧਾਂ ਤੋਂ ਪਤੀ-ਪਤਨੀ ਵਾਂਗ (ਲਿਵ-ਇਨ ਰਿਲੇਸ਼ਨਜ਼) ਵਿਚ ਰਹਿ ਰਹੇ ਜੋੜਿਆਂ ਨੂੰ ਸਰਕਾਰੀ ਅਦਾਰਿਆਂ ਵਿਚ ਰਜਿਸਟਰੇਸ਼ਨ ਕਰਾਉਣੀ ਲਾਜ਼ਮੀ ਕਰਾਰ ਦੇ ਦਿੱਤੀ ਗਈ ਹੈ।

ਹੁਣ ਇਹ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਪਤੀ ਪਤਨੀ ਸਬੰਧਾਂ ਵਿਚ ਭ੍ਰਿਸ਼ਟਾਚਾਰ ਆਉਂਦਾ ਹੈ। ਇਸ ਵਿਚੋਂ ਬਸਤੀਵਾਦ ਦੀ ਬੋਅ ਆਉਂਦੀ ਹੈ।

ਸੰਵਿਧਾਨ ਦੀ ਧਾਰਾ 44 ਵਿਚ ਦਰਸਾਏ ਨਿਰਦੇਸ਼ਤ ਅਸੂਲਾਂ ਵਿਚ ਕਿਹਾ ਗਿਆ ਹੈ ਕਿ ਰਾਜ (ਸਟੇਟ/ਰਿਆਸਤ) ਭਾਰਤ ਦੇ ਸ਼ਹਿਰੀਆਂ ਲਈ ਇਕਸਾਰ ਸਿਵਲ ਕੋਡ ਲਾਗੂ ਕਰਨ ਲਈ ਯਤਨ ਜੁਟਾਏਗੀ। ਅੱਡ-ਅੱਡ ਰੰਗਾਂ ਦੀਆਂ ਸਿਆਸੀ ਪਾਰਟੀਆਂ ਇਸ ਨੂੰ ਲਾਗੂ ਕਰਨ ਲਈ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਧੁਰਲੀਆਂ ਮਾਰਦੀਆਂ ਰਹੀਆਂ। ਕਦੇ ਲੰਮਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਨੇ ਸ਼ਾਹਬਾਨੋ ਮਾਮਲੇ ਵਿਚ ਤੀਹਰੇ ਤਲਾਕ ਕੇਸ ਨੂੰ ਲੈ ਕੇ ਅਜਿਹੇ ਕਦਮ ਪੁੱਟੇ ਸਨ। ਹੁਣ ਭਾਰਤ ਦੀ ਕੇਂਦਰੀ ਹਕੂਮਤ ਅਤੇ ਭਾਜਪਾ ਦੀ ਅਗਵਾਈ ਵਾਲੀਆਂ ਸੂਬਾਈ ਸਰਕਾਰਾਂ ਅਜਿਹੇ ਕਦਮ ਪੁੱਟ ਰਹੀਆਂ ਹਨ।



ਹੁਣ ਤੱਕ ਅਲੱਗ-ਅਲੱਗ ਧਰਮਾਂ ਦੇ ਲੋਕਾਂ ਲਈ ਅਲੱਗ-ਅਲੱਗ ਸਿਵਲ ਕੋਡ ਲਾਗੂ ਹਨ। ਹਿੰਦੂ ਮੈਰਿਜ ਐਕਟ-1955 ਤੇ ਹਿੰਦੂ ਸਸੈਸ਼ਨ ਐਕਟ-1956 ਜੈਨ, ਸਿੱਖ ਭਾਈਚਾਰਿਆਂ ਦੇ ਲੋਕਾਂ ਸਮੇਤ ਹਿੰਦੂ ਧਰਮ ਵਿਚ ਆਸਥਾ ਰੱਖਣ ਵਾਲਿਆਂ ਦੇ, ਮੁਸਲਿਮ ਪਰਸਨਲ ਲਾਅ (ਸ਼ਰੀਅਤ ਐਪਲੀਕੇਸ਼ਨਜ਼ ਐਕਟ-1937) ਤਹਿਤ ਇਸਲਾਮ ਨੂੰ ਮੰਨਣ ਵਾਲਿਆਂ ਦੇ ਅਤੇ ਈਸਾਈਆਂ, ਯਹੂਦੀਆਂ, ਪਾਰਸੀਆਂ ਤੇ ਹੋਰਨਾਂ ਧਰਮਾਂ ਨਾਲ ਸਬੰਧਤ ਵਿਅਕਤੀਆਂ ਦੇ ਵਿਆਹ, ਸ਼ਾਦੀ, ਤਲਾਕ, ਮੁਤਬੰਨਾ, ਮੁਆਵਜ਼ਾ, ਜ਼ਾਇਦਾਦ ਦੇ ਨਿਯਮਾਂ ਦਾ ਪਾਲਣ ਕਰਨ ਲਈ ਕਹਿੰਦੇ ਹਨ।

ਇੱਕਸਾਰ ਸਿਵਲ ਕੋਡ ਦੇ ਸਿਆਸੀ ਪੱਧਰ 'ਤੇ ਪੈਣ ਵਾਲੇ ਅਸਰਾਂ, ਵਿਸ਼ੇਸ਼ ਕਰ ਕੇ ਔਰਤਾਂ ਲਈ ਇਹਦੇ ਅਸਰਾਂ ਨੂੰ ਵਿਚਾਰਨਾ ਅਹਿਮ ਹੈ। ਇਸ ਕਾਨੂੰਨ ਦੀਆਂ ਇਤਿਹਾਸਕ ਜੜ੍ਹਾਂ ਬਸਤੀਵਾਦ ਰਾਜ ਦੇ ਅੰਦਰ ਹੀ ਪਈਆਂ ਹਨ। ਵਿਆਹ ਸਬੰਧਾਂ ਬਾਰੇ ਭਾਰਤੀਆਂ ਦਾ ਵਤੀਰਾ ਛੋਟੀਆਂ ਬੱਚੀਆਂ ਦੀ ਮੈਰਿਜ ਦੀ ਇਜਾਜ਼ਤ ਤੇ ਆਪਸੀ ਸਹਿਭਾਵ ਨਾਲ ਇਕੱਠਿਆਂ ਬਿਨਾਂ ਰਸਮੀ ਵਿਆਹ ਤੋਂ ਰਹਿਣਾ ਬਸਤੀਵਾਦ ਰਾਜ ਨੂੰ ਹਜ਼ਮ ਨਹੀਂ ਸੀ ਆ ਰਿਹਾ।

1857 ਦੀ ਪਹਿਲੀ ਜੰਗ-ਏ-ਆਜ਼ਾਦੀ ਦੀ ਬਗਾਵਤ ਬਸਤੀਵਾਦੀ ਹਾਕਮਾਂ ਦੇ ਮਨਾਂ ਅੰਦਰ ਤਾਜ਼ਾ ਪਈ ਸੀ। ਉਹ ਹਰ ਹੀਲੇ ਭਾਰਤੀ ਲੋਕਾਂ ਨੂੰ ਗੁਲਾਮ ਰੱਖਣ ਲਈ ਉਨ੍ਹਾਂ ਦੇ ਜ਼ਿਹਨਾਂ 'ਤੇ ਜਿੰਦਰੇ ਲਾਉਣੇ ਚਾਹੁੰਦੇ ਸਨ ਅਤੇ ਜ਼ਿੰਦਗੀ ਦੇ ਹਰ ਸ਼ੋਅਬੇ ਅੰਦਰ ਦਖਲਅੰਦਾਜ਼ੀ ਕਰ ਕੇ ਇਹ ਦਿਖਾਉਣਾ ਲੋਚਦੇ ਸਨ ਕਿ ਤੁਹਾਡੀ ਕੋਈ ਹੈਸੀਅਤ ਨਹੀਂ ਹੈ। ਉਹ ਨਹੀਂ ਚਾਹੁੰਦੇ ਸਨ ਕਿ ਭਾਰਤੀ ਲੋਕ ਆਪਣੀ ਮਨ-ਮਰਜ਼ੀ ਨਾਲ ਇਓਂ ਖੁੱਲ੍ਹੇ ਵਿਚਰਨ। ਉਨ੍ਹਾਂ ਨੇ ਲੋਕਾਂ ਦਰਮਿਆਨ ਵੰਡੀਆਂ ਪਾਉਣ ਦੇ ਮਕਸਦ ਨਾਲ 1868 ਵਿਚ ਜਾਬਰ ਕੰਟੇਜੀਅਸ ਡਿਜ਼ੀਜ਼ਸ ਐਕਟ (ਸੀ.ਡੀ.ਏ.) ਲਿਆਂਦਾ।

ਇਹਦੀ ਖਾਸੀਅਤ ਇਹ ਸੀ ਕਿ ਇਸ ਕਾਨੂੰਨ ਨੇ ਕੈਥੋਲਿਕ ਨਿਊਕਲੀਅਰ ਪਰਿਵਾਰਾਂ ਨੂੰ ਛੱਡ ਕੇ ਬਾਕੀ ਹਰ ਕਿਸਮ ਦੇ ਪਰਿਵਾਰਕ ਸਬੰਧਾਂ ਨੂੰ ਖਾਰਜ ਕਰ ਦਿੱਤਾ। ਅਜਿਹੇ ਸਬੰਧਾਂ ਵਾਲੇ ਔਰਤ-ਮਰਦਾਂ ਨੂੰ ਬਦਮਾਸ਼ ਦੀ ਸ਼੍ਰੇਣੀ ਵਿਚ ਲੈ ਆਂਦਾ ਅਤੇ ਇਨ੍ਹਾਂ ਨੂੰ ਖੁੱਲ੍ਹੇ ਜਿਨਸੀ ਸਬੰਧਾਂ ਦੇ ਦੋਸ਼, ਬਹੁ-ਪਤਨੀ ਪ੍ਰਥਾ, ਇੱਥੋਂ ਤੱਕ ਕਿ ਇਨ੍ਹਾਂ ਨੂੰ 'ਖ਼ਾਨਦਾਨੀ' ਰੰਡੀਬਾਜ਼ੀ ਤੱਕ ਵੀ ਕਿਹਾ। ਅਣਵਿਆਹੀਆਂ ਔਰਤਾਂ ਚਾਹੇ ਜਿਨ੍ਹਾਂ ਨੂੰ ਛੱਡ ਦਿੱਤਾ ਗਿਆ ਸੀ ਜਾਂ ਜਿਹੜੀਆਂ ਵਿਧਵਾ ਹੋ ਗਈਆਂ ਸਨ, ਜਾਂ ਗਰੀਬ ਸਨ, ਜਾਂ ਆਰਥਿਕ ਪੱਖੋਂ ਕਾਇਮ ਇਕੱਲੀਆਂ ਔਰਤਾਂ ਸਨ, ਉਨ੍ਹਾਂ ਨੂੰ ਬਰਤਾਨਵੀ ਫੌਜ ਦੀਆਂ ਛਾਉਣੀਆਂ ਅੰਦਰ ਰਹਿਣ ਵਾਲੇ ਫੌਜੀਆਂ ਨੂੰ ਸੈਕਸ ਦੀਆਂ ਲਾਗ ਦੀਆਂ ਬਿਮਾਰੀਆਂ ਫੈਲਾਉਣ ਦਾ ਕਾਰਨ ਦੱਸ ਨੇ ਹਸਪਤਾਲਾਂ ਦੀਆਂ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। 1886 ਵਿਚ ਭਾਵੇਂ ਇਹ ਕਾਨੂੰਨ ਵਾਪਸ ਲੈ ਲਿਆ ਗਿਆ ਪਰ ਭਾਰਤੀ ਜਨਤਾ 'ਤੇ ਬਸਤੀਵਾਦੀ ਰਾਜ ਪੱਕਾ ਕਰਨ ਵਾਲਾ ਕੰਮ (ਡਰ ਦਾ ਮਾਹੌਲ ਬਣਾਉਣਾ) ਇਹ ਕਰ ਗਿਆ।

ਇੱਕ ਹੋਰ ਕਾਨੂੰਨ ਜੋ ਧਿਆਨ ਦੀ ਮੰਗ ਕਰਦਾ ਹੈ, ਉਹ ਹੈ- 1891 ਦਾ ਸਹਿਮਤੀ (ਰਜ਼ਾਮੰਦੀ ਦੀ) ਉਮਰ (ਏਜ ਆਫ ਕੰਨਸੈਂਟ ਐਕਟ) ਵਾਲਾ ਕਾਨੂੰਨ ਲਿਆਂਦਾ ਗਿਆ। ਇਹਦਾ ਮਕਸਦ ਭਾਵੇਂ ਛੋਟੀ ਉਮਰ ਦੀਆਂ ਬੱਚੀਆਂ ਦੀ ਸ਼ਾਦੀ ਰੋਕਣ ਲਈ ਸੀ ਪਰ ਇਸ ਮਾਮਲੇ ਵਿਚ ਵੀ ਕਾਫ਼ੀ ਜ਼ਿਆਦਾ ਬਹਿਸ-ਮੁਬਾਹਸਿਆਂ, ਵਿਰੋਧੀ ਮੁਜ਼ਾਹਰਿਆਂ ਅਤੇ ਅਸੈਂਬਲੀ ਅੰਦਰ ਵਿਚਾਰ ਚਰਚਾਵਾਂ ਕਰਨ ਤੋਂ ਬਾਅਦ ਸਹਿਮਤੀ ਦੀ ਉਮਰ ਨੂੰ ਮਸਾਂ ਹੀ 10 ਤੋਂ 12 ਸਾਲ ਕੀਤਾ ਜਾ ਸਕਿਆ।

1928 ਦੇ ਚਾਈਲਡ ਮੈਰਿਜ ਰੇਸਟਰੇਂਟ ਐਕਟ (ਜਿਹੜਾ ਸਾਰਦਾ ਐਕਟ ਦੇ ਨਾਂ ਨਾਲ ਮਸ਼ਹੂਰ ਹੈ) ਤਹਿਤ ਸਹਿਮਤੀ ਦੀ ਉਮਰ ਨੂੰ 14 ਸਾਲ ਤੱਕ ਹੀ ਵਧਾਇਆ ਜਾ ਸਕਿਆ। ਅੱਜ ਕੱਲ੍ਹ ਇਹ 18 ਸਾਲ ਹੈ ਪਰ ਇਸ ਨੂੰ ਵਧਾ ਕੇ 21 ਸਾਲ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ; ਉਲਟਾ ਫੌਜਦਾਰੀ ਕਾਨੂੰਨੀ ਅਦਾਲਤਾਂ ਨੇ ਆਪਣੇ ਕਈ ਸੁਝਾਵਾਂ ਵਿਚ ਸਰਕਾਰ ਨੂੰ ਕਿਹਾ ਹੈ ਕਿ ਉਹ ਸਹਿਮਤੀ ਨਾਲ ਵਿਆਹ/ਸੈਕਸ ਸਬੰਧ ਬਣਾਉਣ ਦੀ ਉਮਰ ਘੱਟ ਕਰੇ ਤਾਂ ਜੋ ਬਲਾਤਕਾਰ ਜਾਂ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਘਰੋਂ ਭੱਜ ਕੇ ਵਿਆਹ ਕਰਾਉਣ, ਸਹਿਮਤੀ ਨਾਲ ਸੈਕਸ ਸਬੰਧ ਬਣਾਉਣ ਵਾਲੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਫੌਜਦਾਰੀ ਕੇਸਾਂ ਦਾ ਸਾਹਮਣਾ ਨਾ ਕਰਨਾ ਪਵੇ ਕਿਉਂਕਿ ਵਿਗਿਆਨਕ ਖੋਜਾਂ ਮੁਤਾਬਕ ਬੱਚੇ ਇਸ ਉਮਰ ਤੱਕ ਪਹੁੰਚ ਕੇ ਆਪਣੇ ਫੈਸਲੇ ਆਪ ਕਰਨ ਦੇ ਕਾਬਲ ਹੋ ਜਾਂਦੇ ਹਨ।

ਇਸ ਸਾਰੇ ਕੁਝ ਦੇ ਬਾਵਜੂਦ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਅੱਜ ਵੀ ਬਾਲ ਵਿਆਹ ਦੀ ਪ੍ਰਥਾ ਚੱਲ ਰਹੀ ਹੈ। ਅਸਲ ਵਿਚ, ਇਸ ਦੇ ਕਾਰਨ ਸਮਾਜਿਕ ਹੋਣ ਦੇ ਨਾਲ-ਨਾਲ ਆਰਥਿਕ ਵਧੇਰੇ ਹਨ। ਮਾਪੇ ਆਪਣੀਆਂ ਬੱਚੀਆਂ ਨੂੰ ਵਿਆਹ ਕੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋਣਾ ਚਾਹੁੰਦੇ ਹਨ। ਰਵਾਇਤੀ ਮਾਨਸਿਕ ਢਲਾਈ, ਪ੍ਰੰਪਰਕ ਬੰਧੇਜ, ਪਰਿਵਾਰ ਤੇ ਭਾਈਚਾਰੇ ਦੇ ਪ੍ਰਭਾਵਾਂ ਅਤੇ ਸੋਚਣੀ ਕਾਰਨ ਔਰਤਾਂ ਦੀਆਂ ਜ਼ਿੰਦਗੀਆਂ 'ਤੇ ਪਾਏ ਪ੍ਰਭਾਵਾਂ ਬਾਰੇ ਹੈਰਾਨਕੁਨ ਅੰਕੜੇ ਸਾਹਮਣੇ ਆਏ ਹਨ। 2001 ਦੀ ਮਰਦਮਸ਼ੁਮਾਰੀ ਮੁਤਾਬਕ 25 ਤੋਂ 29 ਸਾਲ ਦੀਆਂ 94.3 ਫੀਸਦੀ ਅਤੇ 2011 ਦੀ ਮਰਦਮਸ਼ੁਮਾਰੀ ਅਨੁਸਾਰ 91.1 ਫੀਸਦੀ ਔਰਤਾਂ ਵਿਆਹੀਆਂ ਹੋਈਆਂ ਸਨ। ਇਹ ਅੰਕੜੇ ਪੁਰਾਤਨ ਬਾਲ ਵਿਆਹ ਦਾ ਹੀ ਅਜੋਕਾ ਰੂਪ ਹਨ ਜਦਕਿ ਇਹ ਉਮਰ ਦਾ ਉਹ ਪੜਾਅ ਹੁੰਦਾ ਹੈ ਜਿਸ ਦੌਰਾਨ ਕੋਈ ਵੀ ਵਿਅਕਤੀ ਆਪਣੇ ਕਰੀਅਰ 'ਤੇ ਫੋਕਸ ਕਰ ਕੇ ਚੱਲ ਰਿਹਾ ਹੁੰਦਾ ਹੈ ਪਰ ਇਸ ਉਮਰ ਗਰੁੱਪ ਦੀਆਂ ਲੜਕੀਆਂ ਅੰਦਰ ਸਿੰਗਲ (ਇਕੱਲੀਆਂ) ਰਹਿਣ ਦੀਆਂ ਦੁਸ਼ਵਾਰੀਆਂ, ਪਰਿਵਾਰ ਤੇ ਰਿਸ਼ਤੇਦਾਰਾਂ ਵੱਲੋਂ ਇਕੱਲੀ ਤੁਰੀ ਫਿਰਦੀ ਔਰਤ ਨੂੰ ਤਾਹਨੇ-ਮਿਹਣੇ ਮਾਰਨਾ, ਪਰਿਵਾਰ 'ਤੇ ਸਮਾਜ ਦਾ ਇਹ ਦਬਾਅ ਕਿ ਇਹ ਉਮਰ ਤਾਂ ਵਿਆਹੁਣ ਵਾਲੀ ਹੈ ਆਦਿ ਇਨ੍ਹਾਂ ਔਰਤਾਂ ਦੇ ਇੰਨੇ ਵੱਡੇ ਪੱਧਰ 'ਤੇ ਵਿਆਹੀਆਂ ਹੋਣ ਦੇ ਕਾਰਨ ਬਣਦੇ ਹਨ।

ਭਾਰਤ ਦੇ ਸੰਵਿਧਾਨ ਅੰਦਰ ਦਰਜ ਹੈ ਕਿ ਭਾਰਤ ਦੇ ਹਰ ਸ਼ਹਿਰੀ ਨੂੰ ਆਪਣੇ ਮੁਤਾਬਕ ਜ਼ਿੰਦਗੀ ਜਿਊਣ ਦਾ ਹੱਕ ਹੈ। ਅਸੀਂ ਲਿਵ-ਇਨ ਰਿਲੇਸ਼ਨਜ਼ ਦੀ ਬਾਰੀਕੀ ਨਾਲ ਹਾਂ-ਪੱਖ ਜਾਂ ਨਾਂਹ-ਪੱਖ ਨੂੰ ਇੱਥੇ ਨਹੀਂ ਵਿਚਾਰ ਰਹੇ ਪਰ ਇੰਨਾ ਜ਼ਰੂਰ ਹੈ ਕਿ ਇਹ ਹਰ ਨਾਗਰਿਕ ਦਾ ਹੱਕ ਹੈ ਕਿ ਉਹ ਕਿਸ ਨਾਲ ਰਹਿਣਾ ਚਾਹੁੰਦਾ ਹੈ ਜਾਂ ਨਹੀਂ ਰਹਿਣਾ ਚਾਹੁੰਦਾ। ਨਾਲ ਹੀ ਕਿਸੇ ਵਿਅਕਤੀ ਦੇ ਬੈੱਡਰੂਮ ਅੰਦਰ ਕੀ ਰਿੱਝ-ਪੱਕ ਰਿਹਾ ਹੈ, ਇਹਦੀ ਸੂਹ ਲੈਣ ਦਾ ਸਰਕਾਰ ਜਾਂ ਸਰਕਾਰੀ ਏਜੰਸੀਆਂ ਨੂੰ ਕੋਈ ਅਧਿਕਾਰ ਨਹੀਂ। ਅਜਿਹਾ ਕਰਨਾ ਉਨ੍ਹਾਂ ਦੇ ਨਿੱਜਤਾ ਦੇ ਅਧਿਕਾਰ 'ਤੇ ਛਾਪਾ ਹੈ।

ਇੱਕ ਦੇਸ਼ ਇੱਕ ਚੋਣ, ਇੱਕ ਕਾਨੂੰਨ ਇੱਕ ਰਾਸ਼ਨ ਕਾਰਡ ਆਦਿ ਦਾ ਸੰਘ ਪਾੜਵਾਂ ਪ੍ਰਚਾਰ ਜ਼ੋਰਾਂ 'ਤੇ ਹੈ। ਇਹ ਸਿਰਫ ਪ੍ਰਚਾਰ ਹੀ ਨਹੀਂ, ਕੇਂਦਰੀ ਸਰਕਾਰ ਸੱਚਮੁੱਚ ਅਜਿਹਾ ਕਰ ਰਹੀ ਹੈ। ਪੁਰਾਤਨ ਪੰਥੀ ਤਾਕਤਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਹ ਸਭ ਇੱਕ ਖਾਸ ਗ੍ਰੰਥ ਦੀ ਰੌਸ਼ਨੀ ਵਿਚ ਕੀਤਾ ਜਾ ਰਿਹਾ ਹੈ ਜਿਸ ਵਿਚ ਗ੍ਰੰਥ ਔਰਤਾਂ ਨਾਲ ਸਖ਼ਤੀ ਬਾਰੇ ਲਿਖਿਆ ਗਿਆ ਹੈ; ਮਸਲਨ, ਪਤੀ-ਪਿਤਾ ਅਤੇ ਭਾਈ ਨੂੰ ਚਾਹੀਦਾ ਹੈ ਕਿ ਉਹ ਇਸਤਰੀਆਂ ਨੂੰ ਹਮੇਸ਼ਾ ਆਪਣੇ ਕਾਬੂ ਵਿਚ ਰੱਖਣ; ਸ਼ਰਾਬ, ਨਸ਼ੀਲੇ ਪਦਾਰਥਾਂ ਦਾ ਸੇਵਨ, ਬੁਰੇ ਲੋਕਾਂ ਦੀ ਦੋਸਤੀ, ਪਤੀ ਨਾਲੋਂ ਵੱਖਰੇ ਰਹਿਣਾ, ਬੇਵਕਤ ਸੌਣਾ ਅਤੇ ਦੂਜਿਆਂ ਦੇ ਘਰ ਰਹਿਣਾ- ਇਹ ਛੇ ਪ੍ਰਕਾਰ ਦੇ ਦੋਸ਼ ਔਰਤਾਂ ਬਾਰੇ ਕਹੇ ਗਏ ਹਨ।

ਇਹ ਪ੍ਰਚਾਰ ਦੱਬ ਕੇ ਕੀਤਾ ਜਾ ਰਿਹਾ ਹੈ ਕਿ ਭਾਰਤ ਦਾ ਮੌਜੂਦਾ ਸੰਵਿਧਾਨ ਪੱਛਮੀ ਤਰਜ਼ ਦਾ ਹੈ ਅਤੇ ਇਹ ਭਾਰਤ ਦੀ ਪ੍ਰਾਚੀਨਤਾ ਤੋਂ ਦੂਰ ਲੈ ਕੇ ਜਾਣ ਵਾਲਾ ਹੈ। ਇਸ ਲਈ ਇਹਦੀ ਥਾਂ 'ਤੇ ਖਾਸ ਗ੍ਰੰਥ ਅੰਦਰ ਦਰਜ ਕੋਡ ਸੰਵਿਧਾਨ ਮੰਨੇ ਜਾਣੇ ਚਾਹੀਦੇ ਹਨ।

ਇਵੇਂ ਹੀ ਇੱਕਸਾਰ ਸਿਵਲ ਕੋਡ ਲਾਗੂ ਕਰ ਕੇ ਭਾਰਤ ਸਦੀ ਅੱਧੀ ਆਬਾਦੀ ਬਣਦੀਆਂ ਔਰਤਾਂ ਅਤੇ ਨਾਲ ਹੀ ਮਰਦਾਂ ਨੂੰ ਉਨ੍ਹਾਂ ਦੀ ਆਸਥਾ ਅਨੁਸਾਰ ਧਾਰਮਿਕ ਅਸੂਲਾਂ ਦੀ ਪਾਲਣਾ ਕਰਨ ਦੇ ਹੱਕ 'ਤੇ ਛਾਪਾ ਹੈ, ਉਨ੍ਹਾਂ ਦੇ ਆਜ਼ਾਦਾਨਾ ਵਿਚਰਨ 'ਤੇ ਹਮਲਾ ਹੈ। ਮੌਜੂਦਾ ਸਰਕਾਰ ਦਾ ਨਿਸ਼ਾਨਾ ਮੁਲਕ ਦੀ ਬਹੁ-ਰੰਗੀ ਤਹਿਜ਼ੀਬ ਨੂੰ ਯਕਰੰਗੀ ਬਣਾਉਣਾ ਹੈ। ਅਜਿਹੇ ਕਦਮਾਂ ਨੂੰ ਏਕੇ ਦੇ ਜ਼ੋਰ ਹੀ ਠੱਲ੍ਹ ਪਾਈ ਜਾ ਸਕਦੀ ਹੈ।

# ਔਰਤਾਂ ਵਾਲੇ ਕੰਮ

ਇੰਦਰਜੀਤ ਕੌਰ

ਅੱਠ ਸਾਲ ਬੀਤ ਗਏ ਹਨ। ਮੈਨੂੰ ਖੁਸ਼ੀ ਹੈ ਕਿ ਵਿਆਹ ਤੋਂ ਬਾਅਦ ਮੇਰਾ ਜੀਵਨ ਸਾਥੀ ਘਰ ਦੀ ਹਰ ਜ਼ਿੰਮੇਵਾਰੀ ਵਿਚ ਮੇਰੇ ਮੋਢੇ ਨਾਲ ਮੋਢਾ ਲਾ ਕੇ ਚੱਲਦਾ ਹੈ। ਉਸ ਨੇ ਕਦੇ ਵੀ ਘਰ ਦੇ ਕੰਮਾਂ ਤੋਂ ਮੂੰਹ ਨਹੀਂ ਫੇਰਿਆ। ਅਸੀਂ ਦੋਵੇਂ ਜੀਅ ਨਾ ਸਿਰਫ ਸਮਾਜ ਵਿਚ ਸਗੋਂ ਘਰ ਵਿਚ ਵੀ ਬਰਾਬਰੀ ਅਤੇ ਸਨਮਾਨ ਦੀ ਜ਼ਿੰਦਗੀ ਜੀਅ ਰਹੇ ਹਾਂ। ਨੌਕਰੀ 'ਤੇ ਜਾਣ ਤੋਂ ਪਹਿਲਾਂ ਅਸੀਂ ਦੋਵੇਂ ਆਪੋ-ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੇ ਹਾਂ ਤੇ ਨੌਕਰੀਆਂ ਤੋਂ ਪਰਤ ਕੇ ਵੀ ਰਲ ਮਿਲ ਕੇ ਕੰਮ ਵਿਚ ਜੁਟ ਜਾਂਦੇ ਹਾਂ। ਮੇਰੇ ਜੀਵਨ ਸਾਥੀ ਦੇ ਇਸ ਵਿਹਾਰ ਕਰ ਕੇ ਹੀ ਸ਼ਾਇਦ ਸਾਡੇ ਵਿਚਾਲੇ ਅਕਸਰ ਇਸ ਗੱਲ ਦੀ ਦੌੜ ਲੱਗੀ ਹੁੰਦੀ ਹੈ ਕਿ ਦੂਜੇ ਨੂੰ ਬਹੁਤਾ ਕੰਮ ਨਾ ਕਰਨਾ ਪਵੇ।

ਅੱਜ ਦੇ ਸਮੇਂ ਵਿਚ ਪਰਿਵਾਰ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਔਰਤ ਦੀ ਸ਼ਖ਼ਸੀ ਆਜ਼ਾਦੀ ਲਈ ਬਹੁਤ ਜ਼ਰੂਰੀ ਹੈ ਕਿ ਉਹ ਘਰ ਦੀ ਚਾਰਦੀਵਾਰੀ 'ਚੋਂ ਬਾਹਰ ਨਿੱਕਲੇ ਅਤੇ ਆਰਥਿਕ ਤੌਰ 'ਤੇ ਸਵੈ-ਨਿਰਭਰ ਬਣੇ। ਔਰਤ ਨੇ ਹਮੇਸ਼ਾ ਹੀ ਪਰਿਵਾਰ ਨੂੰ ਤੋਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਸਦੀਆਂ ਤੋਂ ਔਰਤ ਘਰ ਦੀ ਹਰ ਉਹ ਜ਼ਿੰਮੇਵਾਰੀ ਨਿਭਾਅ ਰਹੀ ਹੈ ਜੋ ਸਮਾਜ ਨੇ ਉਸ ਦੇ ਮੋਢਿਆਂ 'ਤੇ ਪਾਈ, ਫਿਰ ਵੀ ਪਰਿਵਾਰ ਨਾਮ ਦੀ ਸੰਸਥਾ ਵਿਚ ਉਸ ਦਾ ਦਰਜਾ ਦੋਇਮ ਹੀ ਰਿਹਾ ਹੈ। ਹੁਣ ਔਰਤਾਂ ਨਾ ਸਿਰਫ ਘਰ-ਪਰਿਵਾਰ ਦੀ ਜ਼ਿੰਮੇਵਾਰੀ ਚੁੱਕ ਰਹੀਆਂ ਹਨ ਸਗੋਂ ਮਰਦ ਦੇ ਬਰਾਬਰ ਨੌਕਰੀ ਕਰ ਕੇ ਘਰ ਦੀਆਂ ਵਿੱਤੀ ਲੋੜਾਂ ਵੀ ਪੂਰੀਆਂ ਕਰ ਰਹੀਆਂ ਹਨ। ਇਸ ਤਬਦੀਲੀ ਨਾਲ ਔਰਤਾਂ ਦੀਆਂ ਜ਼ਿੰਮੇਵਾਰੀਆਂ ਪਹਿਲਾਂ ਨਾਲੋਂ ਕਿਤੇ ਵਧ ਗਈਆਂ ਹਨ ਪਰ ਮੱਧਯੁਗੀ ਸੋਚ ਦੇ ਜਿਉਂ ਦੇ ਤਿਉਂ ਬਣੇ ਰਹਿਣ ਕਾਰਨ ਉਸ ਦੀ ਪਰਿਵਾਰਕ ਜ਼ਿੰਦਗੀ ਵਿਚ ਕੋਈ ਵੱਡੀ ਤਬਦੀਲੀ ਨਹੀਂ ਵਾਪਰੀ ਹੈ। ਨੌਕਰੀਪੇਸ਼ਾ ਔਰਤਾਂ ਵਾਲੇ ਵੱਡੀ ਗਿਣਤੀ ਪਰਿਵਾਰ ਅਜਿਹੇ ਹਨ ਜਿੱਥੇ ਪਤਨੀ ਸਵੇਰੇ ਸਭ ਤੋਂ ਪਹਿਲਾਂ ਉੱਠ ਕੇ ਸਾਰੇ ਪਰਿਵਾਰ ਨੂੰ ਚਾਹ ਨਾਸ਼ਤਾ ਕਰਵਾਉਂਦੀ ਹੈ, ਬੱਚਿਆਂ ਨੂੰ ਸਕੂਲ ਤੋਰਦੀ ਹੈ ਤੇ ਭੱਜ-ਨੱਠ ਕਰਦੀ ਸਾਹੋ-ਸਾਹ ਹੋਈ ਕਿਸੇ ਤਰ੍ਹਾਂ ਤਿਆਰ ਹੋ ਕੇ ਦਫ਼ਤਰ ਪੁੱਜਦੀ ਹੈ। ਸਾਰਾ ਦਿਨ ਦਫਤਰ ਵਿਚ ਕੰਮ ਕਰਨ ਮਗਰੋਂ ਜਦੋਂ ਉਹ ਘਰੇ ਪਰਤਦੀ ਹੈ ਤਾਂ ਉਹੀ ਜ਼ਿੰਮੇਵਾਰੀਆਂ ਮੁੜ ਮੂੰਹ ਟੱਡੀ ਉਸ ਨੂੰ ਉਡੀਕ ਰਹੀਆਂ ਹੁੰਦੀਆਂ ਹਨ। ਸੱਚ-ਮੁੱਚ 'ਕੰਮ ਤੋਂ ਪਰਤ ਕੇ ਔਰਤਾਂ ਕੰਮ 'ਤੇ ਹੀ ਪਰਤਦੀਆਂ ਹਨ'।

ਸਾਡੇ ਸਮਾਜ ਵਿਚ ਦਫਤਰੋਂ ਮੁੜੇ ਪਤੀ ਨੂੰ ਚਾਹ ਪਾਣੀ ਪੁੱਛਣ ਦੀ ਰੀਤ ਤਾਂ ਹੈ ਪਰ ਜਦੋਂ ਪਤਨੀ ਦਫ਼ਤਰ ਤੋਂ ਘਰੇ ਆਵੇ ਤਾਂ ਇਹ ਰੀਤ ਲਾਗੂ ਨਹੀਂ ਹੁੰਦੀ। ਜੇ ਦੋਵੇਂ ਇਕੱਠਿਆਂ ਵੀ ਘਰ ਪਰਤਣ, ਫਿਰ ਵੀ ਪਤਨੀ ਪਤੀ ਲਈ ਪਾਣੀ ਲਿਆਉਣ ਦੀ ਜ਼ਿੰਮੇਵਾਰੀ ਵਿਚ ਬੱਝੀ ਹੁੰਦੀ ਹੈ। ਔਰਤ ਦਫ਼ਤਰ ਤੋਂ ਘਰ ਪਰਤਦੀ ਹੈ ਤਾਂ ਉਸ ਲਈ ਰਾਤ ਦਾ ਖਾਣਾ ਤਿਆਰ ਕਰਨਾ, ਬੱਚਿਆਂ ਨੂੰ ਪੜ੍ਹਾਉਣਾ, ਪਰਿਵਾਰ ਦੀ ਸੇਵਾ ਕਰਨਾ ਅਤੇ ਹਰ ਉਹ ਕੰਮ ਕਰਨਾ ਇਸ ਜ਼ਿੰਮੇਵਾਰੀ ਤਹਿਤ ਲਾਜ਼ਮੀ ਹੁੰਦਾ ਹੈ ਕਿ ਇਹ ਕੰਮ ਉਸ ਦੇ ਬਾਹਰ ਜਾਣ ਕਾਰਨ ਹੀ ਰੁਕੇ ਹੋਏ ਸਨ।

ਦੇਖਿਆ ਜਾਵੇ ਤਾਂ ਸਾਡਾ ਸਮਾਜਿਕ ਤੇ ਪਰਿਵਾਰਕ ਢਾਂਚਾ ਪੁੱਤਰ ਨੂੰ ਪਰਜੀਵੀ ਅਤੇ ਹਰ ਧੀ ਨੂੰ ਸੁਚੱਜੀ ਸੇਵਾਦਾਰ ਬਣਾਉਣ ਵਿਚ ਜੁਟਿਆ ਹੋਇਆ ਹੈ। ਮੱਧਯੁਗੀ ਸੱਭਿਆਚਾਰ, ਸੰਸਕਾਰ ਅਤੇ ਮਾਣ ਮਰਿਆਦਾ ਦੇ ਨਾਂ 'ਤੇ ਧੀ ਨੂੰ ਆਪਣੀਆਂ ਇੱਛਾਵਾਂ ਤਿਆਗ ਕੇ ਹੋਰਨਾਂ ਲਈ ਕੁਰਬਾਨੀਆਂ ਦੇਣ ਦਾ 'ਕੁਦਰਤੀ ਨੇਮ' ਘੋਟ-ਘੋਟ ਕੇ ਸਿਖਾਇਆ ਜਾਂਦਾ ਹੈ। ਔਰਤ ਘਰੇਲੂ ਕੰਮਾਂ ਦੇ ਨਾਲ-ਨਾਲ ਬੱਚੇ ਵੀ ਸਾਂਭਦੀ ਹੈ, ਨੌਕਰੀ ਕਰ ਕੇ ਪਤੀ ਦੇ ਬਰਾਬਰ ਕਮਾਈ ਵੀ ਕਰਦੀ ਹੈ ਪਰ ਪਿੱਤਰ ਸੱਤਾ ਕਾਰਨ ਮਰਦ ਲਈ ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲਣਾ ਲਾਜ਼ਮੀ ਨਹੀਂ। ਜੇ ਕੁਝ ਕੁ ਮਰਦ ਇਸ ਜ਼ਿੰਮੇਵਾਰੀ ਵਿਚ ਪਤਨੀ ਦਾ ਸਾਥ ਦਿੰਦੇ ਹਨ ਤਾਂ ਉਨ੍ਹਾਂ ਨੂੰ ਵੀ ਬਹੁਤੀ ਵਾਰ ਪਰਿਵਾਰ ਦੇ ਜੀਅ ਅਤੇ ਦੋਸਤ-ਮਿੱਤਰ ਟਿੱਚਰਾਂ ਕਰਦੇ ਹਨ। ਦੋਸਤ ਉਸ ਨੂੰ ਅਕਸਰ 'ਘਰਵਾਲੀ ਦੇ ਥੱਲੇ ਲੱਗਿਆ', 'ਜ਼ੋਰੂ ਦਾ ਗੁਲਾਮ' ਕਹਿੰਦੇ ਹਨ; ਪਰਿਵਾਰ ਦੇ ਜੀਆਂ ਨੂੰ 'ਔਰਤਾਂ ਵਾਲੇ ਕੰਮ' ਕਰਦਿਆਂ ਦੇਖ ਆਪਣੇ ਪੁੱਤਰ 'ਤੇ ਤਰਸ ਆਉਣ ਲੱਗਦਾ ਹੈ। ਇਉਂ ਔਰਤ ਨਾ ਚਾਹੁੰਦੀ ਹੋਈ ਵੀ ਸਹੁਰੇ ਪਰਿਵਾਰ ਵਿਚ ਨਫ਼ਰਤ ਦੀ ਪਾਤਰ ਬਣ ਜਾਂਦੀ ਹੈ।

ਬਹਰਹਾਲ, ਸਮੇਂ ਨਾਲ ਕੁਝ ਤਬਦੀਲੀ ਜ਼ਰੂਰ ਆਈ ਹੈ। ਕੁਝ ਮਰਦ ਆਪਣੀ ਇਸ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਨਾ ਸਿਰਫ ਅੱਗੇ ਵਧ ਕੇ ਪਤਨੀ ਦਾ ਸਾਥ ਦਿੰਦੇ ਹਨ ਸਗੋਂ ਆਪਣੇ ਦੋਸਤਾਂ-ਮਿੱਤਰਾਂ ਤੇ ਜਾਣਕਾਰਾਂ ਨੂੰ ਅਜਿਹਾ ਕਰਨ ਲਈ ਪ੍ਰੇਰਦੇ ਵੀ ਹਨ। ਕੁਝ ਮਹੀਨੇ ਪਹਿਲਾਂ ਜਦੋਂ ਸਾਨੂੰ ਘਰ ਵਿਚ ਨਵਾਂ ਜੀਅ ਆਉਣ ਦੀ ਖਬਰ ਮਿਲੀ, ਉਹ ਵੇਲਾ ਸਾਡੇ ਦੋਵਾਂ ਲਈ ਅਮੁੱਲ ਸੀ। ਇਸ ਜਹਾਨ ਅੰਦਰ ਇਸ ਜੀਅ ਦੀ ਆਮਦ ਅਜੇ ਹੋਣੀ ਹੈ ਪਰ ਮੇਰੇ ਜੀਵਨ ਸਾਥੀ ਨੇ ਹੋਰਨਾਂ ਵਾਂਗ ਇਸ ਖੁਸ਼ੀ 'ਤੇ ਸਿਰਫ ਜਸ਼ਨ ਮਨਾਉਣ ਦੀ ਥਾਂ ਉਨ੍ਹਾਂ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਹੁਣ ਤੱਕ ਹਰ ਦਿਨ ਮੇਰੀ ਅਤੇ ਬੱਚੇ ਦੀ ਸੰਭਾਲ ਕੀਤੀ ਹੈ। ਇਸ ਸਫ਼ਰ ਵਿਚ ਹਰ ਕਦਮ 'ਤੇ ਸਾਥ ਦਿੱਤਾ। ਔਰਤ ਲਈ ਇਨ੍ਹਾਂ ਨੌਂ ਮਹੀਨਿਆਂ ਦੀ ਘਾਲਣਾ ਇਕੱਲਿਆਂ ਝੱਲਣਾ ਸੁਖਾਲਾ ਨਹੀਂ ਹੁੰਦਾ ਪਰ ਜਦੋਂ ਉਸ ਦਾ ਸਾਥੀ ਇਸ ਸਫ਼ਰ ਵਿਚ ਸਾਥ ਦੇਵੇ ਤਾਂ ਔਰਤ ਦੇ ਦਿਲ ਵਿਚ ਸਾਥੀ ਲਈ ਪਿਆਰ ਤੇ ਇੱਜ਼ਤ ਹਜ਼ਾਰਾਂ ਗੁਣਾ ਵਧ ਜਾਂਦੇ ਹਨ। ਉਂਝ ਵੀ, ਇਹ ਮਸਲਾ ਨਿੱਜੀ ਨਹੀਂ, ਬਰਾਬਰੀ ਆਧਾਰਿਤ ਪਰਿਵਾਰਕ ਤੇ ਸਮਾਜਿਕ ਢਾਂਚੇ ਅਤੇ ਸਮੁੱਚੇ ਔਰਤ ਵਰਗ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ।

# ਨਾਗਰਿਕਤਾ ਕਾਨੂੰਨ ਦਾ ਕੁਹਜ ਅਤੇ ਸਰਕਾਰ

ਸੰਤਾਲੀ ਦੀ ਵੰਡ ਵੇਲੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਹੱਦਾਂ ਪਾਰ ਕਰ ਕੇ ਜਾਣ ਵਾਲੇ ਲੋਕਾਂ ਨੂੰ ਉੱਥੋਂ ਦੇ ਨਾਗਰਿਕ ਮੰਨ ਲਿਆ ਗਿਆ ਸੀ। ਜਿਹੜੇ ਲੋਕ ਵੰਡ ਤੋਂ ਕਈ ਸਾਲਾਂ ਬਾਅਦ ਇਕ ਦੂਜੇ ਦੇਸ਼ ਵਿਚ ਚਲੇ ਗਏ ਸਨ, ਉਨ੍ਹਾਂ ਨੂੰ ਨਾਗਰਿਕਤਾ ਕਾਨੂੰਨ, 1955 ਤਹਿਤ ਘੜੇ ਗਏ ਨੇਮਾਂ ਦਾ ਪਾਲਣ ਕਰਨਾ ਪਿਆ ਸੀ। ਸਾਲ 2019 ਵਿਚ ਭਾਜਪਾ ਸਰਕਾਰ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਲੈ ਕੇ ਆਈ ਸੀ ਜਿਸ ਵਿਚ ਖ਼ਾਸ ਤੌਰ 'ਤੇ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਵਿਚ ਸਤਾਈਆਂ ਜਾਂਦੀਆਂ ਧਾਰਮਿਕ ਘੱਟਗਿਣਤੀਆਂ ਦੇ ਮੈਂਬਰਾਂ ਦਾ ਜ਼ਿਕਰ ਕੀਤਾ ਗਿਆ ਸੀ। ਇਹ ਕਾਨੂੰਨ ਇਸ ਕਰ ਕੇ ਬਹੁਤ ਅਜੀਬ ਹੈ ਕਿਉਂਕਿ ਇਸ ਵਿਚ

**ਪਾਰਸ ਵੈਂਕਟੇਸ਼ਵਰ ਰਾਓ ਜੂਨੀਅਰ**

ਹਿੰਦੂਆਂ ਦੇ ਨਾਲ-ਨਾਲ ਬੋਧੀਆਂ, ਜੈਨੀਆਂ, ਪਾਰਸੀਆਂ ਅਤੇ ਇਸਾਈਆਂ ਨੂੰ ਸ਼ਾਮਿਲ ਕੀਤਾ ਗਿਆ ਹੈ, ਹਾਲਾਂਕਿ ਭਾਜਪਾ ਦਾ ਮੁੱਖ ਨਿਸ਼ਾਨਾ ਹਿੰਦੂ ਵੋਟ ਬੈਂਕ ਨੂੰ ਵਰਚਾਉਣ 'ਤੇ ਸੇਧਤ ਹੈ।

ਸਰਕਾਰ ਅੰਸ਼ਕ ਤੌਰ 'ਤੇ ਆਪਣੇ ਮਨਸ਼ੇ ਵਿਚ ਇਸ ਕਰ ਕੇ ਸਫਲ ਰਹੀ ਹੈ ਕਿਉਂਕਿ ਕੁਝ ਮੁਸਲਿਮ ਗਰੁੱਪਾਂ ਨੇ ਖ਼ਾਸਕਰ ਦਿੱਲੀ ਵਿਚ ਸੰਘਰਸ਼ ਵਿੱਢਿਆ ਸੀ। ਉਹ ਮਹਿਸੂਸ ਕਰਦੇ ਸਨ ਕਿ ਇਸ ਕਾਨੂੰਨ ਤਹਿਤ ਇਨ੍ਹਾਂ ਤਿੰਨ ਮੁਲਕਾਂ ਤੋਂ ਭਾਰਤ ਵਿਚ ਪਨਾਹ ਲੈਣ ਲਈ ਆਉਣ ਵਾਲੇ ਮੁਸਲਮਾਨਾਂ ਨਾਲ ਵਿਤਕਰਾ ਕੀਤਾ ਜਾਵੇਗਾ। ਇਹ ਕਾਫ਼ੀ ਭੰਬਲਭੂਸੇ ਭਰਿਆ ਖੇਤਰ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਵਿਚ ਇਹ ਭਰੋਸਾ ਦਿਵਾਇਆ ਸੀ ਕਿ ਇਨ੍ਹਾਂ ਮੁਲਕਾਂ ਤੋਂ ਪਲਾਇਨ ਕਰਨ ਵਾਲੇ ਮੁਸਲਮਾਨਾਂ ਨੂੰ ਨਿਯਮਤ ਮਾਰਗ ਅਖਤਿਆਰ ਕਰਨਾ ਪਵੇਗਾ ਅਤੇ ਇਸ 'ਤੇ ਕੋਈ ਰੋਕ ਨਹੀਂ ਹੋਵੇਗੀ। ਇਸ ਕਾਨੂੰਨ ਦਾ ਗੁੱਝਾ ਮਨੋਰਥ ਇਹ ਦਰਸਾਉਣਾ ਹੈ ਕਿ ਮੁਸਲਿਮ ਬਹੁਗਿਣਤੀ ਵਾਲੇ ਅਫ਼ਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਗ਼ੈਰ-ਮੁਸਲਿਮ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਅਸਲ ਵਿਚ ਇਨ੍ਹਾਂ ਦੇਸ਼ਾਂ ਵਿਚ ਧਾਰਮਿਕ ਘੱਟਗਿਣਤੀਆਂ ਦੀ ਸਥਿਤੀ ਕੋਈ ਬਹੁਤੀ ਸੁਖਾਵੀਂ ਨਹੀਂ ਰਹੀ। ਵੰਡ ਤੋਂ ਬਾਅਦ ਵੀ ਬਹੁਤ ਸਾਰੇ ਹਿੰਦੂ ਪਾਕਿਸਤਾਨ ਵਿਚ ਰਹਿੰਦੇ ਸਨ। ਅਫ਼ਗਾਨਿਸਤਾਨ ਵਿਚ ਰਹਿਣ ਵਾਲੇ ਸਿੱਖਾਂ ਅਤੇ ਹਿੰਦੂਆਂ ਲਈ ਸਮੱਸਿਆ ਉਦੋਂ ਪੈਦਾ ਹੋਈ ਜਦੋਂ 1996 ਵਿਚ ਤਾਲਿਬਾਨ ਨੇ ਸ਼ਾਸਨ ਦੀ ਵਾਗਡੋਰ ਸੰਭਾਲ ਲਈ।

> ***ਨਾਗਰਿਕਤਾ ਸੋਧ ਕਾਨੂੰਨ ਦੇ ਅਮਲ ਪਿੱਛੇ ਸੁਨੇਹਾ ਬਹੁਤ ਸਪੱਸ਼ਟ ਅਤੇ ਗੂੰਜਵਾਂ ਹੈ: ਭਾਜਪਾ ਇਹ ਦ੍ਰਿੜਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਮੁੱਖ ਤੌਰ 'ਤੇ ਦੇਸ਼ ਦੀ ਹਿੰਦੂ ਬਹੁਗਿਣਤੀ ਦੀ ਪਾਰਟੀ ਹੈ। ਇਹ ਇਸ ਦੀ 'ਹਿੰਦੂਆਂ ਨੂੰ ਪਹਿਲ' (ਹਿੰਦੂ ਫਸਟ) ਨੀਤੀ ਦਾ ਨਿਸ਼ਚਾ ਹੈ।***

ਸਿਤਮ ਦੀ ਗੱਲ ਇਹ ਹੈ ਕਿ ਭਾਜਪਾ ਅਤੇ ਇਸ ਦਾ ਮਾਰਗ ਦਰਸ਼ਕ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਜੋ ਆਪਣੇ ਹਿੰਦੂ ਪਛਾਣ ਨੂੰ ਉਭਾਰਦਾ ਹੈ ਅਤੇ ਆਪਣੇ ਮੁਸਲਿਮ ਤੇ ਇਸਾਈ ਵਿਰੋਧੀ ਤੁਅੱਸਬਾਂ ਨੂੰ ਵੀ ਕਦੇ ਛੁਪਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਇਨ੍ਹਾਂ ਨੂੰ ਆਪਣੇ ਗੁਆਂਢੀ ਦੇਸ਼ਾਂ ਅੰਦਰ ਧਾਰਮਿਕ ਘੱਟਗਿਣਤੀਆਂ ਦੇ ਹੱਕ ਵਿਚ ਖਲੋਣਾ ਚਾਹੀਦਾ ਸੀ। ਇਹ ਵਿਰੋਧਾਭਾਸ ਹੈ ਪਰ ਇਹ ਸਿਰਫ਼ ਉਦਾਰਵਾਦੀ ਧਿਰਾਂ ਦੀਆਂ ਨਜ਼ਰਾਂ ਵਿਚ ਹੀ ਹੈ। ਆਰ.ਐੱਸ.ਐੱਸ.-ਭਾਜਪਾ ਗੱਠਜੋੜ ਆਪਣੇ ਹਿੰਦੂ ਬਹੁਗਿਣਤੀ ਪੱਖੀ ਝੁਕਾਅ ਨੂੰ ਲੈ ਕੇ ਕਦੇ ਵੀ ਸ਼ਰਮਸ਼ਾਰ ਨਹੀਂ ਹੋਇਆ। ਭਾਰਤ ਵਿਚ ਰਹਿੰਦੇ ਮੁਸਲਮਾਨਾਂ ਅਤੇ ਇਸਾਈਆਂ ਨੂੰ ਤਾਕੀਦ ਕਰਦਾ ਹੈ ਕਿ ਉਹ ਆਪਣੇ ਹਿੰਦੂ ਸਭਿਆਚਾਰ ਅਤੇ ਹਿੰਦੂ ਪਿਛੋਕੜ ਨੂੰ ਪ੍ਰਵਾਨ ਕਰਨ। ਅਸਲ ਵਿਚ 'ਸਭਿਆਚਾਰਕ ਧੌਂਸਬਾਜ਼ੀ' ਹੀ ਹਿੰਦੂਤਵ ਦਾ ਮੂਲ ਖ਼ਾਸਾ ਹੈ ਜੋ ਭਾਜਪਾ ਅਤੇ ਆਰ.ਐੱਸ.ਐੱਸ. ਦੀ ਰਾਜਨੀਤੀ ਨੂੰ ਪ੍ਰੇਰਦਾ ਹੈ।

ਇਕ ਵਾਰ ਫਿਰ ਤੱਥ ਇਸ ਨਵੇਂ ਕਾਨੂੰਨ ਦੇ ਝੂਠ ਨੂੰ ਉਜਾਗਰ ਕਰਦੇ ਹਨ। ਨਵੇਂ ਕਾਨੂੰਨ ਤਹਿਤ ਇਨ੍ਹਾਂ ਗੁਆਂਢੀ ਦੇਸ਼ਾਂ ਤੋਂ ਧਾਰਮਿਕ ਘੱਟਗਿਣਤੀਆਂ ਦੇ ਕਿੰਨੇ ਮੈਂਬਰਾਂ ਨੇ ਭਾਰਤੀ ਨਾਗਰਿਕਤਾ ਦੀ ਮੰਗ ਕੀਤੀ ਹੈ? ਇਨ੍ਹਾਂ ਦੀ ਸੰਖਿਆ ਬਹੁਤ ਹੀ ਘੱਟ ਹੈ। ਗਿਣਤੀ ਦੇ ਕੁਝ ਜੈਨੀ ਅਤੇ ਪਾਰਸੀ ਹਨ। ਬੋਧੀਆਂ ਵਿੱਚ ਬੰਗਲਾਦੇਸ਼ ਦੇ ਚਕਮਾ ਭਾਈਚਾਰੇ ਦੇ ਮੈਂਬਰ ਹਨ ਪਰ ਉੱਤਰ ਪੂਰਬ ਦੇ ਸੂਬੇ ਇਨ੍ਹਾਂ ਸ਼ਰਨਾਰਥੀਆਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ ਅਤੇ ਇਸ ਮੁੱਦੇ 'ਤੇ ਭਾਰਤ ਸਰਕਾਰ ਨੇ ਸ਼ਰਮਨਾਕ ਚੁੱਪ ਵੱਟੀ ਹੋਈ ਹੈ।

ਗ੍ਰਹਿ ਮਾਮਲਿਆਂ ਬਾਰੇ ਮੰਤਰਾਲੇ ਦੀ ਸਾਲਾਨਾ ਰਿਪੋਰਟ (2021-22) ਅਨੁਸਾਰ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਤੋਂ ਪਹਿਲੀ ਅਪਰੈਲ ਤੋਂ 31 ਦਸੰਬਰ 2021 ਤੱਕ ਗ਼ੈਰ-ਮੁਸਲਿਮ ਘੱਟਗਿਣਤੀਆਂ ਦੇ 1414 ਲੋਕਾਂ ਨੂੰ ਨਾਗਰਿਕਤਾ ਕਾਨੂੰਨ ਤਹਿਤ ਰਜਿਸਟ੍ਰੇਸ਼ਨ ਜਾਂ ਨਾਗਰਿਕਤਾ ਦਿੱਤੀ ਗਈ ਸੀ। 1950ਵਿਆਂ ਅਤੇ 1960ਵਿਆਂ ਦੇ ਸ਼ੁਰੂ ਵਿਚ ਪੂਰਬੀ ਪਾਕਿਸਤਾਨ ਤੋਂ ਆਏ ਹਿੰਦੂਆਂ ਨੂੰ ਅਸਾਮ ਵਿਚ ਸਭਿਆਚਾਰਕ ਪਛਾਣ ਦੇ ਉਭਾਰ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਸੀ। ਇਸ ਕਰ ਕੇ ਭਾਵੇਂ ਨਾਗਰਿਕਤਾ ਸੋਧ ਕਾਨੂੰਨ ਦੇ ਨੇਮ ਘੜ ਲਏ ਗਏ ਹਨ ਪਰ ਇਨ੍ਹਾਂ ਦਾ ਕੋਈ ਬਹੁਤਾ ਆਧਾਰ ਨਹੀਂ ਹੋਵੇਗਾ। ਸਵਾਲ ਇਹ ਹੈ ਕਿ ਲੋਕ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਅਮਿਤ ਸ਼ਾਹ ਨੇ ਨੇਮ ਤਿਆਰ ਕਰਨ ਦਾ ਐਲਾਨ ਕਿਉਂ ਕੀਤਾ? ਸੀ.ਏ.ਏ. ਹੁਣ ਤੱਕ ਠੰਢੇ ਬਸਤੇ ਵਿਚ ਪਿਆ ਸੀ ਅਤੇ ਮੋਦੀ ਸਰਕਾਰ ਇਹ ਨਹੀਂ ਚਾਹੁੰਦੀ ਸੀ ਕਿ ਲੋਕਾਂ ਨੂੰ ਇਹ ਜਾਪੇ ਕਿ ਕਾਨੂੰਨ ਬਣਾ ਕੇ ਸਰਕਾਰ ਹੁਣ ਇਸ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ। ਸਰਕਾਰ ਦੇ ਇਨ੍ਹਾਂ ਦਾਅਵਿਆਂ ਕਿ ਪਿਛਲੇ ਦਸ ਸਾਲਾਂ ਦੌਰਾਨ ਇਸ ਨੇ ਆਰਥਿਕ ਚਮਤਕਾਰ ਕੀਤਾ ਹੈ, ਭਾਜਪਾ ਆਗੂ ਖ਼ਾਸਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਹਰ ਸੰਭਵ ਢੰਗ ਨਾਲ ਇਸ ਗੱਲ ਨੂੰ ਦ੍ਰਿੜਾਉਣ ਦੀ ਲੋੜ ਮਹਿਸੂਸ ਕਰਦੇ ਹਨ ਕਿ ਉਹ ਦੇਸ਼ ਵਿਚ ਹਿੰਦੂ ਹਿੱਤਾਂ ਦੀ ਤਰਜਮਾਨੀ ਕਰਦੇ ਹਨ ਤਾਂ ਕਿ ਪਾਰਟੀ ਦੀਆਂ ਚੁਣਾਵੀ ਸੰਭਾਵਨਾਵਾਂ ਨੂੰ ਹੁਲਾਰਾ ਦਿੱਤਾ ਜਾ ਸਕੇ। ਭਾਜਪਾ ਅਤੇ ਮੋਦੀ-ਸ਼ਾਹ ਜੋੜੀ ਸ਼ਾਸਨ ਦੀਆਂ ਜ਼ਾਹਿਰਾ ਪ੍ਰਾਪਤੀਆਂ ਨਾਲ ਸਬਰ ਕਰ ਕੇ ਨਹੀਂ ਬੈਠ ਸਕਦੇ। ਉਨ੍ਹਾਂ ਨੂੰ ਵਾਰ ਵਾਰ ਇਹ ਦਰਸਾਉਣਾ ਪੈਂਦਾ ਹੈ ਕਿ ਪਾਰਟੀ ਹਿੰਦੂਆਂ ਲਈ ਕੰਮ ਕਰ ਰਹੀ ਹੈ।

ਜੇ ਅਫ਼ਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਹਿੰਦੂਆਂ ਨੂੰ ਨਾਗਰਿਕਤਾ ਦੇ ਦਿੱਤੀ ਜਾਂਦੀ ਹੈ ਤਾਂ ਕੀ ਦੇਸ਼ ਦੇ ਹਿੰਦੂਆਂ ਨੂੰ ਇਸ ਨਾਲ ਕੋਈ ਫ਼ਰਕ ਪਵੇਗਾ? ਹਿੰਦੂਤਵ ਵਿਚਾਰਕ ਇੰਦਾਂ ਗੱਲਾਂ ਕਰ ਰਹੇ ਹਨ ਜਿਵੇਂ ਇਹ ਹਿੰਦੂ ਸਭਿਅਤਾ ਲਈ ਜ਼ਿੰਦਗੀ ਅਤੇ ਮੌਤ ਦਾ ਮੁੱਦਾ ਬਣਿਆ ਹੋਇਆ ਹੈ ਪਰ ਇਹ ਕਿਸੇ ਮੁਹਾਵਰੇ ਤੋਂ ਵਧ ਕੇ ਕੁਝ ਵੀ ਨਹੀਂ ਹੈ। ਅਸੀਂ ਤਾਮਿਲ ਨਾਡੂ ਵਿਚ ਦੇਖਿਆ ਹੈ ਕਿ ਭਾਵੇਂ ਉੱਥੋਂ ਦੇ ਲੋਕ ਸ੍ਰੀਲੰਕਾ ਦੇ ਤਾਮਿਲ ਲੋਕਾਂ ਨਾਲ ਤੇਹ ਜਤਾਉਂਦੇ ਹਨ ਪਰ ਉਹ ਉਨ੍ਹਾਂ ਨੂੰ ਆਪਣੇ ਰਾਜ ਵਿਚ ਠਹਿਰਾਉਣ ਲਈ ਰਾਜ਼ੀ ਨਹੀਂ ਹਨ। ਮੁਸਲਮਾਨਾਂ ਨੂੰ ਹੁਣ 2019 ਜਾਂ 2020 ਜਿੰਨੀ ਚਿੰਤਾ ਨਹੀਂ ਹੈ ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਆਪਣੀ ਰੋਜ਼ਮੱਰਾ ਜ਼ਿੰਦਗੀ ਵਿਚ ਹੋਰ ਵਡੇਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਜਪਾ ਅਤੇ ਆਰਐੱਸਐੱਸ ਦੇ ਕਾਰਕੁਨ ਜ਼ਮੀਨੀ ਪੱਧਰ 'ਤੇ ਖ਼ਾਸਕਰ ਭਾਜਪਾ ਸ਼ਾਸਨ ਵਾਲੇ ਸੂਬਿਆਂ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਮੁਸਲਮਾਨਾਂ ਨੂੰ ਧਮਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਮੁਕਾਮੀ, ਸੂਬਾਈ ਅਤੇ ਰਾਸ਼ਟਰੀ ਚੋਣਾਂ ਵਿਚ ਹਲਕੇ ਦੇ ਲਿਹਾਜ਼ ਤੋਂ ਭਾਜਪਾ ਦੀ ਚੋਣ ਮੁਹਿੰਮ ਦਾ ਲਬੋ-ਲਬਾਬ ਮੁਸਲਮਾਨਾਂ ਅਤੇ ਇਸਾਈਆਂ ਖਿਲਾਫ਼ ਹੀ ਹੁੰਦਾ ਹੈ। ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਕੋਲ ਹੁਣ ਲੜਨ ਤੋਂ ਸਿਵਾਇ ਹੋਰ ਕੋਈ ਰਾਹ ਨਹੀਂ ਹੈ ਅਤੇ ਉਹ ਗੁਆਂਢੀ ਦੇਸ਼ਾਂ ਦੀਆਂ ਘੱਟਗਿਣਤੀਆਂ ਨੂੰ ਸ਼ਰਨ ਦੇ ਭਰੋਸਿਆਂ ਦੀ ਪ੍ਰਵਾਹ ਨਹੀਂ ਕਰ ਸਕਦੇ।

ਨਾਗਰਿਕਤਾ ਸੋਧ ਕਾਨੂੰਨ ਦੇ ਅਮਲ ਪਿੱਛੇ ਸੁਨੇਹਾ ਬਹੁਤ ਸਪੱਸ਼ਟ ਅਤੇ ਗੂੰਜਵਾਂ ਹੈ: ਭਾਜਪਾ ਇਹ ਦ੍ਰਿੜਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਮੁੱਖ ਤੌਰ 'ਤੇ ਦੇਸ਼ ਦੀ ਹਿੰਦੂ ਬਹੁਗਿਣਤੀ ਦੀ ਪਾਰਟੀ ਹੈ। ਇਹ ਇਸ ਦੀ 'ਹਿੰਦੂਆਂ ਨੂੰ ਪਹਿਲ' (ਹਿੰਦੂ ਫਸਟ) ਨੀਤੀ ਦਾ ਨਿਸ਼ਚਾ ਹੈ। ਭਾਜਪਾ ਨੂੰ ਇਸ ਚਾਰੇ ਦੀ ਵਰਤੋਂ ਕਰਨ ਦਾ ਦੋਸ਼ ਨਹੀਂ ਦਿੱਤਾ ਜਾ ਸਕਦਾ। ਹਿੰਦੂਆਂ ਨੂੰ ਇਹ ਮਹਿਸੂਸ ਕਰਨ ਦੀ ਲੋੜ ਹੈ ਕਿ ਜਦੋਂ ਬਹੁਗਿਣਤੀ ਭਾਈਚਾਰੇ ਦੀ ਸੰਖਿਆ ਐਨੀ ਜ਼ਿਆਦਾ ਹੈ ਤਾਂ ਫਿਰ ਘੱਟਗਿਣਤੀਆਂ ਤੋਂ ਉਨ੍ਹਾਂ ਦੇ ਡਰਨ ਦੀ ਕੋਈ ਵਜ੍ਹਾ ਨਹੀਂ ਬਣਦੀ।

# ਨਾਗਰਿਕਤਾ ਕਾਨੂੰਨ ਦੀ ਪਹੁੰਚ ਦੇ ਮਸਲੇ

ਕੇਂਦਰ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ-2019 ਨੂੰ ਅਮਲ ਵਿਚ ਲਿਆਉਣ ਲਈ 39 ਸਫ਼ਿਆਂ ਦੇ ਨੇਮਾਂ ਦਾ ਐਲਾਨ ਕਰ ਦਿੱਤਾ ਅਤੇ ਲੋਕ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਇਸ ਐਲਾਨ ਨਾਲ ਵਿਵਾਦ ਪੈਦਾ ਹੋ ਗਿਆ ਹੈ। ਵਿਰੋਧੀ ਧਿਰ ਦੇ ਆਗੂ ਕੇਂਦਰ ਵਿਚ ਸੱਤਾਧਾਰੀ ਪਾਰਟੀ 'ਤੇ ਵੋਟਾਂ ਖ਼ਾਤਰ ਧਰੁਵੀਕਰਨ ਦਾ ਦੋਸ਼ ਲਾ ਰਹੇ ਹੈ। ਭਾਜਪਾ ਦਾ ਕਹਿਣਾ ਹੈ ਕਿ ਉਸ ਨੇ ਇਕ ਹੋਰ ਚੁਣਾਵੀ

**ਸੰਜੋਏ ਹਜ਼ਾਰਿਕਾ**

ਵਾਅਦਾ ਪੂਰਾ ਕੀਤਾ ਹੈ; ਨਾਲ ਹੀ ਆਖਿਆ ਹੈ ਕਿ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਬਾਰੇ ਇਹ ਡਰ ਨਿਰਮੂਲ ਹੈ ਕਿ ਇਸ ਦੀ ਵਰਤੋਂ ਕਿਸੇ ਦੀ ਨਾਗਰਿਕਤਾ ਖੋਹਣ ਲਈ ਕੀਤੀ ਜਾਵੇਗੀ।

ਇਸ ਕਾਨੂੰਨ ਦਾ ਮੂਲ ਉਦੇਸ਼ ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਵਿਚ ਰਹਿੰਦੇ ਛੇ ਧਾਰਮਿਕ ਘੱਟਗਿਣਤੀ ਸਮੂਹਾਂ ਨੂੰ ਨਾਗਰਿਕਤਾ ਦੇਣਾ ਹੈ ਜਿਨ੍ਹਾਂ ਨੂੰ ਉੱਥੇ ਦਮਨ ਦਾ ਸਾਹਮਣਾ ਕਰਨ ਕਰ ਕੇ ਗ਼ੈਰ-ਕਾਨੂੰਨੀ ਜਾਂ ਗ਼ੈਰ-ਰਸਮੀ ਢੰਗ ਨਾਲ ਭਾਰਤ ਵਿਚ ਆਉਣਾ ਪਿਆ ਸੀ। ਇਨ੍ਹਾਂ ਛੇ ਧਾਰਮਿਕ ਸਮੂਹਾਂ ਵਿਚ ਹਿੰਦੂ, ਇਸਾਈ, ਬੋਧੀ, ਸਿੱਖ, ਪਾਰਸੀ ਅਤੇ ਜੈਨੀ ਸ਼ਾਮਿਲ ਹਨ। ਮੁਸਲਮਾਨਾਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ ਜਿਸ ਲਈ ਇਹ ਦਲੀਲ ਦਿੱਤੀ ਗਈ ਹੈ ਕਿ ਉਨ੍ਹਾਂ ਤਿੰਨ ਮੁਲਕਾਂ ਦੇ ਮੁਸਲਿਮ ਬਹੁਗਿਣਤੀ ਹੋਣ ਕਰ ਕੇ ਉਨ੍ਹਾਂ ਨੂੰ ਆਪਣੇ ਦੇਸ਼ ਅੰਦਰ ਇਨਸਾਫ਼ ਮਿਲ ਸਕਦਾ ਹੈ। ਇਸ ਵਿਚ ਵਿਤਕਰੇ ਦੇ ਮੁੱਦੇ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਨਵੀਂ ਦਿੱਲੀ ਨੇ ਅਰਜ਼ੀਆਂ 'ਤੇ ਨਿਗਰਾਨੀ ਰੱਖਣ ਲਈ ਕੇਂਦਰ ਸਰਕਾਰ ਦੇ ਅਫਸਰਾਂ ਦੀਆਂ ਕਮੇਟੀਆਂ ਬਣਾ ਕੇ ਇਸ ਸਮੁੱਚੀ ਪ੍ਰਕਿਰਿਆ ਉਪਰ ਕੰਟਰੋਲ ਕਾਇਮ ਕੀਤਾ ਹੈ। ਪੁਰਾਣੀ ਵਿਧੀ ਤਹਿਤ ਜ਼ਿਲ੍ਹਾ ਅਧਿਕਾਰੀਆਂ ਨੂੰ ਅਰਜ਼ੀਆਂ ਲੈਣ ਦਾ ਅਧਿਕਾਰ ਦਿੱਤਾ ਗਿਆ ਸੀ। ਸੀ.ਏ.ਏ. ਤਹਿਤ ਨਾਗਰਿਕਤਾ ਲਈ ਅਰਜ਼ੀ ਦੇ ਉਡੀਕ ਕਾਲ ਨੂੰ 11 ਸਾਲ ਤੋਂ ਘਟਾ ਕੇ ਪੰਜ ਸਾਲ ਕੀਤਾ ਗਿਆ ਹੈ ਪਰ ਬਿਨੈਕਾਰ ਨੂੰ ਆਪਣੇ ਮੂਲ ਦੇਸ਼ ਤੋਂ ਅਧਿਕਾਰਤ ਦਸਤਾਵੇਜ਼ ਪੇਸ਼ ਕਰਨੇ ਪੈਣਗੇ।

ਅਸਾਮ, ਪੱਛਮੀ ਬੰਗਾਲ, ਕੇਰਲਾ ਅਤੇ ਦੇਸ਼ ਦੇ ਕੁਝ ਹੋਰ ਹਿੱਸਿਆਂ ਵਿਚ ਨਾਗਰਿਕਤਾ ਸੋਧ ਕਾਨੂੰਨ ਖਿਲਾਫ਼ ਰੋਸ ਮੁਜ਼ਾਹਰੇ ਹੋ ਰਹੇ ਹਨ ਪਰ ਇਨ੍ਹਾਂ ਦੀ ਸ਼ਿੱਦਤ 2019-20 ਦੇ ਮੁਜ਼ਾਹਰਿਆਂ ਜਿੰਨੀ ਤਿੱਖੀ ਨਹੀਂ ਹੈ ਜਿਨ੍ਹਾਂ ਕਰ ਕੇ ਉਦੋਂ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਹੋਈਆਂ ਸਨ। ਉਂਝ, ਆਉਣ ਵਾਲੇ ਹਫ਼ਤਿਆਂ ਵਿਚ ਵਿਰੋਧ ਤਿੱਖਾ ਵੀ ਹੋ ਸਕਦਾ ਹੈ। ਰੋਸ ਮੁਜ਼ਾਹਰਿਆਂ ਤੋਂ ਇਲਾਵਾ ਇਕ ਹੋਰ ਵਡੇਰਾ ਮੁੱਦਾ ਹੈ ਜਿਸ ਉਪਰ ਅਜੇ ਸੁਪਰੀਮ ਕੋਰਟ ਵਲੋਂ ਸੁਣਵਾਈ ਅਤੇ ਇਸ ਕਾਨੂੰਨ ਖ਼ਾਸ ਤੌਰ 'ਤੇ ਇਸ ਦੀ ਸੰਵਿਧਾਨਕ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਫ਼ੈਸਲਾ ਸੁਣਾਉਣਾ ਬਾਕੀ ਹੈ। ਮੁੱਖ ਦਲੀਲ ਇਹ ਹੈ ਕਿ ਧਰਮ ਨੂੰ ਨਾਗਰਿਕਤਾ ਤੈਅ ਕਰਨ ਦਾ ਆਧਾਰ ਬਣਾ ਕੇ ਨਾਗਰਿਕਤਾ ਕਾਨੂੰਨ ਸੰਵਿਧਾਨ ਦੀ ਮੂਲ ਧਾਰਨਾ ਦੇ ਵਿਰੁੱਧ ਭੁਗਤਦਾ ਹੈ ਜੋ ਧਰਮ ਦੇ ਆਧਾਰ 'ਤੇ ਵਿਤਕਰਾ ਕਰਨ ਦੀ ਮਨਾਹੀ ਕਰਦੀ ਹੈ ਅਤੇ ਕਾਨੂੰਨ ਦਾ ਸਾਹਮਣੇ ਸਭ ਲੋਕਾਂ ਨੂੰ ਬਰਾਬਰੀ ਅਤੇ ਬਰਾਬਰ ਸੁਰੱਖਿਆ ਦੀ ਜ਼ਾਮਨੀ ਦਿੰਦੀ ਹੈ।

ਇਸ ਕਾਨੂੰਨ ਨੂੰ ਸ਼ੁਰੂਆਤੀ ਚੁਣੌਤੀ 2020 ਵਿਚ ਦਿੱਤੀ ਗਈ ਸੀ ਪਰ ਸੁਪਰੀਮ ਕੋਰਟ ਨੇ ਅਜੇ ਇਨ੍ਹਾਂ ਸਾਰੇ ਇਤਰਾਜ਼ਾਂ ਉਪਰ ਸੁਣਵਾਈ ਕਰਨੀ ਹੈ ਹਾਲਾਂਕਿ ਚੀਫ ਜਸਟਿਸ ਦੀ ਅਗਵਾਈ ਹੇਠ ਪੰਜ ਜੱਜਾਂ ਦੇ ਬੈਂਚ ਨੇ ਪਿਛਲੇ ਸਾਲ ਦਸੰਬਰ ਵਿਚ ਨਾਗਰਿਕਤਾ ਕਾਨੂੰਨ-1955 ਦੀ ਧਾਰਾ 6ਏ ਦੀ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਉਪਰ ਆਪਣਾ ਫ਼ੈਸਲਾ ਰਾਖਵਾਂ ਕਰ ਲਿਆ ਸੀ। ਇਹ ਧਾਰਾ ਵਿਸ਼ੇਸ਼ ਤੌਰ 'ਤੇ 1985 ਦੇ ਅਸਾਮ ਸਮਝੌਤੇ ਨਾਲ ਜੁੜੀ ਹੈ ਜਿਸ ਤਹਿਤ ਬੰਗਲਾਦੇਸ਼ ਤੋਂ ਲਗਾਤਾਰ ਹਿਜਰਤ ਹੋਣ ਨਾਲ ਪੈਦਾ ਹੋਈ ਚੁਣੌਤੀ ਤੋਂ ਛੇ ਸਾਲਾਂ ਬਾਅਦ ਰਾਜ ਵਿਚ ਸਥਿਰਤਾ ਲਿਆਉਣ ਦੀ ਕੋਸ਼ਿਸ਼ ਹੋਈ ਸੀ। ਇਸ ਅਧੀਨ ਗ਼ੈਰ-ਕਾਨੂੰਨੀ ਢੰਗ ਨਾਲ ਭਾਰਤ ਆਉਣ ਵਾਲੇ ਲੋਕਾਂ ਦੀ ਨਾਗਰਿਕਤਾ ਲਈ ਰਜਿਸਟ੍ਰੇਸ਼ਨ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ। ਅਸਾਮ ਵਿਚ ਆਏ ਬੰਗਲਾਦੇਸ਼ੀ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ ਲਈ 25 ਮਾਰਚ 1971 ਦੀ ਤਰੀਕ ਤੈਅ ਕੀਤੀ ਗਈ ਸੀ।

ਇਨ੍ਹਾਂ ਨੁਕਤਿਆਂ ਨੂੰ ਅਕਸਰ ਅਣਡਿੱਠ ਕਰ ਦਿੱਤਾ ਜਾਂਦਾ ਹੈ ਜਿਸ ਕਰ ਕੇ ਮੂਲ ਮੁੱਦੇ ਬਹੁਤ ਜ਼ਿਆਦਾ ਉਲਝ ਗਏ ਹਨ। ਪਹਿਲਾ ਇਹ ਕਿ 2019 ਵਿਚ ਕੌਮੀ ਨਾਗਰਿਕ ਰਜਿਸਟਰ (ਐੱਨ.ਆਰ.ਸੀ.) ਤਿਆਰ ਕਰਨ ਨਾਲ ਅਸਾਮ ਵਿਚ ਸਥਿਤੀ ਬਹੁਤ ਗੁੰਝਲਦਾਰ ਹੋ ਗਈ ਹੈ ਜਿਸ ਵਿਚ 19 ਲੱਖ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ। ਇਨ੍ਹਾਂ ਵਿੱਚੋਂ ਬਹੁਗਿਣਤੀ ਲੋਕ ਹਿੰਦੂ ਅਤੇ ਆਦਿਵਾਸੀ ਭਾਈਚਾਰਿਆਂ ਦੇ ਮੈਂਬਰ ਹਨ ਨਾ ਕਿ ਮੁਸਲਮਾਨ ਜਿਸ ਕਰ ਕੇ ਭਾਜਪਾ ਅਤੇ ਇਸ ਦੇ ਸਹਿਯੋਗੀ ਦਲ ਵੀ ਹੈਰਾਨ ਹਨ। ਇਸ ਲਈ ਉਦੋਂ ਤੋਂ ਹੀ ਇਹ ਪਾਰਟੀਆਂ ਐੱਨ.ਆਰ.ਸੀ. ਦੀ ਸੁਧਾਈ ਦੀ ਮੰਗ ਕਰ ਰਹੀਆਂ ਹਨ। ਫਿਰ ਵੀ ਪੰਜ ਸਾਲ ਬੀਤਣ ਦੇ ਬਾਵਜੂਦ ਐੱਨ.ਆਰ.ਸੀ. ਤੋਂ ਬਾਹਰ ਰਹਿ ਗਏ ਲੋਕ ਆਪਣੇ ਇਤਰਾਜ਼ ਦਾਖ਼ਲ ਕਰਾਉਣ ਅਤੇ ਕਾਨੂੰਨ ਤਹਿਤ ਆਪਣੇ ਨਾਂ ਬਹਾਲ ਕਰਾਉਣ ਦੇ ਯੋਗ ਨਹੀਂ ਹੋ ਸਕੇ ਹਨ। ਇਸ ਤੋਂ ਇਲਾਵਾ ਵੱਡੀ ਤਦਾਦ ਵਿਚ ਲੋਕਾਂ ਦੇ ਆਧਾਰ ਕਾਰਡ ਬੰਦ ਹੋ ਗਏ ਹਨ ਜਿਸ ਕਰ ਕੇ ਉਨ੍ਹਾਂ ਨੂੰ ਕੌਮੀ ਅਤੇ ਸੂਬਾਈ ਸਕੀਮਾਂ ਦੀਆਂ ਬੁਨਿਆਦੀ ਸਹੂਲਤਾਂ ਵੀ ਨਹੀਂ ਮਿਲ ਰਹੀਆਂ। ਅਸਾਮ ਵਿਚ ਗ਼ੈਰ-ਕਾਨੂੰਨੀ ਆਵਾਸ ਖਿਲਾਫ਼ ਮੁਹਿੰਮ ਚਲਾਉਣ ਵਾਲੇ ਕਾਰਕੁਨ ਹੁਣ ਸੀ.ਏ.ਏ. ਦਾ ਵਿਰੋਧ ਕਰ ਰਹੇ ਹਨ ਅਤੇ ਇਸ ਗੱਲ 'ਤੇ ਜ਼ੋਰ ਦੇ ਰਹੇ ਹਨ ਕਿ ਧਰਮ ਦੇ ਆਧਾਰ 'ਤੇ ਨਾਗਰਿਕਤਾ ਤੈਅ ਨਹੀਂ ਕੀਤੀ ਜਾਣੀ ਚਾਹੀਦੀ।

ਦੂਜਾ, ਭਾਈਚਾਰਿਆਂ ਦੀ ਸੂਚੀ ਵੀ ਮੁਕੰਮਲ ਨਹੀਂ ਹੈ ਜਿਸ ਤੋਂ ਉਨ੍ਹਾਂ ਨੂੰ ਧਰਵਾਸ ਮਿਲਣ ਦੀ ਆਸ ਸੀ। ਇਸ ਵਿਚ ਸ੍ਰੀਲੰਕਾ ਦੇ ਤਾਮਿਲ ਹਿੰਦੂ ਅਤੇ ਇਸਾਈ ਸ਼ਾਮਿਲ ਨਹੀਂ ਕੀਤੇ ਗਏ ਜਿਨ੍ਹਾਂ ਦੇ ਕਰੀਬ 90 ਹਜ਼ਾਰ ਸ਼ਰਨਾਰਥੀ ਇਸ ਦੇਸ਼ ਵਿਚ ਰਹਿ ਰਹੇ ਹਨ ਜਾਂ ਫਿਰ ਮਿਆਂਮਾਰ ਦੇ ਚਿਨ ਇਸਾਈ ਜਿਨ੍ਹਾਂ ਦੀ ਇਕੱਲੇ ਮਿਜ਼ੋਰਮ ਵਿਚ ਹੀ 45 ਹਜ਼ਾਰ ਤੋਂ ਵੱਧ ਗਿਣਤੀ ਰਹਿ ਰਹੀ ਹੈ। ਕਿਸੇ ਇਕ ਧਰਮ ਨਾਲ ਸਬੰਧਿਤ ਹੋਣ ਕਰ ਕੇ ਕਿਸੇ ਘੱਟਗਿਣਤੀ ਭਾਈਚਾਰੇ ਨੂੰ ਸਤਾਏ ਜਾਣ ਦਾ ਜੋਖ਼ਮ ਘੱਟ ਨਹੀਂ ਹੁੰਦਾ। ਨਾਗਰਿਕਤਾ ਸੋਧ ਕਾਨੂੰਨ ਵਿਚ ਅਜਿਹੇ ਜੋਖ਼ਮ ਵਾਲੇ ਕਈ ਮੁਸਲਿਮ ਗਰੁੱਪਾਂ ਨੂੰ ਸੁਰੱਖਿਆ ਦੇਣ ਦਾ ਕੋਈ ਪ੍ਰਬੰਧ ਨਹੀਂ ਹੈ ਜਿਵੇਂ ਪਾਕਿਸਤਾਨ ਵਿਚ ਅਹਿਮਦੀਆ ਅਤੇ ਅਫ਼ਗਾਨਿਸਤਾਨ ਵਿਚ ਹਜ਼ਾਰਾ ਭਾਈਚਾਰੇ ਦੇ ਲੋਕ। ਕੇਂਦਰ ਸਰਕਾਰ ਨੇ ਮਿਆਂਮਾਰ ਦੇ ਰੋਹਿੰਗੀਆ ਸ਼ਰਨਾਰਥੀਆਂ ਨੂੰ ਵਾਪਸ ਭੇਜਣ ਦੀ ਕੋਸ਼ਿਸ਼ ਕੀਤੀ ਸੀ ਜਿਸ ਤੋਂ ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਨੇ ਚਿੰਤਾ ਜ਼ਾਹਿਰ ਕਰਦਿਆਂ ਇਨ੍ਹਾਂ ਨੂੰ ਦੁਨੀਆ ਦੇ ਸਭ ਤੋਂ ਵੱਧ ਪ੍ਰਭਾਵਤ ਭਾਈਚਾਰਿਆਂ ਵਿਚ ਸ਼ੁਮਾਰ ਕੀਤਾ ਸੀ।

ਨਾਗਰਿਕਤਾ ਸੋਧ ਕਾਨੂੰਨ ਨੂੰ ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਨੀਪੁਰ, ਮੇਘਾਲਿਆ, ਮਿਜ਼ੋਰਮ, ਅਸਾਮ ਦੇ ਤਿੰਨ ਆਦਿਵਾਸੀ ਖੇਤਰਾਂ ਅਤੇ ਤ੍ਰਿਪੁਰਾ ਵਿਚ ਲਾਗੂ ਨਹੀਂ ਕੀਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਉੱਤਰ ਪੂਰਬ ਦਾ ਕਰੀਬ ਅੱਧਾ ਭੂ-ਭਾਗ ਸੀ.ਏ.ਏ. ਦੇ ਅਮਲ ਤੋਂ ਬਾਹਰ ਰਹਿ ਜਾਵੇਗਾ ਹਾਲਾਂਕਿ ਅਸਾਮ ਦੇ ਅੰਕੜਿਆਂ ਦੇ ਮੱਦੇਨਜ਼ਰ ਆਬਾਦੀ ਪੱਖੋਂ ਇਹ ਹਿੱਸਾ ਇਸ ਤੋਂ ਘੱਟ ਹੀ ਹੋਵੇਗਾ; ਤਾਂ ਵੀ ਨਾਗਰਿਕਤਾ ਦੇ ਮੁੱਦੇ ਦੇ ਪ੍ਰਸਤਾਵਿਤ ਪੈਮਾਨੇ ਦੇ ਮੱਦੇਨਜ਼ਰ, ਕੁਝ ਕਠੋਰ ਤੱਥਾਂ ਤੋਂ ਭਾਰਤ ਵਿਚ ਰਹਿ ਰਹੇ ਗ਼ੈਰ-ਕਾਨੂੰਨੀ ਆਵਾਸੀਆਂ ਦੀ ਸੰਖਿਆ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਗ੍ਰਹਿ ਮਾਮਲਿਆਂ ਬਾਰੇ ਮੰਤਰਾਲੇ ਨੇ ਪਿਛਲੇ ਦਸੰਬਰ ਵਿਚ ਸੁਪਰੀਮ ਕੋਰਟ ਵਿਚ ਦਾਖ਼ਲ ਕਰਵਾਏ ਹਲਫ਼ਨਾਮੇ ਵਿਚ ਬਿਨਾਂ ਕੋਈ ਅੰਕੜਾ ਦਿੱਤਿਆਂ ਕਿਹਾ ਸੀ ਕਿ "ਗ਼ੈਰ-ਕਾਨੂੰਨੀ ਆਵਾਸੀ ਬਿਨਾਂ ਕਿਸੇ ਵਾਜਿਬ ਯਾਤਰਾ ਦਸਤਾਵੇਜ਼ਾਂ ਤੋਂ ਦੇਸ਼ ਅੰਦਰ ਦਾਖ਼ਲ ਹੁੰਦੇ ਹਨ। ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ ਅੰਦਰ ਰਹਿੰਦੇ ਇਨ੍ਹਾਂ ਆਵਾਸੀਆਂ ਦੀ ਪਛਾਣ, ਹਿਰਾਸਤ ਅਤੇ ਜਲਾਵਤਨੀ ਜਟਿਲ ਪ੍ਰਕਿਰਿਆ ਹੈ।"

ਸੀ.ਏ.ਏ. ਅਤੇ ਐੱਨ.ਆਰ.ਸੀ. ਪ੍ਰਤੀ ਸੰਵਿਧਾਨਕ ਪਹੁੰਚਾਂ 'ਤੇ ਜ਼ੋਰ ਅਤੇ ਚੌਕਸ ਰਹਿਣਾ ਭਾਵੇਂ ਅਹਿਮ ਹੈ ਪਰ ਕੁਝ ਹੋਰ ਤਰਜੀਹਾਂ ਅਤੇ ਸਰੋਕਾਰਾਂ ਵੱਲ ਵੀ ਸਾਡਾ ਧਿਆਨ ਜਾਣਾ ਚਾਹੀਦਾ ਹੈ। ਮਿਜ਼ੋਰਮ ਵਿਚ ਭਾਵੇਂ ਸੀ.ਏ.ਏ. ਲਾਗੂ ਨਹੀਂ ਕੀਤਾ ਜਾਵੇਗਾ ਪਰ ਉੱਥੇ ਇਕ ਹੋਰ ਮੁੱਦੇ ਨੂੰ ਲੈ ਕੇ ਬੇਚੈਨੀ ਪੈਦਾ ਹੋ ਰਹੀ ਹੈ; ਉਹ ਹੈ ਭਾਰਤ ਅਤੇ ਮਿਆਂਮਾਰ ਵਿਚਕਾਰ 1643 ਕਿਲੋਮੀਟਰ ਲੰਮੀ ਸਰਹੱਦ 'ਤੇ ਕੰਡਿਆਲੀ ਵਾੜ ਲਾਉਣ ਅਤੇ ਆਉਣ ਜਾਣ ਦਾ ਖੁੱਲ੍ਹਾ ਪ੍ਰਬੰਧ ਖ਼ਤਮ ਕਰਨ ਬਾਰੇ। ਇਹ ਵੀ ਰਾਸ਼ਟਰੀ ਸੁਰੱਖਿਆ ਦੀਆਂ ਚੁਣੌਤੀਆਂ ਹਨ ਜਿਨ੍ਹਾਂ ਨੂੰ ਮੁਖ਼ਾਤਬ ਹੋਣ ਦੀ ਲੋੜ ਹੈ। ਤੱਥ ਇਹ ਹੈ ਕਿ ਮੁੱਖਧਾਰਾ ਦੇ ਮੀਡੀਆ ਜਾਂ ਸਰਕਾਰਾਂ ਵੱਲੋਂ ਇਨ੍ਹਾਂ ਬਾਰੇ ਕੋਈ ਚਰਚਾ ਨਹੀਂ ਕੀਤੀ ਜਾਂਦੀ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਮੁੱਦੇ ਤੋਂ ਅੱਖਾਂ ਮੀਟ ਲਈਆਂ ਜਾਣ।

# ਆ ਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ

'ਚਕਰ ਇੰਡੀਆ' ਵੈੱਬਸਾਈਟ 'ਤੇ ਪਈ ਇੱਕ ਵੀਡੀਓ ਦਾ ਨਾਂ ਹੈ 'ਚਕਰ ਇੱਕ ਚਿਰਾਗ'। ਸੰਤ ਬਲਬੀਰ ਸਿੰਘ ਸੀਚੇਵਾਲ ਕਹਿੰਦੇ ਹਨ, "ਚਕਰੀਆਂ ਨੇ ਸੀਵਰੇਜ ਪਾਉਣ 'ਚ ਜੋ ਉਤਸ਼ਾਹ ਦਿਖਾਇਆ ਉਹ ਆਪਣੀ ਮਿਸਾਲ ਆਪ ਹੈ। ਉਨ੍ਹਾਂ ਨੇ ਪਿੰਡ ਨੂੰ ਨਰਕ 'ਚੋਂ ਕੱਢ ਕੇ ਸੱਚਮੁੱਚ ਦਾ ਸਵਰਗ ਬਣਾ ਦਿੱਤਾ ਹੈ। ਜੇ ਕੋਈ ਆਪਣੇ ਪਿੰਡ 'ਚ ਸੀਵਰੇਜ ਪਾਉਣਾ ਤੇ ਪਿੰਡ ਨੂੰ ਸਵਰਗ ਬਣਾਉਣਾ ਚਾਹੁੰਦਾ ਹੈ ਤਾਂ ਮੇਰੀ ਪਹਿਲੀ ਸਲਾਹ ਉਨ੍ਹਾਂ ਨੂੰ ਪਿੰਡ ਚਕਰ ਦੇਖ ਕੇ ਆਉਣ ਦੀ ਹੁੰਦੀ ਹੈ।"

ਚਕਰ ਦੀ ਨਵੀਂ ਨੁਹਾਰ ਹਜ਼ਾਰਾਂ ਸੈਲਾਨੀਆਂ ਨੇ ਵੇਖੀ ਹੈ। ਕਈਆਂ ਨੇ ਚਕਰ ਦੀ ਰੀਸ ਕਰ ਕੇ ਆਪਣੇ ਪਿੰਡਾਂ ਨੂੰ ਸੱਚੀਂ ਸਵਰਗ ਬਣਾ ਲਿਆ ਹੈ। ਪੰਜਾਬ ਵਿਚ ਕਈ ਸਾਲਾਂ ਤੋਂ ਨਸ਼ਿਆਂ ਦਾ

**ਪ੍ਰਿੰ. ਸਰਵਣ ਸਿੰਘ**
ਫੋਨ: 647-785-1661
principalsarwansingh@gmail.com

ਕਾਲਾ ਦੌਰ ਚੱਲਦਾ ਹੋਣ ਦੇ ਬਾਵਜੂਦ ਗਿਆਰਾਂ ਹਜ਼ਾਰ ਦੀ ਆਬਾਦੀ ਵਾਲਾ ਪਿੰਡ ਚਕਰ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਅਤੇ ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਤੋਂ ਕਾਫੀ ਹੱਦ ਤਕ ਬਚਿਆ ਆ ਰਿਹੈ। ਇਸ ਪਿੰਡ ਵਿਚ ਇਕੋ ਗੁਰਦੁਆਰਾ ਹੈ ਜਿੱਥੋਂ ਹੋਰਨਾਂ ਪਿੰਡਾਂ ਵਿਚ ਵੀ ਇਕੋ ਗੁਰਦੁਆਰੇ ਦੀ ਲਹਿਰ ਚਲਾਈ ਗਈ ਹੈ।

ਡਾ. ਬਲਵੰਤ ਸਿੰਘ ਸੰਧੂ ਨੇ ਇਸ ਪਿੰਡ ਬਾਰੇ ਸਚਿੱਤਰ ਪੁਸਤਕ 'ਚਾਨਣ ਮੁਨਾਰਾ ਚਕਰ' ਲਿਖੀ ਹੈ ਜਿਸ ਦਾ ਮੁੱਖ ਬੰਦ ਹੈ, "ਸਾਥੋਂ ਅਕਸਰ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸਪੋਰਟਸ ਅਕੈਡਮੀ ਬਣੀ, ਕਿਵੇਂ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਪਿੰਡ ਦੀਆਂ ਸੱਥਾਂ ਅਤੇ ਭਾਈਚਾਰਕ ਸਾਂਝ ਕੇਂਦਰਾਂ ਨੂੰ ਬਣਾਇਆ ਤੇ ਨਵਿਆਇਆ? ਕਿਵੇਂ ਗਲੀਆਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ ਅਤੇ ਜੀਵ ਜੰਤੂਆਂ ਤੇ ਪੰਖੇਰੂਆਂ ਨੂੰ ਟਿਕਾਣੇ ਦਿੱਤੇ? ਕਿਵੇਂ ਸੀਵਰੇਜ ਦਾ ਪਾਣੀ ਟ੍ਰੀਟ ਕਰ ਕੇ ਮੁੜ ਵਰਤੋਂ ਯੋਗ ਬਣਾਇਆ? ਕਿਵੇਂ ਦੂਸ਼ਿਤ ਵਾਤਾਵਰਣ ਨੂੰ ਸ਼ੁੱਧ ਕੀਤਾ? ਕਿਵੇਂ ਪਿੰਡ ਵਾਸੀਆਂ ਨੂੰ ਏਕਤਾ ਦੇ ਸੂਤਰ ਵਿਚ ਪਰੋਇਆ ਅਤੇ ਉਨ੍ਹਾਂ ਰਾਹੀਂ ਅਸੰਭਵ ਜਾਪਦੇ ਕਾਰਜ ਸੰਭਵ ਕਰਵਾਏ? ਕਿਵੇਂ ਨਵੀਂ ਪੀੜ੍ਹੀ ਨੂੰ ਨਸ਼ਿਆਂ ਵੱਲੋਂ ਹੋੜਿਆ ਅਤੇ ਨਰੋਆ ਖੇਡ ਸਭਿਆਚਾਰ ਸਿਰਜਿਆ?" ਅਜਿਹੇ ਸਵਾਲਾਂ ਦੇ ਜਵਾਬ ਇਸ ਪੁਸਤਕ ਵਿਚੋਂ ਪੜ੍ਹੇ ਜਾ ਸਕਦੇ ਹਨ।

ਸਪੋਰਟਸ ਅਕੈਡਮੀ ਦੇ ਇਕ ਬੋਰਡ ਉਤੇ ਲਿਖਿਆ ਹੈ, "ਚਕਰ ਦੀ ਮਿੱਟੀ ਵਿਚ ਸਾਡੇ ਵੱਡ-ਵਡੇਰਿਆਂ ਨੇ ਜਨਮ ਲਿਆ ਤੇ ਅਸੀਂ ਉਨ੍ਹਾਂ ਦੀ ਉਂਗਲ ਫੜ ਕੇ ਚੱਲਣਾ ਸਿੱਖਿਆ। ਇਸ ਮਿੱਟੀ ਨੇ ਸਾਨੂੰ ਬੋਹੜਾਂ ਦੀ ਛਾਂ ਵਰਗੇ ਮਾਪੇ ਦਿੱਤੇ, ਮਿੱਠੇ ਮੇਵਿਆਂ ਵਰਗੇ ਧੀ-ਪੁੱਤ ਤੇ ਮੋਛਿਆਂ ਵਰਗੇ ਯਾਰ ਬੇਲੀ ਦਿੱਤੇ। ਇਸ ਦੇ ਖੇਤਾਂ ਨੇ ਸਦੀਆਂ ਤੋਂ ਸਾਡਾ ਢਿੱਡ ਭਰਿਆ। ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ। ਗੁਰਬਾਣੀ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ-ਪਾਣੀ ਤੇ ਧਰਤ ਦੀ ਮਹੱਤਤਾ ਸਮਝਦਿਆਂ ਦੁਨੀਆ ਸਾਹਵੇਂ ਸਰਬ-ਸਾਂਝੇ ਕਾਰਜਾਂ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉੱਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲਦਾ ਰਹੇ ਤੇ ਇਸ ਦੀਵੇ ਦੀ ਲੋਅ ਹੋਰਨਾਂ ਪਿੰਡਾਂ ਵਿਚ ਵੀ ਚਾਨਣ ਬਖੇਰੇ।"

ਕੌਮਾਂਤਰੀ ਪ੍ਰਸਿੱਧੀ ਦੇ ਮਾਲਕ ਡਾ. ਸਰਦਾਰਾ ਸਿੰਘ ਜੌਹਲ ਨੇ ਇਸ ਪਿੰਡ ਨੂੰ ਵੇਖਦਿਆਂ ਕਿਹਾ, "ਇਹ ਮੇਰੇ ਸੁਪਨਿਆਂ ਦਾ ਪਿੰਡ ਹੈ।" ਸੰਭਲੋ ਪੰਜਾਬ ਤੇ ਜੀਵੇ ਜਵਾਨੀ ਦੇ ਲੇਖਕ ਗੁਰਪ੍ਰੀਤ ਸਿੰਘ ਤੂਰ ਨੇ ਲਿਖਿਆ, "ਪੰਜਾਬ ਨੂੰ ਅੱਗੇ ਵਧਣ ਲਈ ਜਿਸ ਤਰ੍ਹਾਂ ਦੇ ਮਾਹੌਲ ਦੀ ਲੋੜ ਹੈ ਉਹ ਪਿੰਡ ਚਕਰ ਵਿਚ ਦੇਖਿਆ ਜਾ ਸਕਦਾ ਹੈ। ਪੰਜਾਬ ਦੇ ਸਾਹਿਤਕਾਰ, ਬੁੱਧੀਜੀਵੀ ਤੇ ਚਿੰਤਕ ਜਿਸ ਤਰ੍ਹਾਂ ਦਾ ਪੰਜਾਬ ਸਿਰਜਣਾ ਚਾਹੁੰਦੇ ਹਨ, ਚਕਰ ਉਹਦੀ ਜਿਊਂਦੀ ਜਾਗਦੀ ਮਿਸਾਲ ਹੈ। ਅੱਖੜ ਸੁਭਾਅ ਦਾ ਇਹ ਪਿੰਡ ਕਿਸੇ ਸਮੇਂ ਮਾਰ-ਧਾੜ ਕਾਰਨ ਬਦਨਾਮ ਵੀ ਰਿਹਾ ਪਰ ਇਸ ਨੇ ਜੋ ਰੁਤਬਾ ਅੱਜ ਪ੍ਰਾਪਤ ਕਰ ਲਿਆ ਹੈ, ਉਹਦੀ ਸ਼ਲਾਘਾ ਹੀ ਨਹੀਂ, ਰੀਸ ਵੀ ਕਰਨੀ ਬਣਦੀ ਹੈ।"


ਜ਼ਿਲ੍ਹਾ ਸੰਗਰੂਰ ਦੇ ਤਤਕਾਲੀ ਡਿਪਟੀ ਕਮਿਸ਼ਨਰ ਅਰਸ਼ਦੀਪ ਸਿੰਘ ਥਿੰਦ ਨੇ ਲਿਖਿਆ, "15 ਜੂਨ 2014 ਨੂੰ ਚਕਰ ਦੇਖਣ ਦਾ ਮੌਕਾ ਮਿਲਿਆ। ਮੇਰੇ ਨਾਲ ਆਈਆਂ 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਪਿੰਡ ਦੇਖ ਕੇ ਬੜੀ ਪ੍ਰਸੰਨਤਾ ਹੋਈ। ਸ਼ਹਿਰਾਂ ਨੂੰ ਦੇਖ ਕੇ ਪਿੰਡਾਂ ਦੇ ਲੋਕਾਂ ਦਾ ਸੁਫ਼ਨਾ ਸੀ ਕਿ ਪਿੰਡਾਂ ਵਿਚ ਵੀ ਵਧੀਆ ਖੇਡ ਸਹੂਲਤਾਂ ਹੋਣ, ਸੈਰ ਕਰਨ ਲਈ ਥਾਵਾਂ ਹੋਣ, ਬੱਚਿਆਂ ਦੇ ਮਨੋਰੰਜਨ ਲਈ ਪਾਰਕ ਤੇ ਝੂਲੇ ਹੋਣ। ਚਕਰ ਵਿਚ ਉਹ ਸੁਪਨਾ ਸਾਕਾਰ ਹੁੰਦਾ ਦੇਖਿਆ। ਇਸ ਪਿੰਡ ਤੋਂ ਅਗਾਂਹ ਹੋਰ ਪਿੰਡਾਂ ਵਿਚ ਵੀ ਅਜਿਹਾ ਮਾਹੌਲ ਬਣਨ ਦੀ ਆਸ ਬੱਝੀ ਹੈ। ਲੋਕਾਂ ਨੇ ਖ਼ੁਦ ਹੀ ਹੰਭਲਾ ਮਾਰ ਕੇ ਆਪਣਾ ਅੱਗਾ ਸੁਆਰ ਲਿਆ ਹੈ।"

ਕੈਨੇਡਾ ਦੇ ਮੈਂਬਰ ਪਾਰਲੀਮੈਂਟ ਪਰਮ ਗਿੱਲ ਨੇ 09 ਜਨਵਰੀ 2013 ਨੂੰ ਲਿਖਿਆ, "ਕੈਨੇਡਾ ਰਹਿੰਦਿਆਂ ਪੰਜਾਬ ਸਦਾ ਹੀ ਖਿੱਚ ਪਾਉਂਦਾ ਹੈ। ਇਸ ਵਾਰ ਦੀ ਪੰਜਾਬ ਫੇਰੀ ਸੱਚਮੁੱਚ ਯਾਦਗਾਰੀ ਹੋ ਨਿਬੜੀ। ਸਬੱਬ ਨਾਲ ਪਿੰਡ ਚਕਰ ਵਿਚ ਹੋਏ ਵਿਕਾਸ ਕਾਰਜ ਆਪਣੀ ਅੱਖੀਂ ਦੇਖੇ। ਪਰਵਾਸੀ ਪੰਜਾਬੀਆਂ ਦੀ ਮਦਦ ਤੇ ਪਿੰਡਵਾਸੀਆਂ ਦੀ ਸਵੈਸ਼ਕਤੀ ਤੇ ਪ੍ਰੇਰਨਾ ਨਾਲ ਕੋਈ ਪਿੰਡ ਕਿਥੋਂ ਕਿਥੇ ਜਾ ਸਕਦਾ ਹੈ, ਇਸ ਗੱਲ ਦਾ ਗਵਾਹ ਪਿੰਡ ਚਕਰ ਹੈ। ਚਕਰ ਨੇ ਜੋ ਥੋੜ੍ਹੇ ਸਮੇਂ ਵਿਚ ਹੀ ਵੱਡੀਆਂ ਮੱਲਾਂ ਮਾਰੀਆਂ ਹਨ, ਭਾਵੇਂ ਉਹ ਖੇਡਾਂ ਵਿਚ ਹੋਣ, ਭਾਵੇਂ ਵਾਤਾਵਰਣ ਦੀ ਸਾਂਭ ਸੰਭਾਲ ਹੋਵੇ, ਉਸ ਲਈ ਚਕਰ ਵਧਾਈ ਦਾ ਪਾਤਰ ਹੈ।"

ਕੈਨੇਡਾ ਦੇ ਖੇਡ ਮੰਤਰੀ ਬੱਲ ਗੋਸਲ ਨੇ 12 ਜਨਵਰੀ 2014 ਨੂੰ ਵਿਜ਼ਟਰ ਬੁੱਕ 'ਤੇ ਲਿਖਿਆ, "ਅੱਜ ਪਿੰਡ ਚਕਰ 'ਚ ਆ ਕੇ ਸੋਚਦਾ ਹਾਂ ਕਿ ਚਕਰ ਨਾ ਆਉਂਦਾ ਤਾਂ ਬਹੁਤ ਕੁਝ ਦੇਖਣ ਜਾਨਣ ਵਾਲਾ ਰਹਿ ਜਾਣਾ ਸੀ। ਪਿੰਡ ਚਕਰ ਦੇ ਪਰਵਾਸੀਆਂ ਅਤੇ ਨਗਰ ਨਿਵਾਸੀਆਂ ਦੇ ਕਾਰਜ ਬਹੁਤ ਸਲਾਹੁਣਯੋਗ ਹਨ। ਇਨ੍ਹਾਂ ਸਾਰਿਆਂ ਨੇ ਰਲ ਮਿਲ ਕੇ ਪਿੰਡ ਨੂੰ ਸਾਫ਼ ਸੁਥਰਾ ਅਤੇ ਸੋਹਣਾ ਹੀ ਨਹੀਂ ਬਣਾਇਆ ਸਗੋਂ ਪੂਰੇ ਪੰਜਾਬ ਨੂੰ ਇਕ ਮਾਡਲ ਵੀ ਦਿੱਤਾ ਹੈ। ਪਿੰਡ ਚਕਰ ਨੇ ਜਿਵੇਂ ਆਪਣੀ ਪੱਧਰ 'ਤੇ ਖੇਡ ਸਭਿਆਚਾਰ ਸਿਰਜਿਆ ਅਤੇ ਬਹੁਤ ਘੱਟ ਸਮੇਂ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ, ਇਸ ਦੀ ਮਿਸਾਲ ਕਿਧਰੇ ਘੱਟ ਹੀ ਮਿਲਦੀ ਹੈ। ਮੈਂ ਚਕਰ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦਾ ਹਾਂ।"

ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ ਚਕਰ ਆਇਆ ਤਾਂ ਉਸ ਨੇ ਸਪੋਰਟਸ ਅਕੈਡਮੀ ਵੇਖਣ ਪਿੱਛੋਂ ਕਿਸ਼ਤੀ ਉਤੇ ਝੀਲ ਦੀ ਸੈਰ ਵੀ ਕੀਤੀ। ਉਸ ਦਾ ਕਹਿਣਾ ਹੈ, "ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ 'ਚ ਜੋ ਮਾਹੌਲ ਦੇਖਿਆ ਇਹ ਮੈਨੂੰ ਕਦੇ ਨਹੀਂ ਭੁੱਲ ਸਕਦਾ। ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜ਼ਾਰੇ ਤੇ ਮੇਰੀ ਉਮਰ ਦੇ ਨੇੜ ਪਹੁੰਚੇ ਸਾਥੀਆਂ ਦਾ ਗਰਮਜੋਸ਼ੀ ਨਾਲ ਮਿਲਣਾ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।"

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਨੇ ਲਿਖਿਆ, "ਚਕਰ 'ਚ ਚੱਲ ਰਹੇ ਕਾਰਜ ਦੇਖਣ ਦਾ ਮੌਕਾ ਮਿਲਿਆ। ਚਕਰ ਦੇ ਉਦਮੀਆਂ ਨੇ ਵਾਤਾਵਰਣ ਨੂੰ ਸੰਭਾਲਣ ਦਾ ਜੋ ਉਪਰਾਲਾ ਕੀਤਾ ਅਤੇ ਕਰ ਰਹੇ ਹਨ, ਉਹ ਕਾਬਲੇ ਤਾਰੀਫ਼ ਹੈ। ਸੀਵਰੇਜ ਤੇ ਹੋਰ ਵਾਧੂ ਦੇ ਪਾਣੀ ਨੂੰ ਸੋਧ ਕੇ ਮੁੜ ਸਿੰਜਾਈ ਲਈ ਵਰਤਣਾ ਬੜੀ ਵੱਡੀ ਗੱਲ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਬਾਕੀ ਪਿੰਡ ਵੀ ਜੇ ਅਜਿਹੇ ਉਪਰਾਲੇ ਕਰ ਲੈਣ ਤਾਂ ਪੌਣ ਪਾਣੀ ਦੇ ਪਲੀਤ ਹੋਣ ਦੀ ਸਮੱਸਿਆ ਨੂੰ ਠੱਲ੍ਹ ਪੈ ਸਕਦੀ ਹੈ।"



ਲੇਖ ਨਾਲ ਭੇਜੀ ਜਾ ਰਹੀ ਫੋਟੋ ਵਿੱਚ ਪੁਸਤਕ 'ਚਾਨਣ ਮੁਨਾਰਾ ਚਕਰ' ਰਾਏ ਅਜੀਜ਼ਉੱਲਾ ਖਾਂ ਜੀ ਨੂੰ ਭੇਟ ਕਰਦਿਆਂ ਜਿਨ੍ਹਾਂ ਦੇ ਵਡ-ਵਡੇਰਿਆਂ ਨੇ ਸੱਤ ਸੌ ਸਾਲ ਪਹਿਲਾਂ ਪਿੰਡ ਚਕਰ ਦੀ ਮੋਹੜੀ ਗੱਡੀ ਸੀ।

ਕੈਨੇਡਾ ਤੋਂ ਆਏ ਕਾਰੋਬਾਰੀ ਕੈਵਿਨ ਮੋਰਗਨ ਨੇ ਚਕਰ ਦੇ ਵਿਕਾਸ ਕਾਰਜਾਂ ਵਿਚ ਇਕ ਕਰੋੜ ਰੁਪਏ ਦਾ ਯੋਗਦਾਨ ਪਾ ਕੇ ਬੇਨਤੀ ਕੀਤੀ ਕਿ ਮੈਨੂੰ ਚਕਰ ਦਾ ਸਿਟੀਜ਼ਨ ਬਣਾ ਲਓ! ਚਕਰੀਆਂ ਨੇ ਢਾਬ ਵਾਲੀ ਝੀਲ ਦਾ ਨਾਂ ਲੇਕ ਮੋਰਗਨ ਰੱਖ ਕੇ ਉਸ ਨੂੰ ਚਕਰੀਆ ਬਣਾ ਲਿਆ। ਹੋਰਨਾਂ ਦੇ ਕਥਨਾਂ ਦਾ ਹਵਾਲਾ ਦਿੱਤੇ ਬਿਨਾਂ ਇਹੋ ਕਹਿਣਾ ਉਚਿਤ ਹੋਵੇਗਾ ਕਿ ਪਿੰਡ ਚਕਰ ਨੂੰ ਅੱਖੀਂ ਵੇਖ ਕੇ ਆਪੋ ਆਪਣੇ ਪਿੰਡਾਂ ਦੀ ਤਕਦੀਰ ਬਦਲੋ। ਜੇ ਚਕਰ ਸੁਧਰ ਸਕਦੈ ਤਾਂ ਹੋਰ ਪਿੰਡ ਕਿਉਂ ਨਹੀਂ ਸੁਧਰ ਸਕਦੇ? ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ ਦੇ ਗੁਰਵਾਕ ਅਨੁਸਾਰ ਚੱਲੋਗੇ ਤਾਂ ਚਕਰ ਦੇ ਹਾਣੀ ਹੋ ਜਾਵੋਗੇ। ਚਕਰ ਦਾ ਵਿਕਾਸ ਜਾਰੀ ਹੈ ਤੇ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਯੂ. ਐਨ. ਓ. ਪੰਜਾਬ ਦੇ ਇਸ ਪਿੰਡ ਨੂੰ 'ਵਿਸ਼ਵ ਮਾਡਲ ਪਿੰਡ' ਦਾ ਖ਼ਿਤਾਬ ਨਹੀਂ ਦਿੰਦੀ।

ਜਿਵੇਂ ਚਕਰ ਨੂੰ ਪਿੰਡਾਂ ਦਾ ਚਾਨਣ-ਮੁਨਾਰਾ ਕਿਹਾ ਜਾਂਦੈ ਉਵੇਂ ਚਕਰ ਦੀ ਸਪੋਰਟਸ ਅਕੈਡਮੀ ਵੀ ਖੇਡਾਂ ਦਾ ਚਾਨਣ ਮੁਨਾਰਾ ਹੈ। ਇਸ ਅਕੈਡਮੀ ਦੇ ਖਿਡਾਰੀ ਸਟੇਟ ਪੱਧਰ ਦੇ 300 ਤੇ ਨੈਸ਼ਨਲ ਪੱਧਰ ਦੇ 30 ਤੋਂ ਵੱਧ ਮੈਡਲ ਜਿੱਤ ਚੁੱਕੇ ਹਨ। ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਚੈਂਪੀਅਨ ਬਣਿਆ ਤੇ ਹੁਣ ਪ੍ਰੋਫੈਸ਼ਨਲ ਮੁੱਕੇਬਾਜ਼ੀ ਕਰ ਰਿਹੈ। ਚਕਰ ਦੀਆਂ ਚਾਰ ਧੀਆਂ ਕੌਮੀ ਪੱਧਰ 'ਤੇ ਜੇਤੂ ਰਹੀਆਂ ਅਤੇ ਕੌਮਾਂਤਰੀ ਮੁਕਾਬਲਿਆਂ ਵਿਚੋਂ ਭਾਰਤ ਲਈ 6 ਮੈਡਲ ਜਿੱਤੀਆਂ। ਮਹਿਲਾ ਜੂਨੀਅਰ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿਚ ਮਨਦੀਪ ਸੰਧੂ ਗੋਲਡ ਮੈਡਲ ਜਿੱਤ ਕੇ ਵਿਸ਼ਵ ਚੈਂਪੀਅਨ ਬਣੀ ਜਿਸ ਵਿਚ 46 ਮੁਲਕਾਂ ਦੀਆਂ 441 ਚੋਟੀ ਦੀਆਂ ਮੁੱਕੇਬਾਜ਼ਾਂ ਨੇ ਭਾਗ ਲਿਆ। 2018 ਵਿਚ ਦਿੱਲੀ ਵਿਖੇ ਹੋਈ ਸੀਨੀਅਰ ਮਹਿਲਾ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿਚੋਂ ਚਕਰ ਦੀ ਧੀ ਸਿਮਰਨਜੀਤ ਕੌਰ ਬਾਠ ਨੇ ਬਰਾਂਜ਼ ਮੈਡਲ ਅਤੇ ਏਸ਼ਿਆਈ ਖੇਡਾਂ 'ਚ ਗੋਲਡ ਮੈਡਲ ਜਿੱਤਿਆ। ਉਸ ਨੇ ਟੋਕੀਓ ਦੀਆਂ ਓਲੰਪਿਕ ਖੇਡਾਂ-2021 ਵਿਚ ਭਾਗ ਲਿਆ ਅਤੇ ਉਸ ਨੂੰ ਅਰਜੁਨਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸਪੋਰਟਸ ਅਕੈਡਮੀ ਦੇ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਕਿਸੇ ਵੀ ਦਿਨ ਕੋਈ ਆ ਕੇ ਵੇਖ ਲਵੇ ਉਸ ਨੂੰ ਦੋ ਸੌ ਦੇ ਕਰੀਬ ਖਿਡਾਰੀ ਖੇਡ ਮੈਦਾਨਾਂ ਵਿਚ ਖੇਡਦੇ ਦਿਸਣਗੇ। ਕੋਈ ਫੁੱਟਬਾਲ ਖੇਡ ਰਿਹਾ ਹੋਵੇਗਾ, ਕੋਈ ਕਬੱਡੀ, ਕੋਈ ਵਾਲੀਬਾਲ, ਕੋਈ ਅਥਲੈਟਿਕਸ ਕਰ ਰਿਹਾ ਹੋਵੇਗਾ ਤੇ ਬਹੁਤ ਸਾਰੇ ਹੋਣਹਾਰ ਬੱਚੇ ਮੁੱਕੇਬਾਜ਼ੀ ਦੀ ਸਿਖਲਾਈ ਲੈ ਰਹੇ ਹੋਣਗੇ। ਸਵੇਰੇ ਸ਼ਾਮ ਮੇਲਾ ਲੱਗਾ ਹੁੰਦਾ ਹੈ ਬੱਚਿਆਂ, ਬੀਬੀਆਂ ਤੇ ਗਭਰੂਆਂ ਦਾ।

ਚਕਰੀਆਂ ਨੇ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਹੀ ਪਰਵਾਸੀਆਂ ਦੀ ਮਦਦ ਨਾਲ ਦਸ ਕਰੋੜ ਤੋਂ ਵੱਧ ਪੂੰਜੀ ਲਾ ਕੇ ਅਤੇ ਦਸ ਕਰੋੜ ਤੋਂ ਵੱਧ ਦੀ ਕਾਰ ਸੇਵਾ ਕਰਕੇ ਤਿੰਨ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨਵਿਆਈਆਂ, ਹਾਲ ਕਮਰੇ ਬਣਾਏ, ਅਧਿਆਪਕ ਤੇ ਕੋਚ ਰੱਖੇ, ਸਟੇਡੀਅਮ ਬਣਾਇਆ, ਸਪੋਰਟਸ ਅਕੈਡਮੀ ਚਲਾਈ ਤੇ ਸੀਵਰੇਜ ਪਾਇਆ। ਨੌਂ ਸੱਥਾਂ ਨਵਿਆਈਆਂ, ਕਈ ਪਾਰਕ ਬਣਾਏ, ਝੂਲੇ ਲਾਏ, ਥਾਂ ਥਾਂ ਸੀਮਿੰਟ ਦੇ ਬੈਂਚ ਸਥਾਪਿਤ ਕੀਤੇ, ਬੱਸ ਸ਼ੈਡ ਬਣਾਏ, ਨਵੇਂ ਸਿਰਿਓਂ ਗਲੀਆਂ ਪੱਕੀਆਂ ਕੀਤੀਆਂ ਅਤੇ ਗਲੀਆਂ, ਫਿਰਨੀ ਤੇ ਪਿੰਡ ਦੇ ਰਾਹਾਂ ਉਤੇ ਵੀਹ ਹਜ਼ਾਰ ਬੂਟੇ ਤੇ ਰੁੱਖ ਲਾਏ। ਦੂਰ ਨੇੜੇ ਦੇ ਲੋਕ ਆ ਕੇ ਵੇਖਦੇ ਹਨ ਤੇ ਪੁੱਛਦੇ ਹਨ, ਇਹ ਕ੍ਰਿਸ਼ਮਾ ਹੋਇਆ ਕਿਵੇਂ?

ਇਹ ਕ੍ਰਿਸ਼ਮਾ ਕਰਨ ਵਿਚ ਪਿੰਡ ਦੇ ਹਰ ਮਾਈ-ਭਾਈ, ਬਾਲ-ਬੱਚੇ ਤੇ ਨੌਜੁਆਨ ਦਾ ਯੋਗਦਾਨ ਹੈ। ਇਕ ਘੰਟਾ ਕਾਰ ਸੇਵਾ ਕਰਨ ਵਾਲੇ ਵੀ ਹਨ ਤੇ ਸਾਲਾਂ ਬੱਧੀ ਕਾਰ ਸੇਵਾ ਕਰਨ ਵਾਲੇ ਵੀ। ਇਹਦੇ ਵਿਚ ਇਕ ਰੁਪਿਆ ਦਾਨ ਦੇਣ ਵਾਲੇ ਵੀ ਹਨ, ਸੌ ਵਾਲੇ ਵੀ, ਹਜ਼ਾਰ ਵਾਲੇ ਵੀ, ਲੱਖ ਵਾਲੇ ਵੀ ਤੇ ਕਰੋੜਾਂ ਰੁਪਿਆ ਦਾ ਦਾਨ ਕਰਨ ਵਾਲੇ ਵੀ ਹਨ। ਪਰ ਕਿਸੇ ਦਾਨੀ ਦਾ ਨਾਂ ਕਿਤੇ ਵੀ ਨਹੀਂ ਲਿਖਿਆ ਗਿਆ। ਵਰ੍ਹਿਆਂ ਤੋਂ ਸ਼ਾਮਲਾਟਾਂ ਰੋਕੀ ਬੈਠੇ ਭਰਾਵਾਂ ਨੇ ਸਾਂਝੀਆਂ ਥਾਵਾਂ ਆਪੇ ਛੱਡ ਦਿੱਤੀਆਂ। ਕਈਆਂ ਨੇ ਨਿੱਜੀ ਥਾਵਾਂ ਛੱਡ ਕੇ ਗਲੀਆਂ ਖੁੱਲ੍ਹੀਆਂ ਕਰਵਾਈਆਂ।

ਪੁਸਤਕ 'ਚਾਨਣ ਮੁਨਾਰਾ ਚਕਰ' ਦਾ ਸੰਦੇਸ਼ ਹੈ ਕਿ ਹੋਰਨਾਂ ਪਿੰਡਾਂ ਦੇ ਲੋਕ ਵੀ ਚਕਰ ਦੀ ਰੀਸ ਕਰ ਵੇਖਣ। ਪਿੰਡਾਂ ਦੇ ਲੋਕ ਆਪਣੇ ਕਾਰਜ ਆਪਣੇ ਹੱਥੀਂ ਸਵਾਰਨ ਨਾ ਕਿ ਵੋਟਾਂ ਦੀਆਂ ਭੁੱਖੀਆਂ ਸਰਕਾਰਾਂ ਵੱਲ ਝਾਕੀ ਜਾਣ। ਸਰਕਾਰੀ ਗਰਾਂਟਾਂ ਦੀਆਂ ਬੁਰਕੀਆਂ ਬੰਦਿਆਂ ਨੂੰ ਬੰਦੇ ਨਹੀਂ ਰਹਿਣ ਦਿੰਦੀਆਂ। ਚਕਰ ਦੇ ਵਿਕਾਸ ਵਿਚ ਪਿੰਡ ਦੇ ਤੇ ਪਰਵਾਸੀ ਭਰਾਵਾਂ ਦੇ ਜਿਹੜੇ ਦਸ ਕਰੋੜ ਤੋਂ ਵੱਧ ਰੁਪਈਏ ਲੱਗੇ ਹਨ ਉਹ ਸਭ ਨੂੰ ਦਿਸਦੇ ਹਨ। ਕਈਆਂ ਪਿੰਡਾਂ ਨੂੰ ਸਰਕਾਰੀ ਗਰਾਂਟਾਂ ਦੇ ਕਰੋੜਾਂ ਰੁਪਏ ਮਨਜ਼ੂਰ ਹੋਏ ਪਰ ਲੱਗੇ ਕਿਤੇ ਦਿੱਸਦੇ ਹੀ ਨਹੀਂ!

ਮੈਂ ਜਦੋਂ ਵੀ ਆਪਣੇ ਪਿੰਡ ਜਾਂਦਾ ਹਾਂ ਤਾਂ ਵੇਖਦਾ ਹਾਂ ਕਿ ਸਵੇਰੇ ਸ਼ਾਮ ਬੀਹੀਆਂ ਵਿਚ ਬੱਚੇ ਸਪੋਰਟਸ ਅਕੈਡਮੀ ਦੇ ਟਰੈਕ ਸੂਟ ਪਾਈ ਸਟੇਡੀਅਮ ਵੱਲ ਜਾਂਦੇ ਹਨ ਅਤੇ ਖੇਡ ਮੈਦਾਨ ਵਿਚ ਕਸਰਤਾਂ ਤੇ ਖੇਡਾਂ ਦਾ ਅਭਿਆਸ ਕਰਦੇ ਹਨ। ਨਸ਼ਿਆਂ ਤੋਂ ਬਚੇ ਹੋਏ ਹਨ ਤੇ ਉੱਚੇ ਆਚਰਣ ਦੇ ਮਾਲਕ ਬਣ ਰਹੇ ਹਨ। ਉਨ੍ਹਾਂ ਦੇ ਸਰੀਰਾਂ ਵਿਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹਿਜ ਨਿਕਾਸ ਹੋ ਰਿਹੈ ਅਤੇ ਵਿਹਲਾ ਸਮਾਂ ਸਕਾਰਥੇ ਲੱਗ ਰਿਹੈ। ਜੇਕਰ ਪੰਜਾਬ ਦੇ ਸਾਰੇ ਪਿੰਡਾਂ ਵਿਚ ਹੀ ਅਜਿਹਾ ਮਾਹੌਲ ਬਣ ਜਾਵੇ ਤਾਂ ਪੰਜਾਬ ਕੀਹਦੇ ਲੈਣ ਦਾ ਹੈ? ਪਰਵਾਸੀ ਖੇਡ ਪ੍ਰਮੋਟਰਾਂ ਨੂੰ ਚਕਰ ਵਰਗੀਆਂ ਖੇਡ ਅਕੈਡਮੀਆਂ ਚਲਾਉਣ ਦੀ ਲੋੜ ਹੈ ਜਿਥੇ ਕੇਵਲ ਕਬੱਡੀ ਟੂਰਨਾਮੈਂਟ ਕਰਾਉਣ ਉਤੇ ਲੱਖਾਂ ਰੁਪਏ ਲਾਉਣ ਦੀ ਥਾਂ ਓਨੇ ਪੈਸਿਆਂ ਨਾਲ ਸਾਰਾ ਸਾਲ ਖੇਡਾਂ ਚਲਾਈਆਂ ਜਾ ਸਕਦੀਆਂ ਹਨ। ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਲਾਅਣਤ ਤੋਂ ਇੰਜ ਹੀ ਬਚਾਇਆ ਜਾ ਸਕਦੈ।

ਨੋਟ: ਪੁਸਤਕ ਵਿਚਲੀਆਂ ਤਸਵੀਰਾਂ 'ਚ ਪਿੰਡ ਦੀਆਂ ਪੁਰਾਣੀਆਂ ਤੇ ਨਵੀਆਂ ਝਾਕੀਆਂ ਵਿਖਾਈਆਂ ਗਈਆਂ ਹਨ। ਉਹੀ ਛੱਪੜ ਜੋ ਪਹਿਲਾਂ ਨਰਕ ਬਣੇ ਹੋਏ ਸਨ ਹੁਣ ਫੁੱਲਾਂ ਵਾਲੇ ਪਾਰਕਾਂ ਤੇ ਝੀਲਾਂ ਵਿਚ ਬਦਲ ਗਏ ਹਨ। ਰੂੜੀਆਂ 'ਚ ਘਿਰੀ ਮੁਸ਼ਕ ਮਾਰਦੇ ਪਾਣੀ ਵਾਲੀ ਢਾਬ ਹੁਣ ਨਿਰਮਲ ਝੀਲ ਬਣ ਗਈ ਹੈ ਜਿਸ ਵਿਚ ਸੈਰ ਸਪਾਟੇ ਲਈ ਕਿਸ਼ਤੀਆਂ ਤਰਦੀਆਂ ਹਨ। ਪੁਸਤਕ ਦੇ ਕਾਂਡ-ਦੀਵੇ ਦੀ ਲੋਅ, ਵਿਰਸਾ ਤੇ ਵਰਤਮਾਨ, ਚਕਰਾਂ 'ਚੋਂ ਨਿਕਲਿਆ ਚਕਰ, ਸੀਵਰੇਜ ਸਿਸਟਮ: ਤਕਨੀਕ ਤੇ ਤਜਰਬੇ, ਸ਼ਕਤੀ, ਸੰਘਰਸ਼ ਤੇ ਸੁਹਜ ਦਾ ਸੰਗਮ, ਚਿੱਠੀ ਚਕਰ ਤੋਂ, ਝੀਲਾਂ ਚਕਰ ਦੀਆਂ, ਚਕਰ 'ਚ ਚੜ੍ਹਿਆ ਖੇਡਾਂ ਦਾ ਸੂਰਜ, ਚਕਰ ਦੀਆਂ ਸ਼ੇਰਨੀਆਂ, ਚਕਰ ਨੂੰ ਗੁਰ ਸ਼ਬਦਾਂ ਦੀ ਗੁੜ੍ਹਤੀ, ਚਕਰ ਇਕ ਮਾਰਗ ਦਰਸ਼ਕ ਅਤੇ ਹੈਲੋ! ਮੈਂ ਚਕਰ ਬੋਲਦਾਂ... ਆਦਿ ਹਨ। 'ਜੋ ਸੁਣਿਆ, ਜੋ ਦੇਖਿਆ' ਨਾਂ ਦੇ ਕਾਂਡ ਵਿਚ ਉਨ੍ਹਾਂ ਨਾਮਵਰ ਵਿਅਕਤੀਆਂ ਦੇ ਕਥਨ ਦਰਜ ਹਨ ਜਿਹੜੇ ਪਿੰਡ ਚਕਰ ਵੇਖਣ ਗਏ। ਗੁਰਦਵਾਰਾ ਮਹਿਦੀਆਣਾ ਸਾਹਿਬ ਦੇ ਦਰਸ਼ਨਾਂ ਨੂੰ ਆਈਆਂ ਸੰਗਤਾਂ ਹੁਣ ਚਕਰ ਦੀ ਵੀ ਜ਼ਿਆਰਤ ਕਰ ਕੇ ਮੁੜਦੀਆਂ ਹਨ।

# ਬੇਸ਼ਰਮਾਂ ਦੀ ਦਾਲ

ਪੰਜਾਬ ਵਿਚ ਪੁਰਾਤਨ ਕਾਲ ਤੋਂ ਇਹ ਕਹਾਵਤ ਪ੍ਰਚਲਿਤ ਹੈ ਕਿ ਕੋਈ ਆਦਮੀ ਬੜਾ ਢੀਠ ਅਤੇ ਬੇਸ਼ਰਮ ਸੀ। ਇਕ ਵਾਰ ਉਸ ਦੇ ਘਰ ਕੁਝ ਮਹਿਮਾਨ ਆਏ ਹੋਏ ਸਨ, ਸਾਰੇ ਰੋਟੀ ਖਾਣ ਲੱਗੇ ਤਾਂ ਉਸ ਦੀ ਖੁਦ ਦੀ ਦਾਲ ਵਾਲੀ ਕੌਲੀ ਹੱਥੋਂ ਡਿੱਗ ਪਈ ਅਤੇ ਦਾਲ ਡੁੱਲ੍ਹ ਗਈ। ਉਸ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਘਰਵਾਲੀ ਨੇ ਇਸ਼ਾਰੇ ਨਾਲ ਸਮਝਾਇਆ ਕਿ ਭਲਿਆ ਲੋਕਾ ਦਾਲ ਹੋਰ ਨਹੀਂ ਹੈ, ਗੋਹਿਆਂ ਦੀ ਅੱਗ ਨਾਲ ਹੋਰ ਦਾਲ ਸਬਜ਼ੀ ਦੋ ਤਿੰਨ ਘੰਟਿਆਂ ਵਿਚ ਬਣਨੀ ਸੀ (ਅੱਜ ਵਾਂਗ ਗੈਸਾਂ ਜਾਂ ਪਰੈਸ਼ਰ ਕੁੱਕਰ ਤਾਂ ਨਹੀਂ ਸਨ) ਉਸ ਆਦਮੀ ਨੇ ਆਪਣੀ ਢੀਠਤਾਈ ਦਾ ਫਾਇਦਾ ਚੁੱਕਦੇ ਹੋਏ ਰੋਟੀ ਦੀਆਂ ਗਰਾਹੀਆਂ ਹੇਠਾਂ ਡੁੱਲ੍ਹੀ ਦਾਲ ਨਾਲ ਲਾ ਕੇ ਖਾਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਹਿੰਦਾ ਜੋ ਸਵਾਦ ਭੁੰਜੇ ਡੁਲ੍ਹੀ ਦਾਲ ਖਾਣ ਦਾ ਆਉਂਦਾ ਹੈ ਉਹ ਸਵਾਦ ਕੌਲੀ ਵਿਚ ਕਿੱਥੇ? ਉਦੋਂ ਇਹ ਗੱਲ ਕਿਸੇ ਕਿਸੇ ਤੇ ਲਾਗੂ ਸੀ ਪਰ ਅੱਜ ਇਹ ਕਹਾਵਤ ਸਾਰੀ ਦੁਨੀਆਂ ਉਤੇ ਲਾਗੂ ਹੋ ਗਈ ਹੈ। ਇਸ ਦੀ ਤਾਜ਼ਾ ਮਿਸਾਲ ਕਰੋਨਾਂ ਕਾਲ ਹੈ। ਕਰੋਨਾਂ ਸ਼ੁਰੂ ਹੋਣ ਤੋਂ ਪਹਿਲਾਂ ਜਿਵੇਂ ਲੋਕਾਂ ਵਿਚ ਆਪਾ-ਧਾਪੀ ਮਚੀ ਹੋਈ ਸੀ। ਲੋਕ ਇੱਕ ਦੂਜੇ ਦਾ ਹੱਕ ਖਾਣ/ਖੋਹਣ ਵਿਚ ਮਸਰੂਫ ਸਨ ਸਭ ਲੋਕ ਰੱਬ ਨੂੰ ਭੁੱਲੀ ਬੈਠੇ ਸਨ ਤਾਂ ਕੁਝ ਸਿਆਣੇ ਲੋਕਾਂ ਨੇ ਕਿਹਾ ਕਿ ਇਹ ਜੋ ਕਰੋਪੀ (ਕਰੋਨਾ) ਆਈ ਹੈ ਇਹ ਅਸੀ ਆਪਣੇ ਕੀਤੇ ਦਾ ਫਲ ਪਾ ਰਹੇ ਹਾਂ। ਜੋ ਪਾਪ ਅਸੀਂ ਕੀਤੇ ਹਨ, ਉਹੀ ਸਾਡੇ ਅੱਗੇ ਆ ਰਹੇ ਹਨ। ਕਿਸੇ ਨੇ ਕਿਹਾ ਇਹੋ ਜਿਹੀ ਕਰੋਪੀ ਸੌ ਸਾਲ ਪਹਿਲਾਂ ਵੀ ਆਈ ਸੀ। ਉਦੋਂ ਪਲੇਗ ਪਈ ਸੀ ਪਿੰਡਾਂ ਦੇ ਪਿੰਡ ਖਾਲੀ ਹੋ ਗਏ ਸਨ। ਕਿਸੇ ਚੇਚਕ ਰੋਗ (ਵੱਡੀ ਮਾਤਾ) ਦਾ ਹਵਾਲਾ ਦਿੱਤਾ, ਹੁਣ ਕਰੋਨਾ ਜਿਉਂ ਜਿਉਂ ਜੋਰ ਫੜਦਾ ਜਾ ਰਿਹਾ ਸੀ ਮਰਨ ਵਾਲਿਆਂ ਦੀ ਗਿਣਤੀ ਵੇਖਦੇ ਵੇਖਦੇ ਲੱਖਾਂ-ਕਰੋੜਾਂ ਵੱਲ ਵਧਣ ਲੱਗੀ, ਦੁਨੀਆਂ ਵਿਚ ਹਾਹਾ ਕਾਰ ਮਚੀ। ਸਰਕਾਰਾਂ ਵੀ ਡਰ ਗਈਆਂ ਕਰਫਿਊ ਲੱਗ ਗਏ। ਡਾਕਟਰ, ਨਰਸਾਂ ਅਤੇ ਸਿਹਤ ਵਿਭਾਗ ਦਾ ਅਮਲਾ-ਫੈਲਾ ਵੀ ਮੌਤ ਦੀ ਭੇਂਟ ਚੜਨ ਲੱਗਾ। ਸਕੂਲ-ਕਾਲਜ ਯੂਨੀਵਰਸਿਟੀਆਂ ਸਮੇਤ ਧਾਰਮਿਕ ਸਥਾਨ ਵੀ ਬੰਦ ਹੋ ਗਏ। ਬੱਸਾਂ, ਕਾਰਾਂ, ਰੇਲਗੱਡੀਆਂ ਅਤੇ ਹਵਾਈ ਜਹਾਜ਼ ਸਿਰਫ ਐਮਰਜੈਂਸੀ ਹਾਲਾਤਾਂ ਵਿਚ ਚੱਲਣ ਲੱਗੇ, ਚਾਰੇ ਪਾਸੇ ਮੌਤ ਦਾ ਭੈਅ ਸੀ। ਉਨ੍ਹਾਂ ਹਾਲਾਤਾਂ ਵਿਚ ਲੋਕਾਂ ਨੇ ਇੱਕ-ਦੂਜੇ ਦੇ ਮਰਨੇ ਪਰਨੇ 'ਤੇ ਜਾਣਾ ਵੀ ਛੱਡ ਦਿੱਤਾ ਅਤੇ ਇਥੋਂ ਤੱਕ ਕਿ ਲੋਕਾਂ ਨੇ ਆਪਣੇ ਸਕਿਆਂ ਅਤੇ ਪਰਿਵਾਰਕ ਮੈਂਬਰਾਂ ਦੇ ਮ੍ਰਿਤਕ ਸਰੀਰ ਵੀ ਹਸਪਤਾਲਾਂ ਤੋਂ ਲੈਣੋ ਹੱਥ ਖੜ੍ਹੇ ਕਰ ਦਿੱਤੇ। ਸਰਕਾਰਾਂ ਨੇ ਮ੍ਰਿਤਕ ਦੇਹਾਂ ਨਦੀਆਂ ਵਿਚ ਰੋੜਨੀਆ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਹੋਰ ਮਹਾਂਮਾਰੀ ਦਾ ਖ਼ਤਰਾ ਮੰਡਰਾਉਣ ਲੱਗਾ ਤਾਂ ਆਮ ਅਵਾਮ ਵੱਲੋਂ ਇੱਕ ਕਿਸਮ ਦੀ ਅਵਾਜ਼ ਉੱਠਦੀ ਨਜ਼ਰ ਆਈ ਕਿ ਲੋਕਾਈ ਨੇ ਮੌਤ ਦਾ ਮੰਜ਼ਰ ਦੇਖ ਲਿਆ ਹੈ ਤਾਂ ਹੁਣ ਉਹ ਰੱਬ ਦੇ ਭੈਅ ਵਿਚ ਰਹਿਣਾ ਸਿੱਖ ਜਾਣਗੇ ਅਤੇ ਕੁਦਰਤ ਦੀ ਕਰੋਪੀ ਤੋਂ ਸਬਕ ਲੈਣਗੇ ਪਰ ਹੋਇਆ ਇਸ ਤੋਂ ਬਿਲਕੁਲ ਉਲਟ! ਲੋਕ ਸਗੋਂ ਵੱਧ ਠੱਗੀਆਂ ਮਾਰਨ ਲੱਗੇ ਮੌਤ ਦੇ ਮੰਜ਼ਰ ਤੋਂ ਭੈਅ ਖਾਣ ਦੀ ਥਾਂ ਹੋਰ ਲੋਭੀ ਹੋ ਗਏ, ਝੂਠ ਬੋਲ ਬੋਲ ਸਰਕਾਰਾਂ ਬਣਾਉਣ ਲੱਗੇ। ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਟੱਪ ਗਏ ਤਾਂ ਅੱਜ ਮੈਨੂੰ ਇਹ ਬੇਸ਼ਰਮਾਂ ਦੀ ਦਾਲ ਵਾਲੀ ਗੱਲ ਯਾਦ ਆਈ।

-ਹਰਦੀਪ ਸਿੰਘ ਸੋਢੀ ਨਡਾਲਾ

# ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਵਾਲਾ- ਸਰਬਜੀਤ ਸਿੰਘ ਮਾਹਲ

ਪੰਦਰਾਂ ਸਾਲ ਦੀ ਉਮਰੇ ਸਰਬਜੀਤ ਅਮਰੀਕਾ ਦੀ ਧਰਤੀ ਕੈਲੀਫੋਰਨੀਆ ਜਾ ਪਹੁੰਚਿਆ। ਮਾਹਿਲ-ਗੈਹਿਲਾ ਸਕੂਲ 'ਚ ਖੇਡਾਂ ਦਾ ਸ਼ੌਕ ਰੱਖਦਾ ਕੈਲੀਫੋਰਨੀਆ ਜਾ ਕੇ ਵੀ ਪੜ੍ਹਾਈ ਦੇ ਨਾਲ ਨਾਲ ਖੇਡਣ ਲੱਗਾ। ਕੈਲੀਫੋਰਨੀਆ ਰਹਿੰਦੇ ਆਲਮਗੀਰ ਅਖਾੜੇ ਦੇ ਪ੍ਰਸਿੱਧ ਪਹਿਲਵਾਨ ਧੰਨਾ ਸਿੰਘ ਜੀ ਦੀ ਦੇਖ-ਰੇਖ ਹੇਠ ਪਹਿਲਵਾਨੀ ਸ਼ੁਰੂ ਕੀਤੀ। ਧੰਨਾ ਸਿੰਘ ਦੀ ਸਿਖਲਾਈ ਤੋਂ ਸਰਬਜੀਤ ਬੜਾ ਪ੍ਰਭਾਵਿਤ ਸੀ। ਕੁਸ਼ਤੀਆਂ 'ਚ ਹੋਣਹਾਰ ਹੋਣ ਕਰਕੇ ਯੂਬਾ-ਸਿਟੀ ਸਕੂਲ ਵਲੋਂ ਸਕੂਲਾਂ ਦੇ ਮੁਕਾਬਲਿਆਂ ਲਈ ਚੁਣਿਆ ਗਿਆ।

ਗੇਮ ਨਿਖਾਰਨ ਲਈ ਸਰਬਜੀਤ ਹਮੇਸ਼ਾਂ ਪਹਿਲਵਾਨ ਧੰਨਾ ਸਿੰਘ ਗਰੇਵਾਲ ਦੀ ਸ਼ਰਨ ਵਿਚ ਰਹਿੰਦਾ। ਉਹ ਉਸਤਾਦ ਜੀ ਦਾ ਹਮੇਸ਼ਾਂ ਸਤਿਕਾਰ ਕਰਦਾ। ਪਹਿਲਵਾਨ ਧੰਨਾ ਸਿੰਘ, ਬਲਦੇਵ ਸਿੰਘ ਮਾਹਲ, ਸਰਬਜੀਤ ਸਿੰਘ ਮਾਹਲ ਅਤੇ ਜਸਵੀਰ ਸਿੰਘ ਮਾਹਲ ਚਾਰਾਂ ਮਿਲ ਕੇ ਕੁਸ਼ਤੀ ਅਖਾੜਾ ਖੋਲ੍ਹਿਆ।



**ਇਕਬਾਲ ਸਿੰਘ ਜੱਬੋਵਾਲੀਆ**

ਸੰਨ '80 'ਚ ਇਸ ਅਖਾੜੇ ਦੀ ਸ਼ੁਰੂਆਤ ਹੋਈ। ਅਮਰੀਕਾ ਦੀ ਧਰਤੀ 'ਤੇ ਇਹ ਪਹਿਲਾ ਦੇਸੀ ਅਖਾੜਾ ਹੋਵੇਗਾ। ਪਹਿਲਵਾਨ ਧੰਨਾ ਜੀ ਹਮੇਸ਼ਾਂ ਕੁਝ ਨਾ ਕੁਝ ਉਨ੍ਹਾਂ ਨੂੰ ਸਮਝਾਉਂਦੇ ਰਹਿੰਦੇ। ਪਹਿਲਵਾਨ ਧੰਨਾ ਫ਼ੱਤਾ, ਕੇਹਰ ਅਤੇ ਸੁਮੇਰ (ਤਿੰਨੇ ਭਰਾ) ਰੁਸਤਮ ਮੱਲਾਂ ਦਾ ਗੁਰਭਾਈ ਹੈ। ਆਲਮਗੀਰ ਅਖਾੜੇ ਦੇ ਮੌਜੂਦਾ ਸੰਚਾਲਕ ਸਿਕੰਦਰ ਪਹਿਲਵਾਨ ਜੀ ਧੰਨਾ ਸਿੰਘ ਜੀ ਦੇ ਉਸਤਾਦ ਹਨ। ਧੰਨਾ ਜੀ ਦੀ ਦੂਰ-ਅੰਦੇਸ਼ੀ ਨੇ ਸਰਬਜੀਤ ਅੰਦਰ ਕੁਸ਼ਤੀ-ਕਲਾ ਦੇ ਦਾਅ-ਪੇਚ ਸਮਝਾਏ।

ਸਤਵਰਗ ਦੇ ਫ਼ੁੱਲਾਂ 'ਚ ਜਦੋਂ ਗੁਲਾਬ ਦਾ ਫ਼ੁੱਲ ਅਚਾਨਕ ਪੁੰਗਰ ਆਏ ਤਾਂ ਬਾਗ ਦੇ ਮਾਲੀ

ਸਟਾਰ ਕਲੱਬ ਯੂਬਾਸਿਟੀ' ਦੀ ਸਥਾਪਨਾ ਕੀਤੀ ਤੇ ਕਲੱਬ ਦੀ ਵਾਗਡੋਰ ਜੌਹਨ ਸਿੰਘ ਗਿੱਲ ਨੂੰ ਸੰਭਾਲ ਦਿੱਤੀ। ਜੌਹਨ ਸਿੰਘ ਨੇ ਖਿਡਾਰੀਆਂ ਦਾ ਹਰ ਤਰ੍ਹਾਂ ਖਿਆਲ ਰੱਖਿਆ ਤੇ ਸਰਬਜੀਤ ਦੀ ਗੇਮ ਦਿਨੋਂ ਦਿਨ ਨਿਖਰਦੀ ਗਈ।

ਕੈਲੀਫੋਰਨੀਆ ਖੇਡ-ਮੈਦਾਨਾਂ 'ਚ ਚੰਗੇ ਪ੍ਰਦਰਸ਼ਨ ਤੋਂ ਬਾਅਦ 1994-95 ਅਤੇ 96 ਤਿੰਨ ਸਾਲ ਟੋਰਾਂਟੋ, ਵੈਨਕੂਵਰ, ਇੰਗਲੈਂਡ ਅਤੇ ਦੋ ਸਾਲ ਨਿਊਯਾਰਕ ਦੇ ਖੇਡ-ਮੈਦਾਨਾਂ 'ਚ ਕਬੱਡੀ-ਕੱਪ ਖੇਡੇ। 1995 'ਚ ਇੰਗਲੈਂਡ ਖੇਡਿਆ। ਉਸੇ ਸਾਲ ਹੀ ਉਹ ਅਮਰੀਕਾ ਵਲੋਂ ਟੀਮ ਨਾਲ ਟੋਰਾਂਟੋ ਕਬੱਡੀ- ਕੱਪ ਖੇਡਣ ਗਿਆ। ਉਸੇ ਕੱਪ 'ਤੇ ਹਰਜੀਤ ਬਰਾੜ ਬਾਜਾਖਾਨਾ ਪਹਿਲੀ ਵਾਰ ਟੋਰਾਂਟੋ ਖੇਡਣ ਆਇਆ ਸੀ।

ਸਰਬਜੀਤ ਛੋਟੇ ਤੋਂ ਵੱਡੇ ਤੱਕ ਸਭ ਖਿਡਾਰੀਆਂ ਨਾਲ ਖੇਡਿਆ-ਬਲਵਿੰਦਰ ਫਿੱਡੂ, ਹਰਜੀਤ ਬਾਜਾਖਾਨਾ, ਸੱਬਾ ਗੁਰਦਾਸਪੁਰੀਆ, ਪੱਪੂ ਗੁਰਦਾਸਪੁਰੀਆ, ਭਿੰਦਰ, ਅੰਗਰੇਜ਼, ਜਗਤਾਰ ਧਨੌਲਾ, ਕਾਲਾ ਗਾਜੀਆਣਾ, ਘੋਲੀਆ, ਮੰਗਾ, ਲੱਖਾ ਗਾਜੀਪੁਰੀਆ, ਤਰਲੋਚਨ ਤੋਚੀ, ਤੂਫ਼ਾਨ ਸਿੰਘ ਤੂਫ਼ਾਨ (ਡੇਨੀਅਲ ਇਗਾਲੀ), ਸੁਖੀ, ਮੰਦਰ, ਬੀਰੂ, ਤੀਰਥ ਗਾਖਲ ਅਤੇ ਹੋਰ ਸਟਾਰ ਖਿਡਾਰੀਆਂ ਨਾਲ ਖੇਡਣ ਦੇ ਮੌਕੇ ਮਿਲੇ। ਤੀਰਥ ਗਾਖਲ ਨਾਲ ਤਾਂ ਸੰਨ "97-98 ਤੇ -99 ਤਿੰਨ ਸਾਲ 'ਕੱਠੇ ਖੇਡੇ।

ਸਰਬਜੀਤ ਦੇ ਦੂਜੇ ਭਰਾ ਜਸਵੀਰ ਮਾਹਲ ਨੇ ਵੀ ਕਈ ਸਾਲ ਕੈਲੀਫੋਰਨੀਆ ਕਬੱਡੀ ਖੇਡੀ। ਉਨ੍ਹਾਂ ਦਾ ਤੀਜਾ ਭਰਾ ਕਸ਼ਮੀਰ ਸਿੰਘ ਮਾਹਲ ਅਫ਼ਸੋਸ ਚਾਲੀ ਸਾਲ ਦੀ ਉਮਰੇ ਪਰਿਵਾਰ ਨੂੰ ਵਿਛੋੜਾ ਦੇ ਗਿਆ ਸੀ। ਖੇਡਾਂ, ਖਿਡਾਰੀਆਂ ਤੇ ਪਹਿਲਵਾਨਾਂ ਨੂੰ ਉਤਸ਼ਾਹਤ ਕਰਨ ਵਾਲੇ ਬੱਲੇ ਵਾਲੇ ਪਰਮਜੀਤ ਸਿੰਘ ਵੀਰਾ ਨੇ ਵੀ ਸਰਬਜੀਤ ਨੂੰ ਬੜੀ ਹੱਲਾਸ਼ੇਰੀ ਦਿੱਤੀ।

ਗੋਰਿਆਂ ਦੀ ਧਰਤੀ 'ਤੇ ਹੁੰਦੇ ਹੋਏ ਵੀ ਸਰਬਜੀਤ ਮਾਹਿਲ-ਗੈਹਿਲਾ ਪਿੰਡ-ਭੂਮੀ ਨੂੰ ਕਦੇ ਨਹੀਂ ਭੁੱਲਦਾ। ਕੈਲੀਫੋਰਨੀਆ ਰਹਿੰਦੇ ਮਾਹਿਲ-ਗੈਹਿਲਾ ਦੇ ਸਮੂਹ ਵਾਸੀਆਂ ਨੇ ਇਕ ਵਾਰ ਇਕੱਠੇ ਹੋਣ ਦਾ ਉਪਰਾਲਾ ਕੀਤਾ। ਜਿਸ ਵਿਚ ਉਹ ਕਾਮਯਾਬ ਹੋਇਆ ਵੀ। ਵੱਡੀ ਮਾਤਰਾ ਵਿਚ ਇਕੱਤਰਤਾ ਹੋਈ। ਜਿਸ ਨੂੰ 'ਮਾਹਿਲ-ਗੈਹਿਲਾ

ਸਿੰਘ ਮਾਹਲ, ਪਾਲ ਮਾਹਲ, ਜੋਗਿੰਦਰ ਸਿੰਘ ਮਾਹਲ, ਦਰਸ਼ਣ ਸਿੰਘ ਮਾਹਲ ਅਤੇ ਹੋਰ ਸਹਿਯੋਗੀਆਂ ਦਾ ਵਾਹਵਾ ਯੋਗਦਾਨ ਹੁੰਦੈ। ਮਾਹਿਲ-ਗੈਹਿਲਾ ਕਲੱਬ ਦੀ ਆਪਣੀ ਬੇਰਤਰੀਨ ਫ਼ੁਟਬਾਲ ਟੀਮ ਹੈ। ਟੀਮ ਦੇ ਅੱਠ ਖਿਡਾਰੀ ਪਿੰਡ ਦੇ ਹੀ ਹਨ। ਇਨ੍ਹਾਂ ਅੱਠਾਂ 'ਚੋਂ ਸਰਬਜੀਤ ਦੇ ਦੋ ਖਿਡਾਰੀ ਬੇਟੇ ਰਵੀ-ਮਾਹਲ ਤੇ ਗੈਰੀ-ਮਾਹਲ ਖੇਡਦੇ ਹਨ। ਦੋਵੇਂ ਫ਼ੁੱਟਬਾਲ 'ਚ ਵਧੀਆ ਮੁਕਾਮ ਬਣਾ ਚੁੱਕੇ ਨੇ।

2006 ਵਿਚ ਸਰਬਜੀਤ ਪੰਜਾਬ ਦੇ ਕਬੱਡੀ



*1999 'ਚ ਕਾਂਗਰਸੀ ਵਿਧਾਇਕ ਨਵਾਂ ਸ਼ਹਿਰ ਚਰਨਜੀਤ ਸਿੰਘ ਚੰਨੀ ਸਰਬਜੀਤ ਮਾਹਲ ਨੂੰ ਮਾਹਿਲ-ਗੈਹਿਲਾ ਖੇਡ ਮੇਲੇ 'ਤੇ ਸਨਮਾਨਤ ਕਰਦੇ ਹੋਏ।*

ਸ਼ਿੰਦਰ ਪਹਿਲਾਂ ਰਾਜ ਰੇਡੀਓ ਨਾਲ ਹੁੰਦਾ ਸੀ ਫਿਰ 'ਖਾਲਸਾ ਚੈਨਲ ਯੂ ਕੇ' ਵਾਲਿਆਂ ਨਾਲ ਜੁੜ ਕੇ ਦੂਜੇ ਮੁਲਕਾਂ ਦੀ ਕਵਰੇਜ ਕਰਨ ਜਾਂਦਾ ਹੈ। ਪੰਜਾਬ ਜਾ ਕੇ ਉਹ ਇਲਾਕੇ ਅਤੇ ਪਿੰਡ ਮਾਹਿਲ-ਗੈਹਿਲਾ 'ਰਵਿੰਦਰ ਮੈਮੋਰੀਅਲ ਜਿਮਨੇਜ਼ੀਅਮ' ਵੀ ਗੇੜਾ ਮਾਰ ਆਉਂਦਾ।

ਅਣਵੰਡੇ ਪੰਜਾਬ ਵੇਲੇ ਇਸੇ ਨਗਰ ਦਾ ਧਰਤੀ ਧੱਕ ਪਹਿਲਵਾਨ ਧੰਨਾ ਸਿੰਘ ਮਾਹਲ ਪਾਕਿਸਤਾਨੀ ਪਹਿਲਵਾਨਾਂ ਨੂੰ ਧੂੜ ਚਟਾਉਂਦਾ ਰਿਹੈ। ਉਹਦੇ ਨਾਂ ਦੀ ਬੜੀ ਦਹਿਸ਼ਤ ਹੁੰਦੀ ਸੀ।

ਇਲਾਕੇ 'ਚ ਜਾਣਿਆ ਜਾਂਦੈ। ਕਲੱਬ 'ਚ ਆਧੁਨਿਕ ਨਵੀਆਂ ਤਕਨੀਕੀ ਮਸ਼ੀਨਾਂ ਲਿਆਉਣ ਅਤੇ ਕੁਝ ਵੱਖਰਾ ਕਰਨ ਲਈ ਸਰਬਜੀਤ ਨੇ ਪਿੰਡ ਦੇ ਹੋਰ ਵਿਦੇਸ਼ੀ ਸੱਜਣਾਂ ਨਾਲ ਸਲਾਹ ਕੀਤੀ। ਹਰ ਇਕ ਨੇ ਭਰਪੂਰ ਸ਼ਲਾਘਾ ਕੀਤੀ ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਜਿੰਮ ਲਈ ਪਿੰਡ ਵਾਸੀਆਂ, ਐਨ ਆਰ ਆਈ ਵੀਰਾਂ ਤੇ ਹੋਰ ਸੱਜਣਾਂ ਮਿੱਤਰਾਂ ਨੇ ਦਿਲ ਖੋਲ੍ਹ ਕੇ ਮਾਇਆ ਦਾਨ ਕੀਤੀ। ਦਿਲ ਦੇ ਦਲੇਰ ਬਾਦਸ਼ਾਹ ਪਹਿਲਵਾਨ ਧੰਨਾ ਸਿੰਘ ਨੇ ਮਾਹਿਲ-ਗੈਹਿਲਾ ਜਿੰਮ ਦੀ ਤਨੋਂ, ਮਨੋਂ, ਧਨੋਂ ਮਦਦ ਕੀਤੀ ਤੇ ਹੋਰ ਸੱਜਣਾਂ ਨੂੰ ਵੀ ਪ੍ਰੇਰਤ ਕੀਤਾ।

ਜਿੰਮ ਵਿਚ ਕੁਸ਼ਤੀ, ਫ਼ੁੱਟਬਾਲ, ਵਾਲੀਬਾਲ, ਰੱਸਾ-ਕਸ਼ੀ ਤੇ ਹਰ ਤਰ੍ਹਾਂ ਦੇ ਖਿਡਾਰੀ ਤਿਆਰ ਹੋ ਰਹੇ ਨੇ। ਉਠਦੇ ਪਹਿਲਵਾਨਾਂ ਲਈ ਇਕ ਪਾਸੇ ਮਿੱਟੀ ਦਾ ਅਖਾੜਾ ਹੈ ਤੇ ਦੂਜੇ ਪਾਸੇ ਗੱਦੇ ਸੁੱਟੇ ਹੋਏ ਨੇ। ਜਲੰਧਰ ਦਾ ਕੁਸ਼ਤੀ ਕੋਚ ਜਗਦੀਸ਼ ਨਵੇਂ ਪਹਿਲਵਾਨਾਂ ਨੂੰ ਟਰੇਨਿੰਗ ਦੇ ਰਿਹੈ। ਉਹਦੇ ਤਿਆਰ ਕੀਤੇ ਪਹਿਲਵਾਨ ਮੁੰਡੇ ਕੁੜੀਆਂ ਆਲੇ ਦੁਆਲੇ ਦੇ ਪਿੰਡਾਂ ਅਤੇ ਇਲਾਕੇ ਦੀਆਂ ਕੁਸ਼ਤੀਆਂ ਵਿਚੋਂ ਚੰਗੀਆਂ ਪੁਜ਼ੀਸ਼ਨਾਂ ਤੇ ਮੈਡਲ ਜਿੱਤ ਰਹੇ ਹਨ। ਕੁਸ਼ਤੀ ਕੋਚ ਦੀ ਪੱਕੀ ਰਿਹਾਇਸ਼ ਕੰਪਲੈਕਸ ਵਿਚ ਹੀ ਹੈ। ਟਰੱਸਟ ਵਲੋਂ ਹਰ ਮਹੀਨੇ ਉਸਨੂੰ ਬੱਝਵੀਂ ਤਨਖਾਹ ਦਿੱਤੀ ਜਾਂਦੀ ਹੈ, ਪਰ ਉਹਦੇ ਸਾਰੇ ਨਿੱਜੀ ਖਰਚੇ ਚੁੱਕਣ ਦੀ ਸੇਵਾ ਸਰਬਜੀਤ ਨੇ ਸੰਭਾਲੀ ਹੋਈ ਹੈ। ਖੇਡ-ਕੰਪਲੈਕਸ ਵਿਚ ਕੈਮਰੇ ਲੱਗੇ ਹੋਏ ਨੇ। ਕੈਲੀਫੋਰਨੀਆ ਬੈਠੇ ਸਰਬਜੀਤ ਦੀ ਬਾਜ਼-ਨਜ਼ਰ ਹਮੇਸ਼ਾਂ ਕੈਮਰਿਆਂ ਉਤੇ ਟਿਕੀ ਰਹਿੰਦੀ ਹੈ। ਪ੍ਰੈਕਟਿਸ ਕਰਨ ਲਈ ਕਲੱਬ 'ਚ ਦੂਰੋਂ-ਦੂਰੋਂ ਖਿਡਾਰੀ ਆਉਂਦੇ ਨੇ। ਨੌਜਵਾਨਾਂ ਨੂੰ ਸਿਹਤ ਬਣਾਉਣ ਦਾ ਵਧੀਆ ਪਲੇਟਫ਼ਾਰਮ ਹੈ। ਇਲਾਕੇ ਦੇ ਖੇਡ ਮੇਲਿਆਂ 'ਚੋਂ ਰੱਸਾ-ਕਸ਼ੀ ਟੀਮ ਦੀਆਂ ਪਹਿਲੀਆਂ ਪੁਜ਼ੀਸ਼ਨਾਂ ਹੁੰਦੀਆਂ ਹਨ। ਸਰਬਜੀਤ ਖੁਦ ਟੀਮ ਨਾਲ ਜਾਂਦਾ ਹੈ ਤੇ ਖਿਡਾਰੀਆਂ ਦਾ ਪੂਰਾ ਖਿਆਲ ਰੱਖਦਾ ਹੈ। 2024 ਦੇ ਫ਼ਰਵਰੀ ਮਹੀਨੇ ਸਰਬਜੀਤ ਨੇ ਕਲੱਬ ਦੇ ਨੌਜਵਾਨ ਪਹਿਲਵਾਨਾਂ ਲਈ ਦੁੱਧ ਪੀਣ ਦਾ ਪ੍ਰਬੰਧ ਕਰਦੇ ਗਾਂ ਮੁੱਲ ਲੈ ਕੇ ਦਿੱਤੀ ਜਿਵੇ ਪੁਰਾਣੇ ਸਮਿਆਂ 'ਚ ਪਿੰਡਾਂ ਦੇ ਲੋਕੀਂ ਪਹਿਲਵਾਨ ਪਾਲਦੇ ਹੁੰਦੇ ਸਨ।

ਦਸੰਬਰ-ਜਨਵਰੀ ਹਰ ਸਾਲ ਉਸਤਾਦ ਸ਼ਾਗਿਰਦ (ਪਹਿਲਵਾਨ ਧੰਨਾ ਸਿੰਘ ਤੇ ਸਰਬਜੀਤ

ਟੂਰਨਾਮੈਂਟ ਪੰਜਾਬ ਖੇਡਣ ਗਿਆ ਤਾਂ ਪਿੰਡ ਦੀ ਸਮੂਹ ਪੰਚਾਇਤ ਤੇ ਸਮੁੱਚੇ ਨਗਰ ਵਾਸੀਆਂ ਨੇ ਪ੍ਰਵਾਸੀ ਖੇਡ-ਪ੍ਰਾਪਤੀਆਂ ਨੂੰ ਵੇਖਦੇ ਭਰਵਾਂ ਪਿਆਰ ਤੇ ਵਾਹਵਾ ਮਾਣ ਤਾਣ ਦਿੱਤਾ। ਖੇਤੀਬਾੜੀ ਮੰਤਰੀ ਸਵ. ਸ. ਦਿਲਬਾਗ ਸਿੰਘ ਦੇ ਬੇਟੇ ਤੇ ਜ਼ਿਲ੍ਹਾ ਵਿਧਾਇਕ ਨਵਾਂ ਸ਼ਹਿਰ ਐਮ ਐਲ ਏ ਸ. ਚਰਨਜੀਤ ਸਿੰਘ ਚੰਨੀ ਨੇ ਭਰਵਾਂ ਮਾਣ-ਸਨਮਾਨ ਕੀਤਾ। ਕੌਮਾਂਤਰੀ ਪੱਧਰ ਦਾ ਕਬੱਡੀ ਖਿਡਾਰੀ ਮੁਸਾਪੁਰੀਏ ਲਾਲ ਸਿੰਘ ਲਾਲੀ ਦਾ ਬੇਟਾ ਸੰਨੀ ਕੰਦੋਲਾ ਵੀ ਸਰਬਜੀਤ ਦਾ ਹੀ ਤਿਆਰ ਕੀਤਾ ਹੋਇਆ ਖਿਡਾਰੀ ਹੈ।

ਪਹਿਲਵਾਨ ਧੰਨਾ ਸਿੰਘ ਕਈ ਸਾਲ ਕੈਲੀਫੋਰਨੀਆ ਤਕੜੀ ਕਬੱਡੀ ਖੇਡਿਆ। ਫਿਰ ਆਪਣੇ ਸ਼ੌਕ ਨੂੰ ਬਰਕਰਾਰ ਰੱਖਦੇ ਕੈਲੀਫੋਰਨੀਆ ਕਬੱਡੀ ਖਿਡਾਰੀ ਤਿਆਰ ਕੀਤੇ ਤੇ ਖਿਡਾਰੀਆਂ ਨੂੰ ਲਿਆਉਣ ਲਿਜਾਣ ਦੀ ਸਾਰੀ ਜ਼ਿੰਮੇਵਾਰੀ ਖੁਦ ਸੰਭਾਲ ਲਈ। ਟੀਮ 'ਚ ਸਰਬਜੀਤ ਮਾਹਲ, ਜਸਵੀਰ ਮਾਹਲ, ਲਹਿੰਬਰ ਲੰਬੜ, ਪਾਲੀ ਸਰਹਾਲ, ਪੰਮਾ ਸਮਰਾ, ਜੋਤੀ ਜੌਹਲ, ਨਿੰਦਰ ਗਿੱਲ, ਜਸਵੰਤ ਖੰਗੂੜਾ, ਜੱਸਾ ਖੈਰਾ ਮਾਝਾ, ਹਰਨੇਕ ਅਟਵਾਲ, ਵੀਰ੍ਹਾ ਤੱਖਰ ਅਤੇ ਬਲਵੀਰ ਪੂੰਨੀ ਖਿਡਾਰੀ ਸਨ। ਇਨ੍ਹਾਂ ਖਿਡਾਰੀਆਂ ਨੂੰ ਕੈਲੀਫੋਰਨੀਆ ਦੀਆਂ ਸਮੂਹ ਕਬੱਡੀ ਕਲੱਬਾਂ-ਯੂਬਾਸਿਟੀ ਕਬੱਡੀ ਕਲੱਬ, ਫ਼ਰਿਜ਼ਨੋ ਕਬੱਡੀ ਕਲੱਬ, ਸੈਂਟਾ-ਕਲਾਰਾ ਕਬੱਡੀ ਕਲੱਬ, ਯੂਨਾਈਟਿਡ ਸਪੋਰਟਸ ਕਲੱਬ ਬੇ-ਏਰੀਆ ਅਤੇ ਹੋਰ ਕਬੱਡੀ ਕਲੱਬਾਂ, ਜਥੇਬੰਦੀਆਂ, ਖੇਡ-ਪ੍ਰਮੋਟਰਾਂ, ਕਬੱਡੀ ਖਿਡਾਰੀਆਂ ਤੇ ਪ੍ਰਸ਼ੰਸਕਾਂ ਨੇ ਰੱਜਵਾਂ ਪਿਆਰ ਦਿੱਤਾ।

ਪਿਤਾ ਸ. ਗੁਰਦਾਸ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਖਿਡਾਰੀ ਬੇਟੇ ਸਰਬਜੀਤ ਨੇ ਜ਼ਿੰਦਗੀ ਦੇ ਸਾਰੇ ਚਾਅ ਪੂਰੇ ਕਰ ਲਏ। ਹੁਣ ਰਹਿੰਦੀ ਜ਼ਿੰਦਗੀ ਖੇਡਾਂ ਦੇ ਲੇਖੇ ਅਤੇ ਬਾਬੇ ਨਾਨਕ ਦਾ ਨਿਮਾਣਾ ਜਿਹਾ ਸਿੱਖ ਬਣ ਕੇ ਗੁਜ਼ਾਰਨੀ ਚਾਹੁੰਦੈ। ਉਹ ਪਹਿਲਵਾਨ ਬੁੱਧ ਸਿੰਘ ਦੀ ਪਹਿਲਵਾਨੀ ਦਾ ਬੜਾ ਕਾਇਲ ਹੈ। ਐਕਟਰਾਂ ਵਿਚੋਂ ਧਰਮਿੰਦਰ ਮਨਪਸੰਦ ਅਤੇ ਗਾਇਕਾਂ ਵਿਚੋਂ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਪਸੰਦੀਦਾ ਹਨ। ਗੀਤਕਾਰਾਂ ਤੇ ਕਲਾਕਾਰਾਂ ਨਾਲ ਹਮੇਸ਼ਾਂ ਤਾਲਮੇਲ ਰੱਖਣ ਵਾਲੇ, ਪ੍ਰੈਸ ਰਿਪੋਰਟਰ ਅਤੇ 'ਸੁਰਤਾਲ ਅਵਾਜ਼ ਵੈੱਲਫ਼ੇਅਰ ਕਮੇਟੀ' ਜ਼ਿਲ੍ਹਾ ਨਵਾਂ ਸ਼ਹਿਰ ਦੇ ਪ੍ਰਧਾਨ ਪੇਂਡੂ ਬਿੱਟੂ ਭੱਟੀ 'ਤੇ ਵੀ ਬੜਾ ਨਾਜ਼ ਹੈ। ਬੜੇ ਸਾਲਾਂ ਤੋਂ ਇੰਗਲੈਂਡ ਰਹਿੰਦਾ ਸ਼ਿੰਦਰ ਮਾਹਲ ਵੀ ਮੀਡੀਏ ਨਾਲ ਜੁੜਿਆ ਹੋਇਐ।

ਨਰਿੰਦਰ ਸਿੰਘ (ਬੱਲੀ ਪਹਿਲਵਾਨ) ਵੀ ਇਸੇ ਪਿੰਡ ਦਾ ਘੁਲਾਟੀਆ ਹੈ।

ਜੁਆਨੀ 'ਚ ਸਰਬਜੀਤ ਮੋਨਾ ਹੁੰਦਾ ਸੀ। ਅਮਰੀਕਾ ਜਾ ਕੇ ਵੀ ਕਈ ਸਾਲ ਇਸੇ ਤਰ੍ਹਾਂ ਹੀ ਰਿਹਾ ਤੇ ਖੇਡਿਆ ਵੀ ਇਸੇ ਤਰ੍ਹਾਂ ਹੀ। ਫਿਰ ਗੁਰੂ ਦੀ ਐਸੀ ਕਲਾ ਵਰਤੀ ਕਿ ਖੰਡੇ ਬਾਟੇ ਦਾ ਅੰਮ੍ਰਿਤ



*ਭੁੱਲੇਆਲ ਗੁੱਜਰਾਂ ਦੰਗਲਾਂ 'ਚ ਸੱਜੇ ਤੋਂ ਖੱਬੇ ਲੱਖਾ ਪੱਟੀ, ਸਰਬਜੀਤ ਮਾਹਲ, ਹਰਜੀਤ ਪਹਿਲਵਾਨ, ਪੁਲਿਸ ਅਫਸਰ ਪਹਿਲਵਾਨ ਸ਼ਤੀਸ਼ ਕੁਮਾਰ, ਰੁਸਤਮੇ ਹਿੰਦ ਪਹਿਲਵਾਨ ਬੁੱਧ ਸਿੰਘ, ਧੰਨਾ ਪਹਿਲਵਾਨ ਤੇ ਦਰਸ਼ਣ ਮਾਹਲ।*



*ਸੱਜੇ ਤੋਂ ਖੱਬੇ ਧੰਨਾ ਪਹਿਲਵਾਨ, ਸਿਕੰਦਰ ਪਹਿਲਵਾਨ ਤੇ ਸਰਬਜੀਤ ਮਾਹਲ।*

ਲਈ ਉਹ ਗੁਲਾਬ ਦਾ ਫ਼ੁੱਲ ਖਿੱਚ ਦਾ ਕੇਂਦਰ ਬਣ ਜਾਂਦੈ ਤੇ ਮਾਲੀ ਉਸ ਵੱਲ ਉਚੇਚਾ ਖਿਚਿਆ ਜਾਂਦੈ। ਐਨ ਉਸੇ ਤਰ੍ਹਾਂ ਹੀ ਸਰਬਜੀਤ ਦੀ ਕਲਾ ਵਿਚ ਨਿਖਾਰ ਆਉਂਦਾ ਵੇਖ ਉਸਤਾਦ ਧੰਨਾ ਜੀ ਸਰਬਜੀਤ ਵੱਲ ਉਚੇਚਾ ਧਿਆਨ ਲੱਗੇ ਤੇ ਉਸ ਨੂੰ ਕੁਸ਼ਤੀਆਂ ਵਲੋਂ ਹਟਾ ਕਬੱਡੀ ਵੱਲ ਪ੍ਰੇਰਤ ਕੀਤਾ ਤੇ ਉਸਤਾਦ ਜੀ ਦੇ ਗੁਰਮੰਤਰ ਕੰਮ ਆਉਣ ਲੱਗੇ। ਸਰਬਜੀਤ ਕੈਲੀਫੋਰਨੀਆ ਦੀਆਂ ਗਰਾਊਂਡਾਂ ਵਿਚ ਕਬੱਡੀ ਦੇ ਖਿਚਵੇਂ ਮੈਚ ਲਾਉਣ ਲੱਗਾ। 1980 ਤੋਂ 2000 ਤੱਕ ਦੋ ਦਹਾਕੇ ਕੈਲੀਫੋਰਨੀਆ ਤੋਂ ਇਲਾਵਾ ਨਿਊਯਾਰਕ, ਇੰਗਲੈਂਡ ਅਤੇ ਕੈਨੇਡਾ ਦੀਆਂ ਗਰਾਊਂਡਾਂ ਵਿਚ ਖੇਡਿਆ। ਕੈਲੀਫੋਰਨੀਆ ਕਬੱਡੀ 'ਚ ਸ਼ੌਕ ਰਖਦੇ ਹੋਰ ਪੰਜਾਬੀ ਨੌਜਵਾਨਾਂ ਨਾਲ ਮਿਲ ਕੇ 'ਗੋਲਡ

ਨਾਈਟ' ਦਾ ਨਾਂ ਦਿੱਤਾ ਗਿਆ। ਫਿਰ "ਮਾਹਿਲ-ਗੈਹਿਲਾ ਰੰਗਲੀ ਸ਼ਾਮ" ਵਜੋਂ ਵੀ ਜਾਣਿਆ ਗਿਆ। ਪਿੰਡ ਵਾਸੀਆਂ ਦੀ ਜੁੜਤਾ ਦਸ ਸਾਲ ਨਿਰੰਤਰ ਚੱਲੀ। ਫਿਰ ਪਿੰਡ ਦੇ ਪਤਵੰਤੇ ਸੱਜਣਾਂ ਦੀ ਸਲਾਹ ਨਾਲ ਇਸ ਨੂੰ 'ਮਾਹਿਲ-ਗੈਹਿਲਾ ਸਪੋਰਟਸ ਕਲੱਬ' ਦਾ ਨਾਂ ਦਿਤਾ ਗਿਆ ਤਾਂ ਕਿ ਖੇਡ ਸ਼ੌਕ ਵੀ ਚਲਦਾ ਰਹੇ ਤੇ ਪਿੰਡ ਦਾ ਨਾਂ ਵੀ ਬਣਿਆ ਰਹੇ। ਇਸ ਕਲੱਬ ਵਲੋਂ ਹਰ ਸਾਲ ਲਗਾਤਾਰ ਵਧੀਆ ਢੰਗ ਨਾਲ ਫ਼ੁਟਬਾਲ ਤੇ ਕਬੱਡੀ ਟੂਰਨਾਮੈਂਟ ਕਰਵਾਏ ਜਾਂਦੇ ਨੇ। ਪਿੰਡ ਵਾਸੀਆਂ ਤੋਂ ਇਲਾਵਾ ਇਲਾਕੇ ਦੇ ਹੋਰ ਸੱਜਣਾਂ ਮਿੱਤਰਾਂ ਦਾ ਵੀ ਬੜਾ ਸਹਿਯੋਗ ਹੁੰਦੈ।

'ਮਾਹਿਲ ਗੈਹਿਲਾ ਸਪੋਰਟਸ ਕਲੱਬ ਕੈਲੀਫੋਰਨੀਆ' ਟੂਰਨਾਮੈਂਟ ਵਿਚ ਡਾ. ਸੋਹਣ

ਛਕ ਕੇ ਸਿੰਘ ਸਜ ਗਿਆ। ਚਿੱਟੀ ਦਸਤਾਰ ਤੇ ਚਿੱਟੇ ਕੁੜਤੇ ਪਜਾਮੇ ਵਿਚ ਕਥਾ-ਕੀਰਤਨੀਆਂ/ ਪ੍ਰਚਾਰਕ ਵਾਂਗ ਹੀ ਲੱਗਦੈ। ਜ਼ਿੰਦਗੀ ਦਾ ਅਖੀਰੀ ਸਮਾਂ ਉਹ ਗੁਰੂ ਦੇ ਲੇਖੇ ਲਾਉਣਾ ਚਾਹੁੰਦੈ। ਜੀਵਨ ਸਾਥਣ ਸ੍ਰੀਮਤੀ ਨਰਿੰਦਰ ਕੌਰ ਤੇ ਪਰਿਵਾਰ ਬੱਚਿਆਂ 'ਚ ਖੁਸ਼ ਹੈ। ਦੋਵੇਂ ਬੇਟੇ ਰਾਜਵਿੰਦਰ ਸਿੰਘ ਰਵੀ ਮਾਹਲ ਤੇ ਗੈਰੀ ਮਾਹਲ ਕੈਲੀਫੋਰਨੀਆ 'ਚ ਫ਼ੁੱਟਬਾਲ ਦੇ ਨਾਮੀ ਖਿਡਾਰੀ ਰਹਿ ਚੁੱਕੇ ਹਨ। ਦੋਵੇਂ ਬੇਟੇ ਕੈਨੇਡਾ 'ਚ 'ਨੇਸ਼ਨ ਕੱਪ' ਵੀ ਖੇਡ ਚੁੱਕੇ ਹਨ। ਰਵੀ ਮਾਹਲ ਤਾਂ ਸਾਰੇ ਕੈਨੇਡਾ ਹੀ ਖੇਡ ਆਇਐ।

ਇੰਗਲੈਂਡ ਵਸਦੇ ਸ. ਸੁਰਜੀਤ ਸਿੰਘ ਮਾਹਲ ਨੇ ਬੜਾ ਪੁੰਨ ਦਾ ਕੰਮ ਕੀਤਾ। ਜਿਸ ਨੇ ਸਵ. ਬੇਟੇ ਰਵਿੰਦਰ ਸਿੰਘ ਮਾਹਲ ਦੀ ਮਿੱਠੀ ਯਾਦ ਵਿਚ ਜ਼ਮੀਨ ਦਾਨ ਕਰ ਕੇ ਪਿੰਡ ਵਿਚ ਖੇਡ ਕੰਪਲੈਕਸ ਦੀ ਨੀਂਹ ਰੱਖੀ। ਮਾਹਿਲ-ਗੈਹਿਲਾ ਦਾ 'ਰਵਿੰਦਰ ਮੈਮੋਰੀਅਲ ਖੇਡ ਕੰਪਲੈਕਸ' ਪੂਰੇ

ਸਿੰਘ ਮਾਹਲ) ਦੋਵੇਂ ਇਕੱਠੇ ਪੰਜਾਬ ਜਾਂਦੇ ਹਨ। ਦੋ-ਤਿੰਨ ਮਹੀਨੇ 'ਕੱਠੇ ਗੁਜ਼ਾਰਦੇ ਹਨ। ਪੰਜਾਬ ਦੇ ਪਿੰਡਾਂ ਦੀਆਂ ਕੁਸ਼ਤੀਆਂ ਖੇਡ-ਮੇਲੇ, ਹਰਿਆਲੀ ਅਤੇ ਹਰੀਆਂ-ਭਰੀਆਂ ਫ਼ਸਲਾਂ ਦੇ ਆਨੰਦ ਮਾਣਦੇ ਨੇ। ਗੁਰਧਾਮਾਂ ਦੇ ਦਰਸ਼ਨ ਕਰਦੇ ਹਨ ਤੇ ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਨੂੰ ਨਸ਼ਾ ਮੁਕਤ ਵੇਖਣਾ ਚਾਹੁੰਦੇ ਹਨ। ਬਾਬੇ ਨਾਨਕ ਦੀ ਮੇਹਰ ਨਾਲ ਗੁਰੂ-ਚੇਲਾ ਹਰ ਸਾਲ ਪੰਜਾਬ ਗੇੜਾ ਮਾਰ ਆਉਂਦੇ ਨੇ ਤੇ ਆਪਣੇ ਆਪ ਨੂੰ ਧੰਨ ਭਾਗ ਸਮਝਦੇ ਨੇ।

"ਯਾਰੀ ਤਾਂ ਪਾ ਲੈਂਦੇ ਨੇ ਬੜੇ,
ਤੋੜ ਨਿਭਾਵਦਾ ਕੋਈ ਕੋਈ।
ਡੀਗਾਂ ਮਾਰਦੇ ਦੂਰੋਂ ਬੜੇ ਵੇਖੇ,
ਲਾਗੇ ਆ ਬਾਂਹ ਫੜਦਾ ਕੋਈ ਕੋਈ।
ਗੁਰੂ ਚੇਲੇ ਦਾ ਰਿਸ਼ਤਾ ਗੂੜ੍ਹਾ 'ਇਕਬਾਲ ਸਿੰਹਾ'
ਸੱਚੇ ਦਿਲੋਂ ਸਿਰ ਝੁਕਾਵਦਾ ਕੋਈ ਕੋਈ।"

# ਲੂਣਦਾਨੀ: ਪਰਵਾਸੀ ਜੀਵਨ ਦੀਆਂ ਪਰਤਾਂ

***'ਲੂਣਦਾਨੀ' ਕੈਨੇਡਾ ਵੱਸਦੇ ਹਰਪ੍ਰੀਤ ਸੇਖਾ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' (2006), 'ਬਾਰਾਂ ਬੂਹੇ' (2013), 'ਪ੍ਰਿਜ਼ਮ' (2017) ਛਪ ਚੁੱਕੇ ਹਨ। ਉਸ ਦੀਆਂ 2017 ਤੱਕ ਦੀਆਂ ਸਾਰੀਆਂ ਕਹਾਣੀਆਂ ਕਿਤਾਬ 'ਡੱਗੀ' ਵਿਚ ਛਪੀਆਂ ਹਨ। ਪਿੱਛੇ ਜਿਹੇ ਉਸ ਦਾ ਨਾਵਲ 'ਹਨੇਰੇ ਰਾਹ' ਵੀ ਆਇਆ ਸੀ ਜੋ ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਉਹ ਕੈਨੇਡਾ ਦੀ ਟੈਕਸੀ ਸਨਅਤ ਬਾਰੇ ਕਿਤਾਬ 'ਟੈਕਸੀਨਾਮਾ' (2012) ਰਚ ਚੁੱਕਾ ਹੈ।***

ਲੂਣਦਾਨੀ ਕਹਾਣੀ ਸੰਗ੍ਰਹਿ ਪਰਵਾਸੀ ਸਮਾਜ ਦੇ ਪ੍ਰਗਟ ਅਤੇ ਪ੍ਰਗਟ ਵਰਤਾਰਿਆਂ ਨੂੰ ਮਹੀਨ, ਤਿੱਖੀ ਤੇ ਲਤੀਫ਼ ਨਜ਼ਰ ਨਾਲ ਚਿਤਰਣ ਵਾਲੇ ਕਹਾਣੀਕਾਰ ਹਰਪ੍ਰੀਤ ਸੇਖਾ ਦੀ ਸੱਜਰੀ ਮੌਲਿਕ ਰਚਨਾ ਹੈ। ਸਾਡੀ ਪ੍ਰਚਲਿਤ ਨਜ਼ਰ ਉਸ ਨੂੰ ਕੈਨੇਡੀਅਨ ਪੰਜਾਬੀ ਲੇਖਕ ਵਜੋਂ ਪਛਾਣਦੀ ਹੈ। ਕਰੜੀ ਮਿਹਨਤ-ਮੁਸ਼ੱਕਤ ਕਰਦਿਆਂ, ਪੁਸਤਕਾਂ ਪੜ੍ਹਦਿਆਂ ਅਤੇ ਜੀਵਨ ਦੇ ਮਹਾਂ-ਗ੍ਰੰਥ ਵਿਚੋਂ ਦਰਸ ਹਾਸਲ ਕਰਦਿਆਂ ਗ੍ਰਹਿਣ ਕੀਤੇ ਅਨੁਭਵ ਨੂੰ ਉਸ ਨੇ ਕਹਾਣੀਆਂ, ਨਾਵਲ ਅਤੇ ਨਸਰ ਵਿਚ ਢਾਲਿਆ ਹੈ। ਨਵੇਂ ਪਰਵਾਸੀ ਵਜੋਂ ਵੱਖਰੀ ਧਰਤੀ 'ਤੇ ਪੈਰ



**ਹਰਿਭਜਨ ਸਿੰਘ ਭਾਟੀਆ**
**ਫੋਨ: +91-98557-19118**

ਜਮਾਉਣ ਲਈ ਕਰੜੀ ਮੁਸ਼ੱਕਤ ਕਰਦਿਆਂ ਉਹ ਪਹਿਲਾਂ 'ਵਤਨ' ਤੇ ਮੁੜ 'ਸਿਰਜਣਾ' ਰਸਾਲੇ ਰਾਹੀਂ ਅਦਬੀ ਮੰਚ ਉਪਰ ਪ੍ਰਗਟ ਹੋਇਆ। ਆਪਣੀ ਪ੍ਰਥਮ ਪੁਸਤਕ 'ਬੀ ਜੀ ਮੁਸਕਰਾ ਪਏ' (2006) ਦੇ ਪ੍ਰਕਾਸ਼ਨ ਤੋਂ ਪਹਿਲਾਂ ਹੀ ਉਹ ਅਫ਼ਸਾਨਾਨਿਗਾਰੀ ਦੇ ਖੇਤਰ ਵਿਚ ਜਾਣਿਆ ਜਾਣ ਲੱਗਾ ਸੀ। 'ਬੀ ਜੀ ਮੁਸਕਰਾ ਪਏ' ਤੋਂ ਮਗਰੋਂ ਉਸ ਟੈਕਸੀ ਚਲਾਉਣ ਸਮੇਂ ਗ੍ਰਹਿਣ ਕੀਤੇ ਅਨੂਠੇ ਤੇ ਅਦੁੱਤੀ ਅਨੁਭਵਾਂ ਨੂੰ ਵਾਰਤਕ ਰਚਨਾ 'ਟੈਕਸੀਨਾਮਾ' (2012) ਰਾਹੀਂ ਸਾਹਮਣੇ ਲਿਆਂਦਾ। 'ਬਾਰਾਂ ਬੂਹੇ' (2013), 'ਪ੍ਰਿਜ਼ਮ' (2017) ਕਹਾਣੀ ਸੰਗ੍ਰਹਿਆਂ ਅਤੇ ਲਗਾਤਾਰ ਛਪਦੀਆਂ ਕਹਾਣੀਆਂ ਮਗਰੋਂ ਉਸ ਨੂੰ ਪੰਜਾਬੀ ਕਹਾਣੀ ਅਤੇ ਖ਼ਾਸਕਰ ਕੈਨੇਡੀਅਨ ਪੰਜਾਬੀ ਕਹਾਣੀ ਵਿਚੋਂ ਮਨਫ਼ੀ ਕਰਨਾ ਅਸੰਭਵ ਹੋ ਗਿਆ। ਉਸ ਤਰਜਮਾਨਿਗਾਰੀ ਉਪਰ ਵੀ ਹੱਥ ਅਜ਼ਮਾਇਆ। ਉਸ ਦੀਆਂ ਕਹਾਣੀਆਂ ਪੰਜਾਬੀ ਜ਼ੁਬਾਨ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਿਤ ਹੋਣ ਲੱਗੀਆਂ। ਢਾਹਾਂ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਪ੍ਰਿਜ਼ਮ' ਦੇ ਅੰਗਰੇਜ਼ੀ ਵਿਚ ਅਜਮੇਰ ਰੋਡੇ ਵੱਲੋਂ ਕੀਤੇ ਤਰਜ਼ਮੇ ਨੇ ਉਸ ਦਾ ਤੁਆਰਫ਼ ਆਲਮੀ ਧਰਾਤਲ ਉਪਰ ਫੈਲੇ ਪਾਠਕ ਵਰਗ ਨਾਲ ਕਰਵਾ ਦਿੱਤਾ। ਸੁਭਾਸ਼ ਨੀਰਵ ਲਗਾਤਾਰ ਉਸ ਦੀਆਂ ਕਹਾਣੀਆਂ ਨੂੰ 'ਬਰਫ਼ਖੋਰ ਹਵਾਏਂ" ਅਤੇ ਨਾਵਲ ਨੂੰ 'ਅੰਧੇਰੇ ਰਾਹ' ਸਿਰਲੇਖਾਂ ਹੇਠ ਹਿੰਦੀ ਵਿਚ ਅਨੁਵਾਦ ਕਰ ਚੁੱਕਾ ਹੈ। ਉਸ ਨੇ ਖ਼ੁਦ ਆਪਣੀਆਂ 2017 ਤੱਕ ਛਪੀਆਂ ਬੱਤੀ ਕਹਾਣੀਆਂ ਨੂੰ 'ਡੱਗੀ' ਸਿਰਲੇਖ ਹੇਠ ਸਾਂਭ ਲਿਆ ਹੈ। 2020 ਵਿਚ ਛਪੇ ਨਾਵਲ 'ਹਨੇਰੇ ਰਾਹ' ਨੇ ਉਸ ਦੀ ਰਚਨਾਤਮਕ ਸ਼ਖ਼ਸੀਅਤ ਹੇਠ ਛੁਪੀ ਇੱਕ ਹੋਰ ਸੰਭਾਵਨਾ ਨੂੰ ਉਜਾਗਰ ਕੀਤਾ ਹੈ। ਇਹ ਨਾਵਲ ਪਰਵਾਸੀ ਜੀਵਨ ਦੇ ਤਲਿੱਸਮ, ਜਾਅਲੀਪਣ, ਦਿਖਾਵੇ ਅਤੇ ਭੇਖ ਨੂੰ ਨਸ਼ਰ ਕਰਦਾ ਅਤੇ ਇਸ ਜੀਵਨ ਦੀ ਅਸਲੀਅਤ ਤੇ ਸੱਚ ਨੂੰ ਪ੍ਰਗਟਾਉਂਦਾ ਹੈ। ਅਫ਼ਸਾਨਾਨਿਗਾਰੀ ਦੇ ਪਾਰਖੂ ਹੁਣ ਉਸ ਨੂੰ ਕੈਨੇਡੀਅਨ ਪੰਜਾਬੀ ਕਹਾਣੀਕਾਰਾਂ ਦੀ ਕਤਾਰ ਵਿਚ ਰੱਖ ਕੇ ਜਾਂਚਣ-ਪਰਖਣ ਨਾਲੋਂ ਮੁੱਖ ਧਾਰਾ ਦੇ ਪੰਜਾਬੀ ਕਹਾਣੀਕਾਰ/ ਲੇਖਕ ਵਜੋਂ ਘੋਖਣ-ਪੜਚੋਲਣ ਦਾ ਦਰੁਸਤ ਮਸ਼ਵਰਾ ਦੇ ਰਹੇ ਹਨ।


ਮੋਗਾ ਜ਼ਿਲ੍ਹਾ ਦੇ ਪਿੰਡ ਕੋਟ ਈਸੇ ਖਾਂ (ਜੱਦੀ ਪਿੰਡ ਸੇਖਾ ਕਲਾਂ) ਵਿਖੇ ਹਰਪ੍ਰੀਤ ਸੇਖਾ ਦਾ ਜਨਮ 18 ਨਵੰਬਰ 1967 ਨੂੰ ਹੋਇਆ। ਉਮਰ ਦੇ ਦੋ ਦਹਾਕੇ ਪਾਰ ਕਰਨ ਤੋਂ ਪਹਿਲਾਂ ਉਸ ਮਕੈਨੀਕਲ ਇੰਜੀਨੀਅਰਿੰਗ ਵਿਚ ਡਿਪਲੋਮਾ ਕੀਤਾ।

ਹਰਪ੍ਰੀਤ ਦੇ ਮਾਤਾ-ਪਿਤਾ ਸਕੂਲ ਅਧਿਆਪਕ ਸਨ। ਸੇਵਾ ਮੁਕਤੀ ਮਗਰੋਂ ਉਨ੍ਹਾਂ ਕੈਨੇਡਾ ਵੱਸਣ ਦਾ ਫ਼ੈਸਲਾ ਕੀਤਾ। ਮਰਜ਼ੀ ਤੇ ਹਾਲਾਤ ਨੇ ਹਰਪ੍ਰੀਤ ਨੂੰ ਵੀ ਉਨ੍ਹਾਂ ਦੇ ਨਾਲ ਹੀ 1988 ਵਿਚ ਕੈਨੇਡਾ ਪਹੁੰਚਾ ਦਿੱਤਾ। ਭਵਿੱਖ ਦੀ ਫ਼ਿਕਰਮੰਦੀ ਨੇ ਉਸ ਨੂੰ ਇੰਜੀਨੀਅਰਿੰਗ ਦੇ ਰਾਹ ਤੋਰਿਆ ਅਤੇ ਉਸ ਦੇ ਅੰਦਰਲੀਆਂ ਰੁਚੀਆਂ ਨੇ ਉਸ ਨੂੰ ਅਦਬ ਨਾਲ ਵੀ ਜੋੜੀ ਰੱਖਿਆ। ਉਸ ਜ਼ਮਾਨੇ 'ਚ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੀਆਂ ਰਚਨਾਵਾਂ ਉਸ ਅੰਦਰ ਅਫ਼ਸਾਨਾਨਿਗਾਰੀ ਦੇ ਬੀਜ ਬੀਜਦੀਆਂ ਅਤੇ ਉਨ੍ਹਾਂ ਨੂੰ ਲਗਾਤਾਰ ਸਿੰਜਦੀਆਂ ਰਹੀਆਂ। ਬੇਸ਼ੱਕ ਕੈਨੇਡਾ ਆਉਣ ਤੋਂ ਪਹਿਲਾਂ ਉਸ ਸਾਹਿਤ ਰਚਨਾ ਦਾ ਕਾਰਜ ਨਾ ਕੀਤਾ ਪਰ ਉਸ ਅੰਦਰਲਾ ਸ਼ੌਕ, ਰੁਚੀਆਂ ਤੇ ਸੰਸਕਾਰ (ਬਿਨਾਂ ਵੀਜ਼ਾ ਲਏ) ਉਸ ਦੇ ਨਾਲ ਹੀ ਕੈਨੇਡਾ ਅੱਪੜ ਗਏ। ਕਲਾ ਜਾਂ ਅਦਬ ਪ੍ਰਤੀ ਅੰਦਰੂਨੀ ਖਿੱਚ ਬਗੈਰ ਇਨ੍ਹਾਂ ਰੁਚੀਆਂ ਦਾ ਨਵੇਂ ਮਾਹੌਲ ਤੇ ਵਾਤਾਵਰਣ ਵਿਚ ਜ਼ਿੰਦਾ ਰਹਿਣਾ ਖ਼ਾਸਾ ਦੁਸ਼ਵਾਰ ਹੁੰਦਾ ਹੈ, ਖ਼ਾਸਕਰ ਉਦੋਂ ਜਦੋਂ ਵਿਅਕਤੀ ਆਪਣੀ ਹੋਂਦ ਦੀ ਸੁਰੱਖਿਅਤਾ ਤੇ ਖ਼ੁਦ ਨੂੰ ਜ਼ਿੰਦਾ ਰੱਖਣ ਲਈ ਦੁਸ਼ਵਾਰ ਪ੍ਰਸਥਿਤੀਆਂ ਵਿਚੋਂ ਗੁਜ਼ਰ ਰਿਹਾ ਹੋਵੇ। ਇਸ ਨਿੱਘੇ, ਮਿੱਠਬੋਲੜੇ, ਵੱਧ ਸੁਣਨ ਤੇ ਘੱਟ ਬੋਲਣ ਵਾਲੇ, ਤਿੱਖੀ ਤੇ ਤੇਜ਼ ਤਰਾਰ ਨਜ਼ਰ ਅਤੇ ਸਾਫ਼ ਨਜ਼ਰੀਏ ਵਾਲੇ ਸ਼ਖ਼ਸ ਨਾਲ ਮੇਰੀਆਂ ਇੱਕ ਤੋਂ ਵਧੀਕ ਮੁਲਾਕਾਤਾਂ ਹੋਈਆਂ; ਰੂ-ਬ-ਰੂ ਵੀ ਤੇ ਟੈਲੀਫ਼ੋਨ ਉੱਪਰ ਵੀ। ਆਪਣੇ ਪਿਛੋਕੜ ਨੂੰ ਸੁਨਿਹਰੀ ਰੰਗ ਵਿਚ ਰੰਗਣ ਦੀ ਬਜਾਏ ਉਸ ਦੱਸਿਆ ਕਿ ਉਸ ਨੂੰ ਆਪਣੇ ਜੀਵਨ ਨੂੰ ਲੀਹ 'ਤੇ ਲਿਆਉਣ ਜਾਂ ਪਟੜੀ ਉੱਪਰ ਚਾੜ੍ਹਨ ਲਈ ਕਰੜੀ ਮਿਹਨਤ-ਮੁਸ਼ੱਕਤ ਕਰਨੀ ਪਈ। ਬੇਰੀਆਂ ਤੋੜਣ, ਪੈਕਿੰਗ ਕਰਨ, ਮਸ਼ੀਨਿਸਟ ਦੇ ਹੈਲਪਰ ਵਜੋਂ ਕੰਮ ਕਰਨ, ਟੈਕਸੀ ਚਲਾਉਣ ਅਤੇ ਡਾਕਖਾਨੇ ਵਿਚ ਕੰਮ ਕਰਨ ਦੀ ਕਰੜੀ ਮੁਸ਼ੱਕਤ ਨੇ ਜਿਵੇਂ ਉਸ ਨੂੰ ਜੀਵਨ ਦੇ ਅਸਲ ਮਾਅਨੇ ਸਮਝਾ ਦਿੱਤੇ। ਇਸ ਕਰੜੀ ਮੁਸ਼ੱਕਤ ਦੇ ਬਾਵਜੂਦ ਉਸ ਨਾ ਆਪਣੇ ਅੰਦਰਲੀਆਂ ਹਾਂ-ਮੁਖੀ ਕਦਰਾਂ-ਕੀਮਤਾਂ ਨੂੰ ਦਮ ਤੋੜਣ ਦਿੱਤਾ ਅਤੇ ਨਾ ਹੀ ਆਪਣੇ ਅਦਬੀ ਸੰਸਕਾਰਾਂ ਦਾ ਸਾਹ ਘੁੱਟਿਆ। ਮਾਇਆ ਤੇ ਮੰਡੀ ਦੀ ਮੁਕਾਬਲੇਬਾਜ਼ ਨਗਰੀ ਵਿਚ ਪਹੁੰਚ ਕੇ ਵੀ ਉਸ ਦੂਸਰੇ ਦੇ ਦੁੱਖ-ਸੁੱਖ ਵਿਚ ਸ਼ਰੀਕ ਹੋਣ, ਰਲ-ਮਿਲ ਕੇ ਰਹਿਣ-ਵਿਚਰਣ, ਪਰਿਵਾਰਕ ਮਾਹੌਲ ਨੂੰ ਜ਼ਿੰਦਾ ਰੱਖਣ, ਚੰਗੀਆਂ ਮਾਨਵੀ ਕਦਰਾਂ-ਕੀਮਤਾਂ ਨੂੰ ਜੀਵਨ ਸ਼ੈਲੀ ਦਾ ਹਿੱਸਾ ਬਣਾਈ ਰੱਖਣ ਅਤੇ ਹੱਸਾਸ ਤਬੀਅਤ ਰਹਿਣ ਨੂੰ ਆਪਣੀ ਹਾਂ-ਪੱਖੀ ਸੋਚ ਦਾ ਹਿੱਸਾ ਬਣਾਈ ਰੱਖਿਆ। ਯਾਨੀ ਉਸ ਆਪਣੇ ਸਭਿਆਚਾਰ ਵਿਚਲੀਆਂ ਹਾਂ-ਮੁਖੀ ਮਾਨਵੀ ਕਦਰਾਂ-ਕੀਮਤਾਂ ਨੂੰ ਤਿਆਗਿਆ ਨਹੀਂ ਅਤੇ ਅੰਧ-ਵਿਸ਼ਵਾਸਾਂ, ਹਨੇਰ ਬਿਰਤੀ ਤੇ ਨਫ਼ਰਤ ਆਧਾਰਿਤ ਨਾਂਹ-ਮੁਖੀ ਕੀਮਤਾਂ ਨੂੰ ਲਾਗੇ ਨਹੀਂ ਫੜਕਣ ਦਿੱਤਾ। ਉਸ ਦੀ ਸ਼ਖ਼ਸੀਅਤ ਅੰਦਰ ਹਾਂ-ਮੁਖੀ ਮਾਨਵੀ ਕਦਰਾਂ-ਕੀਮਤਾਂ ਅਤੇ ਤਰਕਸ਼ੀਲ ਤੇ ਵਿਗਿਆਨਕ ਸੋਚ ਇੱਕ-ਦੂਸਰੇ ਦੇ ਸੰਗ-ਸਾਥ ਵਿਚਰਦੇ ਦਿਖਾਈ ਦਿੰਦੇ ਹਨ। ਆਪਣੀ ਵਰੇਸ ਦੇ ਤਿੰਨ ਦਹਾਕੇ ਪਾਰ ਕਰਨ ਤੱਕ ਉਸ ਦਾ ਕਲਮ ਨਾਲ ਰਿਸ਼ਤਾ ਬਣਦਾ-ਟੁੱਟਦਾ ਰਿਹਾ। ਕੈਨੇਡਾ ਦੇ 'ਵਤਨ' ਰਸਾਲੇ ਵਿਚ ਛਪਦੀਆਂ ਕਹਾਣੀਆਂ/ਰਚਨਾਵਾਂ ਉਸ ਦੀ ਰੂਹ ਦੀ ਗਜ਼ਾ ਬਣਦੀਆਂ। ਵੀਹਵੀਂ ਸਦੀ ਦੇ ਆਖ਼ਰੀ ਦੋ ਵਰ੍ਹਿਆਂ ਵਿਚ ਉਸ ਦੀਆਂ ਕਹਾਣੀਆਂ 'ਸਿਰਜਣਾ' ਰਸਾਲੇ ਵਿਚ ਛਪਣ ਲੱਗੀਆਂ। 'ਸਿਰਜਣਾ' ਵਿਚ ਛਪਣ, ਡਾ. ਰਘਬੀਰ ਸਿੰਘ ਦੀ ਹੱਲਾਸ਼ੇਰੀ ਅਤੇ ਪਾਠਕਾਂ ਦੇ ਹੁੰਗਾਰੇ ਨੇ ਅਦਬੀ ਦੁਨੀਆਂ ਵਿਚ ਉਸ ਨੂੰ ਆਪਣੇ ਪੈਰਾਂ ਉਪਰ ਖੜ੍ਹਾ ਕਰ ਦਿੱਤਾ। ਮਿਹਨਤ-ਮੁਸ਼ੱਕਤ, ਘਰ-ਪਰਿਵਾਰ ਦੀ ਦੇਖਭਾਲ ਦੇ ਨਾਲ ਅਦਬੀ ਸ਼ੌਕ ਨੂੰ ਜ਼ਿੰਦਾ ਰੱਖਣਾ ਉਸ ਦੀ ਸ਼ਖ਼ਸੀਅਤ ਦਾ ਹਿੱਸਾ ਬਣ ਗਿਆ। ਪਿਛਲੇ ਢਾਈ ਦਹਾਕਿਆਂ ਤੋਂ ਉਹ ਕਿਸੇ ਪ੍ਰਕਾਰ ਦੀ ਆਪਾ-ਧਾਪੀ ਤੇ ਸ਼ੋਹਰਤ ਦੀ ਅੰਨ੍ਹੀ ਭੁੱਖ ਜਾਂ ਦੌੜ ਦਾ ਸ਼ਿਕਾਰ ਹੋਏ ਬਗੈਰ ਮਸਤ ਚਾਲ ਅਦਬੀ ਕਾਰਜਾਂ ਵਿਚ ਮਸ਼ਰੂਫ਼ ਹੈ।

ਉਸ ਦੇ ਨਾਂ ਨਾਲ ਅਜੇ ਪਿਛਲੇ ਸਮਿਆਂ ਵਿਚ ਹੀ ਜੁੜੇ ਦੋ ਪੁਰਸਕਾਰਾਂ (ਢਾਹਾਂ ਪੁਰਸਕਾਰ, 2018 ਅਤੇ ਉਰਮਿਲਾ ਆਨੰਦ ਸਿਮਰਤੀ ਪੁਰਸਕਾਰ, 2021) ਨੇ ਉਸ ਦੀ ਪਛਾਣ ਨੂੰ ਰਤਾ ਗੂੜ੍ਹਾ ਜ਼ਰੂਰ ਕੀਤਾ ਹੈ ਪਰ ਉਸ ਦਾ ਅਦਬੀ-ਵਿਹਾਰ ਆਪਣੀ ਸਹਿਜ ਚਾਲੇ ਹੀ ਤੁਰ ਰਿਹਾ ਹੈ। ਉਸ ਦੁਆਰਾ ਸਿਰਜਿਆ ਸਮੁੱਚਾ ਅਦਬੀ ਸੰਸਾਰ ਪੰਜਾਬੀ ਸਭਿਆਚਾਰ ਵਿਚੋਂ ਉਸ ਦੁਆਰਾ ਗ੍ਰਹਿਣ ਕੀਤੀਆਂ ਮਾਨਵੀ ਤੇ ਉਸਾਰੂ ਕਦਰਾਂ-ਕੀਮਤਾਂ, ਕਰੜੀ ਮੁਸ਼ੱਕਤ ਰਾਹੀਂ ਗ੍ਰਹਿਣ ਕੀਤੇ ਅਨੁਭਵ, ਲਤੀਫ਼ ਨਜ਼ਰ ਅਤੇ ਸੰਤੁਲਤ ਜ਼ਾਵੀਏ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਨਜ਼ਰੀਂ ਪੈਂਦਾ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ ਦਾ ਵੱਥ, ਅੰਦਾਜ਼ ਅਤੇ ਨਜ਼ਰੀਆ ਅਸਲੋਂ ਵੱਖਰਾ ਅਤੇ ਅਨੂਠਾ ਹੈ। ਸਤਹ ਤੋਂ ਵੇਖਿਆਂ ਉਸ ਦੀਆਂ ਕਹਾਣੀਆਂ ਪਰਵਾਸੀ ਸਮਾਜ ਅਤੇ ਉਸ ਦੇ ਵਰਤਾਰਿਆਂ ਦੇ ਇਰਦ-ਗਿਰਦ ਘੁੰਮਦੀਆਂ ਹਨ। ਉਹ ਆਰੰਭਲੇ ਦੌਰ ਦੇ ਪਰਵਾਸੀ ਸਾਹਿਤ ਵਿਚਲੇ ਮਸਲਿਆਂ (ਝੂਹੇਰਵਾ, ਪੀੜ੍ਹੀ ਪਾੜਾ, ਨਸਲੀ ਵਿਤਕਰਾ, ਸਭਿਆਚਾਰਕ ਤਣਾਅ) ਤੋਂ ਵਿੱਥ ਸਥਾਪਿਤ ਕਰਕੇ ਨਵੇਂ ਮਾਹੌਲ ਅਤੇ ਵੱਖਰੀਆਂ ਪ੍ਰਸਥਿਤੀਆਂ ਵਿਚੋਂ ਪੈਦਾ ਹੋਏ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਦੇ ਚੌਖਟੇ ਵਿਚ ਢਾਲਦਾ ਹੈ। ਉਹ ਪੰਜਾਬੀ ਸੱਭਿਅਚਾਰ ਤੇ ਕਦਰਾਂ-ਕੀਮਤਾਂ ਅਤੇ ਪਰਵਾਸੀ ਜੀਵਨ ਵਰਤਾਰਿਆਂ ਦੇ ਵਿਗਾੜਾਂ ਅਤੇ ਵਿਕਾਰਾਂ ਤੋਂ ਰਤਾ ਵਿੱਥ ਸਥਾਪਿਤ ਕਰ ਜਾਂ ਵੱਖਰੇ ਧਰਾਤਲ ਉਪਰ ਵਿਚਰ ਮਹੀਨ ਮਾਨਵੀ ਸਰੋਕਾਰਾਂ ਨਾਲ ਜੁੜਦਾ ਤੇ ਉਨ੍ਹਾਂ ਨੂੰ ਚਿਤਰਦਾ ਹੈ। ਇਸ ਧਰਾਤਲ ਉਪਰ ਨਾ ਪੰਜਾਬੀ ਸਭਿਆਚਾਰ ਦੀਆਂ ਤਮਾਮ ਕਦਰਾਂ-ਕੀਮਤਾਂ ਨਾਲ ਅੰਨ੍ਹਾ ਮੋਹ ਹਾਜ਼ਰ ਦਿਸਦਾ ਹੈ ਅਤੇ ਨਾ ਹੀ ਪੱਛਮੀ ਤਹਿਜ਼ੀਬ ਦੀ ਫੋਕੀ ਸਿਫ਼ਤ-ਸਲਾਹ। ਉਸ ਨੇ ਆਪਣੇ ਸਮੁੱਚੇ ਕਹਾਣੀ-ਜਗਤ ਵਿਚ ਪਰਵਾਸੀ ਬੰਦੇ ਦੀ ਸਥਿਤੀ , ਬੇਬਸੀ, ਦੋਗਲੇਪਣ, ਜੀਣ-ਥੀਣ ਲਈ ਕੀਤੀ ਜਾ ਰਹੀ ਜੱਦੋਜਹਿਦ, ਪਰਵਾਸ ਹਾਸਲ ਕਰਨ ਲਈ ਵਰਤੇ ਜਾਂਦੇ ਅਯੋਗ ਤੇ ਗ਼ਲਤ ਢੰਗ-ਤਰੀਕਿਆਂ, ਨਵੀਂ ਤੇ ਪੁਰਾਣੀ ਪੀੜ੍ਹੀ ਦੀ ਸੋਚ ਵਿਚ ਵਿਆਪੇ ਅੰਤਰ, ਪਰਵਾਸੀ ਬੰਦੇ ਦੇ ਅੰਤਰ-ਦਵੰਦਾਂ, ਸੰਕਟਾਂ ਅਤੇ ਮਾਨਸਿਕਤਾ ਆਦਿ ਕਈ ਕੁਝ ਨੂੰ ਆਪਣੀਆਂ ਕਹਾਣੀਆਂ ਅੰਦਰ ਸਮੇਟਿਆ ਹੈ। ਉਹ ਠੀਕ ਜਾਂ ਗ਼ਲਤ ਹੋਣ ਸਬੰਧੀ ਉੱਚੀ ਸੁਰ ਵਿਚ ਕੋਈ ਫ਼ੈਸਲਾ ਸਣਾਉਣ ਨਾਲੋਂ ਬੰਦੇ ਨੂੰ ਉਸ ਦੀਆਂ ਪ੍ਰਸਥਿਤੀਆਂ ਦੀ ਕਰੂਰਤਾ ਸਹਿਤ ਉਜਾਗਰ ਕਰਦਾ ਹੈ। ਮਾਇਆ ਤੇ ਮੰਡੀ ਦੇ ਵਰਤਾਰੇ ਮਨੁੱਖੀ ਵਿਹਾਰ ਨੂੰ ਕਿਵੇਂ ਦੋਗਲਾ, ਕਮੀਨਾ ਤੇ ਅਮਾਨਵੀ ਬਣਾਉਂਦੇ ਹਨ, ਕਥਾ ਬਿੰਬਾਂ ਦੀਆਂ ਲੜੀਆਂ ਨਾਲ ਉਹ ਮੁੜ ਮੁੜ ਇਸ ਸਭ ਕਾਸੇ ਨੂੰ ਦਿਖਾਉਂਦਾ ਹੈ। ਉਸ ਦੀਆਂ ਕਹਾਣੀਆਂ, ਨਾਵਲ ਅਤੇ ਵਾਰਤਕ ਦੀ ਮੂਲ ਸਮੱਗਰੀ ਅਤੇ ਨਜ਼ਰੀਏ ਦੀ ਚੋਖੀ ਸਾਂਝ ਹੈ।

ਹਰਪ੍ਰੀਤ ਸੇਖਾ ਆਪਣੀ ਗਲਪ ਰਚਨਾ ਰਾਹੀਂ ਪੰਜਾਬੀ ਪਾਠਕ ਨੂੰ ਮੁਖਾਤਿਬ ਹੈ। ਪੰਜਾਬੀ ਸਭਿਆਚਾਰ ਦੇ ਧੁਰ-ਡੂੰਘ ਵਿਚ ਬੈਠ ਕੇ ਉਹ ਆਪਣੇ ਪਾਤਰਾਂ ਦੇ ਸੁਭਾਅ, ਰੁਚੀਆਂ ਤੇ ਵਤੀਰੇ ਨੂੰ ਚਿਤਰਦਾ ਹੈ। ਨਾਵਲ ਹੋਵੇ ਜਾਂ ਕਹਾਣੀ ਉਸ ਦੀ ਪੇਸ਼ਕਾਰੀ ਸਮੇਂ ਉਹ ਸਿੱਧੀ-ਸਪਾਟ ਗੱਲ ਆਖਣ ਨਾਲੋਂ ਆਪਣੇ ਅਨੁਭਵ ਨੂੰ ਕਲਪਨਾ ਤੇ ਪ੍ਰਤੀਕ ਦੇ ਧਰਾਤਲ ਉਪਰ ਉਤਾਰਦਾ ਹੈ। 'ਡੱਗੀ', 'ਲੂਣਦਾਨੀ', 'ਬਾਰਾਂ ਬੂਹੇ', 'ਪ੍ਰਿਜ਼ਮ', 'ਵੀਡਜ਼', 'ਰੀਟ੍ਰੀਟ', 'ਕ੍ਰਮੈਂਸਮੈਂਟ' ਅਤੇ 'ਸਕੰਕ' ਆਦਿ ਸਭ ਨਾਂ ਉਸ ਦੀਆਂ ਕਹਾਣੀਆਂ ਅੰਦਰਲੀਆਂ ਰਮਜ਼ਾਂ, ਸੰਕੇਤਾਂ ਅਤੇ ਇਸ਼ਾਰਿਆਂ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਵਿਚਲੇ ਪ੍ਰਤੀਕ-ਪ੍ਰਬੰਧ ਨੂੰ ਖੋਲ੍ਹੇ ਬਗੈਰ ਇਨ੍ਹਾਂ ਕਹਾਣੀਆਂ ਦੇ ਛੁਪੇ ਅਤੇ ਗਹਿਨ ਅਰਥਾਂ ਤੱਕ ਨਹੀਂ ਅੱਪੜਿਆ ਜਾ ਸਕਦਾ।




'ਲੂਣਦਾਨੀ' ਕਹਾਣੀ ਸੰਗ੍ਰਹਿ ਦਾ ਉਨਵਾਨ ਹੀ ਇਸ ਵਿਚਲੀਆਂ ਕਹਾਣੀਆਂ ਦੀ ਆਪਸੀ ਸਾਂਝ, ਵੱਖਰਤਾ ਅਤੇ ਵਿਲੱਖਣ ਸੁਹਜ ਵੱਲ ਇਸ਼ਾਰਾ ਕਰਦਾ ਹੈ। ਲੂਣਦਾਨੀ ਦਾ ਬਾਹਰੀ ਚੌਖਟਾ ਇੱਕੋ ਹੁੰਦਾ ਹੈ ਪਰ ਇਸ ਅੰਦਰਲੇ ਵੱਖੋ ਵੱਖਰੇ ਖਾਨਿਆਂ ਵਿਚ ਵੱਖ-ਵੱਖ ਸ਼ੈਆਂ ਮੌਜੂਦ ਹੁੰਦੀਆਂ ਹਨ। ਇਨ੍ਹਾਂ ਨੌਂ ਕਹਾਣੀਆਂ ਦੀ ਪਰਸਪਰ ਸਾਂਝ ਹੈ ਕਿ ਇਹ ਪਰਵਾਸੀ ਵਰਤਾਰਿਆਂ ਅਤੇ ਅਨੁਭਵ ਦੇ ਇਰਦ-ਗਿਰਦ ਘੁੰਮਦੀਆਂ ਹਨ ਪਰ ਕਿਧਰੇ ਇਹ ਪਰਵਾਸੀ ਨਵੀਂ ਪੀੜ੍ਹੀ ਦੀਆਂ ਮਨੋਂ ਗੁੰਝਲਾਂ ਨੂੰ ਖੋਲ੍ਹਦੀਆਂ ਹਨ, ਕਿਧਰੇ ਰਿਸ਼ਤਿਆਂ ਦੇ ਵੱਖ-ਵੱਖ ਰੰਗਾਂ ਨੂੰ ਉਭਾਰਦੀਆਂ ਹਨ, ਕਿਧਰੇ ਨਸ਼ਿਆਂ ਦੇ ਵਪਾਰ ਨੂੰ ਉਜਾਗਰ ਕਰਦੀਆਂ ਹਨ, ਕਿਧਰੇ ਕਿਰਤ ਤੇ ਕਿਰਤੀ ਦੀ ਬੇਕਦਰੀ ਦਾ ਪ੍ਰਸੰਗ ਖੁੱਲ੍ਹਦਾ ਹੈ ਅਤੇ ਕਿਧਰੇ ਮਾਇਆ ਤੇ ਮੰਡੀ ਦੇ ਯੁੱਗ ਵਿਚ ਮੀਡੀਆਕਾਰਾਂ ਦੀ ਮੁਨਾਫ਼ਾ ਬਿਰਤੀ ਦੀਆਂ ਪਰਤਾਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਕਹਾਣੀਆਂ ਦੀ ਦੁਨੀਆਂ ਵਿਚ ਮਾਂ-ਬਾਪ, ਦਾਦਾ-ਦਾਦੀ, ਕਿਰਤੀ-ਕਾਮੇ, ਔਰਤ-ਮਰਦ ਅਤੇ ਬੱਚੇ ਉਸ ਦੇ ਅਨੁਭਵ ਦੇ ਪ੍ਰਗਟਾਵੇ ਦਾ ਸਾਧਨ ਬਣਦੇ ਹਨ। ਇਨ੍ਹਾਂ ਸਭਨਾਂ ਧਿਰਾਂ ਵਿਚ ਉਸ ਦੇ ਧਿਆਨ ਦਾ ਧੁਰਾ ਬਾਲ-ਧਿਰ ਯਾਨੀ ਪਰਵਾਸੀ ਸਮਾਜ ਦਾ ਭਵਿੱਖ ਬਣਦਾ ਹੈ। ਨਵੇਂ ਮਾਹੌਲ ਤੇ ਵਾਤਾਵਰਣ ਵਿਚ ਨਵੀਂ ਪੀੜ੍ਹੀ ਕਿਉਂ, ਕਿਵੇਂ ਤੇ ਕਿਸ ਤਰ੍ਹਾਂ ਭਟਕ ਰਹੀ, ਕੁਰਾਹੇ ਪੈ ਰਹੀ ਨਸ਼ਿਆਂ ਦੀ ਦਲਦਲ ਵਿਚ ਧਸ ਰਹੀ ਅਤੇ ਮਾਨਸਿਕ ਅਸੰਤੁਲਨ ਦਾ ਸ਼ਿਕਾਰ ਹੋ ਰਹੀ ਹੈ? ਇਨ੍ਹਾਂ ਸਥਿਤੀਆਂ ਨੂੰ ਉਹ ਨਵੀਂ ਪੀੜ੍ਹੀ ਨੂੰ ਕੇਂਦਰ ਵਿਚ ਰੱਖ ਕੇ ਮਹਿਜ਼ ਚਿਤਰਦਾ ਹੀ ਨਹੀਂ ਬਲਕਿ ਅਜਿਹੀਆਂ ਪ੍ਰਸਥਿਤੀਆਂ ਪਿੱਛੇ ਕੰਮ ਕਰਦੇ ਕਾਰਨਾਂ ਤਕ ਵੀ ਬਹੁਤ ਸੂਖ਼ਮ ਢੰਗ ਨਾਲ ਅੱਪੜ ਜਾਂਦਾ ਹੈ। ਕਹਾਣੀ ਕਲਾ ਦੀਆਂ ਅਟਕਲਾਂ ਵਰਤ ਕੇ ਕਲਾ ਦਾ ਲੋਕ ਹਿੱਤ ਲਈ ਇਸਤੇਮਾਲ ਕਿਵੇਂ ਕਰਨਾ ਚਾਹੀਦਾ ਹੈ? ਇਸ ਪ੍ਰਸ਼ਨ ਦਾ ਉੱਤਰ ਇਹ ਕਹਾਣੀਆਂ ਆਪਣੀ ਕਾਇਆ ਵਿਚ ਸਮੋਈ ਬੈਠੀਆਂ ਹਨ। ਉਹ ਨਵੀਂ ਪੀੜ੍ਹੀ ਦੇ ਨਾਲ ਖਲੋ ਕੇ ਮਾਂ-ਬਾਪ, ਦਾਦਾ-ਦਾਦੀ, ਰਿਸ਼ਤਿਆਂ ਅਤੇ ਮਾਹੌਲ ਦੇ ਆਰ-ਪਾਰ ਫੈਲ ਜਾਂਦਾ ਹੈ। 'ਬੇਵਿਸਾਹੀ ਦੀ ਰੁੱਤ' ਵਿਚਲਾ ਅਮੀਤ ਹੋਵੇ, 'ਮੋਹ-ਜਾਲ', ਕਹਾਣੀ ਵਿਚਲੀ ਰਮਣੀਕ ਜਾਂ 'ਗੁੰਮ ਪੰਨੇ' ਕਹਾਣੀ ਵਿਚਲਾ ਅਰਜਣ ਇਨ੍ਹਾਂ ਸਭਨਾਂ ਪਾਤਰਾਂ ਦੀ ਮਾਨਸਿਕਤਾ ਨੂੰ ਲੇਖਕ ਜਿਵੇਂ ਉਨ੍ਹਾਂ ਦੇ ਅੰਦਰ ਉਤਰ ਕੇ ਹੀ ਗਲਪ-ਬਿੰਬਾਂ ਵਿਚ ਢਾਲਦਾ ਹੈ। ਪੂੰਜੀ ਜਾਂ ਮਾਇਆ ਦੀ ਅੰਨੀ ਦੌੜ ਕਾਰਨ ਮਾਂ-ਬਾਪ ਦੀ ਔਲਾਦ ਪ੍ਰਤੀ ਬੇਧਿਆਨੀ ਦੇ ਸਿੱਟਿਆਂ ਨੂੰ ਇਹ ਕਹਾਣੀਆਂ ਬਾਖ਼ੂਬੀ ਚਿਤਰਦੀਆਂ ਹਨ। ਕਿਧਰੇ ਮਾਂ-ਬਾਪ ਬੱਚੇ ਦੀ ਮਾਨਸਿਕਤਾ ਤੇ ਉਸ ਅੰਦਰ ਪੈਦਾ ਹੋ ਰਹੀ ਹੀਣ-ਭਾਵਨਾ ਦੇ ਕਾਰਨਾਂ ਨੂੰ ਸਮਝ ਉਸ ਨੂੰ ਸਵੀਕਾਰਦੇ ਅਤੇ ਠੀਕ ਰਾਹ ਉੱਪਰ ਲਿਆਉਣ ਲਈ ਆਸਵੰਦ ਵੀ ਦਿਖਾਈ ਦਿੰਦੇ ਹਨ। 'ਸਕੰਕ' ਕਹਾਣੀ ਇਸ ਸੰਗ੍ਰਹਿ ਦੀ ਸ਼ਕਤੀਸ਼ਾਲੀ ਕਹਾਣੀ ਹੈ। ਕਹਾਣੀਕਾਰ ਪਾਤਰ ਗੁਨੀਤ ਦੇ ਵਿਹਾਰ ਪਿੱਛੇ ਕੰਮ ਕਰਦੇ ਕਾਰਨ ਨੂੰ ਛੁਪਾ-ਲੁਕਾਅ ਕੇ ਪਾਤਰ ਦੇ ਕੁਰਾਹੇ ਪਏ ਵਿਹਾਰ ਦੀ ਅੱਕਾਸੀ ਕਰਦਾ ਹੈ। ਉਸ ਬੱਚੀ ਦਾ ਵਿਹਾਰ ਪਹਿਲਾਂ ਘਿਨੌਣਾ, ਕੋਝਾ ਤੇ ਭੈੜਾ ਲੱਗਦਾ ਹੈ ਪਰ ਕਾਰਨ ਸਾਹਮਣੇ ਆਉਣ ਨਾਲ ਉਹ ਪੀੜਤ, ਦੁਖੀ ਤੇ ਹਮਦਰਦੀ ਦੀ ਪਾਤਰ ਦਿਖਾਈ ਦੇਣ ਲੱਗਦੀ ਹੈ। ਕਹਾਣੀ ਦਾ ਥੀਮ ਸਰੀਰਕ ਹਵਸ ਦਾ ਸ਼ਿਕਾਰ ਹੋ ਰਹੀ ਬੱਚੀ ਦੀ ਮਨੋਸਥਿਤੀ ਤੇ ਵਿਹਾਰ ਬਾਖ਼ੂਬੀ ਉਭਾਰਦਾ ਹੈ। 'ਵਿਰਾਸਤ' ਕਹਾਣੀ ਕਿਰਤ ਤੇ ਕਿਰਤੀ ਦੀ ਲੁੱਟ ਅਤੇ ਉਸ ਦੇ ਸੁਪਨਿਆਂ ਦੇ ਹਕੀਕਤ ਨਾਲ ਟਕਰਾਉਣ ਮਗਰੋਂ ਪਾਸ਼-ਪਾਸ਼ ਹੋਣ ਦੇ ਪ੍ਰਸੰਗ ਨੂੰ ਵੱਖ-ਵੱਖ ਘਟਨਾਵਾਂ ਰਾਹੀਂ ਖੋਲ੍ਹਦੀ ਹੈ। 'ਸਕੰਕ' ਕਹਾਣੀ ਵਾਂਗ 'ਵਿਰਾਸਤ' ਕਹਾਣੀ ਵਿਚਲੀ 'ਲੁਕਾ" ਦੀ ਜੁਗਤ' ਇਸ ਦੇ ਸੁਹਜ-ਮੁੱਲ ਨੂੰ ਵਧਾਉਂਦੀ ਹੈ। ਕਿਰਤ ਦੀ ਵਿਰਾਸਤ ਅਤੇ ਮਾਲਕੀ ਦੇ ਪ੍ਰਚਲਿਤ ਵਰਤਾਰੇ ਹੇਠ ਹੀ ਕਿਰਤੀ ਦੀ ਤ੍ਰਾਸਦੀ ਛੁਪੀ ਹੋਈ ਹੈ। ਮਾਲਕ ਆਪਣੇ ਹੋਣ ਜਾਂ ਪਰਾਏ, ਲੁੱਟ ਜਾਂ ਸ਼ੋਸ਼ਣ ਦਾ ਸੁਭਾਅ ਉਹੀ ਰਹਿੰਦਾ ਹੈ। 'ਵੀਡਜ਼' ਕਹਾਣੀ ਵੀ ਸ਼ੋਸ਼ਣ ਤੇ ਲੁੱਟ ਦੇ ਵਰਤਾਰਿਆਂ ਨੂੰ ਬੇਪਰਦ ਕਰਦੀ ਹੈ। ਮਾਨਵੀ ਰਿਸ਼ਤਿਆਂ ਦੀ ਸੂਖ਼ਮਤਾ ਅਤੇ ਇੱਕ ਝਟਕੇ ਨਾਲ ਕੋਮਲ ਭਾਵਨਾਵਾਂ ਦੇ ਟੁੱਟ-ਤਿੜਕ ਜਾਣ ਦੇ ਦੀਦਾਰ 'ਉਹ ਰਾਤ' ਕਹਾਣੀ ਵਿਚੋਂ ਹੁੰਦੇ ਹਨ। 'ਰੀਟ੍ਰੀਟ' ਕਹਾਣੀ ਔਰਤ ਦੇ ਮਨ ਦੀਆਂ ਪਰਤਾਂ ਦੇ ਇੱਕ ਵੱਖਰੇ ਪਾਸਾਰ ਨੂੰ ਉਜਾਗਰ ਕਰਦੀ ਹੈ।

'ਲੂਣਦਾਨੀ' ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਤਾਕਤ ਪ੍ਰਗਟਾਵੇ ਦੀ ਜਗ੍ਹਾ ਲੁਕਾਵੇ ਵਿਚ ਪਈ ਹੈ। ਕਹਾਣੀਕਾਰ ਕਹਿੰਦਾ ਨਹੀਂ, ਦਿਖਾਉਂਦਾ ਹੈ। ਵਾਸਤਵਿਕਤਾ ਨੂੰ ਕਲਪਨਾ ਦੇ ਧਰਾਤਲ ਉਪਰ ਟਿਕਾਅ ਪ੍ਰਤੀਕ ਵਿਚ ਢਾਲਣ ਦੀ ਅਟਕਲ ਉਹ ਖ਼ੂਬ ਜਾਣਦਾ ਹੈ। ਬੇਸ਼ੱਕ ਉਸ ਸ਼ਾਇਰੀ ਨਹੀਂ ਕੀਤੀ ਪਰ ਪਾਤਰਾਂ ਦੀ ਪੀੜਾ, ਉਨ੍ਹਾਂ ਨਾਲ ਵਾਪਰੇ ਹਾਦਸਿਆਂ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ-ਤਿੜਕਣ ਨੂੰ ਚਿਤਰਣ ਸਮੇਂ ਉਸ ਦਾ ਅੰਦਾਜ਼ ਕਾਵਿਕ ਵੀ ਹੋ ਜਾਂਦਾ ਹੈ। ਲੰਮਾ ਸਮਾਂ ਆਪਣੀ ਧਰਤੀ, ਲੋਕਾਂ, ਸਭਿਆਚਾਰ ਅਤੇ ਭਾਸ਼ਾ ਤੋਂ ਫਾਸਲੇ ਉਪਰ ਵਿਚਰਣ ਦੇ ਬਾਵਜੂਦ ਇਹ ਕਹਾਣੀਆਂ ਉਸ ਦੀ ਭਾਸ਼ਾਈ ਸਮਰੱਥਾ ਨੂੰ ਪ੍ਰਗਟਾਉਂਦੀਆਂ ਹਨ। ਇਹ ਕਹਾਣੀਆਂ ਪੜ੍ਹਨਯੋਗ ਵੀ ਹਨ ਤੇ ਗੌਲਣਯੋਗ ਵੀ।

ਕਹਾਣੀ

# ਉਹ ਰਾਤ

***ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ ਦੀਆਂ ਰਚਨਾਵਾਂ ਵਿਚ ਪਰਵਾਸੀ ਮਨੁੱਖ ਦੇ ਮਸਲੇ ਬੜੀ ਸ਼ਿੱਦਤ ਨਾਲ ਪੇਸ਼ ਹੋਏ ਹਨ। ਮਨੁੱਖੀ ਰਿਸ਼ਤਿਆਂ ਦੀ ਸੂਖਮਤਾ ਨੂੰ ਉਹ ਜਿਸ ਢੰਗ ਨਾਲ ਸਾਹਮਣੇ ਲਿਆਉਂਦਾ ਹੈ, ਉਸ ਨਾਲ ਪਾਠਕ ਰਚਨਾ ਦੇ ਨਾਲ-ਨਾਲ ਤੁਰਨ ਲਗਦਾ ਹੈ। 'ਉਹ ਰਾਤ' ਅਜਿਹੀ ਹੀ ਜਾਨਦਾਰ ਕਹਾਣੀ ਹੈ ਜਿਸ ਅੰਦਰ ਕੋਮਲ ਭਾਵਨਾਵਾਂ ਤੜੱਕ ਕਰ ਕੇ ਟੁੱਟ ਜਾਂਦੀਆਂ ਹਨ।***



**ਹਰਪ੍ਰੀਤ ਸੇਖਾ**

ਉਹ ਰਾਤ ਮੇਰੇ ਅੰਦਰ ਖੁੱਭ ਗਈ ਸੀ। ਮੈਂ ਉਸ ਨੂੰ ਮੁੜ ਜਿਉਣਾ ਚਾਹੁੰਦੀ ਸੀ। ਇਸ ਬਾਰੇ ਮੈਂ ਵਿਉਂਤ ਬਣਾ ਰੱਖੀ ਸੀ, ਪਰ ਹਾਲੇ ਦਿਨ ਸੀ ਅਤੇ ਅਮਨ ਸੌਂ ਗਿਆ ਸੀ। ਪਹਿਲਾਂ ਉਹ ਵਹਿਸ਼ੀ ਬਣ ਗਿਆ ਸੀ। ਉਸਦੇ ਵਿਹਾਰ ਨੂੰ ਦੇਖ ਕੇ ਇੱਕ ਵਾਰ ਤਾਂ ਮੈਨੂੰ ਲੱਗਾ ਜਿਵੇਂ ਉਹ ਮੇਰੇ ਤੋਂ ਕੋਈ ਬਦਲਾ ਲੈ ਰਿਹਾ ਹੋਵੇ। ਉਸ ਵਿਚੋਂ ਹਾਲੇ ਮੁੜਕੇ ਦੀ ਬਦਬੂ ਆ ਰਹੀ ਸੀ। ਕਹਿੰਦਾ ਕਿ ਉਹ ਸੌਣ ਤੋਂ ਬਾਅਦ ਹੀ ਨਹਾਵੇਗਾ। ਮੈਨੂੰ ਬਿਲਕੁਲ ਵੀ ਚੰਗਾ ਨਹੀਂ ਸੀ ਲੱਗਾ। ਜਦੋਂ ਉਸਦਾ ਫਤੂਰ ਲੱਥਾ, ਮੈਂ ਗੁਸਲਖਾਨੇ ਵਿਚ ਚਲੀ ਗਈ। ਨਹਾਉਂਦਿਆਂ ਮੈਂ ਸਹਿਜ ਹੋ ਗਈ। ਸੋਚਿਆ ਕਿ ਐਨੇ ਸਾਲਾਂ ਬਾਅਦ ਮਿਲੇ ਹਾਂ, ਇਸ ਕਰਕੇ ਆਪਾ ਖੋ ਬੈਠਾ ਹੋਵੇਗਾ। ਜਦੋਂ ਮੈਂ ਨਹਾ ਕੇ ਬਾਹਰ ਨਿਕਲੀ, ਅਮਨ ਸੌਂ ਚੁੱਕਾ ਸੀ। ਮੇਰਾ ਜੀਅ ਕੀਤਾ ਕਿ ਫਰਸ਼ 'ਤੇ ਵਿਸ਼ੇ ਗੱਦੇ ਉੱਤੇ ਮੈਂ ਉਸਦੇ ਨਾਲ ਹੀ ਲੱਗ ਕੇ ਲੇਟ ਜਾਵਾਂ ਪਰ ਉਸ ਨੂੰ ਘੂਕ ਸੁੱਤਾ ਦੇਖ ਕੇ ਮੈਂ ਨਾਲ ਵਿਸ਼ੇ ਗੱਦੇ 'ਤੇ ਲੇਟ ਗਈ। ਫਰਨੀਚਰ ਮੈਂ ਹਾਲੇ ਕੋਈ ਲਿਆ ਨਹੀਂ ਸੀ, ਸੋਚਦੀ ਸੀ ਕਿ ਅਮਨ ਦੇ ਆਏ ਤੋਂ ਉਸਦੀ ਰਾਇ ਨਾਲ ਹੀ ਲਵਾਂਗੀ। ਘਰ ਦਾ ਹੋਰ ਸਮਾਨ ਵੀ ਲੈਣ ਵਾਲਾ ਸੀ। ਇਹ ਸਭ ਕੰਮ ਮੈਂ ਅਗਲੇ ਦਿਨ 'ਤੇ ਛੱਡੇ ਹੋਏ ਸਨ। ਉਸ ਦਿਨ ਤਾਂ ਪੂਰੀ ਤਰ੍ਹਾਂ ਛੁੱਟੀ ਸੀ। ਅਮਨ ਦੇ ਸੌਣ ਉੱਠਣ ਤੋਂ ਬਾਅਦ ਉਸ ਨੂੰ ਬਾਹਰ ਘੁਮਾਉਣ ਲੈ ਕੇ ਜਾਣਾ ਸੀ ਤੇ ਫਿਰ ਉਸ ਸੁਪਨੇ ਨੂੰ ਜਿਉਣਾ ਸੀ। ਮੈਨੂੰ ਲਗਦਾ ਸੀ ਜਿਵੇਂ ਉਹ ਮੇਰਾ ਅਸਲ ਵਿਚ ਵਿਆਹ ਵਾਲਾ ਦਿਨ ਹੋਵੇ। ਹਵਾਈ ਅੱਡੇ ਵੱਲ ਜਾਂਦਿਆਂ ਮੈਨੂੰ ਲੱਗਾ ਜਿਵੇਂ ਮੈਂ ਅਮਨ ਨੂੰ ਵਿਆਹੁਣ ਚੱਲੀ ਹੋਵਾਂ। ਰਾਹ ਵਿਚ ਸੋਚਦੀ ਜਾਂਦੀ ਸੀ ਕਿ ਜਾਣ ਸਾਰ ਉਸਦੇ ਨਾਲ ਹੀ ਚੁੰਭੜ ਜਾਵਾਂਗੀ ਪਰ ਉੱਥੇ ਪਹੁੰਚਣ ਸਾਰ ਪਤਾ ਨਹੀਂ ਕੀ ਹੋਇਆ ਕਿ ਮੈਂ ਇਸ ਤਰ੍ਹਾਂ ਨਾ ਕਰ ਸਕੀ। ਬੱਸ ਥੋੜਾ ਜਿਹਾ ਨਾਲ ਲੱਗ ਗਈ। ਅਮਨ ਵੀ ਕੋਈ ਦੁਆ ਸਲਾਮ ਕਰਨ ਬਿਨਾ ਹੀ ਪਾਸਪੋਰਟ ਮੇਰੇ ਵੱਲ ਵਧਾ ਕੇ ਬੋਲਿਆ, 'ਦੇਖੀਂ ਸੀਰਤ, ਇਹ ਪੀ ਆਰ ਦੀ ਪੱਕੀ ਮੋਹਰ ਲੱਗ ਗਈ ਨਾ?' ਪਾਸਪੋਰਟ ਦੇਖ ਕੇ ਮੈਂ ਉਸ ਨੂੰ ਵਾਪਸ ਫੜਾ ਦਿੱਤਾ ਅਤੇ ਉਸ ਤੋਂ ਅਟੈਚੀਆਂ ਵਾਲੀ ਰੇੜ੍ਹੀ ਫੜ੍ਹ ਲਈ। ਕਾਰ ਵਿਚ ਅਟੈਚੀ ਰੱਖ ਕੇ ਅਮਨ ਕਾਰ ਦੇ ਡਰਾਈਵਰ ਵਾਲੇ ਦਰਵਾਜ਼ੇ ਕੋਲ ਜਾ ਖੜਾ। ਮੈਂ ਮਜ਼ਾਕ ਨਾਲ ਚਾਬੀ ਉਸ ਵੱਲ ਕਰ ਦਿੱਤੀ। ਉਸ ਨੇ ਕਾਰ ਦੇ ਅੰਦਰ ਦੇਖਿਆ, 'ਓਹ ਤੇਰੀ, ਮੈਂ ਤਾਂ ਇੰਡੀਆ ਦੇ ਭੁਲੇਖੇ 'ਚ ਹੀ ਸੀ,' ਆਖ ਕੇ ਸਵਾਰੀ ਵਾਲੇ ਪਾਸੇ ਚਲਿਆ ਗਿਆ ਅਤੇ ਫਿਰ ਬੈਠਣ ਸਾਰ ਬੋਲਿਆ, 'ਹਾਲੇ ਤਾਂ ਤੇਰੀ ਸਵਾਰੀ ਹਾਂ।' ਮੈਂ ਮੁਸਕਰਾ ਪਈ। ਮੈਨੂੰ ਲੱਗਾ ਜਿਵੇਂ ਮੈਂ ਉਸ ਨੂੰ ਵਿਆਹ ਕੇ ਲੈ ਚੱਲੀ ਹੋਵਾਂ।

ਮੈਂ ਹਵਾਈ ਅੱਡੇ ਵੱਲ ਕਦੇ ਕਾਰ ਚਲਾ ਕੇ ਨਹੀਂ ਸੀ ਆਈ। ਰਾਹ ਦਸੇਰੂ ਯੰਤਰ ਚਲਾ ਕੇ ਮੈਂ ਆਪਣਾ ਪੂਰਾ ਧਿਆਨ ਕਾਰ ਚਲਾਉਣ ਵੱਲ ਲਾ ਦਿੱਤਾ। ਹਾਈਵੇ 91 'ਤੇ ਕਾਰ ਪਾ ਕੇ ਮੈਂ ਸੁੱਖ ਦਾ ਸਾਹ ਲਿਆ। ਹੁਣ ਕਾਫੀ ਵਾਟ ਤੱਕ ਰਾਹ ਸਿੱਧਾ ਸੀ। ਰਾਹ ਦਸੇਰੂ ਯੰਤਰ ਵਿਚੋਂ ਆਦੇਸ਼ ਦਿੰਦੀ ਆਵਾਜ਼ ਸ਼ਾਂਤ ਹੋ ਗਈ ਸੀ। ਅਮਨ ਬਾਹਰ ਵੱਲ ਦੇਖ ਰਿਹਾ ਸੀ। ਕਾਰ ਵਿਚਲੀ ਚੁੱਪ ਮੈਨੂੰ ਰੜਕੀ। ਮੇਰੇ ਚਿੱਤ 'ਚ ਆਈ ਕਿ ਮੈਨੂੰ ਕੋਈ ਗੱਲ ਕਰਨੀ ਚਾਹੀਦੀ ਸੀ। ਪਰ ਕੀ ਗੱਲ ਕਰਾਂ, ਇਸਦੀ ਸਮਝ ਨਹੀਂ ਸੀ ਆ ਰਹੀ। ਮੈਂ ਅਮਨ ਵਲ ਦੇਖਿਆ। ਉਹ ਮੈਨੂੰ ਬਦਲਿਆ-ਬਦਲਿਆ ਲੱਗ ਰਿਹਾ ਸੀ, ਜਿਵੇਂ ਕੋਈ ਓਪਰਾ ਮਰਦ ਹੋਵੇ। ਪਤਾ ਨਹੀਂ ਕਿਧਰੋਂ ਮੇਰੇ ਚਿੱਤ 'ਚ ਆਈ ਕਿ ਕੀ ਦਾਦੇ ਦੇ ਫੌਜ ਵਿਚੋਂ ਛੁੱਟੀ ਆਇਆਂ ਦਾਦੀ ਨੂੰ ਵੀ ਓਹ ਇਸੇ ਤਰ੍ਹਾਂ ਹੀ ਲਗਦਾ ਹੋਵੇਗਾ? ਫਿਰ ਮੇਰਾ ਧਿਆਨ ਮੰਮੀ ਵੱਲ ਚਲਾ ਗਿਆ। ਮੈਂ ਸੋਚਣ ਲੱਗੀ ਕਿ ਮੰਮੀ ਨੂੰ ਕਿਵੇਂ ਲੱਗਾ ਹੋਵੇਗਾ, ਜਦੋਂ ਪਾਪਾ ਦੋ-ਢਾਈ ਸਾਲਾਂ ਬਾਅਦ ਬਾਹਰੋਂ ਮੁੜੇ ਹੋਣਗੇ? ਉਦੋਂ ਤਾਂ ਹੁਣ ਵਰਗੀ ਤਕਨਾਲੋਜੀ ਵੀ ਨਹੀਂ ਸੀ। ਮੈਂ ਤਾਂ ਨਿੱਤ ਅਮਨ ਨੂੰ ਫੋਨ ਕੈਮਰੇ ਰਾਹੀਂ ਦੇਖਦੀ ਤੇ ਗੱਲ ਕਰਦੀ ਸੀ ਫਿਰ ਵੀ ਇਹ ਮੈਨੂੰ ਕੋਈ ਓਪਰਾ ਲੱਗ ਰਿਹਾ ਹੈ। ਕੁਝ ਦੇਰ ਬਾਅਦ ਅਮਨ ਦੀ ਆਵਾਜ਼ ਨੇ ਹੀ ਚੁੱਪ ਤੋੜੀ। ਉਹ ਬੋਲਿਆ, 'ਓਹ ਸਾਹਮਣੇ ਤਾਂ ਕੋਈ ਗੁਰੂ ਘਰ ਲਗਦੈ?'

'ਹਾਂ, ਨਾਨਕਸਰ ਗੁਰਦੁਆਰਾ ਐ।' ਮੈਨੂੰ ਆਪਣਾ ਜਵਾਬ ਬਹੁਤਾ ਸੰਖੇਪ ਲੱਗਾ। ਮੈਂ ਫਿਰ ਕਿਹਾ, 'ਜਿੱਦਣ ਮੈਂ ਕਨੇਡਾ ਆਈ ਸੀ, ਰੋਮੀ ਮੈਨੂੰ ਇੱਥੇ ਮੱਥਾ ਟਿਕਾ ਕੇ ਫਿਰ ਘਰ ਲੈ ਕੇ ਗਈ ਸੀ।' ਇਹ ਮੈਨੂੰ ਬਾਅਦ ਵਿਚ ਸਮਝ ਲੱਗੀ ਕਿ ਮੱਥਾ ਟਿਕਾਉਣ ਦਾ ਮਤਲਬ ਲੰਗਰ ਛਕਾਉਣ ਤੋਂ ਸੀ।

'ਆਪਾਂ ਵੀ ਮੱਥਾ ਟੇਕ ਚੱਲੀਏ?'

'ਮੈਨੂੰ ਹਾਈਵੇ ਤੋਂ ਇਸ ਗੁਰਦੁਆਰੇ ਜਾਣ ਦਾ ਰਾਹ ਨਹੀਂ ਪਤਾ। ਆਪਾਂ ਸਰੀ ਆਲੇ ਗੁਰਦੁਆਰੇ ਚੱਲਾਂਗੇ।'

ਕੁਝ ਪਲਾਂ ਬਾਅਦ ਉਹ ਬੋਲਿਆ, 'ਹੁਣ ਰੋਮੀ ਨੀ ਮਿਲੀ ਕਿਤੇ?'

ਰੋਮੀ ਅਮਨ ਦੇ ਪਿੰਡੋਂ ਸੀ। ਉਹ ਮੇਰੇ ਤੋਂ ਸਾਲ ਪਹਿਲਾਂ ਵੈਨਕੂਵਰ ਆਈ ਸੀ। ਅਮਨ ਨੇ ਹੀ ਉਸ ਨੂੰ ਮੇਰੀ ਜ਼ਿੰਮੇਵਾਰੀ ਸੌਂਪੀ ਸੀ। ਉਹ ਇੱਕ ਹੋਰ ਕੁੜੀ ਨਾਲ ਬੇਸਮੈਂਟ ਵਿਚ ਰਹਿੰਦੀ ਸੀ। ਤੀਜੀ ਉਨ੍ਹਾਂ ਨਾਲ ਮੈਂ ਹੋ ਗਈ। ਮੇਰਾ ਇੱਥੇ ਹੋਰ ਕੋਈ ਵੀ ਜਾਣਕਾਰ ਨਹੀਂ ਸੀ।

'ਉਹ ਤਾਂ ਵਿਆਹ ਕਰਵਾਉਣ ਤੋਂ ਬਾਅਦ ਹੀ ਵਿਨੀਪੈੱਗ ਚਲੀ ਗਈ ਸੀ। ਬੜੀ ਤੇਜ਼ ਸੀ ਉਹ,' ਮੈਂ ਜਵਾਬ ਦਿੱਤਾ।

'ਓਹਨੇ ਤਾਂ ਮਸਾਂ ਸਾਲ ਭਰ ਹੀ ਫੀਸ ਭਰੀ ਹੋਊ ਏਥੇ ਕਾਲਜ ਦੀ?'

'ਮੈਨੂੰ ਦੱਸਦੀ ਸੀ ਬਈ ਦੂਜੇ ਸਮੈਸਟਰ ਦੀ ਫੀਸ ਭਰਨ ਤੋਂ ਬਾਅਦ ਹੀ ਉਸਨੇ ਸੋਚ ਲਿਆ ਸੀ ਕਿ ਇੱਥੇ ਪੱਕੇ ਹੋਏ ਕਿਸੇ ਮੁੰਡੇ ਨੂੰ ਫਸਾ ਲੈਣਾ ਤੇ ਫਸਾ ਵੀ ਲਿਆ। ਮੈਨੂੰ ਕਿਹਾ ਕਰੇ ਕਿ ਤੂੰ ਤਾਂ ਪਹਿਲਾਂ ਹੀ ਖੰਭ ਕਟਾ ਕੇ ਆਈ ਐਂ, ਭਰੀ ਜਾ ਫੀਸਾਂ।'


ਅਮਨ ਨੇ ਮੇਰੇ ਵਲ ਦੇਖਿਆ, ਜਿਵੇਂ ਮੇਰੇ ਚੇਹਰੇ ਤੋਂ ਕੁਝ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਪਤਾ ਨਹੀਂ ਉਸ ਕੀ ਪੜ੍ਹਿਆ ਹੋਵੇਗਾ ਪਰ ਮੈਨੂੰ ਉਸ ਵੇਲੇ ਖੰਭ ਕਟਾਉਣ ਦਾ ਪਛਤਾਵਾ ਨਹੀਂ ਸੀ। ਪਹਿਲਾਂ ਕਦੇ-ਕਦੇ ਹੁੰਦਾ ਰਿਹਾ ਸੀ, ਖਾਸ ਕਰਕੇ ਜਦੋਂ ਦੂਜੀ ਵਾਰ ਵੀ ਅਮਨ ਨੂੰ ਕਨੇਡਾ ਸਰਕਾਰ ਨੇ ਵਰਕ ਪਰਮਿਟ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹੀਂ ਦਿਨੀਂ ਮੈਂ ਬਹੁਤ ਕਸ਼ਮਕਸ਼ ਵਿਚੋਂ ਗੁਜ਼ਰੀ ਸੀ ਜਦੋਂ ਮੇਰੇ ਨਾਲ ਸਬਵੇਅ ਵਿਚ ਕੰਮ ਕਰਦਾ ਗੁਰਪ੍ਰੀਤ ਮੇਰੇ ਅੰਦਰ ਤਰਬਾਂ ਛੇੜਣ ਲੱਗਾ ਸੀ। ਮੇਰੇ ਸੁਪਨੇ ਵਿਚ ਚੰਨ-ਚਾਨਣੀ ਰਾਤ ਆਉਂਦੀ। ਪਾਰਕ ਵਿਚ ਖੜੋਤਿਆਂ ਮੇਰੀਆਂ ਬਾਹਾਂ ਗੁਰਪ੍ਰੀਤ ਦੇ ਗਲ ਵਿਚ ਹੁੰਦੀਆਂ। ਫਿਰ ਪਾਰਕ ਦੀ ਥਾਂ ਅਮਨ ਦੇ ਘਰ ਦੀ ਛੱਤ ਲੈ ਲੈਂਦੀ। ਅਮਨ ਤੇ ਗੁਰਪ੍ਰੀਤ ਦੇ ਚੇਹਰੇ ਰਲਗਡ ਹੋਣ ਲਗਦੇ। ਕਦੇ ਸੁਪਨੇ ਨੂੰ ਯਾਦ ਕਰਕੇ ਸਵਾਦ-ਸਵਾਦ ਹੋਣ ਲਗਦੀ ਤਾਂ ਦਾਦੀ ਦਾ ਚੇਹਰਾ ਮੂਹਰੇ ਆ ਜਾਂਦਾ, 'ਆਪਣੇ ਕਰਮ ਹੀ ਐਹੋਜੇ ਆ ਧੀਏ। ਤੇਰਾ ਦਾਦਾ ਫੌਜ 'ਚੋਂ ਛੁੱਟੀ ਆਇਆ, ਮੈਨੂੰ ਵਿਆਹ ਕੇ ਮੁੜ ਗਿਆ। ਤੇਰਾ ਪਿਓ ਵਿਆਹ ਕੇ ਪ੍ਰਦੇਸੀਂ ਤੁਰ ਗਿਆ ਰੁਲਣ। ਲੋਕੀਂ ਆਖਣ, ਭਈਆਂ ਵਾਸਤੇ ਵਿਆਹ ਕੇ ਲਿਆਇਆ। ਲੋਕਾਂ ਨੇ ਫੌਜਣਾਂ ਦੀਆਂ ਬਥੇਰੀਆਂ ਗੱਲਾਂ ਜੋੜੀਆਂ ਹੋਈਐਂ। ਬੜੀ ਔਖੀ ਘਾਟੀ ਐ ਧੀਏ। ਤਕੜੀ ਹੋ ਕੇ ਰਹੀਂ...।' ਉਦੋਂ ਮੈਨੂੰ ਲੱਗਾ ਸੀ ਜਿਵੇਂ ਦਾਦੀ ਯਬਲੀਆਂ ਮਾਰ ਰਹੀ ਹੋਵੇ।

ਮੇਰੇ ਵੱਲ ਪਲ ਭਰ ਦੇਖਣ ਤੋਂ ਬਾਅਦ ਅਮਨ ਕੁਝ ਚਿਰ ਚੁੱਪ ਰਿਹਾ ਫਿਰ ਬੋਲਿਆ, 'ਏਸ ਰੋਮੀ ਨੇ ਬੜਾ ਤਪਾਇਆ ਮੈਨੂੰ। ਲੋਕੀਂ ਕਿਹਾ ਕਰਨ ਕਿ ਜਿਵੇਂ ਮਾਸਟਰਾਂ ਦੀ ਰੋਮੀ ਨੀ ਮੁੜੀ ਕਨੇਡਾ ਤੋਂ, ਤੇਰੇ ਵਾਲੀ ਵੀ ਨਹੀਂ ਮੁੜਦੀ। ਹੁਣ ਛੱਡਦੇ ਝਾਕ।'

ਤਪਾਇਆ ਮੈਨੂੰ ਵੀ ਸੀ ਰੋਮੀ ਨੇ। ਉਸਦਾ ਇੱਕ ਨਵਾਂ-ਨਵਾਂ ਹੀ ਮਿੱਤਰ ਬਣਿਆ ਸੀ, ਜਿਸਦੀ ਕਾਰ ਵਿਚ ਉਹ ਮੈਨੂੰ ਹਵਾਈ ਅੱਡੇ ਤੋਂ ਲਿਆਈ ਸੀ। ਉਹ ਦੋ-ਤਿੰਨ ਰਾਤਾਂ ਬਾਅਦ ਮਲਕ ਦੇਣੇ ਸਾਡੀ ਬੇਸਮੈਂਟ 'ਚ ਆ ਜਾਂਦਾ। ਮੈਨੂੰ ਅੱਧ-ਸੁੱਤੀ ਨੂੰ ਉੱਠ ਕੇ ਬੈਠਕ ਵਿਚ ਸੌਣ ਜਾਣਾ ਪੈਂਦਾ। ਅੰਦਰੋਂ ਰੋਮੀ ਤੇ ਉਸਦੇ ਦੋਸਤ ਦੀ ਘੁਸਰ-ਮੁਸਰ ਸੁਣ ਕੇ ਮੇਰਾ ਮਨ ਮਚਲਣ ਲੱਗਦਾ। ਦਿਲ ਕਰਦਾ ਕਿ ਅਮਨ ਇੱਥੇ ਹੋਵੇ ਜਾਂ ਮੈਂ ਇੰਡੀਆ ਹੋਵਾਂ।

ਮੈਂ ਅਮਨ ਵੱਲ ਦੇਖਿਆ। ਉਹ ਮੇਰੇ ਵੱਲ ਹੀ ਦੇਖ ਰਿਹਾ ਸੀ। ਮੈਨੂੰ ਨਹੀਂ ਪਤਾ ਉਸਦੇ ਚਿੱਤ ਵਿਚ ਉਸ ਵੇਲੇ ਕੀ ਚਲਦਾ ਸੀ ਜਦੋਂ ਉਸ ਨੇ 'ਰੋਮੀ ਨੇ ਬੜਾ ਤਪਾਇਆ ਮੈਨੂੰ' ਕਿਹਾ ਸੀ। ਪਰ ਮੈਨੂੰ ਲੱਗਾ ਜਿਵੇਂ ਉਹ ਮੇਰੇ ਵੱਲ ਸ਼ੁਕਰਗੁਜ਼ਾਰ ਨਿਗਾਹਾਂ ਨਾਲ ਦੇਖ ਰਿਹਾ ਹੋਵੇ ਕਿ ਮੈਂ ਆਪਣੇ ਕੌਲਾਂ 'ਤੇ ਪੂਰੀ ਉੱਤਰੀ ਸੀ।

ਮੈਨੂੰ ਉਨ੍ਹਾਂ ਦਿਨਾਂ ਦੀ ਅਮਨ ਦੀ ਰੋਣਹਾਕੀ ਆਵਾਜ਼ ਚੇਤੇ ਸੀ, ਜਦੋਂ ਉਹ ਰੋਮੀ ਵੱਲੋਂ ਤਪਾਉਣ ਦੀ ਗੱਲ ਕਰਦਾ ਸੀ। ਕਾਲਜ ਵਿਚੋਂ ਦੋ ਸਾਲ ਦਾ ਕੋਰਸ ਮੁੱਕ ਗਿਆ ਸੀ ਅਤੇ ਮੈਂ ਇੱਥੇ ਪੱਕੇ ਹੋਣ ਦੀ ਉਡੀਕ ਕਰ ਰਹੀ ਸੀ। ਫਿਰ ਹੀ ਅਮਨ ਨੂੰ ਪੱਕਾ ਸੱਦ ਸਕਦੀ ਸੀ। ਵਰਕ ਪਰਮਿਟ 'ਤੇ ਸੱਦਣ ਵਾਲਾ ਜੁਗਾੜ ਲੋਟ ਨਹੀਂ ਸੀ ਆਇਆ। ਅਮਨ ਅਕਸਰ ਹੀ ਆਖਦਾ, 'ਹੁਣ ਤਾਂ ਤੂੰ ਛੇਤੀ-ਛੇਤੀ ਪੱਕੀ ਹੋਜੇਂ ਫੇਰ ਆ। ਏਥੇ ਤਾਂ ਲੋਕਾਂ ਨੇ ਮੇਰਾ ਬਾਹਰ ਨਿਕਲਣਾ ਦੁੱਭਰ ਕੀਤਾ ਪਿਐ।' ਤੇ ਇੱਕ ਦਿਨ ਰੋਣਹਾਕੀ ਆਵਾਜ਼ 'ਚ ਕਿਹਾ ਸੀ, 'ਲੋਕੀਂ ਕਹਿੰਦੇ ਜੇ ਓਹਨੇ ਤੈਨੂੰ ਸੱਦਣਾ ਹੁੰਦਾ, ਹੁਣ ਨੂੰ ਸੱਦ ਲੈਂਦੀ। ਓਹਨੇ ਉੱਥੇ ਹੋਰ ਵਿਆਹ ਕਰਵਾ ਲਿਆ ਹੋਣੈ ਰੋਮੀ ਵਾਂਗੂੰ। ਪਰ ਮੈਨੂੰ ਪੂਰਾ ਭਰੋਸਾ ਸੀ, ਬਈ ਤੂੰ ਨੀ ਇਓਂ ਕਰਦੀ।' ਉਸ ਦਿਨ ਅਮਨ ਦਾ ਦਿਲ ਧਰਾਉਣ ਤੋਂ ਬਾਅਦ ਪਿਛਲੇ ਸਾਢੇ ਤਿੰਨ ਸਾਲ ਮੇਰੀਆਂ ਯਾਦਾਂ ਵਿਚੋਂ ਗੁਜ਼ਰ ਗਏ ਸਨ। ਮੈਂ ਮਹਿਸੂਸ ਕੀਤਾ ਕਿ ਇਸ ਸਮੇਂ ਦੌਰਾਨ ਅਮਨ ਦੀ ਆਵਾਜ਼ ਵਿਚ ਕਿੰਨਾ ਫ਼ਰਕ ਪੈ ਗਿਆ ਸੀ। ਪਹਿਲਾਂ ਇਹ ਕਦੇ ਵੀਡੀਓ ਕਾਲ ਕਰ ਲੈਂਦਾ। ਫਿਰ ਆਖਦਾ, 'ਕੈਮਰਾ ਘੁਮਾ ਕੇ ਮੈਨੂੰ ਵੀ ਕਨੇਡਾ ਦਿਖਾ।' ਮੈਨੂੰ ਲਗਦਾ ਕਿ ਉਹ ਇਸ ਬਹਾਨੇ ਦੇਖਣਾ ਚਾਹੁੰਦਾ ਸੀ ਕਿ ਮੈਂ ਕਿੱਥੇ ਅਤੇ ਕਿਸ ਨਾਲ ਸੀ। ਜਾਂ ਕਦੇ ਪੁੱਛਦਾ ਕਿ ਮੇਰੀ ਫੇਸਬੁੱਕ ਵਿਚ ਫਲਾਣਾ ਮੁੰਡਾ ਕੌਣ ਹੈ। ਉਸਦੀ ਆਵਾਜ਼ ਵਿਚ ਆਦੇਸ਼ ਹੁੰਦਾ। 'ਤੂੰ ਰਾਤ ਦਾ ਕੰਮ ਨੀ ਕਰਨਾ।'



'ਦਿਨੇਂ ਕਾਲਜ ਜਾਣਾ ਹੁੰਦੈ। ਜੇ ਕੰਮ 'ਤੇ ਨਾ ਗਈ ਤਾਂ ਅਗਲੇ ਸਮੈਸਟਰ ਦੀ ਫੀਸ ਕਿਵੇਂ ਭਰੂੰਗੀ?'

'ਮੈਂ ਆ ਹੀ ਜਾਣੈ। ਦਿਨਾਂ 'ਚ ਈ ਕਮਾਦੂੰ ਫੀਸ ਜੋਗੇ ਤਾਂ।'

ਦੂਜੇ ਸਮੈਸਟਰ ਦੀ ਫੀਸ ਅਮਨ ਨੇ ਭੇਜ ਦਿੱਤੀ ਸੀ। ਉਸ ਨੂੰ ਪਹਿਲੀ ਵਾਰ ਵਰਕ ਪਰਮਿਟ ਵੀਜ਼ੇ ਤੋਂ ਇਨਕਾਰ ਹੋ ਗਿਆ ਸੀ। ਤੀਜੇ ਸਮੈਸਟਰ ਦੀ ਫੀਸ ਦੇਣ ਦਾ ਸਮਾਂ ਆਉਣ ਤੋਂ ਪਹਿਲਾਂ ਉਸ ਨੇ ਮੈਨੂੰ ਕਿਸੇ ਵੀ ਸ਼ਿਫਟ 'ਤੇ ਕੰਮ ਕਰਨ ਦੀ ਆਗਿਆ ਦੇ ਦਿੱਤੀ ਸੀ।

ਰਾਹ ਦਸੇਰੂ ਯੰਤਰ ਵਿਚੋਂ ਫਿਰ ਆਦੇਸ਼ ਦੀ ਆਵਾਜ਼ ਉੱਭਰੀ। ਬ੍ਰਿੱਜ ਚੜ੍ਹਣ ਤੋਂ ਪਹਿਲਾਂ ਮੈਂ ਫਿਰ ਆਪਣੀ ਪੂਰੀ ਤਵੱਜੋ ਕਾਰ ਚਲਾਉਣ ਵੱਲ ਕਰ ਲਈ। ਗੱਲਾਂ-ਬਾਤਾਂ ਵਿਚ ਮੈਂ ਹਾਈਵੇ ਵਿਚੋਂ ਬਾਹਰ ਨਿਕਲਣ ਵਾਲਾ ਰਸਤਾ ਖੁੰਝਾਉਣਾ ਨਹੀਂ ਸੀ ਚਾਹੁੰਦੀ। ਰਾਹ ਪੈ ਕੇ ਮੈਂ ਰਾਹ ਦਸੇਰੂ ਯੰਤਰ ਬੰਦ ਕਰ ਦਿੱਤਾ। ਮੇਰੇ ਆਪਣੇ ਸ਼ਹਿਰ ਡੈਲਟਾ-ਸਰੀ ਆ ਗਏ ਸਨ। ਇਹ ਰਾਹ ਮੇਰੇ ਦੇਖੇ-ਭਾਲੇ ਸਨ। ਸਬਵੇਅ ਵੱਲ ਇਸ਼ਾਰਾ ਕਰਕੇ ਮੈਂ ਅਮਨ ਨੂੰ ਦੱਸਿਆ, 'ਮੈਂ ਇੱਥੇ ਕੰਮ ਕਰਦੀ ਸੀ। ਇਨ੍ਹਾਂ ਨੇ ਹੀ ਸਪੌਂਸਰਸ਼ਿੱਪ ਦੇ ਕੇ ਪੱਕੀ ਕਰਵਾਇਐ।'

'ਅੱਛਾ, ਛੱਡ ਕਾਹਤੋਂ ਦਿੱਤਾ ਕੰਮ ਇੱਥੋਂ,' ਅਮਨ ਦੇ ਦਿਮਾਗ ਵਿਚ ਸ਼ਾਇਦ ਮੇਰੇ ਕਹੇ 'ਪੱਕੀ ਕਰਵਾਉਣ' ਵਾਲੇ ਹਿੱਸੇ ਨੇ ਸ਼ਰਧਾ ਪੈਦਾ ਕਰ ਦਿੱਤੀ ਸੀ। ਮੈਨੂੰ ਲੱਗਾ ਕਿ ਉਹ ਇਸੇ ਭਾਵ ਨਾਲ ਹੀ ਸਬਵੇਅ ਵੱਲ ਦੇਖ ਰਿਹਾ ਸੀ।

'ਤੈਨੂੰ ਦੱਸਿਆ ਤਾਂ ਸੀ ਸਟੂਡੈਂਟ ਕਾਨੂੰਨੀ ਤੌਰ 'ਤੇ ਹਫ਼ਤੇ 'ਚ ਵੀਹ ਘੰਟੇ ਹੀ ਕੰਮ ਕਰ ਸਕਦੇ ਸੀ ਪਰ ਮੈਂ ਕਰਦੀ ਸੀ ਪੰਜਾਹ-ਪੰਜਾਹ ਘੰਟੇ। ਬਾਕੀ ਤੀਹ ਘੰਟਿਆਂ ਦੀ ਇਹ ਨਿਗੂਣੀ ਜਿਹੀ ਤਨਖਾਹ ਦਿੰਦੇ। ਕੋਰਸ ਮੁੱਕਣ ਤੋਂ ਬਾਅਦ ਵੀ ਮੈਂ ਦੋ ਸਾਲ ਉਸੇ ਹਿਸਾਬ ਹੀ ਢੂਆ ਕਟਾਉਂਦੀ ਰਹੀ ਕਿ ਇਹ ਮੈਨੂੰ ਸਪਾਂਸਰਸ਼ਿੱਪ ਦੇਣਗੇ। ਏਨ੍ਹਾਂ ਨੂੰ ਐਨੇ ਸਸਤੇ ਕਾਮੇ ਕਿੱਥੋਂ ਲੱਭਣੇ ਆਂ। ਪੱਕੀ ਹੋਣ ਦੀ ਦੇਰ ਸੀ, ਮੈਂ ਨਵੀਂ ਨੌਕਰੀ ਲੱਭ ਲਈ।'

'ਆਪਣੇ ਬੰਦੇ ਈ ਐ?' ਮੈਨੂੰ ਅਮਨ ਦੇ ਸਵਾਲ 'ਤੇ ਹੈਰਾਨੀ ਹੋਈ। ਇਹ ਸਭ ਮੈਂ ਇਸ ਨੂੰ ਦੱਸਿਆ ਹੋਇਆ ਸੀ। ਫਿਰ ਸੋਚਿਆ ਕਿ ਕਿੰਨੇ ਕੰਮਾਂ ਵਾਲਿਆਂ ਦੀਆਂ ਤਾਂ ਇਸ ਨੂੰ ਗੱਲਾਂ ਸਣਾਉਂਦੀ ਰਹੀ ਹਾਂ। ਸ਼ਾਇਦ ਇੱਕ-ਦੂਜੇ ਵਿਚ ਉਲਝ ਗਿਆ ਹੋਵੇਗਾ ਜਾਂ ਜਹਾਜ ਵਿਚ ਨੀਂਦ ਨਾ ਆਈ ਹੋਣ ਕਰਕੇ ਅੱਧ-ਉਨੀਂਦੇ ਦਾ ਪੂਰਾ ਧਿਆਨ ਨਾ ਹੋਵੇ।

'ਆਪਣੇ ਲੋਕ ਹੀ ਆਪਣਿਆਂ ਦੀ ਲੁੱਟ ਕਰਦੇ ਆ। ਅੱਛਾ ਦੱਸ ਜੇ ਰੋਟੀ ਦੀ ਭੁੱਖ ਐ ਤਾਂ ਏਸ ਗੁਰਦੁਆਰੇ ਚਲੇ ਚੱਲਦੇ ਹਾਂ। ਜੇ ਮੱਥਾ ਹੀ ਟੇਕਣਾ ਤਾਂ ਆਪਣੇ ਘਰ ਕੋਲ ਵੀ ਇੱਕ ਗੁਰਦੁਆਰਾ ਹੈ। ਪਰ ਓਥੇ ਐਸ ਵੇਲੇ ਗਰਮ ਰੋਟੀ ਨੀ ਮਿਲਣੀ।'

'ਰੋਟੀ ਤਾਂ ਖਾਵਾਂਗੇ ਹੀ। ਜਹਾਜ ਵਾਲਾ ਖਾਣਾ ਬਕਬਕਾ ਜਿਹਾ ਸੀ।'

ਮੈਂ ਕਾਰ ਗੁਰਦਵਾਰਾ ਦਸ਼ਮੇਸ਼ ਦਰਬਾਰ ਵੱਲ ਮੋੜ ਦਿੱਤੀ। ਅਚਾਨਕ ਹੀ ਅਮਨ ਬੋਲਿਆ, 'ਆਹ ਕੀ ਬਈ? ਓਹ ਦੁਕਾਨ ਮੂਹਰੇ ਜਲੇਬੀਆਂ ਲਿਖਿਆ। ਇਹ ਦੁਕਾਨ ਦਾ ਨਾਂ ਹੈ ਕਿ ਮਸ਼ਹੂਰੀ ਵਾਸਤੇ ਲਿਖਿਆ?'

'ਇਹ ਮਠਿਆਈਆਂ ਦੀ ਦੁਕਾਨ ਹੈ। ਇਨ੍ਹਾਂ ਦੀਆਂ ਜਲੇਬੀਆਂ ਬਹੁਤ ਮਸ਼ਹੂਰ ਨੇ। ਮੈਂ ਏਥੇ ਵੀ ਥੋੜ੍ਹੇ ਦਿਨ ਕੰਮ ਕੀਤੈ।'

ਇਹ ਦੁਕਾਨ ਮੀਆਂ-ਬੀਵੀ ਚਲਾਉਂਦੇ ਸਨ। ਮੈਂ ਤਿੰਨ ਤੋਂ ਰਾਤ ਦੇ ਦਸ ਵਜੇ ਤੱਕ ਇੱਥੇ ਕੰਮ ਕਰਦੀ। ਮੇਰੀ ਬੱਸ ਦਸ ਵੱਜ ਕੇ ਦਸ ਮਿੰਟ 'ਤੇ ਇਧਰੋਂ ਲੰਘਦੀ। ਮੈਨੂੰ ਕੁਝ ਦਿਨਾਂ 'ਚ ਹੀ ਪਤਾ ਲੱਗ ਗਿਆ ਸੀ ਕਿ ਦੁਕਾਨ ਦਾ ਮਾਲਕ ਮੇਰੀ ਬੱਸ ਖੁੰਝਾਉਣੀ ਚਾਹੁੰਦਾ ਸੀ। ਉਹ ਦਸ ਵੱਜਣ 'ਚ ਪੰਜ ਮਿੰਟ ਰਹਿੰਦਿਆਂ ਆ ਕੇ ਕਹਿੰਦਾ, 'ਆਹ ਭਾਂਡਾ ਸਾਫ ਕਰਦੇ।' ਮੈਂ ਆਖਦੀ, 'ਮੇਰੀ ਬੱਸ ਲੰਘ ਜਾਵੇਗੀ।' 'ਏਸ ਕੰਮ ਨੂੰ ਬਹੁਤਾ ਚਿਰ ਨੀ ਲੱਗਣਾ। ਜੇ ਲੰਘ ਗਈ ਮੈਂ ਛੱਡ ਆਊਂ ਤੈਨੂੰ।' ਪਰ ਮੈਂ ਉਸ ਨੂੰ ਇਹ ਮੌਕਾ ਨਹੀਂ ਸੀ ਦੇਣਾ ਚਾਹੁੰਦੀ। ਮੈਨੂੰ ਉਸਦੀ ਅੱਖ ਵਿਚ ਮੈਲ ਦਿਸ ਗਈ ਸੀ। ਆਪਣੀ ਘਰਵਾਲੀ ਸਾਹਮਣੇ ਕੁਝ ਆਖ ਨਹੀਂ ਸੀ ਸਕਦਾ। ਦੋ ਹਫ਼ਤਿਆਂ ਬਾਅਦ ਹੀ ਕੰਮ ਛੱਡ ਦਿੱਤਾ ਸੀ। ਮੈਂ ਇਹ ਗੱਲ ਅਮਨ ਨੂੰ ਨਾ ਦੱਸੀ। ਸੋਚਿਆ ਕਿ ਪਤਾ ਨਹੀਂ ਅਮਨ 'ਤੇ ਇਸਦਾ ਕੀ ਅਸਰ ਹੋਵੇਗਾ। ਪਰ ਮੈਂ ਕੰਮ ਛੱਡਣ ਤੋਂ ਇੱਕ ਰਾਤ ਪਹਿਲਾਂ ਬਾਰੇ ਦੱਸਣ ਲੱਗੀ, 'ਮੇਰੇ ਟਿਕਾਣੇ ਤੋਂ ਏਧਰ ਬਹੁਤੀਆਂ ਬੱਸਾਂ ਨਹੀਂ ਸੀ ਚਲਦੀਆਂ। ਇੱਕ ਰਾਤ ਐਨੀ ਠੰਡ ਕਿ ਹੱਥ-ਪੈਰ ਨਾਲੋਂ ਲਹਿੰਦੇ ਲੱਗਣ। ਸੁੰਨ ਕਰਦੀ ਬਰਫੀਲੀ ਹਵਾ ਵਗੇ। ਦੇਖਦੀ-ਦੇਖਦੀ ਮੇਰੇ ਮੂਹਰੇ ਮੇਰੀ ਬੱਸ ਨਿਕਲ ਚੱਲੀ। ਮੈਂ 'ਸਟਾਪ ਸਟਾਪ' ਕਰਦੀ ਮਗਰ ਵੀ ਭੱਜੀ। ਪਰ ਉਹ ਰੁਕੀ ਨਹੀਂ। ਅਗਲੀ ਬੱਸ ਪਤਾ ਨਹੀਂ ਘੰਟੇ ਜਾਂ ਦੋ ਘੰਟੇ ਬਾਅਦ ਆਉਣੀ ਸੀ। ਅਗਲਾ ਦਿਨ ਮੇਰਾ ਕਾਲਜ ਦਾ ਕੰਮ ਜਮ੍ਹਾਂ ਕਰਵਾਉਣ ਦਾ ਆਖਰੀ ਦਿਨ ਸੀ। ਮੈਂ ਹਾਲੇ ਕੰਮ ਵਿਚ ਹੀ ਐਨੀ ਰੁੱਝੀ ਹੋਈ ਸੀ। ਉਸ ਰਾਤ ਜਾ ਕੇ ਕਰਨਾ ਸੀ। ਸੋਚਦੀ ਸੀ ਕਿ ਰਾਤ ਨਾ ਸੌਂਵਾਂਗੀ। ਸੋਚਾਂ ਕਿ ਹੁਣ ਕੀ ਕਰਾਂ। ਮੈਂ ਰੋਣ-ਹਾਕੀ ਹੋ ਗਈ। ਫੇਰ ਮੈਂ ਤੁਰ ਕੇ ਜਾਣ ਦਾ ਫੈਸਲਾ ਲਿਆ। ਰਾਹ ਵਿਚ ਖਿਆਲ ਆਈ ਜਾਣ ਕਿ ਜਿਵੇਂ ਬੱਸ ਦੇਖਦੇ-ਦੇਖਦੇ ਹੀ ਲੰਘੀ ਹੈ, ਕੋਰਸ ਵੀ ਇਸੇ ਤਰ੍ਹਾਂ ਹੀ ਹੱਥੋਂ ਨਿਕਲ ਜਾਵੇਗਾ। ਫਿਰ ਇਕ ਹੋਰ ਸਮੈਸਟਰ ਲਾਉਣਾ ਪਵੇਗਾ। ਚਿੱਤ 'ਚ ਕਾਹਲ ਪਈ ਜਾਵੇ। ਅੱਖਾਂ ਭਰ ਭਰ ਆਉਣ। ਹਵਾ ਨੱਕ-ਮੂੰਹ ਸੁੰਨ ਕਰੀ ਜਾਵੇ। ਤੇਰੇ 'ਤੇ ਹਰਖ ਆਈ ਜਾਵੇ । ਪਾਪਾ 'ਤੇ ਗੁੱਸਾ ਆਈ ਜਾਵੇ ਕਿ ਮੈਨੂੰ ਇੱਥੇ ਜੰਗਲ ਬੀਆਬਾਨ 'ਚ 'ਕੱਲੀ ਨੂੰ ਭਟਕਣ ਲਈ ਭੇਜ ਦਿੱਤਾ। ਵਿਚੇ ਮਨ ਨੂੰ ਕਰੜਾ ਕਰਕੇ ਸੋਚਦੀ ਕਿ ਕਿਸੇ ਓਧਰ ਜਾਂਦੀ ਕਾਰ ਨੂੰ ਰੋਕ ਕੇ ਉਸ ਨੂੰ ਘਰ ਤੱਕ ਛੱਡਣ ਲਈ ਆਖ ਦੇਵਾਂ। ਪਰ ਇਸ ਤਰ੍ਹਾਂ ਨਾ ਕਰ ਸਕੀ। ਠੰਡ ਨਾਲ ਪੈਰ ਮਣ ਮਣ ਭਾਰੇ ਹੋ ਗਏ। ਰੋਂਦੀਂ-ਢਹਿੰਦੀ ਮਸਾਂ ਟਿਕਾਣੇ ਪਹੁੰਚੀ।'

ਮੈਂ ਅਮਨ ਵੱਲ ਦੇਖਿਆ। ਮੈਨੂੰ ਲੱਗਾ ਜਿਵੇਂ ਉਹ ਮੇਰੇ ਸਿਰੜ 'ਤੇ ਬਲਿਹਾਰੇ ਜਾ ਰਿਹਾ ਹੋਵੇ। ਬੋਲਿਆ, 'ਪਤਾ ਨੀ ਸੀ ਨਾ ਸੀਰਤ ਬਈ ਤੈਨੂੰ ਏਥੇ ਇਓਂ 'ਕੱਲੀ ਨੂੰ ਰਹਿਣਾ ਪਵੇਗਾ। ਏਜੰਟ ਤਾਂ ਕਹਿੰਦਾ ਸੀ ਕਿ ਤੇਰੇ ਪਹੁੰਚਣ ਦੇ ਮਹੀਨੇ ਬਾਅਦ ਮੇਰਾ ਵਰਕ ਪਰਮਿਟ ਵੀਜ਼ੇ 'ਤੇ ਅਰਜੀ ਭਰ ਦੇਵਾਂਗੇ। ਓਦੋਂ ਹੀ ਵੀਜ਼ਾ ਮਿਲਜੂ। ਮੈਂ ਕੰਮ ਕਰੀ ਜਾਂਦਾ ਤੂੰ ਪੜ੍ਹੀ ਜਾਂਦੀ। ਪਤਾ ਨਹੀਂ ਸੀ ਬਈ ਇਸ ਤਰ੍ਹਾਂ ਉਹ ਕਿਸੇ ਕਿਸੇ ਨੂੰ ਹੀ ਵੀਜ਼ਾ ਦਿੰਦੇ ਆ।'

'ਚੱਲ ਹੁਣ ਤਾਂ ਲੰਘ ਗਿਆ ਔਖਾ ਸਮਾਂ,' ਮੈਂ ਕਿਹਾ। ਕੁਝ ਪਲਾਂ ਬਾਅਦ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, 'ਸਮਾਂ ਤਾਂ ਔਖੇ-ਸੌਖੇ ਲੰਘ ਹੀ ਜਾਂਦਾ ਹੁੰਦੈ।' ਇਹ ਗੱਲ ਸ਼ਾਇਦ ਮੈਂ ਆਪਣੇ ਆਪ ਨੂੰ ਹੀ ਤਸੱਲੀ ਦੇਣ ਲਈ ਕਹੀ ਸੀ। ਪਲ ਦੀ ਪਲ ਮੇਰੇ ਸਾਹਮਣਿਓਂ ਮੇਰੀ ਭਰਜਾਈ ਦਾ ਚੇਹਰਾ ਲੰਘ ਗਿਆ ਸੀ। ਮੈਂ ਆਪ ਇਸ ਕੰਡਿਆਲੇ ਰਾਹ ਤੁਰੀ ਹੋਣ ਦੇ ਬਾਵਜੂਦ ਆਪਣੇ ਭਰਾ ਦਾ ਰਾਹ ਪੱਧਰਾ ਕਰਨ ਲਈ ਆਪਣੀ ਭਰਜਾਈ ਨੂੰ ਇਸੇ ਰਾਹ ਘੜੀਸ ਲਿਆ ਸੀ।

ਮੇਰਾ ਛੋਟਾ ਭਰਾ ਪਰਦੀਪ ਨਿੱਤ ਫੋਨ ਕਰਕੇ ਆਖਦਾ, 'ਦੀਦੀ ਮੇਰਾ ਵੀ ਕਰੋ ਕੁਝ।'

'ਆਈ ਲੈਟਸ ਕਰ ਲੈ,' ਮੈਂ ਉਸ ਨੂੰ ਆਖਦੀ।

'ਓਹ ਨੀ ਮੈਥੋਂ ਹੋਣੇ। ਕੋਈ ਹੋਰ ਤਰੀਕਾ ਲੱਭੋ,' ਉਹ ਜ਼ੋਰ ਦਿੰਦਾ। ਤੇ ਮੈਨੂੰ ਉਹੀ ਤਰੀਕਾ ਲੱਭਿਆ, ਜਿਸ ਪੈਂਡੇ ਮੈਂ ਪਈ ਸੀ। ਮੇਰੇ ਇੱਥੇ ਪੱਕੀ ਹੋਣ ਸਾਰ ਹੀ ਅਮਨ ਜ਼ੋਰ ਲਾਉਣ ਲੱਗਾ ਸੀ ਕਿ ਮੈਂ ਇੱਕ ਵਾਰ ਇੰਡੀਆ ਜ਼ਰੂਰ ਆਵਾਂ, ਭਾਵੇਂ ਥੋੜ੍ਹੇ ਦਿਨਾਂ ਲਈ ਹੀ ਸਹੀ। ਮੇਰਾ ਆਪਣਾ ਵੀ ਦਿਲ ਕਰਦਾ, ਲੰਬੀਆਂ ਛੁੱਟੀਆਂ ਕਰਨ ਲਈ। ਚਾਰ ਸਾਲ ਕੰਮ ਅਤੇ ਸਕੂਲ ਨੇ ਮੈਨੂੰ ਸਾਹ ਨਹੀਂ ਸੀ ਲੈਣ ਦਿੱਤਾ। ਮੈਂ ਗਿਣਤੀਆਂ-ਮਿਣਤੀਆਂ ਵਿਚ ਪੈ ਗਈ ਕਿ ਜਿੰਨੀ ਹੁਣ ਤੱਕ ਕਮਾਈ ਕੀਤੀ ਸੀ, ਉਹ ਰੋੜ੍ਹ ਆਵਾਂਗੀ ਨਾਲੇ ਕੰਮ ਤੋਂ ਛੁੱਟੀਆਂ ਲੈਣ ਨਾਲ ਕਮਾਈ ਬੰਦ ਹੋਵੇਗੀ। ਕਿਉਂ ਨਾ ਐਨੇ ਡਾਲਰਾਂ ਨਾਲ ਭਰਾ ਦੇ ਏਥੇ ਆਉਣ ਦਾ ਕੋਈ ਜੁਗਾੜ ਕਰ ਲਵਾਂ। ਤੇ ਮੈਂ ਆਪਣੇ ਪਾਪਾ ਨੂੰ ਕਿਹਾ ਕਿ ਉਹ ਵੀ ਪਰਦੀਪ ਦੇ ਵਿਆਹ ਦਾ ਅਖ਼ਬਾਰਾਂ ਵਿਚ ਉਸੇ ਤਰ੍ਹਾਂ ਦਾ ਇਸ਼ਤਿਹਾਰ ਦੇ ਦੇਣ, ਜਿਸ ਤਰ੍ਹਾਂ ਦਾ ਅਮਨ ਦੇ ਡੈਡੀ ਨੇ ਚਾਰ ਪਹਿਲਾਂ ਦਿੱਤਾ ਸੀ। ਪਾਪਾ ਨੇ ਇਸ਼ਤਿਹਾਰ ਦੀ ਨਕਲ ਮੈਨੂੰ ਭੇਜ ਦਿੱਤੀ। ਉਸ ਵਿਚ ਲਿਖਿਆ ਸੀ: ਕਨੇਡਾ ਜਾਣ ਦੀ ਚਾਹਵਾਨ ਆਈ ਲੈਟਸ ਵਿਚੋਂ 6.5 ਬੈਂਡ ਨਾਲ ਪਾਸ ਲੜਕੀ ਦੀ ਜ਼ਰੂਰਤ ਹੈ। ਸਾਰਾ ਖਰਚ ਲੜਕੇ ਦੀ ਕਨੇਡਾ ਵਿਚ ਸੈਟਲਡ ਭੈਣ ਕਰੇਗੀ...।

'ਹਾਂ, ਸਮੇਂ ਨੇ ਤਾਂ ਲੰਘਣਾ ਹੀ ਹੁੰਦੈ,' ਮੈਨੂੰ ਅਮਨ ਦੀ ਆਵਾਜ਼ ਸੁਣੀ। ਮੈਨੂੰ ਲੱਗਾ ਜਿਵੇਂ ਉਸ ਨੇ ਹਓਕਾ ਲਿਆ ਹੋਵੇ।

ਗੁਰਦੁਆਰੇ ਤੋਂ ਲੰਗਰ ਛਕ ਕੇ ਅਸੀਂ ਘਰ ਵੱਲ ਕਾਰ ਕਰ ਲਈ। ਅੱਗੇ ਬੇਅਰ ਕਰੀਕ ਪਾਰਕ ਆ ਗਿਆ। ਇਹ ਉਹੀ ਪਾਰਕ ਹੈ, ਜਿਸਦੇ ਇੱਕ ਹਿੱਸੇ ਵਿਚ ਮੈਨੂੰ ਆਪਣਾ-ਆਪ ਗੁਰਪ੍ਰੀਤ ਦੇ ਗਲ ਵਿਚ ਬਾਹਾਂ ਪਾਈ ਖੜ੍ਹਾ ਦਿਸਦਾ।

ਇੱਕ ਦਿਨ ਗੁਰਪ੍ਰੀਤ ਨੇ ਗੱਲੀਂ-ਬਾਤੀਂ ਦੱਸਿਆ ਸੀ ਕਿ ਉਸ ਨੇ ਪੱਕੇ ਹੋਣ ਲਈ ਅਰਜ਼ੀ ਭਰੀ ਹੋਈ ਸੀ ਤੇ ਕੁਝ ਦਿਨਾਂ 'ਚ ਹੀ ਉਸ ਨੂੰ ਇਸਦੇ ਮਿਲਣ ਦੀ ਉਮੀਦ ਸੀ। ਮੈਂ ਸੁਭਾਵਿਕ ਹੀ ਪੁੱਛ ਲਿਆ, 'ਅੱਗੇ ਕੀ ਪ੍ਰੋਗਰਾਮ ਹੈ?'

'ਜੇ ਤੇਰੇ ਵਰਗੀ ਕੁੜੀ ਮਿਲ ਜਾਵੇ ਤਾਂ ਇੱਥੇ ਹੀ ਵਿਆਹ ਕਰਵਾ ਲਵਾਂ।' ਮੈਨੂੰ ਆਪਣੇ ਅੰਦਰੋਂ ਕੁਝ ਖੁੱਸਦਾ ਜਿਹਾ ਜਾਪਿਆ। ਮੈਂ ਉਸ ਵੱਲ ਦੇਖਿਆ।

'ਮੇਰਾ ਤਾਂ ਭਰਾਵਾ ਪਹਿਲਾਂ ਹੀ ਹੋਇਆ ਵਿਐ,' ਮੇਰੇ ਮੂੰਹੋਂ ਮਸਾਂ ਹੀ ਨਿਕਲਿਆ। ਮੈਨੂੰ ਲੱਗਾ ਜਿਵੇਂ ਇਹ ਸੁਣ ਕੇ ਉਸਦਾ ਵੀ ਚੇਹਰਾ ਲੱਥ ਗਿਆ ਹੋਵੇ। ਉਸ ਰਾਤ ਮੇਰਾ ਦਿਲ ਰੋਣ ਰੋਣ ਕਰੇ। ਮੈਨੂੰ ਆਪਣੇ ਪਾਪਾ 'ਤੇ ਖਿੱਝ ਆਈ ਕਿ ਉਨ੍ਹਾਂ ਨੂੰ ਐਡੀ ਕੀ ਕਾਹਲੀ ਸੀ ਮੇਰੇ ਵਿਆਹ ਦੀ। ਫਿਰ ਪਾਪਾ ਦਾ ਰੋਂਦਾ ਚੇਹਰਾ ਸਾਹਮਣੇ ਆ ਗਿਆ। ਕਦੇ-ਕਦੇ ਉਹ ਸ਼ਰਾਬ ਪੀ ਕੇ ਰੋਣ ਲੱਗਦੇ। ਮੈਨੂੰ ਤੇ ਮੇਰੇ ਭਰਾ ਨੂੰ ਬੁੱਕਲ 'ਚ ਲੈ ਕੇ ਆਖਦੇ,

**(ਬਾਕੀ ਸਫਾ 27 'ਤੇ)**

# ਪੰਜਾਬੀ ਗਾਇਕੀ ਦੀ ਨਸ਼ੇ, ਹਥਿਆਰ, ਫੁਕਰੇਪਣ ਵਾਲੀ ਅਸੱਭਿਅਕ ਸ਼ਬਦਾਵਲੀ ਚਿੰਤਾਜਨਕ

ਸਾਹਿਤ ਦੀ ਇਕ ਵਿਧਾ ਹੈ ਗੀਤਕਾਰੀ। ਗੀਤਕਾਰੀ ਬਹੁਤ ਪਿਆਰੀ ਤੇ ਮਸ਼ਹੂਰ ਵਿਧਾ ਹੈ। ਜੇ ਪਰਿਭਾਸ਼ਾ ਦੀ ਗੱਲ ਕਰੀਏ ਤਾਂ ਕਹਿ ਸਕਦੇ ਹਾਂ ਕਿ ਗੀਤ ਇੱਕ ਐਸੀ ਕਲਾਮਈ ਪੇਸ਼ਕਾਰੀ ਹੁੰਦੀ ਹੈ, ਜਿਸ ਵਿਚ ਸੁਰਾਂ ਦੀ ਇੱਕ ਲਹਿਰ ਹੁੰਦੀ ਹੈ। ਹਰ ਇਨਸਾਨ ਆਪਣੀ ਜ਼ਿੰਦਗੀ 'ਚ ਕਦੇ ਨਾ ਕਦੇ ਗੀਤ ਜ਼ਰੂਰ ਗਾਉਂਦਾ ਹੈ ਤੇ ਲਿਖਦਾ ਹੈ। ਖਾਸ ਤੌਰ 'ਤੇ ਭਾਰਤੀ ਉਪਮਹਾਂਦੀਪ ਵਿਚ ਹਿੰਦੀ ਬਾਲੀਵੁੱਡ ਗੀਤ ਬਹੁਤ ਪਸੰਦ ਕੀਤੇ ਜਾਂਦੇ ਹਨ। ਜੇ ਇਸ ਖ਼ਿੱਤੇ ਦੇ ਪੰਜਾਬ ਦੀ ਗੱਲ ਕਰੀਏ ਤਾਂ ਇਥੇ ਦੀ ਵਸੋਂ ਵੀ ਗੀਤਕਾਰੀ ਤੇ



**ਗੁਰਪ੍ਰੀਤ ਸਿੰਘ ਬਿਲਿੰਗ**
**ਫੋਨ: 75086-98066**

ਉਸਦੀ ਗਾਇਕੀ ਬਹੁਤ ਪਸੰਦ ਕਰਦੀ ਹੈ। ਕਦੇ ਇੱਥੋਂ ਦੀ ਨੌਜਵਾਨੀ ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਯਮਲਾ ਜੱਟ, ਅਤਾਉਲ ਖ਼ਾਨ, ਗੁਰਦਾਸ ਮਾਨ, ਗੁਲਾਮ ਅਲੀ, ਹਰਭਜਨ ਮਾਨ, ਹੰਸ ਰਾਜ ਹੰਸ, ਹਾਕਮ ਸੂਫ਼ੀ, ਜਗਜੀਤ ਸਿੰਘ, ਕੁਲਦੀਪ ਮਾਣਕ, ਮੁਹੰਮਦ ਰਫ਼ੀ, ਨੁਸਰਤ ਫ਼ਤਹਿ ਅਲੀ ਖ਼ਾਨ, ਰੇਸ਼ਮਾ, ਰਣਜੀਤ ਕੌਰ, ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਪਾਲੀ ਦੇਤਵਾਲੀਆ, ਅਮਰ ਸਿੰਘ ਚਮਕੀਲਾ, ਨਸੀਬੋ ਲਾਲ ਆਦਿ ਨੂੰ ਸੁਣਦੀ ਸੀ ਤੇ ਸੁਣ ਰਹੀ ਹੈ। ਅਜਿਹਾ ਨਹੀਂ ਕਿ ਇਨ੍ਹਾਂ ਦੇ ਗੀਤਾਂ ਵਿਚ ਨੌਜਵਾਨਾਂ ਨੂੰ ਹੁਲਾਰਾ ਦੇਣ ਵਾਲੀਆਂ ਗੱਲਾਂ ਨਹੀਂ ਹੁੰਦੀਆਂ ਸਨ। ਬਹੁਤ ਸਾਰੇ ਇਨ੍ਹਾਂ ਨੇ ਅਜਿਹੇ ਗੀਤ ਵੀ ਗਾਏ, ਜਿਨ੍ਹਾਂ ਨੂੰ ਸੁਣ ਕੇ ਨੌਜਵਾਨ ਇਕ ਅਜੀਬ ਜਿਹੇ ਨਸ਼ੇ 'ਚ ਮਹਿਸੂਸ ਕਰਦੇ ਸਨ ਅਤੇ ਕਰਦੇ ਹਨ, ਪਰ ਇਨ੍ਹਾਂ ਦੇ ਗੀਤਾਂ ਵਿਚ ਅਜੋਕੀ ਗਾਇਕੀ ਵਾਲੀਆਂ ਨਸ਼ੀਲੀਆਂ ਤੇ ਹਥਿਆਰਬੰਦ ਲਹਿਰਾਂ ਨਹੀਂ ਸਨ। ਮੌਜੂਦਾ ਦੌਰ ਦੀ ਪੰਜਾਬੀ ਗੀਤਕਾਰੀ ਤੇ ਗਾਇਕੀ 'ਚ ਨਸ਼ਿਆਂ, ਹਥਿਆਰਾਂ ਤੇ ਫੁਕਰੇਪਣ ਦੀ ਜੋ ਤਾਰੀਫ ਕੀਤੀ ਜਾ ਰਹੀ ਹੈ, ਉਹ ਬਹੁਤ ਮਾੜਾ ਵਰਤਾਰਾ ਹੈ ਅਤੇ ਚਿੰਤਾਜਨਕ ਹੈ।

ਨੌਜਵਾਨੀ ਹਮੇਸ਼ਾ ਆਪਣੇ ਹਾਣ ਦਾ ਸਾਥ ਅਤੇ ਹਾਣ ਦੇ ਗੀਤਾਂ, ਕਵਿਤਾਵਾਂ, ਗਜ਼ਲਾਂ ਨੂੰ ਪਸੰਦ ਕਰਦੀ ਹੈ। ਸਮੇਂ ਨਾਲ ਮਿਲ ਕੇ ਚੱਲਣਾ ਇਕ ਬਹੁਤ ਵਧੀਆ ਗੱਲ ਹੈ। ਹੁਣ ਨੌਜਵਾਨੀ ਵਰਤਮਾਨ ਦੇ ਨਾਲ ਨਾਲ ਭਵਿੱਖ ਵੀ ਸੋਚਦੀ ਤੇ ਵਿਚਾਰਦੀ ਹੈ। ਅੱਜ ਦੀ ਪੰਜਾਬੀ ਗਾਇਕੀ 'ਚ ਜੋ ਰੁਝਾਨ ਦੇਖਣ ਨੂੰ ਮਿਲ ਰਹੇ ਹਨ, ਜਿਵੇਂ ਨਸ਼ਿਆਂ ਤੇ ਹਥਿਆਰਾਂ ਦੇ ਨਾਮ ਅਤੇ ਉਨ੍ਹਾਂ ਦੀ ਵਰਤੋਂ ਆਦਿ। ਇਹ ਬਹੁਤ ਚਿੰਤਾਜਨਕ ਹੈ। ਇਸ ਦੇ ਨਾਲ ਹੀ ਫੁਕਰੇਪਣ ਨੂੰ ਵਡਿਆਉਣਾ ਵੀ ਕੋਈ ਚੰਗਾ ਸੰਕੇਤ ਨਹੀਂ ਹੈ। ਬੇਸ਼ੱਕ ਮੁਹੰਮਦ ਸਦੀਕ ਨੇ ਇਕ ਗੀਤ ਗਾਇਆ ਸੀ ਕਿ "ਮੁੱਕਗੀ ਫੀਮ ਡੱਬੀ 'ਚੋਂ ਯਾਰੋ, ਕੋਈ ਅਮਲੀ ਦਾ ਡੰਗ ਸਾਰੋ"। ਪਰ ਅੱਜ ਦੀ ਗਾਇਕੀ ਅਮਲੀ ਹੋਣ ਨੂੰ ਹੀ ਵੱਡੀ ਸ਼ਾਨ ਕਹਿੰਦੀ ਹੈ। ਜਿਸ ਕਾਰਨ ਨੌਜਵਾਨ ਨਸ਼ਿਆਂ ਵੱਲ ਵੱਧ ਉਤਾਵਲੇ ਹੁੰਦੇ ਜਾ ਰਹੇ ਹਨ। ਜਦੋਂ ਨੌਜਵਾਨਾਂ ਦੇ ਕੰਨਾਂ 'ਚ ਦਾਰੂ, ਅਫੀਮ, ਚਿੱਟੇ, ਜਰਦਾ ਤੰਬਾਕੂ ਵਰਗੇ ਨਸ਼ਿਆਂ ਦੇ ਨਾਮ ਪੈਂਦੇ ਹਨ ਤਾਂ ਉਹ ਵੀ ਇਨ੍ਹਾਂ ਨੂੰ ਟ੍ਰਾਈ ਕਰਨ ਦੀ ਸੋਚਦੇ ਹਨ। ਬਹੁਤ ਸਾਰੇ ਨੌਜਵਾਨ ਇਨ੍ਹਾਂ ਨਵੇਂ ਗੀਤਾਂ ਦੇ ਬੋਲ ਸੁਣ ਕੇ ਅਤੇ ਫਿਲਮਾਂਕਣ ਦੇਖ ਕੇ ਹੀ ਨਸ਼ੇ ਵਰਤ ਲੈਂਦੇ ਹਨ। ਫਿਰ ਟੀਕੇ ਲਗਾਉਂਦੇ ਹੋਏ ਸਿਵਿਆਂ ਦੇ ਰਾਹ ਪੈ ਜਾਂਦੇ ਹਨ।

ਇਸ ਤੋਂ ਬਾਅਦ ਅੱਜ ਦੇ ਗੀਤਾਂ ਵਿਚ ਹਥਿਆਰਾਂ ਦਾ ਬਹੁਤ ਜ਼ਿਕਰ ਮਿਲ ਰਿਹਾ ਹੈ। ਹਥਿਆਰਾਂ 'ਤੇ ਪਹਿਲਾਂ ਵੀ ਗੀਤ ਲਿਖੇ ਅਤੇ ਗਾਏ ਗਏ ਹਨ। ਉਨ੍ਹਾਂ ਗੀਤਾਂ 'ਚ ਜ਼ਿਆਦਾਤਰ ਰਵਾਇਤੀ ਹਥਿਆਰਾਂ ਦੇ ਨਾਲ ਬੰਦੂਕ ਦਾ ਵਰਨਣ ਮਿਲਦਾ ਹੈ। ਅੱਜ-ਕੱਲ੍ਹ ਹਥਿਆਰਾਂ ਦੇ ਨਵੇਂ ਨਵੇਂ ਨਾਮ ਸੁਣਨ ਨੂੰ ਮਿਲ ਰਹੇ ਹਨ। ਉਨ੍ਹਾਂ ਨੂੰ ਕੋਲ ਰੱਖਣਾ ਤੇ ਦੁਨੀਆਂ 'ਤੇ ਰੋਹਬ ਮਾਰਨਾ, ਬਸ ਇਹ ਕੰਮ ਨੌਜਵਾਨਾਂ ਨੂੰ ਦਿੱਤਾ ਜਾ ਰਿਹਾ ਹੈ। ਅੱਗੇ ਇਸ ਤੋਂ ਵਧ ਕੇ ਕੁਝ ਨੌਜਵਾਨ ਗੈਰਕਾਨੂੰਨੀ ਹਥਿਆਰ ਖਰੀਦ ਰਹੇ ਹਨ। ਕੁਝ ਨੌਜਵਾਨ ਲਾਇਸੈਂਸੀ ਹਥਿਆਰ ਲੈ ਰਹੇ ਹਨ। ਭਾਵੇਂ ਉਨ੍ਹਾਂ ਨੂੰ ਪਾਥੀਆਂ ਪੱਥਣ ਵਾਲੀ ਥਾਂ ਵੇਚਣੀ ਪਵੇ। ਨਸ਼ਿਆਂ ਨੂੰ ਖਰੀਦਣ ਵਾਂਗ ਹੀ ਇਸ ਮਾਮਲੇ 'ਚ ਵੀ ਬੇਬੇ ਬਾਪੂ ਦੇ ਗਲ 'ਗੂਠਾ ਦੇ ਕੇ ਘਰੇ ਕਲੇਸ਼ ਕੀਤਾ ਜਾ ਰਿਹਾ ਹੈ। ਕਹਿੰਦੇ ਹਨ ਕਿ ਨਸ਼ਾ, ਹਥਿਆਰ ਤੇ ਫੁਕਰਾਪਣ ਹਮੇਸ਼ਾ ਲੜਾਈ ਝਗੜਾ ਅਤੇ ਖ਼ੂਨ ਭਾਲਦਾ ਹੈ। ਫਿਰ ਕਿਸੇ ਬਦਕਿਸਮਤ ਨੌਜਵਾਨ ਤੋਂ ਕਿਧਰੇ ਹਥਿਆਰ ਚੱਲ ਜਾਂਦਾ ਹੈ ਜਾਂ ਲਹਿਰਾਇਆ ਜਾਂਦਾ ਹੈ। ਉਸ ਤੋਂ ਬਾਅਦ ਬਦਨਸੀਬ ਨੌਜਵਾਨ ਦੀ ਬੁਢਾਪੇ ਵੱਲ ਜਾਂਦੀ ਜਵਾਨੀ ਬਸ ਕੋਰਟ ਦੀਆਂ ਤਰੀਕਾਂ ਭੁਗਤਦੀ ਲੰਘ ਜਾਂਦੀ ਹੈ। ਇਥੇ ਨੋਟ ਕੀਤਾ



ਹੋਵੇਗਾ ਕਿ ਕੋਰਟ 'ਚ ਇਕੱਲੀ ਇਕ ਤਾਰੀਕ ਪੈਣਾ ਹੀ ਨਹੀਂ, ਬਲਕਿ ਕਈ ਕਈ ਤਾਰੀਕਾਂ ਪੈਣ ਨੂੰ ਗੀਤਾਂ ਵਿਚ ਪੱਚੀ ਪਿੰਡਾਂ ਦੀ ਸਰਦਾਰੀ ਦੇ ਬਰਾਬਰ ਸਮਝਿਆ ਜਾਂਦਾ ਹੈ। ਵੈਸੇ ਵੀ ਜ਼ਮੀਨਾਂ, ਕੰਧਾਂ ਕੌਲਿਆਂ ਨੂੰ ਲੈ ਕੇ ਪਿੰਡਾਂ ਦੇ ਲੋਕ ਅਕਸਰ ਕੋਰਟ ਕੰਪਲੈਕਸ 'ਚ ਘੁੰਮਦੇ ਹੀ ਮਿਲ ਜਾਂਦੇ ਹਨ। ਇਸ ਤੋਂ ਅੱਗੇ ਹੁਣ ਦੇ ਗੀਤਾਂ 'ਚ ਜੇਲ੍ਹ ਜਾਣ ਨੂੰ ਦਿੱਲੀ ਸਰ ਕਰਨ ਦੇ ਬਰਾਬਰ ਗਿਣਿਆ ਜਾਂਦਾ ਹੈ। ਨੌਜਵਾਨ ਗੀਤਾਂ ਰਾਹੀਂ ਇਕ ਦੂਜੇ ਨੂੰ ਬੜੇ ਮਾਣ ਨਾਲ ਮਹਿਫਲਾਂ 'ਚ ਇਨ੍ਹਾਂ ਬਾਰੇ ਦੱਸਦੇ ਹਨ। ਜਿਵੇਂ ਬਾਬਰ ਦੇ ਬਰਾਬਰ ਪਾਨੀਪਤ ਦੀ ਜੰਗ ਲੜੀ ਹੋਵੇ।

ਇਸ ਤੋਂ ਬਾਅਦ ਜੇ ਜ਼ਿਕਰ ਕਰੀਏ ਤਾਂ ਉਹ ਚਿੰਤਾਜਨਕ ਵਿਸ਼ਾ ਗੀਤਾਂ ਵਿਚਲੀ ਫੁਕਰੇਪਣ ਦੀ ਪ੍ਰਵਿਰਤੀ ਦਾ ਹੈ। ਚਾਂਮਲਦਾ ਬੰਦਾ ਬਚਪਨ ਤੋਂ ਹੀ ਹੈ। ਇਕ ਦੂਜੇ ਨੂੰ ਨੀਵਾਂ ਵਿਖਾ ਕੇ ਇਕ ਮਾਨਸਿਕ ਸੁੱਖ ਤੇ ਨਸ਼ਾ ਮਹਿਸੂਸ ਕਰਦਾ ਹੈ, ਪਰ ਇਹ ਚਾਂਮਲਣਾ ਕਦੋਂ ਖਤਰਨਾਕ ਫੁਕਰੇਪਣ 'ਚ ਬਦਲ ਜਾਂਦਾ ਹੈ ਪਤਾ ਹੀ ਨਹੀਂ ਚਲਦਾ। ਅੱਜ-ਕੱਲ੍ਹ ਪੰਜਾਬੀ ਗਾਇਕੀ ਦੇ ਨਾਲ ਨਾਲ ਪੂਰਾ ਪੰਜਾਬੀ ਸਮਾਜ ਸ਼ਦੀਦ ਫੁਕਰੇਪਣ ਦਾ ਸ਼ਿਕਾਰ ਹੈ। ਮਹਿੰਗੇ ਜਨਮ ਦਿਨ ਮਨਾਉਣੇ, ਖੁਸ਼ੀ ਮਰਗ ਦੇ ਭੋਗ ਪਾਉਣੇ, ਜ਼ਮੀਨਾਂ ਵੇਚ, ਬੈਂਕ ਲੋਨ ਲੈ ਕੇ ਵਿਆਹ ਮੰਗਣੇ ਕਰਨੇ, ਕੋਠੀਆਂ ਪਾਉਣੀਆਂ, ਟਰੈਕਟਰਾਂ ਨੂੰ ਚਲਦੇ ਫਿਰਦੇ ਡੀਜੇ ਬਣਾਉਣਾ, ਮਹਿੰਗੇ ਕੱਛੇ ਬਨੈਣਾਂ ਤੋਂ ਲੈ ਕੇ ਬੂਟ ਜੁਰਾਬਾਂ ਪਾਉਣੀਆਂ, ਮਰਗਾਂ 'ਤੇ ਜਾਣ ਲਈ ਅਲਗ ਮਹਿੰਗੇ ਲਿਬਾਸ ਪਾਉਣੇ, ਨਵੀਆਂ ਤੇ ਉਚੀਆਂ ਗੱਡੀਆਂ ਲੈਣੀਆਂ। ਇਹ ਸਭ ਫੁਕਰੇਪਣ ਦੀਆਂ ਨਿਸ਼ਾਨੀਆਂ ਹਨ। ਕਿਧਰੇ ਨਾ ਕਿਧਰੇ ਇਹ ਗੀਤਾਂ ਦੀ ਉਂਗਲ ਫੜ

## ਗੱਲਾਂ 'ਚੋਂ ਗੱਲ

ਕੇ ਚੱਲ ਰਹੇ ਹਨ। ਕਿਸਾਨ ਅੰਦੋਲਨ ਦੌਰਾਨ ਇਹ ਸਭ ਨੈੱਟ 'ਤੇ ਦੇਖ ਕੇ ਬਾਕੀ ਭਾਰਤ ਦੇ ਲੋਕ ਕਹਿ ਰਹੇ ਸਨ ਕਿ ਇਹ ਗਰੀਬ ਕਿਸਾਨ ਜਾਂ ਪੰਜਾਬੀ ਲਗਦੇ ਨਹੀਂ। ਬੇਸ਼ੱਕ ਜ਼ਿਆਦਾਤਰ ਦੀਆਂ ਲਿਮਟਾਂ ਅਤੇ ਕਿਸ਼ਤਾਂ ਟੁੱਟੀਆਂ ਹੋਈਆਂ ਸਨ। ਜਦੋਂ ਵੀ ਘਰ ਤੋਂ ਬਾਹਰ ਨਿਕਲਦੇ ਹਾਂ ਤਾਂ ਬਾਜ਼ਾਰਾਂ ਤੇ ਸੜਕਾਂ 'ਤੇ ਫੁਕਰੇਪਣ ਨੂੰ ਦਿਖਾਉਂਦੇ ਪੰਜਾਬੀ ਦਿਖ ਜਾਂਦੇ ਹਨ। ਇਸ ਸਭ ਨੂੰ ਅਜੋਕੇ ਗੀਤ ਹੋਰ ਹੁਲਾਰਾ ਦੇ ਰਹੇ ਹਨ।


ਪ੍ਰਸ਼ਾਸਨ ਭਾਵੇਂ ਹਥਿਆਰਾਂ ਵਾਲੇ ਗੀਤਾਂ ਪ੍ਰਤੀ ਸੁਚੇਤ ਹੋਇਆ ਹੈ, ਪਰ ਅਜੋਕੇ ਸਮੇਂ 'ਚ ਇਹ ਰੋਕਣਾ ਨਾਮੁਮਕਿਨ ਹੈ ਕਿਉਂਕਿ ਅਜਿਹੇ ਗੀਤ ਇੰਟਰਨੈੱਟ 'ਤੇ ਪੰਜਾਬ ਦੇ ਬਾਹਰੋਂ ਰਿਲੀਜ਼ ਕਰ ਦਿੱਤੇ ਜਾਂਦੇ ਹਨ। ਇਨ੍ਹਾਂ ਦਾ ਗਾਇਨ ਵੀ ਭਾਵੇਂ ਪੰਜਾਬੀ ਅਖਾੜਿਆਂ 'ਚ ਨਹੀਂ ਕੀਤਾ ਜਾਂਦਾ, ਪਰ ਸ਼ੰਭੂ ਤੋਂ ਪਾਰ ਤਾਂ ਕੋਈ ਸਰਕਾਰੀ ਬਾਬੂ ਪਰਚਾ ਦਰਜ ਨਹੀਂ ਕਰ ਸਕਦਾ!

ਹੁਣ ਗੱਲ ਨਿਕਲ ਕੇ ਆ ਰਹੀ ਹੈ ਕਿ ਤਿੰਨ ਸ਼ਰਾਰਤੀ ਤੱਤ ਪੰਜਾਬੀ ਗੀਤਕਾਰੀ ਤੇ ਗਾਇਕੀ ਨੂੰ ਤੰਗ ਕਰ ਰਹੇ ਹਨ। ਨਸ਼ਾ, ਹਥਿਆਰ ਤੇ ਫੁਕਰਾਪਣ। ਪੰਜਾਬੀ ਲੋਕ ਸਮਾਜ ਦਾ ਵੱਡਾ ਹਿੱਸਾ, ਇਨ੍ਹਾਂ ਤਿੰਨਾਂ ਦਾ ਆਦੀ ਹੋ ਚੁੱਕਾ ਹੈ। ਇਹ ਸਚਾਈ ਹੈ ਕਿ ਸਾਧਾਰਨ ਸਭਿਆਚਾਰਕ ਸ਼ਬਦਾਵਲੀ ਵਾਲੇ ਗੀਤ ਬਹੁਤ ਘੱਟ ਪਸੰਦ ਕੀਤੇ ਜਾਂਦੇ ਹਨ। ਉਨ੍ਹਾਂ ਦੇ ਆਨਲਾਈਨ ਵਿਊ ਦੇਖ ਕੇ ਸਮਝ ਲੱਗ ਜਾਂਦੀ ਹੈ। ਇਨ੍ਹਾਂ ਤਿੰਨਾਂ 'ਤੇ ਕਾਬੂ ਪਾਉਣ ਲਈ ਭਾਵੇਂ ਸਰਕਾਰੀ ਸੈਂਸਰਸ਼ਿਪ ਦੀ ਵਕਾਲਤ ਕਰਨਾ ਮੂਰਖਤਾ ਹੋਵੇਗੀ, ਕਿਉਂਕਿ ਫਿਰ ਹਕੂਮਤਾਂ ਕ੍ਰਾਂਤੀਕਾਰੀ ਜਾਂ ਵਿਰੋਧੀ ਸੁਰਾਂ ਨੂੰ ਦੇਸ਼ ਹਿੱਤ ਕਹਿ ਕੇ ਦੱਬ ਦਿੰਦੀਆਂ ਹਨ। ਸੈਲਫ ਸੈਂਸਰਸ਼ਿਪ ਵੀ ਕਾਰਗਰ ਸਿੱਧ ਨਹੀਂ ਹੋ ਸਕਦੀ। ਇਸ ਦੀ ਉਦਾਹਰਣ ਟੀਵੀ ਵਾਲੇ ਖ਼ਬਰਾਂ ਦੇ ਚੈਨਲਾਂ ਦੀ ਹੈ। ਇਸ ਮਾਮਲੇ 'ਚ ਗਾਇਕਾਂ ਦੇ ਅਲੱਗ ਅਲੱਗ ਗਰੁੱਪ ਹੀ ਆਪਸ 'ਚ ਸਲਾਹ ਮਸ਼ਵਰਾ ਕਰਕੇ ਕੁਝ ਕਰ ਸਕਦੇ ਹਨ ਜਾਂ ਫਿਰ ਘਰੇਲੂ ਤੇ ਸਕੂਲੀ ਕਾਲਜ ਢਾਂਚੇ 'ਚ ਜਾਗਰੂਕਤਾ ਮੁਹਿੰਮਾਂ ਚਲਾ ਕੇ।

# ਜੰਕ ਫੂਡ ਨੇ ਵਧਾਏ ਜਿਗਰ ਰੋਗੀ

***"ਲੰਬੇ ਸਮੇਂ ਤੱਕ ਜੰਕ ਫੂਡ ਦੀ ਵਰਤੋਂ ਨੇ ਜਿਗਰ ਦੇ ਆਮ ਰੋਗਾਂ ਦੇ ਨਾਲ-ਨਾਲ ਕੈਂਸਰ ਦਾ ਅੰਕੜਾ ਵੀ ਵਧਾਇਆ ਹੈ। ਚਮੜੀ, ਨਾਖੁਨ, ਅੱਖਾਂ, ਪਿਸ਼ਾਬ-ਮਲ ਦਾ ਰੰਗ ਪੀਲਾ ਦਿਸਣਾ, ਚਮੜੀ ਡਰਾਈ ਤੇ ਖਾਰਸ਼, ਪੇਟ-ਦਰਦ, ਘਬਰਾਹਟ-ਉਲਟੀ, ਭੁੱਖ ਨਾ ਲੱਗਣਾ, ਲੱਤਾਂ ਅਤੇ ਗਿੱਟਿਆਂ ਵਿਚ ਸੋਜ, ਵਗੈਰਾ ਲੱਛਣ ਲਗਾਤਾਰ ਰਹਿਣ ਦਾ ਮਤਲਬ ਹੋ ਸਕਦਾ ਹੈ ਤੁਹਾਡਾ ਲਿਵਰ (ਜਿਗਰ) ਬਿਮਾਰ ਹੈ।"-ਅਨਿਲ ਧੀਰ***

ਮਾਰਚ 2024 ਦਾ ਮਹੀਨਾ ਜਿਗਰ ਦੇ ਰੋਗਾਂ ਪ੍ਰਤੀ ਜਾਗਰੂਕਤਾ ਲਈ ਮਨਾਇਆ ਜਾ ਰਿਹਾ ਹੈ। ਅੱਜ ਵਿਸ਼ਵ ਭਰ ਵਿਚ ਲਿਵਰ ਦੇ ਖਤਰਨਾਕ ਰੋਗਾਂ ਦਾ ਅੰਕੜਾ ਹਰ ਉਮਰ ਦੇ ਲੋਕਾਂ ਵਿਚ ਤੇਜ਼ੀ ਨਾਲ ਵਧ ਰਿਹਾ ਹੈ। ਤੁਹਾਡਾ ਜਿਗਰ ਸਰੀਰ ਦਾ ਇੰਜਣ ਹੈ, ਇਸਦੇ ਰੁਕਣ ਨਾਲ ਜ਼ਿੰਦਗੀ ਵੀ ਰੁਕ ਸਕਦੀ ਹੈ। ਸਰੀਰ ਤੇ ਮਨ ਨੂੰ ਤੰਦਰੁਸਤ, ਦਿਮਾਗ ਨੂੰ ਐਕਟਿਵ ਤੇ ਕਿਰਿਆਸ਼ੀਲ ਰੱਖਣ ਲਈ ਗਲੂਕੋਜ਼ ਦਾ ਉਤਪਾਦਨ, ਸਟੋਰ, ਸਪਲਾਈ ਨੂੰ ਕੰਟਰੋਲ ਕਰਦਾ ਹੈ। ਕੋਲੈਸਟ੍ਰੋਲ ਦੇ ਲੈਵਲ ਨੂੰ ਕਈ ਪਦਾਰਥਾਂ ਦੇ ਅਦਲ-ਬਦਲ ਨਾਲ ਮੈਨੇਜ ਕਰਦਾ ਹੈ। ਜਿਗਰ ਸਰੀਰ ਅੰਦਰੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਕੇ ਪਾਚਨ-ਸਿਸਟਮ ਲਈ ਪਿੱਤ ਪੈਦਾ ਕਰਦਾ ਹੈ। ਸਰੀਰ ਅੰਦਰ ਜ਼ਰੂਰੀ ਵਿਟਾਮਿਨ, ਖਣਿਜਾਂ




**ਅਨਿਲ ਧੀਰ**

ਦੇ ਨਾਲ-ਨਾਲ ਆਇਰਨ ਤੇ ਤਾਂਬੇ ਦੀ ਸਪਲਾਈ ਨੂੰ ਕੰਟਰੋਲ ਕਰਦਾ ਹੈ। ਅਲਕੋਹਲ, ਨਸ਼ੀਲੇ ਪਦਾਰਥਾਂ ਅਤੇ ਹੋਰ ਕੈਮੀਕਲਜ਼ ਨੂੰ ਮੈਟਾਬੋਲਾਈਜ਼ ਕਰ ਕੇ ਬਲੱਡ ਨੂੰ ਕਲੀਨ ਕਰਦਾ ਹੈ। ਲਿਵਰ ਸਰੀਰ ਦੇ ਜ਼ਰੂਰੀ ਪ੍ਰੋਟੀਨ ਬਣਾਉਣ ਵਿਚ ਮਦਦ ਕਰਦਾ ਹੈ। ਸੈਕਸ, ਥਾਇਰਾਇਡ, ਕੋਰਟੀਸੋਨ ਆਦਿ ਹਾਰਮੋਨਜ਼ ਦੇ ਸੰਤੁਲਨ ਨੂੰ ਕੰਟਰੋਲ ਵੀ ਕਰਦਾ ਹੈ।

ਇਨਫੈਕਸ਼ਨ: ਵਾਇਰਸ ਅਤੇ ਪਰਜੀਵੀ ਰਾਹੀਂ ਲਿਵਰ ਦੇ ਸੰਕ੍ਰਮਿਤ ਹੋ ਜਾਣ ਕਰਕੇ ਸੋਜ ਹੋ ਜਾਂਦੀ ਹੈ ਅਤੇ ਕੰਮ ਪੱਖੋਂ ਲਿਵਰ ਸੁਸਤ ਹੋ ਜਾਂਦਾ ਹੈ। ਜਿਗਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਾਇਰਸ, ਖੂਨ ਜਾਂ ਵੀਰਜ, ਦੂਸ਼ਿਤ ਫੂਡ, ਪਾਣੀ ਜਾਂ ਇਨਫੈਕਸ਼ਨ ਨਾਲ ਪੀੜਤ ਰੋਗੀ ਦੇ ਨਜ਼ਦੀਕੀ ਸੰਪਰਕ ਦੁਆਰਾ ਅਤੇ ਇੰਜੈਕਸ਼ਨ-ਸੂਈਆਂ ਸਾਂਝੀਆਂ ਕਰਨ ਨਾਲ ਤੰਦਰੁਸਤ ਵੀ ਬਿਮਾਰੀ ਦੇ ਘੇਰੇ ਵਿਚ ਆ ਜਾਂਦਾ ਹੈ। ਜਿਗਰ ਦੀ ਆਮ ਇਨਫੈਕਸ਼ਨ ਹੈਪੇਟਾਈਟਸ-ਏ, ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਕੁੱਝ ਬਿਮਾਰੀਆਂ ਵਿਚ ਇਮਿਊਨ ਸਿਸਟਮ ਸਰੀਰ ਦੇ ਆਟੋ ਇਮਿਊਨ **'ਤੇ ਅਟੈਕ ਕਰ ਕੇ ਜਿਗਰ ਨੂੰ ਪ੍ਰਭਾਵਿਤ ਕਰ ਸਕਦੀ ਹੈ।**

ਆਟੋ ਇਮਿਊਨ ਹੈਪੇਟਾਈਟਸ, ਪ੍ਰਾਈਮਰੀ ਬਿਲੀਰੀ ਚੋਲਾਂਈਸਿਸ, ਅਤੇ ਪ੍ਰਾਈਮਰੀ ਸਕਲੇਰੋਜ਼ਿੰਗ ਕੋਲਾਂਗਾਈਟਿਸ ਵਰਗੇ ਰੋਗ ਹੋ ਸਕਦੇ ਹਨ। ਮਾਂ-ਬਾਪ ਵਿਚੋਂ ਇੱਕ ਜਾਂ ਦੋਵਾਂ ਤੋਂ ਵਿਰਾਸਤ ਵਿਚ ਇੱਕ ਅਸਾਧਾਰਨ ਜੀਨ ਜਿਗਰ ਦੇ ਵੱਖ-ਵੱਖ ਪਦਾਰਥਾਂ ਨੂੰ ਬਣਾਉਣ ਦੇ ਕਾਰਨ ਹੇਮੋਕ੍ਰੋਮੇਟੋਸਿਸ, ਵਿਲਸਨ-ਰੋਗ ਅਤੇ ਅਲਫਾ-1 ਐਂਟੀ ਟ੍ਰਾਈਪਸਿਨ ਦੀ ਕਮੀ ਹੋ ਸਕਦੇ ਹਨ। ਲਿਵਰ ਦਾ ਕੈਂਸਰ, ਬਾਇਲ ਡਕਟ ਕੈਂਸਰ ਅਤੇ ਜਿਗਰ ਐਡੀਨੋਮਾ ਵਰਗੇ ਰੋਗਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜਿਗਰ ਦੇ ਵਧ ਰਹੇ ਰੋਗ ਲਗਾਤਾਰ ਅਲਕੋਹਲ ਲੈਣ ਦੀ ਦੁਰਵਰਤੋਂ, ਗੈਰ-ਅਲਕੋਹਲ ਵਾਲੀ ਫੇਟੀ ਲਿਵਰ ਦੀ ਬਿਮਾਰੀ, ਐਲੋਪੈਥੀ ਅਤੇ ਕੁੱਝ ਹਰਬਲ ਦਵਾਈਆਂ ਦੇ



ਸਾਈਡ-ਇਫੈਕਟ ਵੀ ਕਾਰਨ ਬਣਦੇ ਹਨ।

ਆਪਣੇ ਜਿਗਰ ਦੀ ਕਰੋ ਕੇਅਰ:

- ਫੈਟੀ ਜਿਗਰ ਦੀ ਸਮੱਸਿਆ ਤੋਂ ਦੂਰ ਰਹਿਣ ਲਈ ਆਪਣੇ ਵਜ਼ਨ 'ਤੇ ਪੂਰਾ ਕੰਟਰੋਲ ਰੱਖੋ। ਜਿਗਰ ਨੂੰ ਫਿੱਟ ਰੱਖਣ ਲਈ ਡੇਲੀ ਵਰਕ-ਆਊਟ, ਯੋਗਾ, ਸਾਈਕਲਿੰਗ, ਸੈਰ, ਮੈਡੀਟੇਸ਼ਨ ਦੀ ਆਦਤ ਪਾ ਲਵੋ।
- ਜਿਗਰ ਦੀ ਬਿਮਾਰੀ ਵਧਾਉਣ ਵਿਚ ਅਲਕੋਹਲ, ਸਿਗਰੇਟ-ਬੀੜੀ, ਸਿਗਾਰ, ਵੇਪਸ, ਵੀਡ ਦੀ ਲੰਬੇ ਸਮੇਂ ਤੱਕ ਵਰਤੋਂ, ਜੰਕ-ਫੂਡ ਦਾ ਲਗਾਤਾਰ ਸੇਵਨ, ਮੋਟਾਪਾ, ਡਾਇਬਿਟੀਜ਼, ਫੈਮਿਲੀ ਹਿਸਟਰੀ, ਅਸੁਰੱਖਿਅਤ ਸੈਕਸ, ਡਰੱਗਜ਼, ਸਾਂਝੀਆਂ ਸੂਈਆਂ ਦੀ ਵਰਤੋਂ ਵਗੈਰਾ ਕਾਰਨ ਬਣ ਸਕਦੇ ਹਨ।
- ਗਰਮ ਪਾਣੀ 'ਚ ਨਿੰਬੂ, ਆਲਿਵ-ਤੇਲ ਵਿਚ ਸਾਰਟਿਡ ਹਰੀਆਂ-ਸਬਜ਼ੀਆਂ, ਤਾਜ਼ਾ ਵੈਜੀਟੇਬਲ ਸੂਪ ਵਗੈਰਾ ਪੌਸ਼ਟਿਕ ਖੁਰਾਕ ਨੂੰ ਰੁਟੀਨ ਵਿਚ ਸ਼ਾਮਿਲ ਕਰੋ।
- ਸੈਕਸ ਦੇ ਮਾਮਲੇ ਵਿਚ ਆਪਣੇ ਪਾਰਟਨਰ ਪ੍ਰਤੀ ਇਮਾਨਦਾਰੀ ਵਰਤੋ। ਸੱਜੇ-ਖੱਬੇ ਮੂੰਹ ਮਾਰਨ ਦੀ ਆਦਤ ਤੋਂ ਬਚੋ।
- ਤੰਦਰੁਸਤ ਵਿਅਕਤੀ ਅਲਕੋਹਲ ਸੀਮਿਤ ਮਾਤਰਾ ਵਿਚ ਹੀ ਲੈਣ। ਬਿਮਾਰ ਜਿਗਰ ਦੌਰਾਨ ਡਰੱਗਜ਼, ਸਿਗਰੇਟ, ਬੀੜੀ, ਵੀਡ, ਸ਼ਰਾਬ, ਜੰਕ-ਫੂਡ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।
- ਡਾਕਟਰ ਦੀ ਸਲਾਹ ਨਾਲ ਹੈਪੇਟਾਈਟਸ ਦੇ ਖਤਰੇ ਤੋਂ ਬਚਣ ਲਈ ਹੈਪੇਟਾਈਟਸ-ਏ, ਬੀ ਅਤੇ ਹੈਪੇਟਾਈਟਸ-ਸੀ ਵੈਕਸੀਨ ਜ਼ਰੂਰ ਲਗਵਾਓ।
- ਪਰਸਨਲ ਅਤੇ ਬਾਹਰੀ ਸਫਾਈ ਦਾ ਪੂਰਾ ਖਿਆਲ ਰੱਖੋ। ਦੂਜੇ ਲੋਕਾਂ ਦੇ ਖੂਨ ਅਤੇ ਸਰੀਰ ਦੇ ਤਰਲ ਪਦਾਰਥਾਂ ਤੋਂ ਬਚਣਾ ਚਾਹੀਦਾ ਹੈ।
- ਗੈਰ-ਨੁਸਖੇ ਵਾਲੀ ਜਾਂ ਕੋਈ ਵੀ ਦਵਾਈ ਆਪਣੀ ਮਰਜ਼ੀ ਨਾਲ ਨਾ ਲਵੋ। ਇਲਾਜ ਦੌਰਾਨ ਲਾਪ੍ਰਵਾਹੀ ਖਤਰਨਾਕ ਹਾਲਾਤ ਦੇ ਸਕਦੀ ਹੈ। ਪੇਨ-ਕਿਲਰ ਅਤੇ ਕੁੱਝ ਕੋਲੈਸਟਰੋਲ ਦੀ ਦਵਾਈ ਦਾ ਮਾੜਾ ਅਸਰ ਲਿਵਰ ਨੂੰ ਬਿਮਾਰ ਕਰ ਸਕਦਾ ਹੈ।
- ਕੀਟਨਾਸ਼ਕ, ਤੇ ਐਰੋਸੋਲ, ਕਲੀਨਿੰਗ ਪ੍ਰਾਡਕਟਸ ਯਾਨਿ ਜ਼ਹਿਰੀਲੇ ਕੈਮੀਕਲਸ ਨੂੰ ਇਨਹੇਲ ਨਾ ਕਰੋ। ਅਜਿਹੇ ਰਸਾਇਣ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ।
- ਉੱਚ ਕੈਲੋਰੀ ਵਾਲੇ ਪਦਾਰਥ, ਰਿਫਾਇੰਡ ਕਾਰਬੋਹਾਈਡਰੇਟ, ਜਿਵੇਂ ਚਿੱਟੀ ਰੋਟੀ, ਚਾਵਲ, ਜ਼ਿਆਦਾ ਪਾਸਤਾ ਅਤੇ ਸ਼ੱਕਰ ਤੋਂ ਪਰਹੇਜ਼ ਕਰ ਕੇ, ਪੌਸ਼ਟਿਕ ਖੁਰਾਕ ਯਾਨਿ ਤਾਜ਼ੇ ਫਲ-ਸਬਜ਼ੀਆਂ, ਸੀਮਿਤ ਮਾਤਰਾ 'ਚ ਮੀਟ, ਘੱਟ ਫੇਟ ਵਾਲਾ ਦੁੱਧ, ਪਨੀਰ ਅਤੇ ਹਾਈਡਰੇਸ਼ਨ ਲਈ ਡੇਲੀ 8-10 ਗਿਲਾਸ ਪਾਣੀ ਪੀਓ।

ਨੋਟ: ਬੱਚੇ, ਅਤੇ ਗਰਭਵਤੀ ਔਰਤਾਂ ਨੂੰ ਜੰਕ ਫੂਡ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਬਿਮਾਰੀ ਦਾ ਕੋਈ ਵੀ ਲੱਛਣ 2 ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿਚ ਤੁਰੰਤ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰ ਕੇ ਬਿਨਾ ਦੇਰੀ ਇਲਾਜ ਸ਼ੁਰੂ ਕਰੋ। ਹਰਬਲ ਸਪਲੀਮੈਂਟਸ ਬਿਨਾ ਮਾਹਿਰ ਦੀ ਸਲਾਹ ਤੋਂ ਨਾ ਲਵੋ। ਸਬਜ਼ੀ-ਫਲ ਨਮਕ ਵਾਲੇ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਕਲੀਨ ਕਰ ਕੇ ਇਸਤੇਮਾਲ ਕਰੋ।

# ਕਾਵਿ-ਕਿਆਰੀ

## ਸ਼ਹੀਦਾਂ ਦੇ ਨਾਂਅ

ਉਹ ਸੂਰਤਾਂ ਵੇ ਲੋਕਾ ਕਿਸ ਮੁਲਖ ਨੇ ਵਸਦੀਆਂ
ਜਿਨ੍ਹਾਂ ਨੂੰ ਵੇਖਣ ਲਈ ਅੱਖੀਆਂ ਨੇ ਤਰਸਦੀਆਂ।

ਧੁੱਪਾਂ ਤੋਂ ਵੀ ਪਤਲਾ ਇੱਕ ਮੌਤ ਦਾ ਪਰਦਾ ਹੈ
ਜਿਹਨੂੰ ਬਲੀ ਪੈਬੰਗਰ ਵੀ ਲੰਘਣੇ ਤੋਂ ਡਰਦਾ ਹੈ।
ਐਪਰ ਉਹ ਲੰਘ ਗਈਆਂ ਹਰ ਡਰ 'ਤੇ ਹੱਸਦੀਆਂ
ਉਹ ਸੂਰਤਾਂ ਵੇ ਲੋਕਾ...।

ਕਿਹਨੂੰ ਖ਼ੁਦ ਦਾ ਫ਼ਿਕਰ ਨਹੀਂ ਚਾਅ ਨਹੀਂ ਜੀਣੇ ਦਾ
ਪਰ ਉਨ੍ਹਾਂ ਨੇ ਰਾਹ ਫੜਿਆ ਦੁੱਖ ਸਭ ਦੇ ਪੀਣੇ ਦਾ।
ਰਾਹੀ ਉਹ ਅਲਬੇਲੇ ਸੀ ਸੁਣੋ ਮੰਜ਼ਲਾਂ ਦੱਸਦੀਆਂ
ਉਹ ਸੂਰਤਾਂ ਵੇ ਲੋਕਾ...।

ਗੱਲ ਉਨ੍ਹਾਂ ਦੀ ਹੀ ਕਰਦਾ ਜਦ ਉੱਠਦਾ ਬਹਿੰਦਾ ਕੋਈ
ਰਫਤਾਰੇ ਜ਼ਿੰਦਗੀ 'ਚੋਂ ਝਾਉਲਾ ਜਿਹਾ ਪੈਂਦਾ ਕੋਈ।
ਉਹ ਦਿਸਣ ਨਾ-ਦਿਸਦੀਆਂ ਦੱਸਣ ਨਾ-ਦੱਸਦੀਆਂ
ਉਹ ਸੂਰਤਾਂ ਵੇ ਲੋਕਾ...।

ਉਹ ਧਰਮਾਂ ਨਸਲਾਂ ਦੇ ਨਾ ਬੰਧਨਾਂ ਥੱਲੇ ਸੀ
ਉਹ ਕੁੱਲ ਲੋਕਾਈ ਦੇ ਜਿਨ੍ਹਾਂ ਹੱਕ-ਸੱਚ ਪੱਲੇ ਸੀ।
ਰਾਹ ਭੁੱਲ ਕੇ ਉਨ੍ਹਾਂ ਦਾ ਨਾ ਕੌਮਾਂ ਬਚਦੀਆਂ
ਉਹ ਸੂਰਤਾਂ ਵੇ ਲੋਕਾ ਕਿਸ ਮੁਲਖ ਨੇ ਵਸਦੀਆਂ।
ਜਿਨ੍ਹਾਂ ਨੂੰ ਵੇਖਣ ਲਈ ਅੱਖੀਆਂ ਨੇ ਤਰਸਦੀਆਂ।
***– ਡਾ. ਸੁਖਪਾਲ ਸੰਘੇੜਾ ਉਰਫ਼ 'ਪਰਖ਼ਾ'***

---

## ਲਾਚਾਰ ਲੋਕਤੰਤਰ

ਲੁੱਟਿਆ ਹੈ ਦੇਸ਼ ਮੇਰਾ, ਸਾਧੂਆਂ ਦੇ ਡੇਰਿਆਂ,
ਵੰਡਿਆ ਹੈ ਖ਼ੂਬ ਨਸ਼ਾ, ਸਿਆਸੀ ਲੁਟੇਰਿਆਂ।

ਖੋਖਲੀ ਜਵਾਨੀ ਹੋਈ, ਮੂਲੋਂ ਖੱਸੀ ਕਰ 'ਤੀ ,
ਇੱਕ ਹੋਰ ਨਸਲਕੁਸ਼ੀ, ਚੁੱਪ ਚਾਪ ਕਰ 'ਤੀ।

ਭੁੱਖ ਮਰੀ ਅਨਪੜ੍ਹਤਾ, ਬੇਰੁਜ਼ਗਾਰੀ ਮਾਰ'ਤਾ,
ਨੌਜਵਾਨ ਦੇ ਭਵਿੱਖ ਦਾ, ਗੱਲੀਂ ਬਾਤੀਂ ਸਾਰ'ਤਾ।

ਕਰਜ਼ਿਆਂ ਦੇ ਭਾਰ ਨੇ, ਕਿਸਾਨ ਕੁੱਬਾ ਕਰ'ਤਾ,
ਫਸਲ ਦੇ ਭਾਅ ਨੇ ਅੱਗੋਂ, ਕੱਖੋਂ ਹੌਲਾ ਕਰ'ਤਾ।

ਲੱਭਦਾ ਨ ਰਾਹ ਕੋਈ, ਉੱਡੀਆਂ ਨੇ ਖੁਸ਼ੀਆਂ,
ਡਰਦਾ ਸ਼ਾਹਾਂ, ਬੈਂਕਾਂ ਤੋਂ, ਕਰਦਾ ਖੁਦਕੁਸ਼ੀਆਂ।

ਸਰਕਾਰਾਂ ਦੇ ਹੱਥ ਖੜ੍ਹੇ, ਨੇਤਾ ਨੇ ਲਾਰੇ ਲਾ ਰਹੇ,
ਦੇ ਕੇ ਮਿੱਠੀਆਂ ਗੋਲ਼ੀਆਂ, ਵਕਤ ਨੇ ਲੰਘਾ ਰਹੇ।

ਹੋਇਆ ਲਾਚਾਰ ਬੜਾ, ਨਿੱਘਰਦਾ ਹੈ ਜਾ ਰਿਹਾ,
ਦਲਦਲ ਵਿੱਚ ਖੜ੍ਹਾ, ਬੱਸ ਧੱਸਦਾ ਹੈ ਜਾ ਰਿਹਾ।

ਆਈਆਂ ਨੇ ਨੇੜੇ ਵੋਟਾਂ, ਬਰਸਾਤੀ ਡੱਡੂ ਟੱਪਦੇ,
ਘਰ ਘਰ ਗਲ਼ੀ ਗਲ਼ੀ, ਫਿਰਦੇ ਨੇ ਹਾੜ੍ਹੇ ਕੱਢਦੇ।

ਕੋਈ ਨਹੀਂ ਜਵਾਬਦੇਹੀ, ਬੱਸ ਦੂਜੇ ਤਾਂਈਂ ਭੰਡਦੇ,
ਹੋ ਕੇ ਬੇਸ਼ਰਮ ਨੇਤਾ ਸਗੋਂ, ਦੰਦ ਅੱਗੋਂ ਨੇ ਕੱਢਦੇ।
***–ਸੇਵਾ ਸਿੰਘ 'ਨੂਰਪੁਰੀ'***

---

## ਸ਼ਬਦ ਬਨਾਮ ਸ਼ੀਸ਼ਾ

ਸ਼ਬਦ ਨੰਗਾ ਨਹੀਂ
ਅਪਵਿੱਤਰ ਨਹੀ
ਫਾਹਸ਼ ਨਹੀਂ
ਅਸ਼ਲੀਲ ਨਹੀਂ।

ਸ਼ੀਸ਼ਾ ਨੰਗਾ ਹੈ ਨਿਰਵਸਤਰ...
ਨਿਰਮਲ ਸੂਖਮ ਭਾਵੀ
ਸਦਾਚਾਰੀ ਅਮੋੜ ਅੜਬ
ਬੇਗ਼ਰਜ਼ ਨਿਰਸਵਾਰਥ
ਗੁੱਝੀਆਂ ਰਮਜ਼ਾਂ ਪੜ੍ਹਦਾ
ਰੂਹ ਦੀ ਧੜਕਣ ਫੜਦਾ
ਹਕੀਕੀ ਅਕਸ ਘੜਦਾ
ਸੱਚ ਝੂਠ ਨਿਤਾਰਾ ਕਰਦਾ।

ਰੋਣ ਹੱਸਣ ਦੀ ਭਾਸ਼ਾ ਸਮਝੇ
ਹੱਸੋਗੇ ਹਸਾਏਗਾ
ਰੋਵੋਗੇ ਰੁਵਾਏਗਾ।
ਖ਼ੂਹ ਦੀ ਆਵਾਜ਼
ਜੋ ਬੋਲੋਗੇ ਸੁਣੋਗੇ।
ਸ਼ਬਦ ਹੈ ਪਾਕ ਪਵਿੱਤਰ ਪੁਨੀਤ
ਮੁਕੱਦਸ ਨਿਰਛਲ ਨਿਰਦੋਸ਼,
ਅਣਭੋਲ ਨਿਸ਼ਕਪਟ
ਸੰਸਾਰ ਦਾ ਸਿਰਜਕ।
ਸ਼ਬਦਾਂ ਵਿਚੋਂ ਪੁੰਗਰਦੇ
ਰੱਬ ਮਾਂ ਪਿਉ ਗੁਰੂ ਯਾਰ
ਪ੍ਰਕਿਰਤੀ ਦੇ ਪਾਸਾਰ
ਮਨਪਸੰਦ ਆਕਾਰ।

ਅਧੂਰੀਆਂ ਹਸਰਤਾਂ ਦਾ ਅੰਜਾਮ
ਅਤ੍ਰਿਪਤ ਆਤਮਾ ਦੇ ਸਿਰ ਚੜ੍ਹ ਬੋਲੇ।
ਨਿੱਜੀ ਕੁੜੱਤਣ ਭੜਾਸ
ਲਫ਼ਜ਼ਾਂ ਤੇ ਥੋਪੇ।
ਮੂੰਹ ਚਿੜਾਵੈ ਔਕਾਤ ਦਿਖਾਵੇ
ਗਧੇ ਦੇ ਮਖੌਟੇ ਭੇਡ ਨਾ ਸਮਾਵੇ,
ਜੇਹਾ ਮੂੰਹ ਤੇਹੀ ਚਪੇੜ ਖਾਵੇ।

ਪਾਰਦਰਸ਼ੀ ਨਿਧੜਕ ਆਈਨਾ
ਜਾਣਦਾ ਪੂਰੀਆਂ ਅਧੂਰੀਆਂ
ਰੂਹ ਅੰਦਰਲੀਆਂ ਮੰਗਾਂ ਤਰੰਗਾਂ
ਨਿਰਪੱਖ ਬੇਜ਼ਾਰ ਬਿਨ ਵਿਤਕਰੇ
ਪੜਦੇ ਖੋਲ੍ਹੇ ਸਪਸ਼ਟ ਬੋਲੇ।

ਸਸਤਾਉਂਦਾ ਨਹੀਂ ਹੈ
ਸੋਮਨ ਜਾਗਦਾ ਸ਼ੀਸ਼ਾ
ਸਵਾਲੀ ਦਾ ਅਚਾਰ ਵਿਚਾਰ ਵਿਹਾਰ
ਹਿਰਦਾ ਪੜ੍ਹਦਾ
ਪ੍ਰਤੀਕੂਲ ਹੁੰਗਾਰਾ ਭਰਦਾ।

ਲਿੰਬੇ ਪੋਚੇ ਨਕਾਬਪੋਸ਼ ਅਕਸ
ਨਹੀਂ ਛਿਪ ਸਕਦੇ।
ਨਿਰਲੇਪ ਬਲੌਰੀ ਦਰਪਨ
ਦਿਖਾ ਦਿੰਦਾ ਸਾਵਾਂ ਪ੍ਰਤੀਬਿੰਬ
ਰੰਗੀ ਬਦਰੰਗੀ ਅਸਲੀ ਨਕਲੀ ਚਿਹਰੇ।
***– ਚਰਨਜੀਤ ਸਿੰਘ ਪੰਨੂ ਕੈਲੀਫੋਰਨੀਆ***

## ਬੇਸ਼ਰਮ ਚੁੱਪ

ਪੰਥ ਸਾਰਾ ਕਲਪਦਾ, ਜਥੇਦਾਰ ਚੁੱਪ ਹੈ
ਨਜ਼ਾਮ ਸਾਰਾ ਤੜਫਦਾ, ਸਰਕਾਰ ਚੁੱਪ ਹੈ

ਪੈਰੀਂ ਪੱਗਾਂ ਰੁਲਦੀਆਂ ਦਾ, ਚਾਰ ਚੁਫੇਰੇ ਸ਼ੋਰ ਹੈ
ਤਖਤਾਂ ਤੇ ਬੈਠਾ ਕੌਮ ਦਾ, ਸਰਦਾਰ ਚੁੱਪ ਹੈ

ਮੁੱਖ ਪੰਨੇ ਤੇ ਛਪੀ ਹੋਈ ਹੈ, ਵਹੁਟੀ ਸਾਗਰ ਦੀ
ਪਰ ਕਿਸਾਨਾਂ ਵਾਸਤੇ, ਅਖਬਾਰ ਚੁੱਪ ਹੈ

ਗਰੀਬ ਭੁੱਖਾ ਮਰ ਰਿਹਾ, ਅਮੀਰ ਨਜ਼ਾਰੇ ਲੁੱਟਦਾ
ਖੌਰੂ ਪੱਤਝੜ ਪਾਂਵਦੀ, ਬਹਾਰ ਚੁੱਪ ਹੈ

ਨਾਲ ਜੈਕਾਰਿਆਂ ਗੂੰਜਦੀ, ਅੱਜ ਵੀ ਉਹ ਸਰਹੰਦ ਹੈ
ਇਤਿਹਾਸ ਅੱਜ ਵੀ ਬੋਲਦਾ, ਤੇ ਦੀਵਾਰ ਚੁੱਪ ਹੈ

ਸ਼ੁਕਰ ਮਨਾਓ ਹੱਥਾਂ ਨੇ, ਚੱਕੀਆਂ ਨਹੀਂ ਸੰਤਾਲੀਆਂ
ਸ਼ੁਕਰ ਹੈ ਮਿਆਨ ਵਿਚ, ਤਲਵਾਰ ਚੁੱਪ ਹੈ

ਅੱਗ ਲਾਣਾ ਕੀ ਡਾਣਸੀਵਾਲੀਆ, ਐਸੇ ਦੱਸ ਯਰਾਨੇ ਨੂੰ
ਯਾਰ ਭੁੱਖਾ ਮਰ ਰਿਹਾ, ਪਰ ਯਾਰ ਚੁੱਪ ਹੈ!!
***–ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778 863 2472***

---

## ਪਹਿਚਾਣ

ਜੇ ਦੱਸ ਕੇ ਕਰਾਈ ਪਹਿਚਾਣ ਕਿਹੜੇ ਕੰਮ ਦੀ,
ਕੰਮ ਹੀ ਨਾ ਆਈ ਤਾਂ ਇਹ ਜਾਨ ਕਿਹੜੇ ਕੰਮ ਦੀ।
ਉਮੀਦ ਲੈ ਕੇ ਆਇਆ ਖਾਲੀ ਦਰੋਂ ਮੁੜ ਜਾਵੇ,
ਮਿੱਤਰ ਪਿਆਰਿਆ ਉਹ ਦੁਕਾਨ ਕਿਹੜੇ ਕੰਮ ਦੀ।
ਮਿੱਥ ਕੇ ਜੋ ਲਾਇਆ ਤੀਰ ਲੱਗੇ ਨਾ ਨਿਸ਼ਾਨੇ 'ਤੇ
ਆਖਦੇ ਸਿਆਣੇ ਉਹ ਕਮਾਨ ਕਿਹੜੇ ਕੰਮ ਦੀ।
ਨਸ਼ੇ ਅਤੇ ਪੈਸੇ ਵੱਟੇ ਵੋਟ ਜਿਹੜੀ ਪਾ ਆਵੇ,
ਅਕਲੋਂ ਨਿਆਣੀ ਉਹ ਮਤਦਾਨ ਕਿਹੜੇ ਕੰਮ ਦੀ।
ਜਦ ਤੱਕ ਸਾਹ ਨੇ ਸੁਖਚੈਨ ਸਿੰਹਾਂ ਸੱਚ ਬੋਲੀਂ,
ਗੂੰਗੀ ਹੋਜੇ ਜਿਹੜੀ ਉਹ ਜ਼ੁਬਾਨ ਕਿਹੜੇ ਕੰਮ ਦੀ।
ਜੇ ਦੱਸ ਕੇ ਕਰਾਈ ਪਹਿਚਾਣ ਕਿਹੜੇ ਕੰਮ ਦੀ,
ਕੰਮ ਹੀ ਨਾ ਆਈ ਤਾਂ ਇਹ ਜਾਨ ਕਿਹੜੇ ਕੰਮ ਦੀ।
***–ਸੁਖਚੈਨ ਸਿੰਘ ਕੁਰੜ***

# ਉਹ ਰਾਤ

***(ਸਫਾ 25 ਦੀ ਬਾਕੀ)***

'ਜੇ ਕਿਤੇ ਰਾਹ 'ਚ ਫੜਿਆ ਨਾ ਗਿਆ ਹੁੰਦਾ, ਅੱਜ ਮੇਰੇ ਬੱਚੇ ਵੀ ਅਮਰੀਕਾ 'ਚ ਪੜ੍ਹਦੇ ਹੁੰਦੇ।'

ਮੇਰੇ ਜਨਮ ਤੋਂ ਪਹਿਲਾਂ ਉਨ੍ਹਾਂ ਨੇ ਪੈਲੀ ਵੇਚ ਕੇ ਅਮਰੀਕਾ ਜਾਣ ਲਈ ਏਜੰਟ ਨੂੰ ਪੈਸੇ ਦਿੱਤੇ ਸਨ ਪਰ ਉਨ੍ਹਾਂ ਦਾ ਜੁਗਾੜ ਠੀਕ ਸਿਰ ਨਹੀਂ ਸੀ ਬੈਠਾ। ਉਨ੍ਹਾਂ ਨੂੰ ਇਸਦਾ ਸਾਰੀ ਉਮਰ ਝੋਰਾ ਰਿਹਾ ਸੀ। ਤੇ ਮੈਨੂੰ ਆਈ ਲੈਟਸ ਦੀ ਪੌੜੀ ਰਾਹੀਂ ਵਿਆਹ ਕਰਕੇ ਕਨੇਡਾ ਭੇਜਣ ਦੇ ਫੈਸਲੇ 'ਚ ਪਾਪਾ ਬੇਕਸੂਰ ਲੱਗੇ। ਜੇ ਉਨ੍ਹਾਂ ਵਿਚ ਆਪਣੇ ਬਲਬੂਤੇ ਮੈਨੂੰ ਕਨੇਡਾ ਭੇਜਣ ਦੀ ਸਮਰੱਥਾ ਹੁੰਦੀ ਤਾਂ ਉਹ ਕਿਓਂ ਮੇਰੇ ਪੈਰ ਬੰਨ੍ਹਦੇ।

ਮੈਂ ਅਮਨ ਨੂੰ ਪਾਰਕ ਬਾਰੇ ਕੁਝ ਨਾ ਦੱਸਿਆ। ਅੱਗੇ ਇਕ ਹੋਰ ਗੁਰਦੁਆਰਾ ਆ ਗਿਆ। ਮੈਂ ਕਿਹਾ, 'ਆਹ ਗੁਰਦਵਾਰਾ ਤਾਂ ਘਰ ਵਾਂਗ ਹੀ ਹੈ। ਇਸਦਾ ਬਹੁਤ ਆਸਰਾ ਰਿਹੈ ਮੈਨੂੰ। ਸ਼ਾਮ ਨੂੰ ਰੋਟੀ ਖਾਣ ਲਈ ਦਿਲ ਕਰਦਾ, ਇੱਥੇ ਆ ਜਾਂਦੀ।'

'ਅੱਛਾ,' ਆਖ ਕੇ ਅਮਨ ਨੇ ਸਿਰ ਨਿਵਾਇਆ।

ਗੁਰਦੁਆਰੇ ਦੇ ਪਿਛਲੇ ਪਾਸੇ, ਜਿੱਥੇ ਪਾਰਕ ਇਸ ਨਾਲ ਮਿਲਦਾ ਹੈ, ਉੱਥੇ ਸੁੰਨ-ਸਾਨ ਥਾਂ 'ਤੇ ਪੰਜਾਬ ਤੋਂ ਆਏ ਅੰਤਰਰਾਸ਼ਟਰੀ ਵਿਦਿਆਰਥੀ ਐਤਵਾਰ ਦੀ ਸ਼ਾਮ ਨੂੰ ਮਿਲਦੇ। ਉਸ ਤੋਂ ਅੱਗੇ ਦਰੱਖਤਾਂ ਦੇ ਝੁੰਡ ਸ਼ੁਰੂ ਹੋ ਜਾਂਦੇ। ਪਾਰਕ ਦਾ ਇਹੀ ਉਹ ਥਾਂ ਸੀ, ਜਿਹੜਾ ਮੇਰੇ ਸੁਪਨੇ ਵਿਚ ਆਉਂਦਾ ਸੀ। ਮੈਂ ਇੱਕ ਵਾਰ ਰੋਮੀ ਨਾਲ ਇੱਥੇ ਆਈ ਸੀ। ਮਸਤੀ ਦਾ ਆਲਮ, ਬੇਫਿਕਰੀ, ਹਾਸੇ ਜਿਵੇਂ ਇਸ ਥਾਂ 'ਤੇ ਹੀ ਟਿਕੇ ਹੋਣ। ਚੰਨ-ਚਾਨਣੀ ਰਾਤ ਸੀ ਉਹ। ਰੋਮੀ ਦਾ ਹੱਥ ਉਸਦੇ ਦੋਸਤ ਦੇ ਹੱਥ ਵਿਚ ਸੀ ਤੇ ਹੋਰ ਕਈਆਂ ਦੇ ਹੱਥ ਆਪਣੇ ਆਪਣੇ ਸਾਥੀਆਂ ਦੇ ਹੱਥਾਂ ਵਿਚ। ਉਹ ਸਮਾਂ ਮੇਰੇ ਅੰਦਰ ਰੁਕ ਗਿਆ। ਰੋਮੀ ਆਪਣੇ ਦੋਸਤ ਨਾਲ ਦਰੱਖਤਾਂ ਦੇ ਝੁੰਡਾਂ ਵਿਚ ਅਲੋਪ ਹੋ ਗਈ ਅਤੇ ਮੈਂ ਇਕੱਲੀ ਹੀ ਘਰ ਵੱਲ ਤੁਰ ਪਈ। ਉਸ ਸ਼ਾਮ ਪਹਿਲੀ ਵਾਰ ਮੈਨੂੰ ਦਾਦੀ ਦੀ ਤਕੜੀ ਹੋ ਕੇ ਰਹਿਣ ਵਾਲੀ ਗੱਲ ਦੀ ਸਮਝ ਲੱਗੀ।

'ਫੇਰ ਤਾਂ ਲੱਗਦੈ ਕਿ ਇੱਥੋਂ ਨੇੜੇ ਹੀ ਹੈ ਘਰ,' ਅਮਨ ਬੋਲਿਆ।

'ਹਾਂ, ਆ ਹੀ ਹੈ। ਤੇਰੇ ਆਉਣ ਨਾਲ ਹੀ ਘਰ ਬਣੇਗਾ। ਹਾਲੇ ਤਾਂ ਇੱਕ ਖਾਲੀ ਕਮਰਾ ਹੀ ਹੈ,' ਆਖਦੀ ਨੇ ਮੈਂ ਕਾਰ ਰੋਕ ਦਿੱਤੀ। ਬੇਸਮੈਂਟ ਦਾ ਦਰਵਾਜ਼ਾ ਖੋਲਣ ਤੋਂ ਪਹਿਲਾਂ ਮੇਰੇ ਚਿੱਤ 'ਚ ਆਈ ਕਿ ਅਸੀਂ ਵਿਆਹ ਤੋਂ ਬਾਅਦ ਪਹਿਲੀ ਵਾਰ ਇਕੱਠੇ ਆਪਣੇ ਘਰ ਵਿਚ ਦਾਖਲ ਹੋ ਰਹੇ ਹਾਂ ਕੋਈ ਗੀਤ-ਸੰਗੀਤ ਹੁੰਦਾ, ਪਰਿਵਾਰ ਤੇ ਰਿਸ਼ਤੇਦਾਰ ਹੁੰਦੇ। ਕੋਈ ਤੇਲ ਚੋਂਦਾ। ਕੋਈ ਸਗਨ ਵਿਹਾਰ ਹੁੰਦਾ। ਪਰ ਇੱਥੇ ਤਾਂ ਸੁੰਨ-ਸਰਾਂ ਸੀ। ਸੋਚਦਿਆਂ ਮੇਰਾ ਮਨ ਭਰ ਆਇਆ। ਅਟੈਚੀ ਰੱਖ ਬੇਸਮੈਂਟ ਦਾ ਦਰਵਾਜ਼ਾ ਬੰਦ ਕਰਦਿਆਂ ਮੈਂ ਅਮਨ ਨੂੰ ਚੁੰਭੜ ਗਈ। ਮੇਰੀ ਭੁੱਬ ਨਿਕਲ ਗਈ। ਕੁਝ ਦੇਰ ਮੈਂ ਇਸੇ ਤਰ੍ਹਾਂ ਹੀ ਅਮਨ ਨਾਲ ਲੱਗ ਕੇ ਖੜ੍ਹੀ ਰਹੀ। ਉਸ ਨੇ ਮੇਰਾ ਚੇਹਰਾ ਉੱਪਰ ਕਰਕੇ ਹੰਝੂ ਪੂੰਝੇ।

ਤੇ ਫਿਰ ਉਹ ਸੌਂ ਗਿਆ ਸੀ। ਅਮਨ ਵਾਲੇ ਗੱਦੇ ਦੇ ਨਾਲ ਵਾਲੇ ਗੱਦੇ 'ਤੇ ਪਈ ਮੈਂ ਆਪਣੇ ਫੋਨ ਵਿਚ ਸੰਭਾਲੀਆਂ ਵਿਆਹ ਵਾਲੀਆਂ ਫੋਟੋ ਦੇਖਣ ਲੱਗ ਪਈ। ਉਸ ਫੋਟੋ 'ਤੇ ਮੇਰੀ ਨਿਗ੍ਹਾ ਅਟਕ ਗਈ। ਉਸ ਨੂੰ ਮੈਂ ਅੱਗੇ ਨਾ ਕੀਤਾ। ਉਸ ਵੱਲ ਦੇਖਦੀ ਰਹੀ। ਦੇਖਦੀ ਰਹੀ। ਪਤਾ ਨਹੀਂ ਕਿੰਨੇ ਵਾਰ ਪਹਿਲਾਂ ਵੀ ਇਸ ਫੋਟੋ ਨੂੰ ਇਸ ਤਰ੍ਹਾਂ ਨਿਹਾਰਿਆ ਸੀ। ਇਹ ਸਾਡੀ ਵਿਆਹ ਤੋਂ ਬਾਅਦ ਦੀ ਫੋਟੋ ਸੀ। ਮੇਰੀਆਂ ਚੂੜੇ ਭਰੀਆਂ ਬਾਹਾਂ ਅਮਨ ਦੇ ਮੋਢਿਆਂ ਉੱਤੇ ਟਿਕੀਆਂ ਹੋਈਆਂ ਹਨ। ਅਸੀਂ ਇੱਕ-ਦੂਜੇ ਦੀਆਂ ਅੱਖਾਂ ਵਿਚ ਦੇਖ ਰਹੇ ਹਾਂ।

ਵਿਆਹ ਵਾਲੀ ਰਾਤ ਅਮਨ ਨੇ ਮੁੜ ਇਹੀ ਪੋਜ਼ ਬਨਾਉਣ ਲਈ ਕਿਹਾ ਸੀ। ਉਸ ਗਰਮ ਰਾਤ ਬਿਜਲੀ ਚਲੀ ਗਈ ਤਾਂ ਅਸੀਂ ਚੁਬਾਰੇ 'ਚੋਂ ਬਾਹਰ ਆ ਗਏ। ਅਮਨ ਦਾ ਘਰ ਖੇਤਾਂ ਵਿਚ ਹੈ। ਆਸੇ-ਪਾਸੇ ਖੇਤ ਹੀ ਖੇਤ। ਹਵਾ ਰੁਮਕ ਰਹੀ ਸੀ। ਇਸ ਰਾਤ ਨੂੰ ਮੈਂ ਇਨੀ ਵਾਰ ਯਾਦ ਕੀਤਾ ਕਿ ਕਈ ਮੇਰੀਆਂ ਕਲਪਨਾਵਾਂ ਇਸ ਨਾਲ ਜੁੜ ਗਈਆਂ ਹਨ। ਅਮਨ ਨੇ ਕਿਹਾ ਸੀ, 'ਮੇਰੇ ਗਲ ਵਿਚ ਉਵੇਂ ਹੀ ਬਾਹਾਂ ਪਾ, ਜਿਵੇਂ ਫੋਟੋ ਖਿਚਵਾਉਣ ਵੇਲੇ ਪਾਈਆਂ ਸਨ।'

'ਉਦੋਂ ਤਾਂ ਫੋਟੋ ਖਿਚਵਾਉਣੀ ਸੀ।'

'ਚੱਲ ਹੁਣ ਪਿਆਰ ਨਾਲ ਪਾ ਦੇ।'

' ਲੈ, ਇੱਥੇ ਬਾਹਰ?'

'ਹਾਂ, ਤਾਰਿਆਂ ਦੀ ਗਵਾਹੀ 'ਚ।'

ਮੈਂ ਸੰਗਦਿਆਂ ਆਪਣੀਆਂ ਬਾਹਾਂ ਉਸਦੇ ਮੋਢਿਆਂ 'ਤੇ ਰੱਖ ਦਿੱਤੀਆਂ। 'ਤੇਰੀਆਂ ਬਾਹਾਂ ਬੰਸਰੀਆਂ ਵਰਗੀਐਂ। ਕਿੰਨੀਆਂ ਸੋਹਣੀਆਂ!' ਫਿਰ ਉਸ ਨੇ ਆਪਣੇ ਬੁੱਲ੍ਹ ਮੇਰੀ ਵੀਣੀ 'ਤੇ ਟਿਕਾਅ ਦਿੱਤੇ ਜਿਵੇਂ ਬੰਸਰੀ ਵਿਚ ਫੂਕ ਮਾਰ ਰਿਹਾ ਹੋਵੇ।

ਇਹੀ ਸੀਨ ਸੀ ਜਿਹੜਾ ਮੇਰੇ ਚੇਤਿਆਂ ਵਿਚ ਡੂੰਘਾ ਲਹਿ ਗਿਆ ਸੀ। ਇਹ ਯਾਦ ਹੀ ਨਹੀਂ ਕਿ ਮੈਂ ਉਸ ਰਾਤ ਨੂੰ ਕਿੰਨਾ ਕੁ ਮਾਣਿਆ ਸੀ। ਬੱਸ ਇੱਕ ਸੁਪਨੇ ਵਾਂਗ ਲਗਦੀ ਹੈ ਉਹ ਰਾਤ। ਉਸ ਵੇਲੇ ਮੇਰੇ ਦਿਮਾਗ ਵਿਚ ਦੋ ਦਿਨਾਂ ਬਾਅਦ ਕਨੇਡਾ ਪਹੁੰਚਣ ਦਾ ਚਾਅ ਸੀ। ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਅਠਾਰਾਂ ਸਾਲਾਂ ਦੀ ਹੋਣ ਤੋਂ ਦੋ ਦਿਨਾਂ ਬਾਅਦ ਹੀ ਮੇਰਾ ਵਿਆਹ ਹੋ ਜਾਵੇਗਾ। ਸਭ ਕੁਝ ਐਨੀ ਜਲਦੀ ਵਾਪਰ ਗਿਆ ਸੀ ਕਿ ਲਗਦਾ ਸੀ ਕਿ ਵਿਆਹ ਵੀ ਕਨੇਡਾ ਪਹੁੰਚਣ ਲਈ ਇੱਕ ਕਾਰਵਾਈ ਹੀ ਹੈ ਜਿਵੇਂ ਕਿਸੇ ਕਾਲਜ ਵਿਚ ਦਾਖਲੇ ਲਈ ਅਤੇ ਵੀਜ਼ੇ ਲਈ ਅਰਜ਼ੀ ਭਰੀ ਹੋਵੇ। ਤੇ ਜਿਸ ਸ਼ਾਮ ਮੈਂ ਰੋਮੀ ਨਾਲ ਪਾਰਕ ਗਈ, ਉਸ ਰਾਤ ਮੈਨੂੰ ਅਹਿਸਾਸ ਹੋਇਆ ਸੀ ਕਿ ਮੈਂ ਇਕ ਵਿਆਹੀ-ਵਰੀ ਔਰਤ ਹਾਂ। ਮੇਰਾ ਜੀਅ ਕਰਨ ਲੱਗਾ ਕਿ ਅਮਨ ਛੇਤੀਂ ਆਵੇ। ਤੇ ਫਿਰ ਮੇਰੀ ਕਲਪਨਾ ਅਤੇ ਸੁਪਨਿਆਂ ਵਿਚ ਅਮਨ ਦੇ ਘਰ ਦੀ ਛੱਤ ਉਪਰਲੀ ਰਾਤ ਤੇ ਪਾਰਕ ਵਾਲੀ ਰਾਤ ਆਉਣ ਲੱਗੀਆਂ। ਮੈਂ ਸੋਚਦੀ ਕਿ ਜਿਸ ਦਿਨ ਅਮਨ ਕਨੇਡਾ ਆਵੇਗਾ ਮੈਂ ਮੁੜ ਉਸ ਰਾਤ ਨੂੰ ਜੀਵਾਂਗੀ।

ਤੇ ਉਹ ਦਿਨ ਆ ਗਿਆ ਸੀ। ਮੈਨੂੰ ਲਗਦਾ ਸੀ ਜਿਵੇਂ ਆਉਣ ਵਾਲੀ ਰਾਤ ਹੀ ਅਸਲ ਵਿਚ ਵਿਆਹ ਵਾਲੀ ਰਾਤ ਹੋਵੇ। ਦਿਮਾਗ ਵਿਚ ਆਇਆ ਕਿ ਜਦੋਂ ਤੱਕ ਅਮਨ ਨੇ ਸੌਂ ਕੇ ਉੱਠਣਾ ਹੈ, ਉਦੋਂ ਤੱਕ ਡੂੰਘੀ ਸ਼ਾਮ ਹੋ ਚੁੱਕੀ ਹੋਵੇਗੀ। ਉਸ ਨੂੰ ਵਾਈਟਰੌਕ ਸ਼ਹਿਰ ਲੈ ਕੇ ਜਾਵਾਂਗੀ। ਬੀਚ 'ਤੇ ਬਣੇ ਰੈਸਤੋਰਾਂ ਦੀ ਛੱਤ 'ਤੇ ਤਾਰਿਆਂ ਤੇ ਮੋਮਬੱਤੀ ਦੇ ਚਾਨਣੇ ਖਾਣਾ ਖਾਵਾਂਗੇ। ਫਿਰ ਇਕ-ਦੂਜੇ ਦਾ ਹੱਥ ਫੜ ਬੀਚ 'ਤੇ ਤੁਰਾਂਗੇ। ਇਸ ਕਲਪਨਾ ਨਾਲ ਮੈਂ ਰੁਮਾਂਚਿਤ ਹੋਣ ਲੱਗੀ। ਕੁਝ ਦੇਰ ਮੈਂ ਉਸ ਕਲਪਨਾਂ ਦਾ ਲੁਤਫ ਲੈਂਦੀ ਰਹੀ, ਫਿਰ ਉੱਠ ਕੇ ਤਿਆਰ ਹੋਣ ਲੱਗੀ। ਚਿੱਤ 'ਚ ਆਈ ਕਿ ਕਿੰਨਾ ਚੰਗਾ ਹੁੰਦਾ ਜੇ ਮੈਂ ਪਹਿਲਾਂ ਮਹਿੰਦੀ ਲਵਾ ਆਉਂਦੀ। ਕੱਪੜੇ ਬਦਲ ਕੇ ਮੈਂ ਚੂੜਾ ਪਾਇਆ। ਕੁਝ ਦੇਰ ਆਪਣੀਆਂ ਬਾਹਾਂ ਨੂੰ ਨਿਹਾਰਦੀ ਰਹੀ। ਇਸ ਚੂੜੇ ਨੂੰ ਮੈਂ ਢਕ ਢਕ ਰੱਖਦੀ ਰਹੀ ਸੀ। ਉਸ ਉਮਰ ਵਿਚ ਵਿਆਹੀ ਦਿਸਣ 'ਚ ਮੈਨੂੰ ਸ਼ਰਮ ਆਉਂਦੀ।

ਤਿਆਰ ਹੋ ਕੇ ਮੈਂ ਉਸ ਨਾਲ ਸਵੈ-ਫੋਟੋ ਖਿੱਚਣ ਲੱਗੀ, ਮੈਨੂੰ ਲੱਗਾ ਜਿਵੇਂ ਅਮਨ ਕਹੇਗਾ ਕਿ ਇਨ੍ਹਾਂ ਬੰਸਰੀਆਂ ਨੂੰ ਮੇਰੇ ਗਲ ਵਿਚ ਪਾ। ਪਰ ਉਸ ਨੇ ਇਸ ਤਰ੍ਹਾਂ ਨਾ ਕਿਹਾ। ਉਹ ਸ਼ਾਇਦ ਭੁੱਲ ਹੀ ਗਿਆ ਹੋਵੇ ਕਿ ਉਸ ਨੇ ਉਸ ਰਾਤ ਇਸ ਤਰ੍ਹਾਂ ਕਿਹਾ ਸੀ।

ਮੈਂ ਕਾਰ ਵਾਈਟ ਰੌਕ ਵਾਲੀ ਬੀਚ ਵੱਲ ਨਹੀਂ ਮੋੜੀ। ਮੇਰੇ ਦਿਮਾਗ ਵਿਚ ਉਸ ਰੈਸਤੋਰਾਂ ਦੇ ਖਾਣੇ ਦੀਆਂ ਕੀਮਤਾਂ ਆ ਗਈਆਂ। ਇੱਕ ਵਾਰ ਮੈਂ ਆਪਣੀ ਸਹੇਲੀ ਨਾਲ ਉੱਥੇ ਗਈ ਤੇ ਅਸੀਂ ਖਾਣੇ ਦੀਆਂ ਕੀਮਤਾਂ ਦੇਖ ਕੇ ਰੈਸਤੋਰਾਂ ਵਿਚੋਂ ਬਾਹਰ ਆ ਗਈਆਂ। 'ਕਦੇ ਫਿਰ ਸਹੀ,' ਅਸੀਂ ਸੋਚਿਆ ਸੀ। ਮੈਂ ਕਾਰ ਮੈਕਡੋਨਲਡ ਰੈਸਤੋਰਾਂ ਵੱਲ ਮੋੜ ਲਈ। ਉੱਥੇ ਬਰਗਰ 'ਤੇ ਬੁਰਕੀ ਵੱਢ ਕੇ ਅਮਨ ਨੇ ਕੁਸੈਲਾ ਜਿਹਾ ਮੂੰਹ ਬਣਾਇਆ।

'ਸਵਾਦ ਨੀ ਲੱਗਾ?' ਮੈਂ ਪੁੱਛਿਆ।

'ਐਵੇਂ ਬਕਬਕਾ ਜਿਹਾ ਐ, ਕੋਈ ਮਿਰਚ-ਮੁਰਚ ਲਿਆ।'

'ਹੌਲੀ ਹੌਲੀ ਸਵਾਦ ਲੱਗਣ ਲੱਗੂ ਐਥੋਂ ਦਾ ਖਾਣਾ। ਮੈਨੂੰ ਤਾਂ ਹੁਣ ਇੱਥੋਂ ਦਾ ਸਵਾਦ ਪੈ ਗਿਐ।'

'ਤੈਨੂੰ ਹੋਰ ਪਤਾ ਨੀ ਇੱਥੋਂ ਦੇ ਕੀ ਕੀ ਸਵਾਦ ਪਏ ਆ, ' ਆਖ ਕੇ ਅਮਨ ਥੋੜ੍ਹਾ ਜਿਹਾ ਹੱਸ ਪਿਆ।

ਮੈਨੂੰ ਉਸਦਾ ਮਜ਼ਾਕ ਅਟਪਟਾ ਲੱਗਾ। ਮੈਂ ਬਹੁਤਾ ਧਿਆਨ ਨਾ ਦਿੱਤਾ। ਮੇਰਾ ਧਿਆਨ ਤਾਂ ਸੀ ਕਿ ਕਦੋਂ ਹਨੇਰਾ ਉੱਤਰੇ ਅਤੇ ਮੈਂ ਅਮਨ ਨਾਲ ਪਾਰਕ ਵਿਚ ਜਾਵਾਂ।

ਜਦੋਂ ਅਸੀਂ ਪਾਰਕ ਵਿਚ ਪਹੁੰਚੇ, ਹਨੇਰਾ ਉੱਤਰ ਆਇਆ ਸੀ। ਕਾਰ ਵਿਚੋਂ ਬਾਹਰ ਨਿਕਲ ਕੇ ਮੈਂ ਅਮਨ ਦਾ ਹੱਥ ਫੜ ਲਿਆ। ਹਲਕੀ ਹਲਕੀ ਹਵਾ ਰੁਮਕ ਰਹੀ ਸੀ। ਮੇਰੇ ਸੁਪਨਿਆਂ ਵਿਚ ਆਉਣ ਵਾਲੀ ਥਾਂ ਕੁਝ ਕਦਮਾਂ ਦੀ ਵਿੱਥ 'ਤੇ ਸੀ। ਮੈਂ ਓਧਰ ਝਾਤ ਮਾਰੀ ਤੇ ਅਮਨ ਨੂੰ ਕਿਹਾ, 'ਅਮਨੇ, ਆਪਣੀ ਅਸਲੀ ਸੁਹਾਗਰਾਤ ਤਾਂ ਅੱਜ ਐ। ਉਦੋਂ ਤਾਂ ਸਭ ਕੁਝ ਬਹੁਤ ਜਲਦੀ ਜਲਦੀ ਹੋ ਗਿਆ ਸੀ। ਇਸ ਬਾਰੇ ਪਤਾ ਹੀ ਨਹੀਂ ਸੀ।' ਆਖਦਿਆਂ ਮੈਂ ਅਮਨ ਦੇ ਨਾਲ ਲੱਗ ਗਈ।

'ਆਪਾਂ ਕਿੱਧਰ ਚੱਲੇ ਆਂ?' ਉਹ ਬੋਲਿਆ।

'ਆਪਣੀ ਸੁਹਾਗਰਾਤ ਮਨਾਉਣ।'

ਮੇਰੀ ਗੱਲ ਸੁਣ ਕੇ ਅਮਨ ਹੱਸ ਕੇ ਬੋਲਿਆ, 'ਏਧਰ ਤਾਂ ਕੋਈ ਪਾਰਕ ਲੱਗਦੈ।'

ਮੈਂ ਹੱਥ ਫੜ ਕੇ ਉਸ ਨੂੰ ਪਾਰਕ ਦੇ ਉਸ ਹਿੱਸੇ ਵੱਲ ਲੈ ਤੁਰੀ। ਮੈਂ ਜਿਵੇਂ ਉੱਡ ਰਹੀ ਹੋਵਾਂ। ਚਾਅ ਵਿਚ ਸਰੂਰੀ। ਮਖ਼ਰੂਰੀ। ਮੈਂ ਕਿਹਾ, 'ਅਮਨੇ, ਮੇਰੇ ਮਿੱਠੇ, ਆਪਣੀ ਉਹ ਖੇਤਾਂ ਵਿਚਲੇ ਘਰ ਵਾਲੀ ਰਾਤ। ਕੋਠੇ 'ਤੇ ਖੜਿਆਂ ਵਾਲਾ ਸੀਨ ਪਤਾ ਨਹੀਂ ਕਿੰਨੇ ਵਾਰ ਮੇਰੇ ਜਾਗਦੇ-ਸੌਂਦੇ ਸੁਪਨਿਆਂ ਵਿਚ ਆਇਐ। ਤੈਨੂੰ ਚੇਤੈ, ਜਦੋਂ ਮੈਂ ਤੇਰੇ ਗਲ ਬਾਹਾਂ ਪਾਈਆਂ ਸਨ?' ਤੁਰਦਿਆਂ ਮੈਂ ਰੁਕ ਗਈ। ਮੇਰਾ ਜੀਅ ਕੀਤਾ ਕਿ ਅਮਨ ਮੈਨੂੰ ਆਪਣੇ ਕਲਾਵੇ ਵਿਚ ਲੈ ਲਵੇ। ਉਸ ਨੇ ਇਸ ਤਰ੍ਹਾਂ ਨਾ ਕੀਤਾ। ਮੈਂ ਤੁਰ ਪਈ। ਉਸ ਥਾਂ ਪਹੁੰਚ ਕੇ ਮੈਂ ਘੁੱਟ ਕੇ ਅਮਨ ਨੂੰ ਜੱਫੀ ਪਾ ਲਈ। ਮੈਨੂੰ ਲੱਗਾ ਕਿ ਅਮਨ ਹੁਣੇ ਹੀ ਮੇਰਾ ਚੇਹਰਾ ਆਪਣੇ ਹੱਥਾਂ ਵਿਚ ਲੈ ਕੇ ਉੱਪਰ ਕਰੇਗਾ ਅਤੇ ਬੰਸਰੀਆਂ ਵਿਚ ਤਰੰਗਾਂ ਛੇੜੇਗਾ। ਕੁਝ ਦੇਰ ਖੜ੍ਹੀ ਰਹਿਣ ਤੋਂ ਬਾਅਦ ਮੈਂ ਆਪ ਹੀ ਅਮਨ ਵੱਲ ਦੇਖਿਆ। ਉਹ ਦਰੱਖਤਾਂ ਦੇ ਝੁੰਡਾਂ ਵੱਲ ਦੇਖ ਰਿਹਾ ਸੀ। ਸਾਡੇ ਦੇਖਦਿਆਂ ਦੋ ਪਰਛਾਵੇਂ ਉਨ੍ਹਾਂ ਵਿਚ ਅਲੋਪ ਹੋਏ ਸਨ। ਕੁਝ ਪਲ ਓਧਰ ਦੇਖਣ ਤੋਂ ਬਾਅਦ ਅਮਨ ਬੋਲਿਆ, 'ਤੂੰ ਪਹਿਲਾਂ ਵੀ ਕਿਸੇ ਨਾਲ ਕਦੇ ਇੱਥੇ ਆਈ ਐਂ?'

ਅਮਨ ਦੀ ਠੰਡੀ ਆਵਾਜ਼ ਸੁਣ ਕੇ ਆਪਣੇ ਹੱਥਾਂ ਵਿਚ ਘੁੱਟਿਆ ਉਸਦਾ ਹੱਥ ਮੈਥੋਂ ਆਪਣੇ ਆਪ ਹੀ ਛੱਡਿਆ ਗਿਆ।

# ਲੋਕ ਸਭਾ ਚੋਣਾਂ-ਆਪਣਾ ਰਾਹ ਆਪ ਅਖ਼ਤਿਆਰ ਕਰਦਾ ਹੈ ਪੰਜਾਬ !

ਪੰਜਾਬ, ਲੋਕ ਸਭਾ ਚੋਣਾਂ ਵੇਲੇ ਆਪਣਾ ਰਾਹ ਆਪ ਉਲੀਕਦਾ ਹੈ, ਉਹ ਦੇਸ਼ 'ਚ ਚੱਲੀ ਕਿਸੇ 'ਵਿਅਕਤੀ ਵਿਸ਼ੇਸ਼' ਦੀ ਲਹਿਰ ਦਾ ਹਿੱਸਾ ਨਹੀਂ ਬਣਦਾ। ਉਹ ਧੱਕੇ ਧੌਂਸ ਵਿਰੁੱਧ ਹਿੱਕ ਡਾਹ ਕੇ ਖੜਦਾ ਹੈ, ਸੰਘਰਸ਼ ਕਰਦਾ ਹੈ। ਗੱਲ ਦੇਸ਼ 'ਚ 1975 'ਚ ਲੱਗੀ ਐਮਰਜੈਂਸੀ ਵੇਲੇ ਦੀ ਕਰ ਲਈਏ ਜਾਂ 2014 'ਚ ਚੱਲੀ 'ਮੋਦੀ ਲਹਿਰ' ਦੀ, ਪੰਜਾਬ ਆਪਣੀ ਚਾਲੇ ਚਲਦਾ ਰਿਹਾ ਅਤੇ ਸਪਸ਼ਟ ਨਤੀਜੇ ਦਿੰਦਾ ਰਿਹਾ।

ਦੇਸ਼ 'ਚ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਗਿਆ ਹੈ। 17ਵੀਆਂ ਲੋਕ ਸਭਾ ਚੋਣਾਂ 'ਚ 98 ਕਰੋੜ ਭਾਰਤੀ ਵੋਟਰ ਹਿੱਸਾ ਲੈਣਗੇ ਜੋ 7 ਪੜਾਵਾਂ 'ਚ ਹੋ ਰਹੀ ਹੈ। 19 ਅਪ੍ਰੈਲ ਤੋਂ ਪਹਿਲਾ ਪੜਾਅ ਅਤੇ ਪਹਿਲੀ ਜੂਨ 2024 ਨੂੰ ਸੱਤਵੇਂ ਪੜਾਅ 'ਚ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਵੱਖੋ-ਵੱਖਰੇ ਰਾਜਾਂ 'ਚ ਚੋਣ ਹੋਏਗੀ। ਨਤੀਜੇ 4 ਜੂਨ 2024 ਨੂੰ ਨਿਕਲਣਗੇ। ਪੰਜਾਬ ਪਹਿਲੀ ਜੂਨ ਨੂੰ ਚੋਣਾਂ 'ਚ ਹਿੱਸਾ ਲਵੇਗਾ। ਪੰਜਾਬ ਦੇ 2.12 ਕਰੋੜ ਵੋਟਰ ਹਨ। 2019 ਦੀਆਂ ਚੋਣਾਂ ਨਾਲੋਂ 8.96 ਲੱਖ ਵੋਟਰਾਂ ਦਾ 2024 ਦੀਆਂ ਚੋਣਾਂ ਲਈ ਵਾਧਾ ਹੋਇਆ ਹੈ। ਪੁਰਸ਼ 1.11 ਕਰੋੜ, ਔਰਤਾਂ 1.00 ਕਰੋੜ ਅਤੇ 744 ਟਰਾਂਸਜੈਂਡਰ ਹਨ।

ਪੰਜਾਬ ਦੇ 13 ਚੋਣ ਹਲਕਿਆਂ, ਪਟਿਆਲਾ, ਫਤਿਹਗੜ੍ਹ, ਗੁਰਦਾਸਪੁਰ, ਅੰਮ੍ਰਿਤਸਰ, ਖਡੂਰ ਸਾਹਿਬ, ਜਲੰਧਰ, ਹੁਸ਼ਿਆਰਪੁਰ, ਅਨੰਦਪੁਰ, ਲੁਧਿਆਣਾ, ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਸੰਗਰੂਰ ਵਿਚੋਂ 4 ਲੋਕ ਸਭਾ ਸੀਟਾਂ ਹੁਸ਼ਿਆਰਪੁਰ, ਜਲੰਧਰ, ਫਤਿਹਗੜ੍ਹ, ਫਰੀਦਕੋਟ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ।

ਚਲਦੇ-ਚਲਦੇ ਮੋਦੀ ਦੌਰ ਦੇ ਪੰਜਾਬ ਦੇ ਲੋਕ ਸਭਾ ਚੋਣ ਨਤੀਜਿਆਂ ਉਤੇ ਝਾਤੀ ਮਾਰਦੇ ਹਾਂ। ਸਾਲ 2014 'ਚ ਜਦੋਂ ਦੇਸ਼ ਮੋਦੀ ਲਹਿਰ 'ਚ ਗ੍ਰਸਿਆ ਪਿਆ ਸੀ, ਭਾਜਪਾ ਨੂੰ ਪੰਜਾਬ ਵਿਚੋਂ ਸਿਰਫ਼ ਦੋ ਸੀਟਾਂ ਮਿਲੀਆਂ ਸਨ, ਜਦਕਿ ਦੇਸ਼ ਭਰ 'ਚ ਭਾਜਪਾ ਨੂੰ 282 ਸੀਟਾਂ ਆਈਆਂ ਸਨ। ਸਾਲ 2019 ਵਿਚ ਭਾਜਪਾ ਨੂੰ ਫਿਰ ਦੇਸ਼ 'ਚ 303 ਸੀਟਾਂ ਮਿਲੀਆਂ ਪਰ ਪੰਜਾਬ ਵਿਚ ਉਹ ਸਿਰਫ਼ ਤਿੰਨ ਸੀਟਾਂ ਪ੍ਰਾਪਤ ਕਰ ਸਕੀ, ਉਹ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਗੱਠਜੋੜ ਕਾਰਨ।

ਇਨ੍ਹਾਂ ਦਸ ਸਾਲਾਂ 'ਚ ਕੇਂਦਰ 'ਚ ਭਾਜਪਾ ਕਾਬਜ ਰਹੀ, ਪਰ ਪੰਜਾਬ 'ਚ ਪਹਿਲਾਂ, ਅਕਾਲੀ-ਭਾਜਪਾ, ਫਿਰ ਕਾਂਗਰਸ ਅਤੇ ਫਿਰ ਆਮ ਆਦਮੀ ਪਾਰਟੀ ਨੇ ਆਪਣੀਆਂ ਸੂਬਾ ਸਰਕਾਰਾਂ ਬਣਾਈਆਂ ਅਤੇ ਅਕਾਲੀ-ਭਾਜਪਾ ਗੱਠਜੋੜ ਦਾ ਜਿਵੇਂ ਸੂਬੇ ਪੰਜਾਬ ਵਿਚੋਂ ਸਫਾਇਆ ਹੀ ਕਰ ਦਿੱਤਾ। ਭਾਜਪਾ ਨੂੰ ਕਿਸਾਨ ਅੰਦੋਲਨ ਨੇ ਪੰਜਾਬ 'ਚ ਵਧੇਰੇ ਪ੍ਰਭਾਵਿਤ ਕੀਤਾ।

ਪੰਜਾਬ 'ਚੋਂ ਉਠੇ ਪਹਿਲੇ ਕਿਸਾਨ ਅੰਦਲਨ ਨੇ ਪੰਜਾਬ ਵਿਚ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚ ਭਾਜਪਾ ਦੇ ਕੇਂਦਰਵਾਦ ਵਿਰੁੱਧ ਆਵਾਜ਼ ਉਠਾਈ। ਤਿੰਨ ਖੇਤੀ ਕਾਨੂੰਨ, ਉਸ ਪ੍ਰਧਾਨ ਮੰਤਰੀ ਕੋਲੋਂ ਰੱਦ ਕਰਵਾਏ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਕਿਸੇ ਅੱਗੇ ਝੁਕਦਾ ਨਹੀਂ ਅਤੇ 'ਮੋਦੀ ਹੈ ਤਾਂ ਮੁਮਕਿਨ ਹੈ'। ਇਹ ਅੰਦੋਲਨ, ਜੋ ਕਿਸਾਨਾਂ, ਮਜ਼ਦੂਰਾਂ, ਬੁੱਧੀਜੀਵੀਆਂ, ਚੇਤੰਨ ਲੋਕਾਂ ਦਾ ਅੰਦੋਲਨ ਹੋ ਨਿਬੜਿਆ, ਨੇ ਪੰਜਾਬ ਵਿਚੋਂ ਇਕ ਅਜਿਹਾ ਸੰਦੇਸ਼ ਦਿੱਤਾ ਕਿ ਲੋਕਤੰਤਰੀ ਢਾਂਚੇ ਨੂੰ ਆਂਚ ਆਉਣ ਅਤੇ ਭਾਰਤੀ ਸੰਘਵਾਦ ਦੀ ਤਬਾਹੀ ਜਾਂ ਖ਼ਾਤਮੇ ਲਈ ਕਿਸੇ ਵੀ ਯਤਨ ਨੂੰ ਪੰਜਾਬ ਵਿਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਬਾਵਜੂਦ ਇਸ ਗੱਲ ਦੇ ਕਿ ਪੰਜਾਬ ਦੇ ਲੋਕਾਂ ਨੇ 1947 ਭੁਗਤੀ, '84 ਦਾ ਸੰਤਾਪ ਪਿੰਡੇ ਹੰਢਾਇਆ, ਖਾੜਕੂਵਾਦ ਦੇ ਦੌਰ 'ਚ ਵੱਡਾ ਨੁਕਸਾਨ ਉਠਾਇਆ ਪਰ ਪੰਜਾਬ ਦੇ ਲੋਕ, ਜਿਨ੍ਹਾਂ ਦੇ ਪੱਲੇ ਆਜ਼ਾਦੀ ਦੀ ਅਲਖ਼ ਉਨ੍ਹਾਂ ਦੇ ਪੂਰਵਜਾਂ ਨੇ ਜਗਾਈ ਹੋਈ ਸੀ, ਉਸ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਨਿਰੰਤਰ ਤੋਰਿਆ।

1975 ਦੀ ਐਮਰਜੈਂਸੀ ਦੇ ਵਰ੍ਹਿਆਂ 'ਚ ਪੰਜਾਬ ਦੇ ਲੋਕਾਂ ਨੇ ਜੇਲ੍ਹਾਂ ਕੱਟੀਆਂ, ਉਹ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਨੀਤੀਆਂ ਦੇ ਵਿਰੁੱਧ ਲੜੇ, ਉਹ ਜੈਪ੍ਰਕਾਸ਼ ਨਰਾਇਣ ਦੀ ਅਗਵਾਈ 'ਚ ਵਿਰੋਧੀ ਦਲਾਂ ਦੀ ਮੁਹਿੰਮ 'ਚ ਉਨ੍ਹਾਂ ਦੇ ਨਾਲ ਨਿਭੇ। ਲਗਭਗ ਇਨ੍ਹਾਂ ਹੀ ਵਰ੍ਹਿਆਂ 'ਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਜੋ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕਰਦਾ ਸੀ। ਜਿਸ ਨੇ ਸਮੁੱਚੇ ਦੇਸ਼ 'ਚ ਇੱਕ ਤਰ੍ਹਾਂ ਨਵੀਂ ਚਰਚਾ ਛੇੜੀ।

ਇਸੇ ਦੌਰ 'ਚ ਦੱਖਣੀ ਭਾਰਤ 'ਚ ਖੇਤਰੀ ਪਾਰਟੀਆਂ ਡੀਐਮਕੇ ਅਤੇ ਅੰਨਾ ਡੀਐਮਕੇ (ਤਾਮਿਲਨਾਡੂ) ਤੇਲਗੂ ਦੇਸ਼ਮ ਅਤੇ ਵਾਈ ਐਸ.ਆਰ. (ਆਂਧਰਾ ਪ੍ਰਦੇਸ਼) ਅਤੇ ਤਿਲੰਗਾਨਾ 'ਚ ਟੀ.ਆਰ.ਐਸ ਵਰਗੀਆਂ ਪਾਰਟੀਆਂ ਨੇ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕੀਤੀ। ਪਰ ਕਿਉਂਕਿ ਭਾਜਪਾ ਕਦੇ ਵੀ ਖੇਤਰੀ ਦਲਾਂ ਦੇ ਹੱਕ 'ਚ ਨਹੀਂ ਰਹੀ। ਕਈ ਥਾਵੀਂ ਉਸ ਵੇਲੇ ਖੇਤਰੀ ਦਲਾਂ ਨਾਲ ਸਾਂਝ ਭਿਆਲੀ ਕਰਦਿਆਂ, ਉਨ੍ਹਾਂ ਦੀ ਹੋਂਦ ਮਿਟਾਉਣ ਦਾ ਯਤਨ ਕੀਤਾ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਾਂਝ ਪਾ ਕੇ, ਉਸਦਾ ਵੱਡਾ ਨੁਕਸਾਨ ਕੀਤਾ। ਜਨਤਾ ਪਾਰਟੀ, ਇਨੈਲੋ, ਭਾਜਪਾ ਅਤੇ ਜਨਤਾ ਦਲ (ਐਸ) ਨਾਲ ਕੁਝ ਸਮੇਂ ਦੀ ਸਾਂਝ ਭਿਆਲੀ, ਉਨ੍ਹਾਂ ਪਾਰਟੀਆਂ ਦੀ ਦੁਰਦਸ਼ਾ ਦਾ ਕਾਰਨ ਬਣੀ। ਮਹਾਂਰਾਸ਼ਟਰ, ਉੜੀਸਾ, ਆਂਧਰਾ ਪ੍ਰਦੇਸ਼, ਹਰਿਆਣਾ ਵਿਚ ਸ਼ਿਵਸੈਨਾ, ਐਸ.ਸੀ.ਪੀ. ਅਤੇ ਜਜਪਾ ਨਾਲ ਸਾਂਝ ਭਿਆਲੀ ਕਰ ਕੇ ਭਾਜਪਾ ਦਾ ਉਦੇਸ਼ ਉਨ੍ਹਾਂ ਨੂੰ ਖ਼ਤਮ ਕਰਨਾ ਸੀ। ਪਰ ਉਹ ਸਮਾਂ ਰਹਿੰਦਿਆਂ ਭਾਜਪਾ ਦੀ ਚਾਲ ਸਮਝ ਗਏ।

ਪੰਜਾਬ ਦੇ ਲੋਕ ਵੀ ਭਾਜਪਾ ਦੀਆਂ ਨੀਤੀਆਂ ਤੋਂ ਵਾਕਫ ਹੋਏ। ਉਸ ਦੇ ਕੇਂਦਰੀਵਾਦ, ਇੱਕ ਦੇਸ਼ ਇੱਕ ਬੋਲੀ, ਇੱਕ ਚੋਣ ਦੇ ਦੇਸ਼ 'ਚ ਲਾਗੂ ਕਰਨ ਦੇ ਮੰਤਵ ਨੂੰ ਨਕਾਰਿਆ। ਧਾਰਮਿਕ ਕੱਟੜਤਾ ਦੇ ਉਸਦੇ ਏਜੰਡੇ ਨੂੰ ਪੰਜਾਬ ਨੇ ਕਦੇ ਪ੍ਰਵਾਨ ਨਹੀਂ ਕੀਤਾ ਅਤੇ ਭਾਜਪਾ ਨੂੰ ਕਦੇ ਵੀ ਤਰਜੀਹ ਨਹੀਂ ਦਿੱਤੀ, ਬਾਵਜੂਦ ਇਸ ਗੱਲ ਦੇ ਕਿ ਉਸ ਵਲੋਂ ਹੋਰ ਪਾਰਟੀਆਂ ਦੇ ਵੱਡੇ ਨੇਤਾਵਾਂ ਜਿਵੇਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਆਦਿ ਨੂੰ ਆਪਣੇ ਨਾਲ ਜੋੜ ਲਿਆ। ਭਾਜਪਾ ਦੇ ਕੇਂਦਰ ਸਰਕਾਰ ਦੇ ਨਾਹਰੇ "ਡਬਲ ਇੰਜਣ" ਸਰਕਾਰ ਦੇ ਲਾਲੀਪਾਪ ਨੂੰ ਪੰਜਾਬ ਨੇ ਕਦੇ ਵੀ ਪ੍ਰਵਾਨ ਨਹੀਂ ਕੀਤਾ।

ਪੰਜਾਬ ਸਰਹੱਦੀ ਸੂਬਾ ਹੈ। ਇਸ ਸੂਬੇ ਨੇ ਆਪਣੇ ਸੀਨੇ 'ਤੇ ਜੰਗਾਂ ਵੀ ਸਹੀਆਂ। ਖਾੜਕੂਵਾਦ ਦਾ ਸੰਤਾਪ ਵੀ ਹੰਢਾਇਆ। ਬੋਲੀ 'ਤੇ ਆਧਾਰਤ 'ਪੰਜਾਬੀ ਸੂਬਾ' ਪ੍ਰਾਪਤ ਕਰਨ ਲਈ ਲੰਮਾ ਸੰਘਰਸ਼ ਕੇਂਦਰੀ ਹਾਕਮਾਂ ਨਾਲ ਲੜਿਆ। ਆਪਣੀ ਮਾਂ ਬੋਲੀ ਪੰਜਾਬੀ ਨੂੰ ਕੇਂਦਰੀ ਹਾਕਮਾਂ ਵਲੋਂ




ਦਰਕਿਨਾਰ ਕਰਨ ਤੇ ਕੋਝੀਆਂ ਚਾਲਾਂ ਚੱਲਣ ਵਿਰੁੱਧ ਆਵਾਜ਼ ਉਠਾਈ। ਪੰਜਾਬ ਦੇ ਪਾਣੀ ਖੋਹੇ ਜਾਣ ਵਿਰੁੱਧ ਸੀਨਾ ਤਾਣ ਕੇ ਪੰਜਾਬ ਦੇ ਲੋਕ ਖੜੇ ਹੋਏ।

ਕੇਂਦਰ ਦੇ ਹਾਕਮ, ਪੰਜਾਬ ਨੂੰ ਨਾ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਇਨਸਾਫ਼ ਦੇ ਸਕੇ, ਨਾ ਪੰਜਾਬ ਨੂੰ ਸਨਅਤੀ ਸੂਬੇ ਵਜੋਂ ਜਾਂ ਵਪਾਰਕ ਕੇਂਦਰ ਵਜੋਂ ਉਭਰਨ ਦੇ ਮੌਕੇ ਉਸਨੇ ਦਿੱਤੇ। ਹਾਂ, ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਆਖ ਕੇ ਉਸ ਦੀਆਂ ਵਡਿਆਈਆਂ ਕਰ ਕੇ, ਇੱਥੋਂ ਐਨੀ ਕਣਕ ਤੇ ਚੌਲ ਪ੍ਰਾਪਤ ਕਰਦੇ ਰਹੇ ਕਿ ਅੱਜ ਪੰਜਾਬ, ਧਰਤੀ ਹੇਠਲੇ ਪਾਣੀ ਦੀ ਥੋੜ ਕਾਰਨ ਮਾਰੂਥਲ ਬਣਨ ਵੱਲ ਅੱਗੇ ਵਧ ਰਿਹਾ ਹੈ।

ਕਿਉਂਕਿ ਕੇਂਦਰੀ ਹਾਕਮ ਪੰਜਾਬ ਨਾਲ ਦੁਪਰਿਆਰਾ ਸਲੂਕ ਕਰਦੇ ਰਹੇ, ਇਸੇ ਕਰਕੇ ਪੰਜਾਬ ਦੇ ਲੋਕਾਂ ਦੇ ਦਿਲਾਂ 'ਚ ਰੋਹ ਉਪਜਦਾ ਰਿਹਾ ਹੈ। ਇਸੇ ਕਰਕੇ ਪੰਜਾਬ ਦੇ ਫ਼ੈਸਲੇ ਆਮ ਤੌਰ 'ਤੇ ਰੋਹ ਭਰੇ ਪਰ ਵਿਵੇਕਪੂਰਨ, ਲੋਕ ਹਿਤੈਸ਼ੀ ਰਹੇ ਹਨ, ਕਿਉਂਕਿ ਪੰਜਾਬ, ਉੱਚ ਦੁਮਾਲੜੇ ਕਿਰਦਾਰ ਵਿਹਾਰ ਵਾਲੇ ਅਜਿਹੇ ਸਿਆਸਤਦਾਨਾਂ ਦੀ ਜਿਹੜੇ ਪੰਜਾਬ ਤੇ ਮੁਲਕ ਦੀ ਬਿਹਤਰੀ ਲਈ ਫੈਡਰਲ ਸਿਆਸਤ ਦੇ ਬਿਰਤਾਂਤ ਤੇ ਏਜੰਡੇ ਨੂੰ ਸਮਰਪਿਤ ਹੋਣ, ਨੂੰ ਤਰਜੀਹ ਦਿੰਦਾ ਰਿਹਾ ਹੈ।

ਪੰਜਾਬ ਜਾਗਰੂਕ ਹੈ, ਉਹ ਸਮੇਂ-ਸਮੇਂ ਉਨ੍ਹਾਂ ਸਿਆਸਤਦਾਨਾਂ ਨੂੰ ਸਜ਼ਾ ਦੇਣ ਲਈ ਜਾਣਿਆ ਜਾਂਦਾ ਹੈ, ਜਿਹੜੇ ਪੰਜਾਬ ਨੂੰ ਆਪਣੀ ਮਲਕੀਅਤ ਸਮਝਦੇ ਰਹੇ। ਅਕਾਲੀ ਦਲ ਜਿਹੜਾ ਪੰਜਾਬ 'ਤੇ 25 ਸਾਲ ਰਾਜ ਕਰਨ ਦੀ ਗੱਲ ਕਰਦਾ ਰਿਹਾ, ਉਸ ਨੂੰ ਕਿਸਾਨਾਂ ਦੇ ਵਿਰੋਧ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਨੂੰ ਸਹੀ ਢੰਗ ਨਾਲ ਨਾ ਨਿਪਟਾਉਣ ਕਾਰਨ ਸੱਤਾ ਤੋਂ ਹੱਥ ਧੋਣੇ ਪਏ।

ਦੋ ਸਾਲ ਪਹਿਲਾਂ ਜਦੋਂ ਆਮ ਆਦਮੀ ਪਾਰਟੀ ਨੂੰ ਪੰਜਾਬ ਨੇ ਆਪਣੇ ਸਿਰ 'ਤੇ ਬਿਠਾਇਆ, ਉਸ ਵਲੋਂ ਕੀਤੀ ਇਕੋ ਗਲਤੀ ਨੇ ਰਾਜਭਾਗ ਦੇ 6 ਮਹੀਨਿਆਂ ਦੇ ਅੰਦਰ ਸੰਗਰੂਰ ਲੋਕ ਸਭਾ ਸੀਟਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਖਾਲੀ ਹੋਈ ਲੋਕ ਸਭਾ ਸੀਟ ਤੋਂ ਜ਼ਿਮਨੀ ਚੋਣ ਵੇਲੇ ਆਮ ਆਦਮੀ ਪਾਰਟੀ ਨੂੰ ਹਰਾ ਕੇ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ (ਸਿਮਰਨਜੀਤ ਸਿੰਘ) ਨੂੰ ਇਹ ਸੀਟ ਜਿਤਾ ਦਿੱਤੀ।

ਅੱਜ ਜਦ ਭਾਜਪਾ ਆਪਣੇ ਮੂਲ ਏਜੰਡੇ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਪਾਰਟੀ ਲਈ 370 ਸੀਟਾਂ ਜਿਤਾਉਣ ਦੀ ਅਪੀਲ ਕਰ ਰਹੀ ਹੈ। ਉਸਦਾ ਏਜੰਡਾ ਸਿਰਫ ਹਿੰਦੂ ਰਾਸ਼ਟਰ ਅਯੋਧਿਆ, ਕਾਸ਼ੀ ਤੱਕ ਸੀਮਤ ਨਹੀਂ ਰਹੇਗਾ। ਹਿੰਦੂ ਮੰਦਰਾਂ ਦੇ ਕੋਲ ਹੋਰ ਵੀ ਮਸਜਿਦਾਂ ਨੂੰ ਲੈ ਕੇ ਵਿਵਾਦ ਹੋਣਗੇ। ਵੱਧ ਤੋਂ ਵੱਧ ਸੜਕਾਂ ਦੇ ਨਾਂਅ ਬਦਲੇ ਜਾਣਗੇ। 11 ਮਾਰਚ 2024 ਨੂੰ ਨਾਗਰਿਕਤਾ ਸੋਧ ਕਾਨੂੰਨ 2019 ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤਜਰਬੇ ਦੇ ਤੌਰ 'ਤੇ ਉਤਰਾਖੰਡ 'ਚ ਇਹ ਲਾਗੂ ਕਰ ਦਿੱਤਾ ਗਿਆ ਹੈ। ਇੱਕ ਰਾਸ਼ਟਰ, ਇੱਕ ਚੋਣ ਦਾ ਕਾਨੂੰਨ ਵੀ ਸੰਸਦ 'ਚ ਪਾਸ ਕਰ ਦਿੱਤਾ ਜਾਏਗਾ। ਇਸ ਨਾਲ ਸੰਘਵਾਦ ਅਤੇ ਲੋਕਤੰਤਰ ਹੋਰ ਵੀ ਕਮਜ਼ੋਰ ਹੋ ਜਾਏਗਾ। ਅਤੇ ਭਾਰਤ ਸਰਕਾਰ ਰਾਸ਼ਟਰਪਤੀ ਪ੍ਰਣਾਲੀ ਦੇ ਨਜ਼ਦੀਕ ਪੁੱਜ ਜਾਏਗੀ, ਜਿਸ ਵਿਚ ਸਾਰੀਆਂ ਸ਼ਕਤੀਆਂ ਇੱਕ ਹੀ ਵਿਅਕਤੀ ਉਤੇ ਕੇਂਦਰਤ ਹੋ ਜਾਣਗੀਆਂ।

ਤਦ ਪੰਜਾਬ ਸਦਾ ਇਹੋ ਜਿਹੀਆਂ ਨੀਤੀਆਂ ਦੇ ਵਿਰੋਧ 'ਚ ਖੜਾ ਹੈ। ਪੰਜਾਬ ਸਦਾ ਸਾਂਝੀਵਾਲਤਾ, ਭਰਾਤਰੀ ਭਾਵ ਦਾ ਮੁੱਦਈ ਰਿਹਾ ਹੈ। ਉਸ ਦਾ 'ਕਹਿਣੀ ਨਹੀਂ ਕਰਨੀ' ਵਿਚਾਰਧਾਰਾ 'ਤੇ ਵਿਸ਼ਵਾਸ ਹੈ। ਇਸੇ ਕਰਕੇ ਪੰਜਾਬ 'ਚ ਵਿਰੋਧ ਦੀ ਸੁਰ ਹਾਕਮ ਧਿਰਾਂ ਵਿਰੁੱਧ ਭਾਰੂ ਰਹਿੰਦੀ ਹੈ।

ਬਿਨਾਂ ਸ਼ੱਕ, ਦੇਸ਼ ਇਸ ਵੇਲੇ ਮੋਦੀ ਸਰਕਾਰ ਦੇ ਪ੍ਰਚਾਰ 'ਚ ਗ੍ਰਸਿਆ ਨਜ਼ਰ ਆਉਂਦਾ ਹੈ। ਇਹ ਅਸਲੀਅਤ ਹੈ ਕਿ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਲੋਕ ਕੇਂਦਰਵਾਦ ਦਾ ਸਵਾਗਤ ਕਰਨਗੇ, ਕਿਉਂਕਿ ਸੱਚੇ ਲੋਕਤੰਤਰਿਕ ਮੁਲ ਹੁਣ ਤੱਕ ਸਾਂਝੇ ਪਰਿਵਾਰਕ, ਸਮਾਜਿਕ ਜਾਂ ਰਾਜਨੀਤਕ ਢਾਂਚੇ ਦਾ ਪੂਰੀ ਤਰ੍ਹਾਂ ਨਿਰੀਖਣ ਨਹੀਂ ਕਰ ਸਕੇ। ਇਸੇ ਲਈ ਵਿਕਾਸ ਦੇ ਨਾਂ ਉਤੇ ਅਮੀਰ ਨੂੰ ਜ਼ਿਆਦਾ ਅਮੀਰ ਹੁੰਦਿਆਂ ਲੋਕ ਪ੍ਰਵਾਨ ਕਰਨਗੇ ਅਤੇ ਹੇਠਲੇ ਪੰਜਾਹ ਫ਼ੀਸਦੀ ਲੋਕ ਕੁਲ ਜਾਇਦਾਦ ਦੇ ਤਿੰਨ ਫ਼ੀਸਦੀ ਹਿੱਸੇ ਅਤੇ ਰਾਸ਼ਟਰੀ ਆਮਦਨ ਦੇ 13 ਫ਼ੀਸਦੀ ਹਿੱਸੇ 'ਚ ਸੰਤੁਸ਼ਟ ਹੋਣ ਲਈ ਮਜਬੂਰ ਹੋਣਗੇ। ਇਸ ਨਾਲ ਸਮਾਜਿਕ, ਸੰਸਕ੍ਰਿਤਕ ਗੁਲਾਮੀ ਅਤੇ ਪੀੜਾ ਜਾਰੀ ਰਹੇਗੀ ਅਤੇ ਆਰਥਿਕ ਮੰਦਹਾਲੀ ਤੇ ਗਰੀਬੀ ਹੋਰ ਵਧੇਗੀ। ਅਜਿਹੀ ਸਥਿਤੀ ਕਾਲਪਨਿਕ ਨਹੀਂ ਹੈ। ਦੇਸ਼ 'ਚ ਇੱਕ ਗੰਭੀਰ ਸੰਕਟ ਸਥਿਤੀ ਹੈ।

ਪੰਜਾਬ ਇਹੋ ਜਿਹੀਆਂ ਵੱਡੀਆਂ ਤੇ ਗੰਭੀਰ ਸਥਿਤੀਆਂ ਨੂੰ ਮੁਗ਼ਲ ਰਾਜ ਵੇਲੇ ਵੀ ਹੰਢਾਉਂਦਾ ਰਿਹਾ ਹੈ, ਅੰਗਰੇਜ਼ ਰਾਜ ਵੇਲੇ ਵੀ। ਇਸੇ ਕਰਕੇ ਪੰਜਾਬ ਦੇ ਪੀੜਤ ਲੋਕ ਲਗਾਤਾਰ ਆਪਣੇ ਹੱਕਾਂ ਲਈ ਲੜਦੇ ਰਹੇ ਹਨ। ਸੰਘਰਸ਼ਾਂ ਤੋਂ ਸਿੱਖਦੇ ਰਹੇ ਹਨ। ਉਹ ਇਤਿਹਾਸ ਦੇ ਉਸ ਗੁਰ ਨੂੰ ਵੀ ਜਾਣਦੇ ਹਨ ਜੋ ਕਹਿੰਦਾ ਹੈ ਕਿ 'ਆਜ਼ਾਦੀ ਅਤੇ ਵਿਕਾਸ ਯਕੀਨੀ ਬਣਾਉਣ ਲਈ ਸਮੇਂ-ਸਮੇਂ 'ਤੇ ਰਾਜ-ਭਾਗ 'ਚ ਤਬਦੀਲੀ ਜ਼ਰੂਰੀ ਹੈ।' ਪੰਜਾਬ ਨੇ ਇਸ ਸੱਚਾਈ ਨੂੰ ਪੱਲੇ ਬੰਨ੍ਹਿਆ ਹੋਇਆ ਹੈ।

ਫੋਕੇ ਨਾਹਰਿਆਂ, ਭਰਮ ਭੁਲੇਖਿਆਂ ਵਾਲੇ ਇਸ ਸਿਆਸੀ ਰੋਲੇ-ਘਚੋਲੇ 'ਚ ਭਾਰਤ ਦੀਆਂ ਚੋਣਾਂ ਉਤੇ ਦੁਨੀਆ ਦੀ ਨਜ਼ਰ ਹੈ। ਪੰਜਾਬ ਇਸ ਚੋਣ 'ਚ ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਨਿਵੇਕਲੀ ਇਬਾਰਤ ਲਿਖੇਗਾ, ਇਹੋ ਹੀ ਪੰਜਾਬ ਤੋਂ ਆਸ ਹੈ। ਉਮੀਦ ਹੈ।

**ਅੰਤਿਕਾ**

ਪੰਜਾਬ ਦੀਆਂ 13 ਸੀਟਾਂ 'ਆਪ' ਵਾਲੇ ਵੀ ਇਕੱਲਿਆਂ ਲੜਨਗੇ ਅਤੇ ਕਾਂਗਰਸ ਵਾਲੇ ਵੀ ਭਾਵੇਂ ਕਿ ਦੋਵੇਂ ਮੋਦੀ ਦੀ ਭਾਜਪਾ ਵਿਰੁੱਧ ਇੰਡੀਆ ਗੱਠਜੋੜ ਦੇ ਮੈਂਬਰ ਹਨ। ਸ਼ਾਇਦ ਖੱਬੀਆਂ ਧਿਰਾਂ ਕਾਂਗਰਸ ਦਾ ਸਾਥ ਦੇਣ। ਬਸਪਾ ਇਕੱਲਿਆਂ ਚੋਣ ਲੜੇਗੀ।

ਸ਼੍ਰੋਮਣੀ ਅਕਾਲੀ ਦਲ (ਬ) ਅਤੇ ਭਾਜਪਾ ਵੀ ਇਕੱਲਿਆਂ ਲੜਨ ਲਈ ਬਿਆਨ ਦੇ ਰਹੀ ਹੈ, ਭਾਵੇਂ ਕਿ ਸੰਭਾਵਨਾ ਇਨ੍ਹਾਂ 'ਚ ਆਪਸੀ ਗੱਠਜੋੜ ਦੀ ਹੈ, ਜਿਸ ਵਿਚ ਮੌਜੂਦਾ ਕਿਸਾਨ ਅੰਦੋਲਨ ਅੜਿੱਕਾ ਬਣਿਆ ਹੈ।

ਜੋੜ-ਤੋੜ, ਆਇਆ ਰਾਮ, ਗਿਆ ਰਾਮ ਦੀ ਰਾਜਨੀਤੀ, ਪੰਜਾਬ 'ਚ ਹਾਕਮ ਧਿਰ ਨੇ ਜਲੰਧਰ ਪਾਰਲੀਮੈਂਟ ਜ਼ਿਮਨੀ ਚੋਣ ਵੇਲੇ ਸੁਸ਼ੀਲ ਰਿੰਕੂ ਨੂੰ ਕਾਂਗਰਸ ਵਿਚੋਂ ਆਪਣੇ ਪਾਸਿਓਂ ਚੋਣ ਲੜਾ ਕੇ ਤੇ ਹਰ ਸਰਕਾਰੀ ਹੀਲਾ-ਵਸੀਲਾ ਵਰਤ ਕੇ ਜਿੱਤ ਕੇ, ਕੀਤੀ ਸੀ। ਲੋਕ ਸਭਾ ਚੋਣਾਂ ਦੀ ਮੁਹਿੰਮ 'ਆਪ' ਨੇ ਕਾਂਗਰਸ ਦੇ ਅਸੈਂਬਲੀ 'ਚ ਉਸ ਨੇਤਾ, ਰਾਜਕੁਮਾਰ ਚੱਬੇਵਾਲ ਜਿਹੜਾ ਕੁਝ ਦਿਨ ਪਹਿਲਾਂ ਹੋਏ ਅਸੈਂਬਲੀ ਇਜਲਾਸ ਵੇਲੇ ਗਲ 'ਚ ਸੰਗਲ ਪਾ ਕੇ 'ਆਪ' ਦਾ ਜਲੂਸ ਕੱਢ ਰਿਹਾ ਸੀ, ਨੂੰ ਆਪਣੇ ਵਲੋਂ ਹੁਸ਼ਿਆਰਪੁਰ ਤੋਂ ਉਮੀਦਵਾਰ ਐਲਾਨ ਕੇ 13-0 ਜਿੱਤ ਲਈ, ਸ਼ੁਰੂ ਕੀਤੀ ਹੈ।

ਇਹੋ ਕੰਮ ਭਾਜਪਾ ਨੇ ਪੰਜਾਬ 'ਚ ਕਾਂਗਰਸੀਆਂ ਨੂੰ ਉਧਰੋਂ ਪੁੱਟ ਕੇ ਕੀਤਾ ਸੀ ਤੇ 'ਆਪ' ਵਾਲਿਆਂ ਅਸੈਂਬਲੀ ਚੋਣਾਂ ਵੇਲੇ ਵੀ ਇਹੋ ਜਿਹਾ ਕੁਝ ਕੀਤਾ ਸੀ।

ਅਜਿਹੇ ਹਾਲਾਤ ਦੇ ਮੱਦੇਨਜ਼ਰ, ਜਦੋਂ ਸਿਆਸਤਦਾਨਾਂ ਦਾ ਕੋਈ ਦੀਨ ਧਰਮ ਹੀ ਨਹੀਂ ਰਿਹਾ, ਉਨ੍ਹਾਂ ਦੀ ਬੋਲੀ ਲੱਗ ਰਹੀ ਹੈ। ਪੰਜਾਬ ਮੁੜ ਆਪਣਾ ਵੱਖਰਾ ਰਾਹ ਅਖਤਿਆਰ ਕਰੇਗਾ ਅਤੇ ਉਨ੍ਹਾਂ ਸਿਆਸਤਦਾਨਾਂ, ਸਿਆਸੀ ਪਾਰਟੀਆਂ ਨੂੰ ਖੁੱਡੇ ਲਾਏਗਾ, ਜਿਨ੍ਹਾਂ ਲਈ ਸਿਰਫ਼ ਜਿੱਤ ਅਹਿਮ ਹੈ ਤੇ ਅਸੂਲ, ਆਦਰਸ਼ ਤੇ ਲੋਕ ਹਿੱਤ ਕੁਝ ਵੀ ਮਾਇਨੇ ਨਹੀਂ ਰੱਖਦੇ।

# ਮਨੋਰੰਜਨ ਭਰੀ ਕਾਮੇਡੀ ਦਾ ਖ਼ਜਾਨਾ 'ਫੇਰ ਮਾਮਲਾ ਗੜਬੜ ਹੈ'

ਮੌਜੂਦਾ ਪੰਜਾਬੀ ਸਿਨਮੇ ਦੇ ਦੌਰ ਵਿਚ ਮਨੋਰੰਜਨ ਦੇ ਨਿੱਤ ਨਵੇਂ ਰੰਗ ਵੇਖਣ ਨੂੰ ਮਿਲ ਰਹੇ ਹਨ। ਕਦੇ ਸੰਗੀਤਕ ਫ਼ਿਲਮਾਂ, ਕਦੇ ਰੁਮਾਂਟਿਕ, ਕਦੇ ਕਾਮੇਡੀ ...ਹਰੇਕ ਫ਼ਿਲਮ ਦਾ ਆਪਣਾ ਵੱਖਰਾ ਸੁਆਦ ਰਿਹਾ ਹੈ। ਇਨ੍ਹੀਂ ਦਿਨੀਂ ਰਿਲੀਜ਼ ਹੋਣ ਜਾ ਰਹੀ ਫ਼ਿਲਮ 'ਫੇਰ ਮਾਮਲਾ ਗੜਬੜ ਹੈ' ਆਪਣੇ ਟਰੇਲਰ ਨਾਲ ਕਾਫ਼ੀ ਚਰਚਾ ਵਿਚ ਹੈ ਕਿਉਂਕਿ ਇਹ ਮਨੋਰੰਜਨ ਤੇ ਹਾਸਿਆਂ ਦਾ ਵੱਡਾ ਖ਼ਜਾਨਾ ਹੈ ਜਿਸ ਨੂੰ ਵੇਖਦੇ ਦਰਸ਼ਕ ਹੱਸ-ਹੱਸ ਦੂਹਰੇ ਹੋਣਗੇ ਤੇ ਮੁੜ-ਮੁੜ ਵੇਖਣ ਜਾਣਗੇ ਕਿਉਂਕਿ ਇਹ ਫ਼ਿਲਮ ਕਾਮੇਡੀ ਦੇ ਨਾਲ ਨਾਲ ਇਕ ਸਮਾਜਿਕ ਮੈਸੇਜ ਵੀ ਦਿੰਦੀ ਹੈ। ਬੀਤੇ ਦਿਨੀਂ ਰਿਲੀਜ਼ ਹੋਏ ਫ਼ਿਲਮ ਦੇ ਟਰੇਲਰ ਨੇ ਇਹ ਸਾਬਤ ਕਰ ਦਿੱਤਾ ਕਿ ਫ਼ਿਲਮ ਪੰਜਾਬੀ




ਸਿਨਮੇ ਲਈ ਮੀਲ ਪੱਥਰ ਹੋਵੇਗੀ। ਅੱਲ੍ਹੜ ਦਿਲਾਂ ਦੇ ਪਿਆਰ ਮੁਹੱਬਤਾਂ ਦੀ ਗੱਲ ਕਰਦੀ ਇਸ ਫ਼ਿਲਮ ਵਿਚ ਪੰਜਾਬੀ ਗਾਇਕ ਤੇ ਅਦਾਕਾਰ ਨਿੰਜਾ ਤੇ ਖ਼ੂਬਸੂਰਤ ਨਾਇਕਾ ਪ੍ਰੀਤ ਕਮਲ ਨੇ ਮੁੱਖ ਭੂਮਿਕਾ ਨਿਭਾਈ ਹੈ। ਕਾਮੇਡੀ ਕਿਰਦਾਰਾਂ ਦੇ ਬਾਦਸ਼ਾਹ ਬੀ ਐਨ ਸ਼ਰਮਾ ਨੂੰ ਦਰਸ਼ਕ ਪਹਿਲੀ ਵਾਰ ਮਰਦ-ਔਰਤ ਦੇ ਰਲਵੇਂ ਕਿਰਦਾਰ ਵਿਚ ਵੇਖਣਗੇ। ਇਹ ਫ਼ਿਲਮ ਦੋ ਦੋਸਤਾਂ ਦੀ ਕਹਾਣੀ ਹੈ ਜਿਨ੍ਹਾਂ ਦੇ ਸੁਪਨੇ ਵੱਡੇ ਹਨ। ਇਹ ਆਪਣੇ ਸੁਪਨੇ ਸੱਚ ਕਰਨ ਲਈ ਕਿਹੜੇ ਕਿਹੜੇ ਰਾਹ ਤੁਰਦੇ ਹਨ, ਇਹ ਤਾਂ ਦਰਸ਼ਕ ਸਿਨੇਮਾ ਹਾਲ ਵਿਚ ਹੀ ਵੇਖਣਗੇ।

ਓਹਰੀ ਪ੍ਰੋਡਕਸ਼ਨ ਅਤੇ ਬ੍ਰਿਮਿੰਗ ਵਿਜ਼ਨ ਫ਼ਿਲਮ ਤੇ ਰੋਇਲ ਪੰਜਾਬ ਫ਼ਿਲਮ ਦੀ ਪੇਸ਼ਕਸ਼ ਇਸ ਫ਼ਿਲਮ ਨੂੰ ਸਾਗਰ ਕੁਮਾਰ ਸ਼ਰਮਾ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਦੀ ਕਹਾਣੀ ਤੇ ਸਕਰੀਨਪਲੇਅ ਕੁਮਾਰ ਅਜੇ ਨੇ ਲਿਖਿਆ ਹੈ। ਡਾਇਲਾਗ ਰਾਜੂ ਵਰਮਾ ਨੇ ਲਿਖੇ ਹਨ। ਇਸ ਫ਼ਿਲਮ ਵਿਚ ਨਿੰਜਾ, ਪ੍ਰੀਤ ਕਮਲ, ਉਪੇਸ਼ ਜੰਗਵਾਲ, ਬੀ ਐਨ ਸ਼ਰਮਾ, ਜਸਵਿੰਦਰ ਭੱਲਾ, ਬਨਿੰਦਰ ਬੰਨੀ, ਭੂਮਿਕਾ ਸ਼ਰਮਾ, ਨਗਿੰਦਰ ਗੱਖੜ, ਦਿਲਾਵਰ ਸਿੱਧੂ, ਗੁਰਪ੍ਰੀਤ ਕੌਰ ਭੰਗੂ ਤੇ ਰੋਜ਼ ਜੇ ਕੌਰ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫ਼ਿਲਮ ਦੇ ਨਿਰਮਾਤਾ ਮੋਨਾ ਓਹਰੀ, ਵਿਜੇ ਕੁਮਾਰ ਤੇ ਜਸਪ੍ਰੀਤ ਕੌਰ ਹਨ। 29 ਮਾਰਚ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦੀ ਦਰਸ਼ਕਾਂ ਨੂੰ ਬੇਸਬਰੀ ਨਾਲ ਉਡੀਕ ਹੈ।

***-ਸੁਰਜੀਤ ਜੱਸਲ***

# ਔਰਤਾਂ ਦੀ ਤਰੱਕੀ ਲਈ ਵਧੇਰੇ ਨਿਵੇਸ਼ ਦੀ ਲੋੜ

ਔਰਤਾਂ ਦੀ ਤਰੱਕੀ ਖ਼ਾਤਰ ਪੂੰਜੀ ਅਤੇ ਹੋਰਨਾਂ ਸਰੋਤਾਂ ਦਾ ਨਿਵੇਸ਼ ਹੁਣ ਮਨੁੱਖੀ ਅਧਿਕਾਰਾਂ ਦਾ ਮੁੱਦਾ ਬਣ ਚੁੱਕਾ ਹੈ ਕਿਉਂਕਿ ਅਜੋਕੇ ਸੰਸਾਰ 'ਚ ਮਨੁੱਖੀ ਹੱਕਾਂ ਦੇ ਲਿਹਾਜ਼ ਤੋਂ ਲਿੰਗਕ ਸਮਾਨਤਾ ਬਹੁਤ ਵੱਡੀ ਚੁਣੌਤੀ ਬਣੀ ਹੋਈ ਹੈ।

ਇਹ ਸਚਾਈ ਹੈ ਕਿਉਂਕਿ ਕੋਵਿਡ-19 ਮਹਾਮਾਰੀ ਤੇ ਦੁਨੀਆ 'ਚ ਹੋਈਆਂ ਹੋਰ ਤਬਾਹੀਆਂ ਮਗਰੋਂ 7.5 ਕਰੋੜ ਤੋਂ ਵੱਧ ਆਬਾਦੀ ਬਹੁਤ ਜ਼ਿਆਦਾ ਗ਼ਰੀਬੀ ਦੀ ਮਾਰ ਹੇਠ ਆ ਚੁੱਕੀ ਹੈ। ਇਸ ਤੋਂ ਇਲਾਵਾ ਕਈ ਹੋਰ ਰੁਕਾਵਟਾਂ ਤੇ ਮਹਿੰਗਾਈ ਕਾਰਨ ਜ਼ਿਆਦਾਤਰ ਮੁਲਕ 2025 ਤੱਕ ਆਪਣੇ ਲੋਕਾਂ 'ਤੇ ਖ਼ਰਚ ਘਟਾ ਸਕਦੇ ਹਨ। ਇਸ ਦਾ ਔਰਤਾਂ ਤੇ ਉਨ੍ਹਾਂ ਨਾਲ ਜੁੜੀਆਂ ਜ਼ਰੂਰੀ ਸੇਵਾਵਾਂ 'ਤੇ ਮਾੜਾ ਅਸਰ ਪਏਗਾ। ਇਸ ਲਈ ਗ਼ਰੀਬੀ 'ਚ ਰਹਿ ਰਹੀਆਂ ਕਰੋੜਾਂ ਔਰਤਾਂ ਤੇ

**ਪ੍ਰੇਮ ਚੌਧਰੀ**

ਲੜਕੀਆਂ ਦੀ ਭਲਾਈ ਲਈ ਤੁਰੰਤ ਕਦਮ ਚੁੱਕਣ ਦੀ ਲੋੜ ਹੈ। ਦੁਨੀਆ ਭਰ ਵਿਚ ਨਾਰੀਵਾਦੀ ਸੰਗਠਨਾਂ ਨੂੰ ਅਧਿਕਾਰਤ ਸਰਕਾਰੀ ਸਹਾਇਤਾ ਦਾ ਕੇਵਲ 0.13 ਪ੍ਰਤੀਸ਼ਤ ਹਿੱਸਾ ਹੀ ਮਿਲ ਸਕਿਆ ਹੈ। ਭਾਰਤ ਵਿਚ ਅਸੀਂ ਔਰਤਾਂ ਦੀ ਬਿਹਤਰੀ ਲਈ ਕਈ ਤਰੀਕਿਆਂ ਨਾਲ ਨਿਵੇਸ਼ ਕਰ ਸਕਦੇ ਹਾਂ। ਪਹਿਲਾ ਉਨ੍ਹਾਂ ਨੂੰ ਸਿੱਖਿਅਤ ਕਰ ਕੇ, ਕਿਉਂਕਿ ਇਨ੍ਹਾਂ ਵਿਚੋਂ ਕਈਆਂ ਨੂੰ ਪੜ੍ਹਨ ਦੇ ਮੌਕੇ ਨਹੀਂ ਮਿਲਦੇ। ਖੁੱਲ ਮਿਲਾ ਕੇ ਪੁਰਸ਼, ਔਰਤਾਂ ਨਾਲੋਂ ਵੱਧ ਪੜ੍ਹੇ-ਲਿਖੇ ਹੁੰਦੇ ਹਨ। ਅੰਕੜਿਆਂ ਮੁਤਾਬਿਕ 62 ਪ੍ਰਤੀਸ਼ਤ ਔਰਤਾਂ ਨੂੰ ਸਕੂਲੀ ਸਿੱਖਿਆ ਵੀ ਨਹੀਂ ਮਿਲਦੀ; ਪੁਰਸ਼ਾਂ ਵਿਚ ਇਹ 31 ਫ਼ੀਸਦੀ ਹੈ। ਔਰਤਾਂ 'ਚ ਸਾਖਰਤਾ ਦਰ 54 ਪ੍ਰਤੀਸ਼ਤ ਹੈ; ਇਹੀ ਪੁਰਸ਼ਾਂ ਵਿਚ 76 ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ ਵਡੇਰੀ ਉਮਰ ਦੀਆਂ ਔਰਤਾਂ ਵਿਚ ਜਾਗਰੂਕਤਾ ਦੀ ਵੀ ਬੇਹੱਦ ਘਾਟ ਹੈ। ਔਰਤਾਂ ਤੇ ਪੁਰਸ਼ਾਂ ਵਿਚਾਲੇ ਜਾਗਰੂਕਤਾ ਦਾ ਫ਼ਰਕ ਸਿੱਖਿਆ ਦੇ ਨੀਵੇਂ ਪੱਧਰਾਂ ਉੱਤੇ ਜ਼ਿਆਦਾ ਹੈ, ਵੱਡੀ ਉਮਰ ਦੇ ਬਾਲਗ਼ਾਂ 'ਚ ਵੀ ਫ਼ਰਕ ਹੈ ਜਿੱਥੇ ਮਹਿਲਾਵਾਂ ਕਾਫ਼ੀ ਪੱਛੜੀਆਂ ਹੋਈਆਂ ਹਨ। ਇਸੇ ਤਰ੍ਹਾਂ ਬਹੁਤ ਘੱਟ ਗਿਣਤੀ ਵਿਦਿਆਰਥਣਾਂ ਉੱਚ ਸਿੱਖਿਆ ਹਾਸਿਲ ਕਰਦੀਆਂ ਹਨ। ਇਸ ਲਈ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਨੂੰ ਗੰਭੀਰਤਾ ਨਾਲ ਲਾਗੂ ਕਰਨ ਦੀ ਲੋੜ ਹੈ, ਇਹ ਨਾ ਹੋਵੇ ਕਿ ਇਹ ਸਿਰਫ਼ ਨਾਅਰਾ ਬਣ ਕੇ ਰਹਿ ਜਾਵੇ।

ਰੂੜੀਵਾਦੀ ਸਮਾਜਿਕ ਕਦਰਾਂ-ਕੀਮਤਾਂ ਨੇ ਔਰਤਾਂ ਨੂੰ ਪਰਿਵਾਰਾਂ ਦੇ ਅੰਦਰ ਰੱਖਣ ਨੂੰ ਹੀ ਤਰਜੀਹ ਦਿੱਤੀ ਹੈ। ਜਿਹੜੀਆਂ ਔਰਤਾਂ ਕੰਮ ਕਰਦੀਆਂ ਹਨ ਉਨ੍ਹਾਂ ਨੂੰ ਅਮੂਮਨ ਵਿਆਹ ਜਾਂ ਬੱਚਿਆਂ ਤੋਂ ਬਾਅਦ ਨੌਕਰੀ ਛੱਡਣੀ ਪੈਂਦੀ ਹੈ। ਔਰਤਾਂ ਤੇ ਘਰੇਲੂ ਜ਼ਿੰਮੇਵਾਰੀਆਂ ਪੂਰਨ ਅਤੇ ਪਰਿਵਾਰ ਸੰਭਾਲਣ ਦੀ ਆਸ ਰੱਖਣਾ ਵੀ, ਉਨ੍ਹਾਂ ਦੇ ਨੌਕਰੀ ਕਰਨ ਵਿਚ ਅੜਿੱਕਾ ਬਣਦਾ ਹੈ। ਕਾਨੂੰਨਸਾਜ਼ਾਂ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਉਹ ਵੱਖੋ-ਵੱਖਰੇ ਪਿਛੋਕੜ ਵਾਲੀਆਂ ਔਰਤਾਂ ਨਾਲ ਰਾਬਤਾ ਕਰ ਕੇ ਇਹ ਯਕੀਨੀ ਬਣਾਉਣ ਕਿ ਬਣਨ ਵਾਲੀਆਂ ਨੀਤੀਆਂ ਉਨ੍ਹਾਂ ਲਈ ਢੁੱਕਵੀਆਂ ਤੇ ਮਦਦਗਾਰ ਹੋਣ। ਔਰਤਾਂ ਨੂੰ ਪ੍ਰਸ਼ਾਸਨ ਤੇ ਸਿਆਸਤ ਦਾ ਹਿੱਸਾ ਬਣਨ ਲਈ ਵੀ ਪ੍ਰੇਰਨਾ ਚਾਹੀਦਾ ਹੈ ਜਿੱਥੇ ਉਨ੍ਹਾਂ ਦੀ ਪ੍ਰਤੀਨਿਧਤਾ ਬਹੁਤ ਘੱਟ ਹੈ। ਨੌਕਰਸ਼ਾਹੀ ਵਿਚ ਵੀ ਔਰਤਾਂ ਦੀ ਹਿੱਸੇਦਾਰੀ ਕਾਫ਼ੀ ਘੱਟ ਹੈ। ਮਿਸਾਲ ਦੇ ਤੌਰ 'ਤੇ ਭਾਰਤੀ ਪ੍ਰਸ਼ਾਸਕੀ ਸੇਵਾ (ਆਈ.ਏ.ਐੱਸ.) ਵਿਚ 2011 'ਚ ਔਰਤਾਂ ਦੀ ਗਿਣਤੀ ਗਿਆਰਾਂ ਪ੍ਰਤੀਸ਼ਤ ਤੋਂ ਵੀ ਘੱਟ ਸੀ; 2020 ਵਿਚ ਇਹ ਵਧ ਕੇ 13 ਪ੍ਰਤੀਸ਼ਤ ਹੋ ਗਈ (2022 ਵਿਚ ਆਈ.ਏ.ਐੱਸ. 'ਚ ਸਿਰਫ਼ 14 ਪ੍ਰਤੀਸ਼ਤ ਔਰਤਾਂ ਸਕੱਤਰ ਪੱਧਰ 'ਤੇ ਸਨ)। ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਮਹਿਜ਼ ਤਿੰਨ ਮਹਿਲਾਵਾਂ ਮੁੱਖ ਸਕੱਤਰ ਹਨ। ਭਾਰਤ 'ਚ ਇਕ ਵੀ ਔਰਤ ਕਦੇ ਕੈਬਨਿਟ ਸਕੱਤਰ ਜਾਂ ਸਕੱਤਰ- ਗ੍ਰਹਿ, ਵਿੱਤ ਤੇ ਰੱਖਿਆ ਦੇ ਅਹੁਦੇ ਉੱਤੇ ਨਹੀਂ ਰਹੀ। ਰਾਜਨੀਤੀ ਵਿਚ ਔਰਤਾਂ ਦੀ ਗਿਣਤੀ ਬੇਹੱਦ ਥੋੜ੍ਹੀ ਹੈ। ਵਰਤਮਾਨ ਲੋਕ ਸਭਾ ਦੇ ਕੁੱਲ 542 ਮੈਂਬਰ ਹਨ ਜਿਨ੍ਹਾਂ ਵਿਚੋਂ ਮਹਿਜ਼ 78 ਔਰਤਾਂ ਹਨ। ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਵੀ ਮਹਿਲਾ ਵਿਧਾਇਕਾਂ ਦੀ ਗਿਣਤੀ ਔਸਤਨ 9 ਪ੍ਰਤੀਸ਼ਤ ਹੈ। ਇਸ ਦੇ ਬਾਵਜੂਦ ਔਰਤਾਂ ਲਈ ਇਕ-ਤਿਹਾਈ ਸੀਟਾਂ ਰਾਖਵੀਆਂ ਕਰਨ ਵਾਲਾ ਬਿੱਲ ਸੰਸਦ ਵਿਚ ਕਈ ਵਾਰ ਪੱਛੜ ਕੇ ਅਖ਼ੀਰ 2023 ਵਿਚ ਪਾਸ ਹੋਇਆ।




ਇਸ ਤੋਂ ਇਹ ਤੱਥ ਸਾਹਮਣੇ ਆਇਆ ਕਿ ਸਦਨ ਦੇ ਮੈਂਬਰਾਂ ਕੋਲ ਦਹਾਕਿਆਂ ਤੱਕ ਸਿਆਸੀ ਇੱਛਾ ਸ਼ਕਤੀ ਦੀ ਘਾਟ ਰਹੀ; ਅਸਲੀਅਤ ਇਹ ਹੈ ਕਿ ਇਸ ਮਾਮਲੇ ਵਿਚ ਭਾਰਤ ਦੀ ਦਰਜਾਬੰਦੀ ਪਿਛਲੇ ਕੁਝ ਸਾਲਾਂ ਵਿਚ ਨਿੱਘਰੀ ਹੀ ਹੈ। ਮੌਜੂਦਾ ਸਮੇਂ ਇਹ ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਤੋਂ ਪਿੱਛੇ ਹੈ। ਭਾਵੇਂ ਭਾਰਤ ਵਿਚ ਔਰਤਾਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਰਹੀਆਂ ਹਨ ਪਰ ਇਸ ਦੇ ਬਾਵਜੂਦ ਸਿਆਸਤ ਵਿਚ ਮਹਿਲਾਵਾਂ ਦੀ ਵੱਡੀ ਕਮੀ ਹੈ। ਪ੍ਰਤੀਨਿਧਤਾ ਵਿਚ ਇਸ ਘਾਟ ਦਾ ਕਾਰਨ ਸਿਆਸੀ ਪਾਰਟੀਆਂ ਵਿਚ ਉਨ੍ਹਾਂ ਦੀ ਸੀਮਤ ਮੌਜੂਦਗੀ ਹੈ ਜਿਸ ਕਾਰਨ ਉਨ੍ਹਾਂ ਦਾ ਪਾਰਟੀਆਂ 'ਚ ਉਭਾਰ ਮੁਸ਼ਕਿਲ ਹੋ ਜਾਂਦਾ ਹੈ। ਇਹ ਧਾਰਨਾ ਵੀ ਕਿ ਔਰਤਾਂ, ਪੁਰਸ਼ਾਂ ਵਾਂਗ ਜਿੱਤ ਨਹੀਂ ਸਕਣਗੀਆਂ, ਉਨ੍ਹਾਂ ਨੂੰ ਟਿਕਟ ਦੇਣ ਵਿਚ ਅੜਿੱਕਾ ਬਣਦੀ ਹੈ। ਰਾਜਨੀਤੀ ਵਿਚ ਸਾਰਿਆਂ ਨੂੰ ਬਰਾਬਰ ਮੌਕੇ ਨਹੀਂ ਮਿਲਦੇ, ਜਿਵੇਂ ਸਰੋਤਾਂ ਤੱਕ ਪਹੁੰਚ ਵੱਖੋ-ਵੱਖਰੀ ਹੁੰਦੀ ਹੈ। ਜ਼ਿਆਦਾਤਰ ਨੌਕਰੀ ਕਰਨ ਵਾਲਿਆਂ ਨੂੰ ਘੱਟ ਤਨਖ਼ਾਹ ਮਿਲਦੀ ਹੈ ਜਿਸ ਕਾਰਨ ਔਰਤਾਂ ਲਈ ਪੁਰਸ਼ ਉਮੀਦਵਾਰਾਂ ਦਾ ਮੁਕਾਬਲਾ ਕਰਨਾ ਤੇ ਸਿਆਸਤ ਵਿਚ ਸਫ਼ਲ ਹੋਣਾ ਮੁਸ਼ਕਿਲ ਹੋ ਜਾਂਦਾ ਹੈ। ਰਾਜਨੀਤੀ 'ਚ ਔਰਤਾਂ ਲਈ ਵੱਧ ਮੌਕੇ ਉਪਲਬਧ ਕਰਾਉਣ ਦਾ ਸ਼ਾਇਦ ਇਕੋ-ਇਕ ਰਾਹ ਵਿਧਾਨਪਾਲਿਕਾ 'ਚ ਉਨ੍ਹਾਂ ਲਈ ਸੀਟਾਂ ਰਾਖਵੀਆਂ ਕਰਨਾ ਹੈ। ਬਿਹਾਰ, ਉੜੀਸਾ ਤੇ ਪੱਛਮੀ ਬੰਗਾਲ ਜਿਹੇ ਰਾਜਾਂ ਦੀਆਂ ਨਗਰਪਾਲਿਕਾਵਾਂ ਤੇ ਨਿਗਮਾਂ ਵਿਚ ਇਹ ਲਾਗੂ ਕੀਤਾ ਗਿਆ ਹੈ ਜਿੱਥੇ ਕੁਝ ਫ਼ੀਸਦ ਸੀਟਾਂ ਔਰਤਾਂ ਲਈ ਰਾਖਵੀਆਂ ਹਨ। ਇਸ ਤੋਂ ਇਲਾਵਾ ਸਿਆਸੀ ਪਾਰਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਚੋਣਾਂ ਲਈ ਉਮੀਦਵਾਰ ਚੁਣਨ ਵੇਲੇ ਔਰਤਾਂ ਨੂੰ ਢੁੱਕਵੀਂ ਨੁਮਾਇੰਦਗੀ ਦਿੱਤੀ ਜਾਵੇ ਤੇ ਨਾਲ ਹੀ ਅਜਿਹੀਆਂ ਸੀਟਾਂ ਦਿੱਤੀਆਂ ਜਾਣ ਤੋਂ ਜਿੱਤਣ ਦੀ ਸੰਭਾਵਨਾ ਵੱਧ ਹੋਵੇ। ਰਾਜਨੀਤੀ ਦੀਆਂ ਗੁੰਝਲਾਂ ਸਮਝਾਉਣ ਤੇ ਆਤਮ-ਵਿਸ਼ਵਾਸ ਵਿਕਸਿਤ ਕਰਨ ਲਈ ਉਨ੍ਹਾਂ ਲਈ ਸਿੱਖਿਆ ਤੇ ਸਿਖਲਾਈ ਪ੍ਰੋਗਰਾਮ ਕਰਵਾਏ ਜਾ ਸਕਦੇ ਹਨ।

ਕਈ ਔਰਤਾਂ ਨੂੰ ਆਪਣੀ ਸਿਆਸੀ ਜ਼ਿੰਮੇਵਾਰੀ ਅਤੇ ਪਰਿਵਾਰਕ ਨਿੱਜੀ ਜ਼ਿੰਦਗੀ ਵਿਚਾਲੇ ਤਵਾਜ਼ਨ ਬਿਠਾਉਣ 'ਚ ਮੁਸ਼ਕਿਲ ਪੇਸ਼ ਆਉਂਦੀ ਹੈ। ਕੰਮ ਅਤੇ ਜ਼ਿੰਦਗੀ ਦੇ ਸੰਤੁਲਨ ਲਈ ਮਦਦ ਦੇਣ, ਜਿਵੇਂ ਕਿ ਲਚੀਲੇ ਪ੍ਰੋਗਰਾਮ, ਬੱਚਿਆਂ ਦੀ ਸਾਂਭ-ਸੰਭਾਲ ਅਤੇ ਜਣੇਪਾ ਛੁੱਟੀ ਵਗੈਰਾ ਨਾਲ, ਇਨ੍ਹਾਂ ਮੁੱਦਿਆਂ ਨੂੰ ਨਜਿੱਠਿਆ ਜਾ ਸਕਦਾ ਹੈ। ਹਾਲ ਹੀ ਵਿਚ ਕੇਰਲਾ ਸਰਕਾਰ ਨੇ ਉੱਚ ਸਿੱਖਿਆ ਵਿਭਾਗ ਅਧੀਨ ਆਉਂਦੀਆਂ ਸਾਰੀਆਂ ਸੂਬਾਈ ਯੂਨੀਵਰਸਿਟੀਆਂ ਦੀਆਂ ਅਧਿਆਪਕਾਵਾਂ ਤੇ ਵਿਦਿਆਰਥਣਾਂ ਨੂੰ ਮਾਹਵਾਰੀ ਛੁੱਟੀ ਦੇਣ ਦਾ ਐਲਾਨ ਕੀਤਾ ਹੈ। ਅਜਿਹੇ ਕਦਮ ਹੋਰਾਂ ਰਾਜਾਂ ਵਿਚ ਵੀ ਚੁੱਕੇ ਜਾ ਸਕਦੇ ਹਨ।

ਅਜਿਹੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਲਿੰਗਕ ਵਖਰੇਵਿਆਂ ਤੋਂ ਉੱਪਰ ਉੱਠ ਕੇ ਬਜਟ ਬਣਾਉਣਾ ਪਏਗਾ- ਅਜਿਹਾ ਬਜਟ ਜੋ ਸਾਰਿਆਂ ਲਈ ਸੁਖਾਵਾਂ ਹੋਵੇ। ਜਨਤਾ ਦੀਆਂ ਵਿਲੱਖਣ ਤੇ ਵੰਨ-ਸਵੰਨੀਆਂ ਲੋੜਾਂ ਦਾ ਮੁਲਾਂਕਣ ਕਰ ਕੇ ਤੇ ਇਨ੍ਹਾਂ ਨੂੰ ਵਿਚਾਰ ਕੇ ਬਣਾਏ ਬਜਟ ਨਾਲ ਸਰੋਤਾਂ ਦੀ ਵਾਜਿਬ ਵੰਡ ਲਈ ਕੰਮ ਕੀਤਾ ਜਾ ਸਕਦਾ ਹੈ। ਔਰਤਾਂ ਦੀਆਂ ਲੋੜਾਂ ਵਿਚਾਰੇ ਬਿਨਾਂ ਬਣਾਏ ਬਜਟਾਂ ਦੇ ਨਕਾਰਾਤਮਕ ਨਤੀਜੇ ਹੀ ਨਿਕਲ ਸਕਦੇ ਹਨ ਤੇ ਮੰਤਵ ਦੀ ਪੂਰਤੀ ਨਹੀਂ ਹੋਵੇਗੀ। ਮਸਲਨ, ਭਾਰਤ ਵਿਚ ਔਰਤਾਂ ਵੱਲੋਂ ਬਿਨਾਂ ਕਿਸੇ ਮੁੱਲ ਕੀਤਾ ਜਾਂਦਾ ਘਰੇਲੂ ਅਤੇ ਸੰਭਾਲ ਦਾ ਕੰਮ ਕਿਸੇ ਲੇਖੇ-ਜੋਖੇ ਵਿਚ ਨਹੀਂ ਆਉਂਦਾ। ਲਿੰਗ ਦੇ ਅਧਾਰ 'ਤੇ ਜਦੋਂ ਅਜਿਹੇ ਫ਼ਰਕਾਂ ਨੂੰ ਪਛਾਣਿਆ ਜਾਵੇਗਾ, ਉਦੋਂ ਹੀ ਸਰਕਾਰ ਲਿੰਗਕ ਨਾ-ਬਰਾਬਰੀ ਦੇ ਹੱਲ ਲਈ ਉਪਲਬਧ ਸਰੋਤਾਂ ਦੀ ਵਰਤੋਂ ਕਰ ਸਕੇਗੀ, ਤੇ ਸਾਰਿਆਂ ਦਾ ਟਿਕਾਊ ਤੇ ਵਿਆਪਕ ਵਿਕਾਸ ਯਕੀਨੀ ਬਣਾ ਸਕੇਗੀ। ਇਸ ਲਈ ਔਰਤਾਂ ਦੀ ਬਿਹਤਰੀ ਲਈ ਹਰ ਤਰ੍ਹਾਂ ਦਾ ਨਿਵੇਸ਼ ਕੇਂਦਰੀ ਬਜਟ ਦਾ ਮੁੱਖ ਏਜੰਡਾ ਹੋਣਾ ਚਾਹੀਦਾ ਹੈ।

ਭਾਵੇਂ ਭਾਰਤ ਦੀ ਅੱਧੀ ਆਬਾਦੀ ਔਰਤਾਂ ਦੀ ਹੈ, ਫਿਰ ਵੀ ਉਹ ਕਈ ਸਮਾਜਿਕ ਸੂਚਕਾਂ ਜਿਵੇਂ ਸਿਹਤ, ਸਿੱਖਿਆ ਤੇ ਆਰਥਿਕ ਮੌਕਿਆਂ ਵਿਚ ਪੁਰਸ਼ਾਂ ਤੋਂ ਪਿੱਛੇ ਹਨ। ਲਿੰਗ ਸਮਾਨਤਾ ਤੇ ਔਰਤਾਂ ਦੀ ਮਜ਼ਬੂਤੀ ਲਈ ਸਾਲ 2024-25 ਦੇ ਸੰਪੂਰਨ ਬਜਟ ਵਿਚ ਔਰਤਾਂ ਲਈ ਨਿਵੇਸ਼ ਦੇ ਮਹੱਤਵ ਨੂੰ ਪਛਾਣਨਾ ਪਵੇਗਾ।

ਮਹਿਲਾਵਾਂ ਲਈ ਚੁੱਕੇ ਇਸ ਤਰ੍ਹਾਂ ਦੇ ਕਦਮ ਖ਼ਾਸ ਤੌਰ 'ਤੇ ਦਿਹਾਤੀ ਇਲਾਕਿਆਂ 'ਚ ਲਿੰਗਕ ਪੱਖਪਾਤ, ਔਰਤਾਂ 'ਤੇ ਹੁੰਦੀ ਹਿੰਸਾ ਤੇ ਹੋਰ ਗੰਭੀਰ ਮੁਸ਼ਕਿਲਾਂ ਜਿਵੇਂ ਭਰੂਣ ਹੱਤਿਆ ਨੂੰ ਨੱਥ ਪਾਉਣ ਵਿਚ ਸਹਾਈ ਹੋਣਗੇ। ਇਸ ਨਾਲ ਜੀਵਨ, ਸਮਾਜ ਤੇ ਸਿਆਸਤ ਵਿਚ ਔਰਤਾਂ ਨੂੰ ਪੁਰਸ਼ਾਂ ਦਾ ਬਰਾਬਰ ਭਾਈਵਾਲ ਬਣਨ ਵਿਚ ਵੀ ਮਦਦ ਮਿਲੇਗੀ। ਆਓ, ਭਾਰਤ ਦੀਆਂ ਸਾਰੀਆਂ ਔਰਤਾਂ ਦੇ ਸੁਨਹਿਰੇ ਭਵਿੱਖ ਲਈ, ਉਨ੍ਹਾਂ 'ਚ ਵੱਖ-ਵੱਖ ਢੰਗਾਂ ਨਾਲ ਨਿਵੇਸ਼ ਕਰੀਏ ਤੇ ਚੁਣੌਤੀਆਂ ਨੂੰ ਮੌਕਿਆਂ ਵਿਚ ਬਦਲ ਕੇ ਤਰੱਕੀ ਦੀ ਰਫ਼ਤਾਰ ਨੂੰ ਤੇਜ਼ ਕਰੀਏ।

# ਗੱਠਜੋੜ ਦੀ ਸਿਆਸਤ ਦੇ ਫਾਇਦੇ

ਭਾਰਤ ਨੇ 1977 ਵਿਚ ਉਦੋਂ ਕੇਂਦਰ 'ਚ ਗੱਠਜੋੜ ਦੀ ਸਿਆਸਤ ਦੀ ਸ਼ੁਰੂਆਤ ਹੁੰਦੀ ਦੇਖੀ ਜਦੋਂ ਮੋਰਾਰਜੀ ਦੇਸਾਈ ਦੀ ਅਗਵਾਈ ਵਾਲੀ ਜਨਤਾ ਸਰਕਾਰ ਨੇ ਸੱਤਾ ਸੰਭਾਲੀ। ਉਸ ਤੋਂ ਬਾਅਦ ਦੇਸ਼ 'ਤੇ ਕਈ ਬਹੁ-ਪਾਰਟੀ ਸਰਕਾਰਾਂ ਨੇ ਰਾਜ ਕੀਤਾ। ਆਮ ਤੌਰ 'ਤੇ ਕੁਝ ਗੱਠਜੋੜ ਕਾਇਮ ਹੋਣ 'ਤੇ ਸਹੀ ਲੱਗਦੇ ਹਨ ਕਿਉਂਕਿ ਇਨ੍ਹਾਂ ਦੇ ਭਾਈਵਾਲਾਂ ਦੇ ਹਿੱਤ ਸਾਂਝੇ ਹੁੰਦੇ ਹਨ ਜਦੋਂਕਿ ਕੁਝ ਚੋਣ ਗੱਠਜੋੜ ਥੋੜ੍ਹੇ ਪੇਚੀਦਾ ਵੀ ਲੱਗ ਸਕਦੇ ਹਨ। ਪੱਛਮੀ ਬੰਗਾਲ ਦੀ ਹੀ ਉਦਾਹਰਨ ਲੈ ਲਓ। ਉੱਥੇ 2011 ਦੀਆਂ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਤੇ ਕਾਂਗਰਸ ਤਤਕਾਲੀ

**ਆਤਨੂ ਬਿਸਵਾਸ**

ਸੱਤਾਧਾਰੀ ਖੱਬੇ ਮੋਰਚੇ ਖ਼ਿਲਾਫ਼ ਇਕੱਠੀਆਂ ਹੋਈਆਂ; ਪੰਜ ਸਾਲਾਂ ਬਾਅਦ, ਖੱਬੇ ਮੋਰਚੇ ਤੇ ਕਾਂਗਰਸ ਨੇ ਸੱਤਾਧਾਰੀ ਟੀ.ਐੱਮ.ਸੀ. ਵਿਰੁੱਧ ਗੱਠਜੋੜ ਕਰ ਲਿਆ। ਕਈ ਰਾਜਨੀਤਕ ਸਮੀਖਿਅਕਾਂ ਨੇ 2021 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਖੱਬੇ ਪੱਖੀਆਂ ਅਤੇ ਕਾਂਗਰਸ ਦੇ ਨਵੇਂ ਬਣੇ ਇੰਡੀਅਨ ਸੈਕੂਲਰ ਫਰੰਟ ਨਾਲ ਹੋਏ ਗੱਠਜੋੜ 'ਤੇ ਚਿੰਤਾ ਜ਼ਾਹਿਰ ਕੀਤੀ। ਭਾਰਤੀ ਸਿਆਸਤ 'ਚ ਨਾ ਤਾਂ ਪੱਕੇ ਦੋਸਤ ਹੋ ਸਕਦੇ ਹਨ ਤੇ ਨਾ ਹੀ ਪੱਕੇ ਦੁਸ਼ਮਣ। ਸਾਲ 2019 ਦੀਆਂ ਲੋਕ ਸਭਾ ਚੋਣਾਂ ਦੇ ਸੰਦਰਭ ਵਿਚ ਮਿਲਨ ਵੈਸ਼ਨਵ ਤੇ ਜੇਮੀ ਹਿੰਟਸਨ ਨੇ ਲਿਖਿਆ, 'ਗੱਠਜੋੜ ਦੇ ਹਿੱਸੇਦਾਰ ਆਪਣੀ ਪਾਰਟੀ ਦੇ ਆਗੂਆਂ ਦੀ ਮਰਜ਼ੀ, ਰਾਜ ਮੁਤਾਬਿਕ ਲੋੜੀਂਦੀ ਨੀਤੀ ਅਤੇ ਨਿਰੋਲ ਸਿਆਸੀ ਸੁਵਿਧਾ ਅਨੁਸਾਰ ਨਿਯਮਤ ਤੌਰ 'ਤੇ ਧੜੇ ਬਦਲਦੇ ਰਹਿੰਦੇ ਹਨ।'

ਉਂਝ, ਕੀ ਕੋਈ ਗੱਠਜੋੜ ਸਿਆਸੀ ਪਾਰਟੀਆਂ ਦੀ ਵੋਟ ਫ਼ੀਸਦ ਤੇ ਸੀਟਾਂ ਦੀ ਗਿਣਤੀ ਨੂੰ ਯਕੀਨੀ ਤੌਰ 'ਤੇ ਵਧਾ ਸਕਦਾ ਹੈ? ਇਕ ਗੱਠਜੋੜ 'ਚ ਵੱਖ-ਵੱਖ ਧਿਰਾਂ ਨੂੰ ਪਈਆਂ ਵੋਟਾਂ ਆਮ ਤੌਰ 'ਤੇ ਫ਼ੀਸਦ ਦੇ ਰੂਪ ਵਿਚ ਜੁੜਦੀਆਂ ਨਹੀਂ ਹਨ। ਪੱਛਮੀ ਬੰਗਾਲ ਦੀਆਂ ਜਿਹੜੀਆਂ ਚੋਣਾਂ ਦਾ ਉਪਰ ਜ਼ਿਕਰ ਹੈ, ਉਨ੍ਹਾਂ 'ਤੇ ਮਾਹਿਰ ਹਾਲੇ ਵੀ ਸਵਾਲ ਉਠਾਉਂਦੇ ਹਨ। ਇਸ ਸੰਦਰਭ ਵਿਚ ਉਨ੍ਹਾਂ ਦਾ ਜਿਹੜਾ ਸਵਾਲ ਹੈ, ਉਹ ਇਹ ਹੈ ਕਿ ਕੀ ਟੀ.ਐੱਮ.ਸੀ. ਨੂੰ 2011 ਵਿਚ ਕਾਂਗਰਸ ਨਾਲ ਗੱਠਜੋੜ ਦਾ ਫ਼ਾਇਦਾ ਹੋਇਆ ਜਾਂ 2016 ਵਿਚ ਖੱਬੇ ਪੱਖੀਆਂ ਨੂੰ ਇਸ ਦਾ ਕੋਈ ਲਾਭ ਮਿਲਿਆ। ਇਸ ਤੋਂ ਇਲਾਵਾ ਖੱਬਾ ਮੋਰਚਾ ਅਜੇ ਵੀ 2021 ਦੇ ਚੋਣ ਝਟਕਿਆਂ ਤੋਂ ਉੱਭਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਕੋਲੀਸ਼ਨ' (ਗੱਠਜੋੜ) ਅਗੇਤਰ 'ਕੋ-' (ਇਕੱਠੇ) ਅਤੇ ਲਾਤੀਨੀ ਸ਼ਬਦ 'ਅਲੇਸ਼ੀਅਰ' (ਵਧਣਾ) ਤੋਂ ਮਿਲ ਕੇ ਬਣਿਆ ਹੈ। ਇਕ ਗੱਠਜੋੜ ਦੀ ਸਫ਼ਲਤਾ ਇਸ ਗੱਲ ਤੋਂ ਮਾਪੀ ਜਾਵੇਗੀ ਕਿ ਹਿੱਸੇਦਾਰ ਧਿਰਾਂ ਨੂੰ ਇਸ ਤੋਂ ਕਿਵੇਂ ਫ਼ਾਇਦਾ ਹੋ ਰਿਹਾ ਹੈ। ਅਰਥ ਸ਼ਾਸਤਰ ਦੇ ਖੇਤਰ 'ਚ ਲਗਾਤਾਰ ਖੋਜ ਹੋ ਰਹੀ ਹੈ, ਖ਼ਾਸ ਤੌਰ 'ਤੇ ਗੇਮ ਥਿਊਰੀ ਦੇ ਖੇਤਰ ਵਿਚ ਗੱਠਜੋੜ ਬਣਾਉਣ 'ਤੇ। ਇਸ ਪ੍ਰਕਿਰਿਆ ਵਿਚ ਇਕ ਜਾਂ ਇਕ ਤੋਂ ਵੱਧ 'ਗੱਠਜੋੜ' ਇਕ ਸਮੂਹ ਵਜੋਂ ਫ਼ੈਸਲੇ ਲੈਣ ਲਈ ਇਕੱਠੇ ਹੁੰਦੇ ਹਨ। ਖਿਡਾਰੀ ਗੱਠਜੋੜ ਬਣਾਉਂਦੇ ਹਨ, ਮਗਰੋਂ ਤੋੜ ਦਿੰਦੇ ਹਨ ਤੇ ਕਈ ਵਾਰ ਧੜੇ ਬਦਲਦਿਆਂ ਇਨ੍ਹਾਂ ਗੱਠਜੋੜਾਂ ਨੂੰ ਹੀ ਦੁਬਾਰਾ ਵੀ ਕਾਇਮ ਕਰ ਲੈਂਦੇ ਹਨ, ਸਮੇਂ ਮੁਤਾਬਿਕ ਗੱਠਜੋੜ ਦੇ ਢਾਂਚੇ ਦੇ ਆਧਾਰ 'ਤੇ ਨਾਲ-ਨਾਲ ਇਨ੍ਹਾਂ ਨੂੰ 'ਭੁਗਤਾਨ' ਵੀ ਹੁੰਦਾ ਜਾਂਦਾ ਹੈ। ਇਸ ਵਿਚ ਸਾਂਝ ਖ਼ਿਆਲੀ ਦਾ ਸਿਧਾਂਤ (ਗੇਮ ਥਿਊਰੀ) ਤੇ ਸਹਿਯੋਗ ਰਹਿਤ ਖ਼ਰੀਦੋ-ਫਰੋਖ਼ਤ ਵਾਲਾ ਮਾਡਲ ਦੋਵੇਂ ਲਾਗੂ ਹੁੰਦੇ ਹਨ।

ਚੋਣਾਂ ਤੋਂ ਪਹਿਲਾਂ ਬਣਦੇ ਗੱਠਜੋੜਾਂ ਦੇ ਵੱਖ-ਵੱਖ ਦੇਸ਼ਾਂ 'ਚ ਪੈਣ ਵਾਲੀਆਂ ਵੋਟਾਂ ਉੱਤੇ ਪੈਂਦੇ ਅਸਰਾਂ ਨੂੰ ਸਮਝਣ ਲਈ ਕਈ ਅਧਿਐਨ ਕਰਵਾਏ ਗਏ ਹਨ। 2020 ਦਾ ਇਕ ਖੋਜ ਪੱਤਰ ਜਿਸ ਦਾ ਸਿਰਲੇਖ ਸੀ, 'ਗੱਠਜੋੜ ਕਿਵੇਂ ਵੋਟ ਪਾਉਣ ਨਾਲ ਸਬੰਧਿਤ ਰਵੱਈਏ ਨੂੰ ਪ੍ਰਭਾਵਿਤ ਕਰਦੇ ਹਨ?' ਗੱਠਜੋੜ ਬਣਨ ਦੀਆਂ ਸੰਭਾਵਨਾਵਾਂ ਦੀ ਵਿਚਕਾਰਲੀ ਭੂਮਿਕਾ ਦਾ ਖ਼ੁਲਾਸਾ' ਵਿਚ ਸਵੀਡਨ ਦੀਆਂ 2018 ਦੀਆਂ ਆਮ ਚੋਣਾਂ ਦੌਰਾਨ ਕੀਤੇ ਗਏ ਸਰਵੇਖਣ ਦਾ ਹਵਾਲਾ ਦਿੱਤਾ ਗਿਆ ਸੀ। ਇਹ ਖੋਜ ਪੱਤਰ 'ਇਲੈਕਟੋਰਲ ਸਟੱਡੀਜ਼' ਨਾਂ ਦੇ ਰਸਾਲੇ ਵਿਚ ਪ੍ਰਕਾਸ਼ਿਤ ਹੋਇਆ ਸੀ। 'ਨੇਚਰ' ਵਿਚ ਹਾਲ ਹੀ 'ਚ ਪ੍ਰਕਾਸ਼ਿਤ ਹੋਏ ਖੋਜ ਪੱਤਰ 'ਬਲੈਕ-ਸਕੋਲਜ਼ ਦੇ ਦ੍ਰਿਸ਼ਟੀਕੋਣ ਨਾਲ ਚੋਣਾਂ ਤੋਂ ਪਹਿਲਾਂ ਹੁੰਦੇ ਗੱਠਜੋੜ ਸਮਝੌਤੇ' ਮੁਤਾਬਿਕ, ਸਿਆਸੀ ਪਾਰਟੀਆਂ ਨੂੰ ਕੰਪਨੀਆਂ ਮੰਨਿਆ ਜਾ ਸਕਦਾ ਹੈ ਜਿਨ੍ਹਾਂ ਦੀ ਕੀਮਤ ਪਾਰਟੀ ਨੂੰ ਸਮਰਥਨ ਦਿੰਦੀ ਆਬਾਦੀ ਦੀ ਫ਼ੀਸਦ 'ਤੇ ਨਿਰਭਰ ਕਰਦੀ ਹੈ। ਇਸ ਪ੍ਰਕਿਰਿਆ ਨੂੰ ਸਮਝਾਉਣ ਲਈ ਯੂਨੀਵਰਸਿਟੀ ਆਫ ਵੀਏਨਾ ਦੇ ਡੀ. ਮਿਤਰੋਵਿਚ ਨੇ 'ਆਪਸ਼ਨ' ਮਾਡਲਿੰਗ ਦਾ ਹਵਾਲਾ ਦਿੱਤਾ ਹੈ ਜਿੱਥੇ ਸ਼ੇਅਰਾਂ ਦੀਆਂ ਕੀਮਤਾਂ ਬਿਲਕੁਲ ਵੋਟਰਾਂ ਦੀ ਹਮਾਇਤ ਵਾਂਗ ਉਪਰ-ਥੱਲੇ ਹੁੰਦੀਆਂ ਹਨ। ਮੌਂਟੇਨੀਗਰੋ 'ਚ ਜੂਨ 2023 ਦੀਆਂ ਚੋਣਾਂ ਨੂੰ ਇਸ ਮਾਡਲ ਦੇ ਹਿਸਾਬ ਨਾਲ ਬਿਆਨ ਕੀਤਾ ਗਿਆ। ਭਾਰਤ ਵਿਚ ਹਾਲਾਂਕਿ ਸਥਿਤੀਆਂ ਵੱਖਰੀਆਂ ਹੋ ਸਕਦੀਆਂ ਹਨ। ਜਦ ਚੋਣਾਂ ਦਾ ਸਮਾਂ ਆਉਂਦਾ ਹੈ, ਮੋਹਰੀ ਕੌਮੀ ਪਾਰਟੀਆਂ ਹਰ ਵਾਰ ਦੀ ਤਰ੍ਹਾਂ ਚੋਣ ਗਣਿਤ ਦਾ ਵਿਸ਼ਲੇਖਣ ਅੰਦਾਜ਼ 'ਚ ਹਿਸਾਬ-ਕਿਤਾਬ ਲਾਉਂਦੀਆਂ ਹਨ ਤਾਂ ਕਿ ਜਿੱਤਣ ਵਾਲਾ ਗੱਠਜੋੜ ਬਣ ਸਕੇ। ਰਣਨੀਤੀਕਾਰਾਂ ਦੀ ਪਹੁੰਚ ਸ਼ਾਇਦ ਵੱਖ-ਵੱਖ ਹੋ ਸਕਦੀ ਹੈ ਤੇ ਅਕਸਰ ਲੋਕ ਇਸ ਤੋਂ ਅਣਜਾਣ ਹੁੰਦੇ ਹਨ।

ਆਮ ਤੌਰ 'ਤੇ ਇਕ ਵਿਅਕਤੀ ਕਿਵੇਂ ਸਮਝੇਗਾ ਕਿ ਗੱਠਜੋੜ ਅਸਰਦਾਰ ਹੋਵੇਗਾ? ਇਹ ਸੌਖਾ ਨਹੀਂ ਹੈ। ਮੰਨ ਲਓ ਕਿ ਪੰਜ ਸਿਆਸੀ ਧਿਰਾਂ- ਪੀ., ਕਿਊ., ਆਰ., ਐੱਸ. ਤੇ ਟੀ. ਇਕ ਹਲਕੇ ਵਿਚ ਮੁਕਾਬਲਾ ਕਰ ਰਹੀਆਂ ਹਨ। ਪੈਣ ਵਾਲੀਆਂ ਵੋਟਾਂ ਵਿਚ ਇਨ੍ਹਾਂ ਦਾ ਸੰਭਾਵੀ ਹਿੱਸਾ 33 ਪ੍ਰਤੀਸ਼ਤ, 26 ਪ੍ਰਤੀਸ਼ਤ, ਸੱਤ ਪ੍ਰਤੀਸ਼ਤ, 23 ਪ੍ਰਤੀਸ਼ਤ ਤੇ 11 ਪ੍ਰਤੀਸ਼ਤ ਹੈ। ਗੱਠਜੋੜ ਨਾ ਹੋਣ ਦੀ ਸੂਰਤ ਵਿਚ, 'ਪੀ.' ਦਾ ਅਸਾਨੀ ਨਾਲ ਜਿੱਤਣਾ ਤੈਅ ਹੈ। ਚਲੋ ਹੁਣ ਮੰਨ ਲੈਂਦੇ ਹਾਂ ਕਿ 'ਕਿਊ.' ਤੇ 'ਆਰ.' ਦਾ ਗੱਠਜੋੜ ਹੋ ਗਿਆ। ਜੇ ਇਨ੍ਹਾਂ ਦੀਆਂ ਵੋਟਾਂ ਦਾ ਜੋੜ ਕੀਤਾ ਜਾਵੇ ਤਾਂ ਇਹ 'ਪੀ.' ਅਤੇ 'ਕਿਊ.+ਆਰ.' ਵਿਚਾਲੇ ਕਰੜਾ ਮੁਕਾਬਲਾ ਬਣ ਜਾਵੇਗਾ। ਹਾਲਾਂਕਿ ਗੱਠਜੋੜ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਵੋਟਾਂ ਸਿੱਧੇ ਤੌਰ 'ਤੇ ਜਮ੍ਹਾਂ ਹੋ ਜਾਣਗੀਆਂ। ਗੱਠਜੋੜ ਕੁਝ ਵੋਟਰਾਂ ਨੂੰ ਨਾਪਸੰਦ ਵੀ ਹੋ ਸਕਦਾ ਹੈ। ਉਦਾਹਰਨ ਵਜੋਂ 'ਕਿਊ.' ਦੇ ਕੁਝ ਸਮਰਥਕ ਸ਼ਾਇਦ ਆਪਣੇ ਹਲਕੇ ਵਿਚ ਖੜ੍ਹੇ 'ਆਰ.' ਦੇ ਉਮੀਦਵਾਰ ਨੂੰ ਵੋਟ ਨਾ ਪਾਉਣਾ ਚਾਹੁਣ, ਜਾਂ ਉਲਟ ਵੀ ਹੋ ਸਕਦਾ ਹੈ। ਇਸ ਨਾਲ 'ਕਿਊ.+ਆਰ.' ਦਾ ਕੁੱਲ ਵੋਟ ਫ਼ੀਸਦ 'ਪੀ.' ਦੇ ਵੋਟ ਫ਼ੀਸਦ ਤੋਂ ਕਾਫ਼ੀ ਘੱਟ ਸਕਦਾ ਹੈ। ਇੱਥੇ ਫੇਰ, 'ਐੱਸ.' ਜਾਂ 'ਟੀ.' ਦੇ ਕੁਝ ਫ਼ੀਸਦ ਵੋਟਰ 'ਰਣਨੀਤਕ ਵੋਟਾਂ' ਦੇ ਰੂਪ ਵਿਚ 'ਪੀ.' ਦੇ ਹੱਕ ਵਿਚ ਭੁਗਤ ਸਕਦੇ ਹਨ ਜਿਸ ਨਾਲ 'ਪੀ.' ਦੇ ਜੇਤੂ ਰਹਿਣ ਦੀ ਸੰਭਾਵਨਾ ਵਧੇਗੀ। ਯਾਦ ਰੱਖਣਾ ਚਾਹੀਦਾ ਹੈ ਕਿ ਕਈ ਵਾਰ, ਗੱਠਜੋੜ ਸ਼ਾਇਦ ਨਾ ਕਰਨਾ ਹੀ ਬਿਹਤਰ ਹੋਵੇਗਾ।

ਇਸ ਤੋਂ ਉਲਟ ਵੋਟਰ ਇਕ-ਦੂਜੇ ਦੇ ਮਗਰ ਲੱਗ ਕੇ ਵੀ ਮਤਦਾਨ ਕਰ ਸਕਦੇ ਹਨ ਜਾਂ 'ਕਿਊ.+ਆਰ.' ਗੱਠਜੋੜ ਲਈ ਸਮਰਥਨ ਦੀ ਲਹਿਰ ਵੀ ਚੱਲ ਸਕਦੀ ਹੈ ਜਿਸ ਨਾਲ ਗੁੱਟ ਨੂੰ ਮਹੱਤਵਪੂਰਨ ਜਿੱਤ ਹਾਸਿਲ ਹੋ ਸਕਦੀ ਹੈ। ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਗੱਠਜੋੜ ਕਿਵੇਂ ਚੁਣਾਵੀ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ ਹਾਲਾਂਕਿ ਇਹ ਕਾਫ਼ੀ ਮੁਸ਼ਕਿਲ ਹੈ। ਇਸ ਲਈ, 'ਕਿਊ.+ਆਰ.' ਗੱਠਜੋੜ ਦੀਆਂ ਸੀਟਾਂ ਦੀ ਗਿਣਤੀ ਦਾ ਅੰਦਾਜ਼ਾ ਲਾ ਕੇ ਤੇ ਗੱਠਜੋੜ ਤੋਂ ਬਿਨਾਂ ਉਹ ਕਿੰਨੀਆਂ ਸੀਟਾਂ ਜਿੱਤ ਸਕਦੇ ਹਨ, ਇਸ ਗੱਲ ਦਾ ਅੰਦਾਜ਼ਾ ਲਾ ਕੇ ਗੱਠਜੋੜ ਦੀ ਸਫ਼ਲਤਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਇਸ ਗੱਲ ਦਾ ਅੰਦਾਜ਼ਾ ਲਾਉਣਾ ਵੀ ਸੰਭਵ ਹੈ ਕਿ ਇਕ ਗੱਠਜੋੜ, ਵਿਰੋਧੀ ਪਾਰਟੀਆਂ ਵੱਲੋਂ ਜਿੱਤੀਆਂ ਸੀਟਾਂ 'ਤੇ ਕਿਵੇਂ ਅਸਰ ਪਾਏਗਾ। ਅਜਿਹੇ ਗੁੰਝਲਦਾਰ ਢਾਂਚੇ 'ਚ ਡੂੰਘਾਈ ਨਾਲ ਕੀਤੇ ਵਿਸ਼ਲੇਸ਼ਣ ਦੇ ਕਈ ਲੁਕਵੇਂ ਪਰ ਵੱਡੇ ਸਿਆਸੀ ਲਾਭ ਹੋ ਸਕਦੇ ਹਨ। ਬੇਸ਼ੱਕ, ਸਿਆਸੀ ਪਾਰਟੀਆਂ ਆਪਣੀਆਂ ਚਾਲਾਂ ਨੂੰ ਅੰਤਿਮ ਰੂਪ ਦੇਣ ਲਈ ਇਸ ਤਰ੍ਹਾਂ ਦੇ ਮੁਲਾਂਕਣ ਕਰਦੀਆਂ ਹਨ। ਫਿਰ ਵੀ ਇਹ ਗੁੰਝਲਦਾਰ ਵਿਸ਼ਾ ਹੈ ਕਿ ਕਿਵੇਂ ਸਿਆਸੀ ਧਿਰਾਂ ਆਮ ਤੌਰ 'ਤੇ ਆਪਣੇ ਮੰਤਵਾਂ ਦੀ ਪੂਰਤੀ ਲਈ ਵੱਖ-ਵੱਖ ਤਰ੍ਹਾਂ ਦੀਆਂ ਸਥਿਤੀਆਂ 'ਚ ਸਭ ਤੋਂ ਵਧੀਆ ਅਨੁਮਾਨ ਲਾਉਂਦੀਆਂ ਹਨ। ਇਸ ਦਾ ਸਾਫ਼-ਸਪੱਸ਼ਟ ਉੱਤਰ ਹੈ ਕਿ ਸ਼ਾਇਦ ਬਹੁਤ ਧਿਆਨ ਨਾਲ ਕਰਵਾਏ ਸਰਵੇਖਣ, ਉਪਲਬਧ ਅੰਕੜਿਆਂ ਅਤੇ ਜਾਣਕਾਰੀਆਂ ਦੀ ਸੁਚੱਜੀ ਵਰਤੋਂ ਤੇ ਵਿਸ਼ਲੇਸ਼ਣ ਇਸ ਮਾਮਲੇ ਵਿਚ ਸਹਾਈ ਹੁੰਦੇ ਹਨ ਪਰ ਇਸ ਤਰ੍ਹਾਂ ਦੀ ਪ੍ਰਕਿਰਿਆ ਨੂੰ ਅਸਰਦਾਰ ਬਣਾਉਣ ਲਈ ਅੰਕੜਾ ਤੇ ਰਾਜਨੀਤਕ ਮਾਹਿਰਾਂ ਦੀ ਵਿਸ਼ੇਸ਼ ਲੋੜ ਹੁੰਦੀ ਹੈ।

# ਕੀ ਪੰਜਾਬ ਆਬਕਾਰੀ ਨੀਤੀ 2024-25 ਲੋਕਾਂ ਲਈ ਲਾਭਵੰਦ ਹੋਵੇਗੀ?

ਅੱਜ ਤੋਂ ਕੁੱਝ ਸਮਾਂ ਪਹਿਲਾਂ ਸੂਬਿਆਂ ਦੀਆਂ ਸਰਕਾਰਾਂ ਆਬਕਾਰੀ ਨਿਲਾਮੀ ਨੂੰ ਵਿਆਹ ਵਾਂਗ ਮਾਣਦੀਆਂ ਸਨ ਕਿਉਂਕਿ ਰਾਜਾਂ ਦੀਆਂ ਸਰਕਾਰਾਂ ਲਈ ਹਰ ਸਾਲ ਆਬਕਾਰੀ ਨੀਤੀ ਨੂੰ ਨਵਿਆਉਣਾ ਦਿਲਚਸਪ ਘਟਨਾਕ੍ਰਮ ਹੁੰਦਾ ਸੀ। ਇਸ ਨਾਲ ਸਰਕਾਰ ਦਾ ਖ਼ਜ਼ਾਨਾ ਭਰਪੂਰ ਹੋ ਜਾਂਦਾ ਹੈ। ਸਰਕਾਰ ਦੇ ਅੜੇ-ਥੁੜੇ ਕੰਮ ਚੱਲ ਪੈਂਦੇ ਹਨ। ਪੰਜਾਬ ਵਿਚ 'ਆਪ' ਸਰਕਾਰ ਨੇ ਚੱਲ ਰਹੇ ਸਾਲ ਲਈ ਆਪਣੀ ਆਬਕਾਰੀ ਨੀਤੀ 2024-25 ਲੋਕਾਂ ਦੀ ਅਦਾਲਤ ਵਿਚ ਪੇਸ਼ ਕੀਤੀ ਹੈ। ਆਬਕਾਰੀ ਰਾਜ ਸਰਕਾਰਾਂ ਦੀ ਆਮਦਨ ਦੇ ਮੁੱਖ ਸੋਮਿਆਂ ਵਿਚੋਂ ਇਕ ਮੰਨਿਆ ਗਿਆ ਹੈ। ਜਿਸ ਦੀ ਆਮਦਨ ਸਿੱਧੀ ਰਾਜ ਸਰਕਾਰ ਦੇ ਖ਼ਜ਼ਾਨੇ ਵਿਚ ਆਉਂਦੀ ਹੈ, ਜੀ.ਐਸ.ਟੀ. ਦੇ

ਰਵਿੰਦਰ ਚੋਟ
ਫੋਨ-98726-73703

ਮਾਲੀਏ ਵਾਂਗ ਕੇਂਦਰ ਸਰਕਾਰ ਵਲੋਂ ਘੁੰਮ ਕੇ ਨਹੀਂ ਆਉਂਦੀ। ਕੁਝ ਸਾਲ ਪਹਿਲਾਂ ਸ਼ਰਾਬ ਦੇ ਠੇਕੇ ਖੁੱਲ੍ਹੀ ਬੋਲੀ ਰਾਹੀਂ ਵੇਚੇ ਜਾਂਦੇ ਸਨ। ਇਸ ਸਿਸਟਮ ਦੀਆਂ ਕੁਝ ਕਮੀਆਂ ਵੇਖਦਿਆਂ ਸਰਕਾਰ ਨੇ ਇਸ ਵਿਚ ਸੁਧਾਰ ਕਰਨ ਲਈ ਠੇਕੇਦਾਰਾਂ ਤੋਂ ਅਰਜ਼ੀਆਂ ਲੈ ਕੇ ਲਾਟਰੀ ਡਰਾਅ ਰਾਹੀਂ ਵੇਚਣੇ ਸ਼ੁਰੂ ਕਰ ਦਿੱਤੇ ਸਨ। ਪਿਛਲੇ ਤੋਂ ਪਿਛਲੇ ਸਾਲ (2022-23) ਦੌਰਾਨ ਟੈਂਡਰਾਂ ਰਾਹੀ ਠੇਕੇ ਵੇਚਣ ਦਾ ਤਜਰਬਾ ਕੀਤਾ ਗਿਆ ਅਤੇ ਸਾਲ (2023-24) ਦੀ ਆਬਕਾਰੀ ਨੀਤੀ ਮੁਤਾਬਕ ਠੇਕੇਦਾਰਾਂ ਨੇ ਸਰਕਾਰ ਵੱਲੋਂ ਮਿੱਥੀ ਕੁਝ ਵਾਧੂ ਲਾਇਸੈਂਸ ਫੀਸ ਭਰ ਕੇ ਠੇਕਿਆਂ ਦਾ ਨਵੀਨੀਕਰਨ ਕਰਵਾ ਲਿਆ ਸੀ। ਨਵੀਨੀਕਰਨ ਲਈ ਮਿੱਥੀ ਗਈ ਲਾਇਸੈਂਸ ਫੀਸ ਦਾ 0.6 ਫੀਸਦੀ ਅਰਜ਼ੀ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਪਿਆ। ਜਦਕਿ ਆਬਕਾਰੀ ਨੀਤੀ ਬਣਾਉਣ ਵੇਲੇ ਚਾਰ ਧਿਰਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਪਹਿਲੀ ਸ਼ਰਾਬ ਬਣਾਉਣ ਵਾਲਿਆਂ (ਫੈਕਟਰੀਆਂ) ਦੀ ਜਾਇਜ਼ ਕਮਾਈ ਹੋਵੇ। ਦੂਸਰਾ ਠੇਕੇਦਾਰ ਜਿਸ ਨੇ ਫੈਕਟਰੀ ਤੋਂ ਲਿਆ ਕੇ ਸ਼ਰਾਬ ਵੇਚਣੀ ਹੈ, ਤੀਸਰਾ ਪਬਲਿਕ ਜਿਸ ਨੇ ਸ਼ਰਾਬ ਖਰੀਦ ਕੇ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਇਸ ਦੀ ਵਰਤੋਂ ਕਰਨੀ ਹੈ। ਇਹ ਫੈਕਟਰ ਸਭ ਤੋਂ ਮਹੱਤਵਪੂਰਨ ਹੈ। ਅਖੀਰ 'ਤੇ ਸਰਕਾਰ ਨੇ ਆਪਣੇ ਰੈਵੇਨਿਊ ਦਾ ਧਿਆਨ ਕਰਨਾ ਹੁੰਦਾ ਹੈ। ਆਬਕਾਰੀ ਨੀਤੀ ਉਹੀ ਸਫਲ ਹੁੰਦੀ ਹੈ ਜਿਸ ਵਿਚ ਇਨ੍ਹਾਂ ਚਾਰਾਂ ਫੈਕਟਰਾਂ ਦਾ ਧਿਆਨ ਰੱਖਿਆ ਗਿਆ ਹੋਵੇ। ਲੋਕਾਂ ਦੀ ਸਿਹਤ ਨੂੰ ਨਜ਼ਰ-ਅੰਦਾਜ਼ ਕਰ ਕੇ ਸਰਕਾਰਾਂ ਹਰ ਸਾਲ ਆਪਣਾ ਰੈਵੇਨਿਊ ਵਧਾਉਣ ਲਈ ਸ਼ਰਾਬ ਦੇ ਕੋਟੇ ਵਿਚ ਲਗਾਤਾਰ ਵਾਧਾ ਕਰਦੀਆਂ ਆਈਆਂ ਹਨ। ਪਿਛਲੇ ਸਾਲ ਅੰਗਰੇਜ਼ੀ ਸ਼ਰਾਬ ਦਾ ਕੋਟਾ ਖੁੱਲ੍ਹਾ ਰੱਖਿਆ ਗਿਆ ਸੀ ਅਤੇ ਇਸ ਸਾਲ ਵੀ ਅੰਗਰੇਜ਼ੀ ਸ਼ਰਾਬ, ਬੀਅਰ ਦਾ ਕੋਟਾ ਖੁੱਲ੍ਹਾ ਰੱਖਿਆ ਗਿਆ ਹੈ। ਠੇਕੇਦਾਰ ਵਧੀ ਵਿਕਰੀ ਮੁਤਾਬਕ ਵੱਧ ਸ਼ਰਾਬ ਦਾ ਕੋਟਾ ਚੁੱਕ ਸਕਦਾ ਹੈ। ਖੁੱਲ੍ਹੇ ਕੋਟੇ ਵਿਚ ਸ਼ਰਾਬ ਦੀ ਚੋਰ-ਬਾਜ਼ਾਰੀ ਦੀ ਵੀ ਸੰਭਾਵਨਾ ਬਣ ਸਕਦੀ ਹੈ। ਇਸ ਲਈ ਕੋਟਾ ਭਾਵੇਂ ਖੁੱਲ੍ਹਾ ਹੈ ਪਰ ਉੱਚ ਅਧਿਕਾਰੀ ਇਸ ਗੱਲ ਦਾ ਧਿਆਨ ਰੱਖਣਗੇ ਕਿ ਕੋਈ ਠੇਕੇਦਾਰ ਇਸ ਖੁੱਲ੍ਹ ਦਾ ਨਾਜਾਇਜ਼ ਵਰਤੋਂ ਨਾ ਕਰੇ। ਉੱਚ ਅਫ਼ਸਰ ਇਸ ਦੀ ਮਹੀਨਾਵਾਰ ਨਜ਼ਰਸਾਨੀ ਕਰਨਗੇ ਕਿ ਕੋਈ ਠੇਕੇਦਾਰ ਵਾਧੂ ਕੋਟਾ ਚੁੱਕ ਕੇ ਕਿਤੇ ਦੋ ਨੰਬਰ ਵਿਚ ਤਾਂ ਨਹੀਂ ਵੇਚ ਰਿਹਾ। ਪਿਛਲੇ ਕੁੱਝ ਸਾਲਾਂ ਦੀਆਂ ਆਬਕਾਰੀ ਨੀਤੀਆਂ 'ਤੇ ਨਜ਼ਰ ਮਾਰ ਕੇ ਅਸੀਂ ਇਸ ਸਾਲ ਦੀ ਨੀਤੀ 'ਤੇ ਵਿਚਾਰ ਕਰ ਸਕਦੇ ਹਾਂ। ਪਰ ਦੇਸੀ ਸ਼ਰਾਬ ਦਾ ਕੋਟਾ ਖੁੱਲ੍ਹਾ ਨਹੀਂ ਰੱਖਿਆ ਗਿਆ। ਦੇਸੀ ਸ਼ਰਾਬ ਦਾ ਸਾਲਾਨਾ ਕੋਟਾ ਪਿਛਲੇ ਸਾਲ ਨਾਲੋਂ 3% ਵਧਾਇਆ ਗਿਆ ਹੈ। ਇਹ ਪਿਛਲੇ ਸਾਲ 8045 ਕਰੋੜ ਪਰੂਫ ਲਿਟਰ ਸੀ ਇਸ ਸਾਲ ਵਧਾ ਕੇ 8286 ਕਰੋੜ ਪਰੂਫ ਲਿਟਰ ਕਰ ਦਿੱਤਾ ਗਿਆ ਹੈ, ਜਿਹੜਾ ਠੇਕਿਆਂ ਨੂੰ ਵੰਡਿਆ ਜਾਵੇਗਾ।

ਜੇਕਰ ਅਸੀਂ ਪਿਛਲੇ ਕੁੱਝ ਸਾਲਾਂ ਦੀ ਆਬਕਾਰੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਾਲ 2014-15 ਵਿਚ 4550.64 ਕਰੋੜ ਦਾ ਟੀਚਾ ਰੱਖਿਆ ਗਿਆ, ਜਿਹੜਾ ਇਸ ਤੋਂ ਪਹਿਲੇ ਸਾਲ ਨਾਲੋਂ 550.86 ਕਰੋੜ ਵੱਧ ਸੀ। ਸਾਲ 2015-16 ਵਿਚ ਆਮਦਨ ਦਾ ਟੀਚਾ 4843.73 ਕਰੋੜ ਰੁਪਏ ਰੱਖਿਆ ਗਿਆ, ਜਿਹੜਾ ਉਸ ਤੋਂ ਪਿਛਲੇ ਸਾਲ ਨਾਲੋਂ 292.82 ਕਰੋੜ ਵੱਧ ਸੀ। ਸਾਲ 2016-17 ਵਿਚ ਵਧੀਆ ਗੱਲ ਕਰਦੇ ਹੋਏ ਪਿਛਲੇ ਸਾਲ ਨਾਲੋਂ 437.73 ਕਰੋੜ ਘਟਾ ਕੇ ਟੀਚਾ 4405.69 ਰੱਖਿਆ ਗਿਆ। ਇਸ ਸਾਲ ਸਿਆਣੇ ਲੋਕਾਂ ਨੂੰ ਖੁਸ਼ੀ ਹੋਈ ਕਿ ਲੋਕਾਂ ਦੀ ਸਿਹਤ ਦਾ ਧਿਆਨ ਕਰਦਿਆਂ ਸਰਕਾਰ ਨੇ ਆਪਣਾ ਸ਼ਰਾਬ ਦਾ ਮਾਲੀਆ ਘਟਾ ਕੇ ਚੰਗੀ ਪਿਰਤ ਪਾਈ ਹੈ। ਪਰ ਇਸ ਤੋਂ ਅਗਲੇ ਸਾਲ 5135.69 ਟੀਚਾ ਰੱਖਦੇ ਹੋਏ ਮਾਲੀਏ ਵਿਚ ਵਾਧਾ 729.96 ਕਰ ਦਿੱਤਾ। ਉਸ ਤੋਂ ਅਗਲੇ ਸਾਲ ਵਾਧਾ ਸਿਰਫ 20.10 ਕਰੋੜ ਦਾ ਹੀ ਕੀਤਾ ਗਿਆ ਤੇ ਟੀਚਾ 5155.79 ਕਰੋੜ ਦਾ ਰੱਖਿਆ ਗਿਆ। ਫਿਰ ਸਾਲ 2019-20 ਵਿਚ ਮਾਲੀਏ ਵਿਚ 38.17 ਕਰੋੜ ਘੱਟ ਕਰ ਕੇ ਟੀਚਾ 5117.73 ਕਰੋੜ ਦਾ ਰੱਖ ਦਿੱਤਾ ਗਿਆ। ਸਾਲ 2020-21 ਲਈ ਮਾਲੀਏ ਵਿਚ 1217.44 ਕਰੋੜ ਦਾ ਵਾਧਾ ਕਰ ਕੇ ਸ਼ਰਾਬ ਤੋਂ ਆਮਦਨ ਦਾ ਟੀਚਾ 6335.17 ਕਰੋੜ ਰੁਪਏ ਰੱਖਿਆ ਗਿਆ ਸੀ। ਫਿਰ ਸੰਨ 2021-22 ਵਿਚ ਆਬਕਾਰੀ ਮਾਲੀਆ 80.33 ਕਰੋੜ ਘਟਾ ਕੇ ਟੀਚਾ 6254.74 ਕਰੋੜ ਦਾ ਰੱਖਿਆ ਗਿਆ ਸੀ ਤੇ ਅਗਲੇ ਸਾਲ 2022-23 ਲਈ (ਸਿਰਫ 9 ਮਹੀਨਿਆਂ ਲਈ) ਮਾਲੀਏ ਦਾ ਟੀਚਾ 2641.26 ਕਰੋੜ ਵਧਾ ਕੇ ਮਾਲੀਏ ਦਾ ਟੀਚਾ 8896 ਕਰੋੜ ਕੀਤਾ ਗਿਆ ਸੀ। ਸਾਲ 2023-24 ਲਈ ਇਹ ਟੀਚਾ ਆਬਕਾਰੀ ਤੋਂ 9524 ਕਰੋੜ ਮਾਲੀਆ ਆਉਣ ਦੀ ਆਸ ਬੰਨ੍ਹਾਈ ਗਈ ਸੀ। ਇਸ ਸਾਲ 2024-25 ਲਈ ਆਬਕਾਰੀ ਆਮਦਨ ਦਾ ਟੀਚਾ 10145.95 ਕਰੋੜ ਰੱਖਿਆ ਹੈ। ਭਾਵੇਂ ਪਿਛਲੇ ਕਈ ਸਾਲਾਂ ਵਿਚ ਉਗਰਾਹੀ ਦੇ ਇਹ ਟੀਚੇ ਪੂਰੇ ਨਹੀਂ ਹੁੰਦੇ ਰਹੇ ਪਰ ਮਨੁੱਖੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਅੰਕੜੇ ਵਿਚਾਰਨ ਯੋਗ ਹਨ। ਉਪਰੋਕਤ ਅੰਕੜਿਆਂ ਨੂੰ ਵੇਖ ਕੇ ਇੰਜ ਲਗਦਾ ਹੈ ਕਿ ਨਸ਼ਿਆਂ ਨੂੰ ਰੋਕਣ ਦੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਦੀਆਂ ਸਰਕਾਰਾਂ ਵੀ ਸਰਕਾਰ ਚਲਾਉਣ ਲਈ ਮਨੁੱਖੀ ਸਿਹਤ ਨੂੰ ਅੱਖੋਂ-ਪਰੋਖੇ ਕਰ ਕੇ ਹਰ ਸਾਲ ਪੰਜਾਬ ਦੇ ਲੋਕਾਂ ਨੂੰ ਹਜ਼ਾਰਾਂ ਕਰੋੜ ਦੀ ਸ਼ਰਾਬ ਪਿਛਲੇ ਸਾਲ ਨਾਲੋਂ ਵਧਾ ਕੇ ਪੇਸ਼ ਕਰਦੀਆਂ ਹਨ। ਇਹ ਹਾਲ ਸਿਰਫ ਪੰਜਾਬ ਦਾ ਹੀ ਨਹੀਂ ਸਗੋਂ ਬਾਕੀ ਸੂਬੇ ਵੀ ਇਸੇ ਤਰ੍ਹਾਂ ਕਰਦੇ ਹਨ। ਉਂਜ ਪਹਿਲਾਂ ਹੀ ਪੰਜਾਬ ਨੂੰ ਬਾਕੀ ਸੂਬਿਆਂ ਦੇ ਮੁਕਾਬਲੇ ਵੱਧ ਸ਼ਰਾਬ ਪੀਣ ਦਾ ਮਾਣ ਹਾਸਲ ਹੈ।

ਜੇਕਰ ਇਸ ਸਾਲ ਦੀ ਆਬਕਾਰੀ ਨੀਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਦੇਸੀ ਸ਼ਰਾਬ ਦਾ ਕੋਟਾ ਪਿਛਲੇ ਸਾਲ ਨਾਲੋਂ 3% ਵਧਾਇਆ ਗਿਆ ਹੈ। ਦੇਸੀ ਸ਼ਰਾਬ ਦਾ ਕੋਟਾ ਵਧਾਉਣਾ ਚੰਗਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਸਾਰਾ ਕੋਟਾ ਗਰੀਬ ਜਨਤਾ ਹੀ ਪੀਂਦੀ ਹੈ। ਪਹਿਲਾਂ ਦੇਸੀ ਸ਼ਰਾਬ 50 ਡਿਗਰੀ ਅਤੇ 65 ਡਿਗਰੀ ਵਿਚ ਹੀ ਮਿਲਦੀ ਸੀ, ਇਸ ਸਾਲ 40 ਡਿਗਰੀ ਵਿਚ ਵੀ ਦੇਸੀ ਸ਼ਰਾਬ ਮਿਲੇਗੀ। ਦੂਸਰੇ ਪਾਸੇ ਅੰਗਰੇਜ਼ੀ ਸ਼ਰਾਬ ਤੇ ਬੀਅਰ ਦੇ ਕੋਟੇ 'ਤੇ ਕੋਈ ਲਗਾਮ ਨਹੀਂ ਲਾਈ ਗਈ, ਕੋਟਾ ਖੁੱਲ੍ਹਾ ਹੈ ਠੇਕੇਦਾਰ ਜਿੰਨਾ ਮਰਜ਼ੀ ਕੋਟਾ ਚੁੱਕ ਸਕਦਾ ਹੈ। ਜੇਕਰ ਕਿਸੇ ਠੇਕੇਦਾਰ ਕੋਲ ਇਸ ਸਾਲ ਦਾ ਕੋਟਾ ਵਧ ਜਾਂਦਾ ਹੈ ਤਾਂ ਉਸਨੂੰ ਆਬਕਾਰੀ ਮਹਿਕਮੇ ਨੂੰ ਲਿਖਤੀ ਰੂਪ ਵਿਚ ਦੱਸਣਾ ਪਵੇਗਾ ਅਤੇ ਮਹਿਕਮੇ ਦੀ ਆਗਿਆ ਨਾਲ ਬਣਦੀ ਫੀਸ ਦੇ ਕੇ ਉਹ ਇਸ ਸਾਲ ਵਿਚ ਵੇਚਿਆ ਜਾ ਸਕਦਾ ਹੈ। ਇਸ ਸਾਲ ਦਾ ਕੋਟਾ ਮਹੀਨਾਵਾਰ 12 ਕਿਸ਼ਤਾਂ ਵਿਚ ਠੇਕੇਦਾਰ ਵਲੋਂ ਚੁਕਿਆ ਜਾਣਾ ਲਾਜ਼ਮੀ ਕੀਤਾ ਗਿਆ ਹੈ। ਇਸੇ ਤਰ੍ਹਾਂ ਠੇਕੇਦਾਰ 12 ਮਹੀਨਾਵਾਰ ਕਿਸ਼ਤਾਂ ਵਿਚ ਹਰ ਮਹੀਨੇ ਬਣਦੀ ਲਾਇਸੈਂਸ ਫੀਸ ਜਮ੍ਹਾਂ ਕਰਵਾਏਗਾ। ਜੇਕਰ ਉਹ 20 ਤਰੀਕ ਤਕ ਫੀਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦਾ ਲਾਇਸੈਂਸ ਰੱਦ ਹੋ ਸਕਦਾ ਹੈ।

ਇਸ ਸਮੇਂ ਪੰਜਾਬ ਵਿਚ 16 ਡਿਸਟਿਲਰੀਆਂ ਸ਼ਰਾਬ ਬਣਾ ਰਹੀਆਂ ਹਨ। ਡਿਸਟਿਲਰੀ ਦੀ ਸਾਲਾਨਾ ਲਾਇਸੈਂਸ ਫੀਸ ਪਿਛਲੇ ਸਾਲ 2.62 ਕਰੋੜ ਸੀ, ਜੋ ਇਸ ਸਾਲ 2.80 ਕਰੋੜ ਕਰ ਦਿੱਤੀ ਗਈ ਹੈ। ਬੀਅਰ ਬਣਾਉਣ ਲਈ 4 ਫੈਕਟਰੀਆਂ ਹਨ ਇਕ ਫੈਕਟਰੀ ਦੀ ਸਾਲਾਨਾ ਲਾਇਸੈਂਸ ਫੀਸ ਪਿਛਲੇ ਸਾਲ 1.57 ਕਰੋੜ ਸੀ ਇਸ ਸਾਲ 2 ਕਰੋੜ ਕਰ ਦਿੱਤੀ ਗਈ ਹੈ। 25 ਬੋਟਲਿੰਗ ਪਲਾਂਟ ਵੀ ਕੰਮ ਕਰ ਰਹੇ ਹਨ, ਜਿਨ੍ਹਾਂ ਦੀ ਫੀਸ ਵਧਾਈ ਗਈ ਹੈ। ਪਿਛਲੇ ਸਾਲ ਪੰਜਾਬ ਵਿਚ ਠੇਕਿਆਂ ਦੇ 169 ਗਰੁੱਪ ਬਣਾਏ ਗਏ ਸਨ। ਇਸ ਸਾਲ ਇਹ ਗਰੁੱਪ ਵਧਾ ਕੇ 236 ਕਰ ਦਿੱਤੇ ਗਏ ਹਨ। ਪਿਛਲੇ ਸਾਲ ਇਕ ਗਰੁੱਪ 30 ਕਰੋੜ ਦਾ ਸੀ ਅਤੇ ਇਸ ਸਾਲ ਇਕ ਗਰੁੱਪ 35 ਕਰੋੜ ਦਾ ਰੱਖਿਆ ਗਿਆ ਹੈ ਪਰ ਇਹ ਕੀਮਤ 15% ਤਕ ਵਧ ਵੀ ਸਕਦੀ ਹੈ ਅਤੇ ਘਟ ਵੀ ਸਕਦੀ ਹੈ। ਇਸ ਸਾਲ ਕੁਲ 6374 ਠੇਕੇ ਖੁੱਲ੍ਹਣ ਦੀ ਸੰਭਾਵਨਾ ਦੱਸੀ ਗਈ ਹੈ। ਜੇਕਰ ਇਨ੍ਹਾਂ ਨਾਲ ਖੁੱਲ੍ਹਣ ਵਾਲੇ ਸਬ-ਠੇਕਿਆਂ ਦੀ ਗਿਣਤੀ ਵੀ ਕਰ ਲਈ ਜਾਵੇ ਤਾਂ ਪੰਜਾਬ ਦੇ ਹਰ ਪਿੰਡ ਨੂੰ ਇਕ ਠੇਕਾ ਮਿਲ ਸਕਦਾ ਹੈ। ਇਹ ਠੇਕੇ ਕਿਸੇ ਵਿਦਿਅਕ ਅਦਾਰੇ ਜਾਂ ਧਾਰਮਿਕ ਸਥਾਨ ਤੋਂ ਸ਼ਹਿਰ ਵਿਚ ਘੱਟੋ-ਘੱਟ 50 ਮੀਟਰ ਦੂਰ ਹੋਣੇ ਚਾਹੀਦੇ ਹਨ ਅਤੇ ਪਿੰਡ ਵਿਚ 100 ਮੀਟਰ ਦੂਰ ਹੋਣੇ ਚਾਹੀਦੇ ਹਨ। ਆਬਕਾਰੀ ਮਹਿਕਮੇ ਦੀ ਆਗਿਆ ਨਾਲ ਸ਼ਹਿਰੀ ਇਕ ਗਰੁੱਪ ਨਾਲ ਪੰਜ ਸਬ- ਠੇਕੇ ਖੋਲ੍ਹੇ ਜਾ ਸਕਦੇ ਹਨ ਅਤੇ ਪੇਂਡੂ ਖੇਤਰ ਵਿਚ ਇਕ ਗਰੁੱਪ ਦਾ ਮਾਲਕ ਸੱਤ ਸਬ-ਠੇਕੇ ਖੋਲ੍ਹ ਸਕਦਾ ਹੈ ਪਰ ਇਨ੍ਹਾਂ ਦੀ ਵੱਖਰੀ ਫੀਸ ਜਮ੍ਹਾਂ ਕਰਵਾਉਣੀ ਪਵੇਗੀ। ਇਕ ਗਰੁੱਪ ਵਾਲਾ ਅਲਾਟ ਕੀਤੇ ਏਰੀਏ ਵਿਚ ਦੋ ਮਾਡਲ ਸ਼ਾਪਸ ਖੋਲ੍ਹ ਸਕਦਾ ਹੈ, ਜਿਹੜੀਆਂ ਕਿ ਡਿਪਾਰਟਮੈਂਟਲ ਸਟੋਰਾਂ ਵਿਚ ਖੋਲ੍ਹੀਆਂ ਜਾ ਸਕਦੀਆਂ ਹਨ ਪਰ ਇਹ ਕਿਸੇ ਵੀ ਠੇਕੇ ਤੋਂ 200 ਮੀਟਰ ਦੀ ਦੂਰੀ 'ਤੇ ਹੋਣੀਆਂ ਚਾਹੀਦੀਆਂ ਹਨ। ਕਾਰਪੋਰੇਸ਼ਨ ਏਰੀਏ ਵਿਚ ਇਸ ਦੀ ਫੀਸ 2 ਲੱਖ ਹੋਵੇਗੀ, ਮਿਉਂਸਿਪਲ ਏਰੀਏ ਵਿਚ ਇਕ ਲੱਖ ਅਤੇ ਪੇਂਡੂ ਏਰੀਏ ਵਿਚ 50000 ਹੋਵੇਗੀ। ਹਰ ਸਾਲ ਵਾਂਗ ਇਸ ਸਾਲ ਵੀ ਠੇਕੇਦਾਰਾਂ ਲਈ ਕੁਝ ਹਦਾਇਤਾਂ ਦਿੱਤੀਆਂ ਗਈਆਂ ਹਨ ਜਿਵੇਂ ਕਿ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 29 ਮੁਤਾਬਕ ਕੋਈ ਠੇਕੇਦਾਰ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸ਼ਰਾਬ ਨਹੀਂ ਵੇਚੇਗਾ। ਇਸੇ ਐਕਟ ਦੀ ਧਾਰਾ 30 ਮੁਤਾਬਕ ਕੋਈ ਵੀ ਠੇਕੇਦਾਰ ਠੇਕੇ 'ਤੇ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਮੁਲਾਜ਼ਮ ਨਹੀਂ ਰੱਖ ਸਕਦਾ। ਇਨ੍ਹਾਂ ਦੋਵਾਂ ਨਿਯਮਾਂ ਦੀ ਉਲੰਘਣਾ ਸਜ਼ਾਯੋਗ ਹੈ। ਠੇਕਿਆਂ ਦੇ ਬੋਰਡ 'ਤੇ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖਣਾ ਜ਼ਰੂਰੀ ਹੋਵੇਗਾ। ਸੰਵਿਧਾਨ ਦੇ ਆਰਟੀਕਲ 47 ਮੁਤਾਬਕ ਸ਼ਰਾਬ ਦੀ ਮਸ਼ਹੂਰੀ ਕੋਈ ਵੀ ਅਦਾਰਾ ਨਹੀਂ ਕਰ ਸਕਦਾ ਪਰ ਇਸ ਦੇ ਪ੍ਰਚਾਰ ਲਈ ਟੀ.ਵੀ ਆਦਿ 'ਤੇ ਅਸਿੱਧੇ ਢੰਗ ਵਰਤੇ ਜਾਂਦੇ ਹਨ ਜਿਵੇਂ ਸ਼ਰਾਬ ਦੇ ਕਿਸੇ ਬਰੈਂਡ ਦੇ ਨਾਮ ਦਾ ਸੋਡਾ ਲੈ ਕੇ ਪ੍ਰਚਾਰ ਕੀਤਾ ਜਾਂਦਾ ਹੈ। ਭਾਵ ਉਸੇ ਨਾਂ ਦੇ ਸੋਡੇ ਦਾ ਸਹਾਰਾ ਲਿਆ ਜਾਂਦਾ ਹੈ।

ਪਿਛਲੇ ਸਾਲ ਠੇਕੇ ਦੀ ਕੀਮਤ ਕੁਝ ਵਧਾ ਕੇ ਉਨ੍ਹਾਂ ਹੀ ਠੇਕੇਦਾਰਾਂ ਨੂੰ ਰੀ-ਅਲਾਟ ਕਰ ਦਿੱਤੇ ਗਏ ਸਨ ਪਰ ਇਸ ਸਾਲ ਠੇਕੇ ਲਾਟਰੀ ਸਿਸਟਮ ਨਾਲ ਵੇਚੇ ਜਾਣਗੇ। ਇਕ ਗਰੁੱਪ ਲਈ ਅਰਜ਼ੀ ਫੀਸ 75000 ਰੁਪਏ ਰੱਖੀ ਗਈ ਹੈ। ਇਸ ਤਰ੍ਹਾਂ ਇਨ੍ਹਾਂ ਤੋਂ ਵੱਡਾ ਮਾਲੀਆ ਆਉਣ ਦੀ ਸੰਭਾਵਨਾ ਹੈ। ਸਾਲ 2024-25 ਲਈ ਠੇਕੇ ਚੜ੍ਹਾਉਣ ਲਈ ਮਾਰਚ ਦਾ ਅਖੀਰਲਾ ਹਫਤਾ ਰੱਖਿਆ ਗਿਆ ਹੈ। ਤਕਰੀਬਨ ਇਕ ਹਫਤਾ ਪਹਿਲਾਂ ਅਰਜ਼ੀਆਂ ਲਈਆਂ ਜਾਣਗੀਆਂ, ਉਨ੍ਹਾਂ ਦੀ ਸਕਰੂਟਨੀ ਕੀਤੀ ਜਾਵੇਗੀ ਫਿਰ ਲਾਟਰੀ ਡਰਾਅ ਕੱਢੇ ਜਾਣਗੇ।

ਕੁੱਝ ਠੇਕੇਦਾਰਾਂ ਦਾ ਇਹ ਵੀ ਵਿਚਾਰ ਹੈ ਕਿ ਦੇਸੀ ਸ਼ਰਾਬ ਵਾਂਗ ਹੀ ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਕੋਟਾ ਵੀ ਫਿਕਸ ਹੋਣਾ ਚਾਹੀਦਾ ਹੈ। ਓਪਨ ਕੋਟੇ ਨਾਲ ਸ਼ਰਾਬ ਫੈਕਟਰੀਆਂ ਨੂੰ ਫਾਇਦਾ ਹੋਵੇਗਾ, ਪਰਚੂਨ ਵੇਚਣ ਵਾਲਿਆਂ ਨੂੰ ਘਾਟਾ ਰਹੇਗਾ। ਉਨ੍ਹਾਂ ਦਾ ਇਹ ਵੀ ਖਦਸ਼ਾ ਹੈ ਕਿ ਇਹ ਪਾਲਿਸੀ ਕਾਰਪੋਰੇਟ ਸੈਕਟਰ ਦੇ ਹੱਕ ਵਿਚ ਭੁਗਤਦੀ ਹੈ। ਉਹ ਇਹ ਵੀ ਚਾਹੁੰਦੇ ਸਨ ਕਿ ਪਰਚੂਨ ਤੋਂ ਲਾਇਸੈਂਸ ਫੀਸ ਘਟਾ ਕੇ ਐਲ-13 ਅਤੇ ਐਲ-1 'ਤੇ ਪਾਈ ਜਾਵੇ, ਇਸ ਸਮੱਸਿਆ ਦਾ ਹੱਲ ਇਸ ਨੀਤੀ ਵਿਚ ਕਰ ਦਿੱਤਾ ਗਿਆ ਹੈ। ਇਸ ਕਰਕੇ ਉਹ ਚੁੱਪ ਕਰ ਕੇ ਡਰਾਅ ਲਈ ਅਰਜ਼ੀਆਂ ਦੇ ਰਹੇ ਹਨ। ਇਸ ਸਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ਰਾਬ ਦੇ ਰੇਟ ਗੁਆਂਢੀ ਸੂਬਿਆਂ ਨਾਲੋਂ ਘੱਟ ਰੱਖੇ ਜਾਣਗੇ ਤਾਂ ਕਿ ਉਧਰੋਂ ਸ਼ਰਾਬ ਪੰਜਾਬ 'ਚ ਨਾ ਆਵੇ ਅਤੇ ਸਰਕਾਰੀ ਮਾਲੀਏ ਨੂੰ ਢਾਹ ਨਾ ਲੱਗੇ, ਪਰ ਜਿਸ ਤਰ੍ਹਾਂ ਇਸ ਸਾਲ ਸਾਰੀਆਂ ਲਾਇਸੈਂਸ ਫੀਸਾਂ ਵਿਚ ਵਾਧਾ ਕੀਤਾ ਗਿਆ ਹੈ, ਇਸ ਨਾਲ ਸਰਕਾਰ ਨੂੰ ਕਈ ਜ਼ਿਲ੍ਹਿਆਂ ਵਿਚ ਠੇਕੇ ਵੇਚਣ ਵਿਚ ਸਮੱਸਿਆ ਆ ਸਕਦੀ ਹੈ। ਇਸ ਆਬਕਾਰੀ ਨੀਤੀ ਨਾਲ ਜਿੱਥੇ ਪਿਅਕੜਾਂ ਨੂੰ ਸ਼ਰਾਬ ਮਹਿੰਗੀ ਮਿਲੇਗੀ ਉੱਥੇ ਜਿਹੜੀ ਸ਼ਰਾਬ ਗੁਆਂਢੀ ਸੂਬਿਆਂ ਤੋਂ ਲਿਆ ਕੇ ਇੱਥੇ ਵੇਚੀ ਜਾਂਦੀ ਸੀ, ਉਹ ਵੀ ਵਧ ਸਕਦੀ ਹੈ। ਕਿਉਂਕਿ ਸ਼ਰਾਬ ਦੀ ਤਸਕਰੀ ਰੋਕਣ ਲਈ ਪੰਜਾਬ ਵਿਚ ਦੋ ਬਟਾਲੀਆਨਾਂ ਰੱਖਿਆ ਕਰਮੀਆਂ ਦੀਆਂ ਹੋਰ ਲਗਾਉਣ ਦੀ ਤਜਵੀਜ਼ ਹੈ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੀ ਅੰਗਰੇਜ਼ੀ ਸ਼ਰਾਬ ਦਾ ਕੋਟਾ ਓਪਨ ਹੋਣ ਕਰਕੇ ਦੂਜਰੇ ਸੂਬਿਆਂ ਵਿਚ ਵੀ ਦੋ ਨੰਬਰ ਵਿਚ ਵਿਕ ਸਕਦੀ ਹੈ। ਲੋਕਾਂ ਵਲੋਂ ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜਿਹੜੀ ਭਸੂੜੀ ਦਿੱਲੀ ਵਿਚ ਪਿਛਲੇ ਸਾਲ ਦੀ ਆਬਕਾਰੀ ਨੀਤੀ ਦੇ ਸਬੰਧ ਵਿਚ ਪਈ ਹੋਈ ਹੈ, ਉਸ ਦੇ ਪ੍ਰਭਾਵ ਅਧੀਨ ਸ਼ਾਇਦ ਇੱਥੇ ਪਿਛਲੀ ਆਬਕਾਰੀ ਨੀਤੀ ਵਿਚ ਬਹੁਤੀ ਛੇੜ-ਛਾੜ ਨਹੀਂ ਕੀਤੀ ਗਈ। ਕੁੱਝ ਫੀਸਾਂ ਘਟਾਈਆਂ ਗਈਆਂ ਹਨ ਜਿਵੇਂ ਕਿ ਪਿਛਲੇ ਸਾਲ ਵਾਂਗ ਹੀ -50 ਦੀ ਇਕ ਸਾਲ ਲਈ ਫੀਸ 2000 ਰੁਪਏ ਹੀ ਰੱਖੀ ਗਈ ਹੈ। ਇਸੇ ਤਰ੍ਹਾਂ ਇਹੀ ਲਾਇਸੈਂਸ ਜੇ ਸਾਰੀ ਜ਼ਿੰਦਗੀ ਲਈ ਬਣਾਉਣਾ ਹੋਵੇ ਤਾਂ ਇਸ ਦੀ ਫੀਸ ਪਿਛਲੇ ਸਾਲ ਵਾਂਗ ਹੀ 10000 ਰੁਪਏ ਰੱਖੀ ਗਈ ਹੈ। ਪੰਜਾਬ ਵਿਚ ਭੰਗ ਦਾ ਇਕੋ ਇਕ ਠੇਕਾ ਜਿਹੜਾ ਕਿ ਹੁਸ਼ਿਆਰਪੁਰ ਹਰ ਸਾਲ ਚੜ੍ਹਦਾ ਹੈ, ਉਸ ਦੀ ਸਰਕਾਰੀ ਕੀਮਤ ਪੰਜ ਲੱਖ ਪੰਜਾਹ ਹਾਜ਼ਾਰ ਰੱਖੀ ਗਈ ਹੈ, ਉਸ ਦੀ ਵੀ ਲਾਟਰੀ ਕੱਢੀ ਜਾਵੇਗੀ। ਜੇਕਰ ਨਸ਼ੇ ਬੰਦ ਕਰਨੇ ਹਨ ਜਾਂ ਘਟਾਉਣੇ ਚਾਹੁੰਦੇ ਹਾਂ ਤਾਂ ਸਰਕਾਰ ਨੂੰ ਆਬਕਾਰੀ ਮਾਲੀਏ ਦੇ ਵੀ ਹੋਰ ਬਦਲ ਲੱਭਣੇ ਪੈਣਗੇ ਅਤੇ ਆਮਦਨ ਲਈ ਹੋਰ ਸਰੋਤ ਪੈਦਾ ਕਰਨੇ ਪੈਣਗੇ। ਆਬਕਾਰੀ ਮਾਲੀਏ ਨੂੰ ਘਟਾ ਕੇ ਹੋਰ ਸਾਧਨਾਂ ਰਾਹੀਂ ਆਮਦਨ ਵਧਾਉਣੀ ਚਾਹੀਦੀ ਹੈ। ਜੇਕਰ ਅਸੀਂ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਨਸ਼ਿਆਂ ਦੀ ਉਪਲੱਭਧਤਾ ਨੂੰ ਘਟਾਈਏ ਤਾਂ ਹੀ ਰਾਜ ਦੀ ਨੁਹਾਰ ਬਦਲੀ ਜਾ ਸਕਦੀ ਹੈ।

# ਅੱਗ ਕੀ ਏ

ਪਾਣੀ ਮਿੱਟੀ ਦਾ ਆਦਿ ਜੁਗਾਦਿ ਦਾ ਸੱਚ ਵੇਖਿਆ, ਅਸਾਂ ਹੁਣ ਅੱਗ ਦਾ ਵੇਖ ਲਈਏ। ਅੱਗ ਮੁੱਢਲਾ ਤੱਤ ਏ ਜੀਵਨ ਦਾ। ਅੱਗ ਸੇਕ ਏ, ਨਿੱਘ ਵੀ, ਤੇ ਚਾਨਣ ਵੀ। ਅੱਗ ਦੀਆਂ ਵੰਨੋ ਵੰਨ ਸ਼ਕਲਾਂ ਹਨ। ਕਿਤੇ ਦੂਰ ਅੰਬਰ ਉਪਰ ਲਿਸ਼ਕਦਾ ਸਿੱਝ ਏ ਤੇ ਕਿਤੇ ਧਰਤੀ ਦੇ ਹੇਠੋਂ ਹੇਠ ਪੱਕਦਾ ਲਾਵਾ। ਸਿੱਝ ਚਾਨਣ ਦਿੰਦਾ ਏ, ਸੇਕ ਵੀ ਤੇ ਨਿੱਘ ਵੀ। ਸੂਰਜ ਦਾ ਸੇਕ ਧਰਤ ਉਤੇ ਜੀਵਨ ਟੋਰਦਾ ਏ। ਸੇਕ ਬਿਨਾਂ ਪਕਿਆਈ ਨਹੀਂ ਆਉਂਦੀ। ਕੱਚ ਰਹਿ ਜਾਵੇ ਤਾਂ ਹੋਂਦ ਦਾ ਰੂਪ ਨਿਤਰਦਾ ਨਹੀਂ। ਸਿੱਝ ਚਾਨਣ ਨਾ ਦੇਵੇ ਤਾਂ ਹਨੇਰ ਈ ਹਨੇਰ ਹੋਵੇ। ਸਿੱਝ ਦਾ ਸੇਕ ਈ ਫਸਲਾਂ ਵਿਚ ਸੱਤ, ਫਲਾਂ



ਡਾ. ਆਸਮਾ ਕਾਦਰੀ

ਵਿਚ ਸੁਆਦ ਤੇ ਫੁੱਲਾਂ ਵਿਚ ਰੰਗ ਭਰੇਂਦਾ ਏ। ਕੁੱਲ ਜੀਆ-ਜੂਨ ਦੀ ਖੁਰਾਕ ਸਿੱਝ ਦੇ ਦਿੱਤੇ ਸੇਕ ਨਾਲ ਪੱਕਦੀ ਏ। ਸੇਕ ਸਾਵਾਂ ਹੋਵੇ ਤਾਂ ਹੀ ਕੱਚ ਨੂੰ ਪਕਾਉਂਦਾ ਏ। ਸੇਕ ਵਾਧੂ ਹੋਵੇ ਤਾਂ ਸਭ ਸੜ ਬਲ ਸੁਆਹ ਥੇਂਦਾ ਏ। ਇੱਕ ਸੇਕ ਅੱਗ ਦਾ ਹੈ ਜੋ ਰੁੱਖ ਦੀ ਲੱਕੜ ਬਾਲ ਕੇ ਹੁੰਦਾ ਹੈ। ਲੱਕੜ ਬਲ ਕੇ ਚੁੱਲ੍ਹਾ ਤੱਤਾ ਕਰੇਂਦੀ ਏ ਜਿਸ ਉਪਰ ਅੰਨ ਪੱਕਦਾ ਹੈ। ਪੋਹ ਮਾਘ ਦੀਆਂ ਸੀਤ ਰਾਤਾਂ ਦਾ ਪਾਲਾ ਲੱਕੜ ਦੀ ਬਲਦੀ ਅੱਗ ਈ ਘਟਾਉਂਦੀ ਏ।

ਅੱਗ ਈ ਮੁੱਢਲਾ ਤੱਤ ਹੈ ਇਨਸਾਨੀ ਹੋਂਦ ਦਾ। ਜੀਵਨ ਆਹਰ ਕਰੇਂਦਾ ਜੀਅ ਆਪਣੇ ਅੰਦਰ ਦੇ ਏਸ ਮੁੱਢਲੇ ਤੱਤ ਨੂੰ ਘੱਟ ਈ ਵਿਚਾਰਦਾ ਏ। ਏਹਾ ਅੱਗ ਹੈ ਜੋ ਮੈਂ, ਮਾਣ, ਕਿਬਰ, ਹੰਕਾਰ ਬਣ ਵੇਂਹਦੀ ਹੈ। ਕੀ ਗੁੱਸਾ ਉਸੇ ਅੱਗ ਦਾ ਈ ਇੱਕ ਰੂਪ ਤਾਂ ਨਹੀਂ? ਮਤਾਂ ਏਹਾ ਅੱਗ ਹੈ ਅੰਦਰ ਦੀ ਜਿਸ ਨੂੰ ਫਰੀਦ ਵਲਾਵਨ ਦਾ ਆਖਿਆ:


ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥78॥ ( ਪੰਨਾ 1382, ਸ਼ੇਖ ਫਰੀਦ ਜੀ)


ਫਰੀਦ ਚੇਤੇ ਕਰਵਾਇਆ ਹਾਈ, ਜੋ ਇਹ ਅੱਗ ਕੁਦਰਤ ਦੀ ਦਾਨ ਹੋਈ ਸਕਤ ਹੈ। ਏਸ ਦੀ ਸਾਂਭ ਕਰੋ ਇਹ ਹਸਤੀ ਦਾ ਕੱਚ ਪਕਾਵਸੀ। ਮੱਲ ਵਿਹਾਰ ਦੀ ਲੀਹੇ ਟੁਰਦੀ ਬੱਝੀ ਹਸਤੀ ਆਪ ਸਿਆਣ ਕਰੇ, ਤਾਂ ਆਪਣੇ ਤੱਤ ਦੀ ਸਾਂਭ ਕਰੇ ਨਾ। ਮੱਲ, ਮੋਹ ਦੇ ਘੁੰਮਣ ਘੇਰਾਂ ਵਿਚ ਫਾਤਾ ਵਜੂਦ ਆਪਣੇ ਆਪ ਤੋਂ, ਆਪਣੇ ਤੱਤ ਸੱਤ ਤੋਂ, ਵਜੇਗਿਆ ਵਿਰਾਨਿਆ ਏ। ਕੁਦਰਤ ਤੋਂ ਦਾਨ ਹੋਈਆਂ ਸਕਤਾਂ ਜਦੋਂ ਵਰਤੋਂ ਵਿਚ ਨਾ ਰਹੀਆਂ ਤਾਂ ਉਹ ਅੰਦਰੇ ਅੰਦਰ ਬੰਦੀਵਾਨ ਥੀ ਕੇ ਰੂਪ ਵਟਾ ਗਈਆਂ। ਜਿਵੇਂ ਮੱਲ ਵਿਹਾਰ ਦੀ ਕੈਦ ਕਟੇਂਦਾ ਜਿਊਂਦਾ ਜੀਅ ਮੱਲ ਵਿਹਾਰ ਨੂੰ ਗੇੜਨ ਵਾਲਾ ਪਸ਼ੂ ਬਣ ਗਿਆ ਏ। ਕੈਦ ਤਾਂ ਜੂਨ ਵਟਾ ਦਿੰਦੀ ਏ। ਅੱਗ ਜਿਸ ਦੇ ਨਿੱਘ ਤੇ ਸੇਕ ਦਾ ਰੂਪ ਬੰਦੇ ਦੀ ਕਰਨੀ ਆਹੀ, ਓਹਾ ਅੱਗ ਕੈਦ ਹੋਈ ਤਾਂ ਕ੍ਰੋਧ ਤੇ ਵੈਰ ਖਾਰ ਬਣ ਗਈ। ਮੱਲਣ, ਝਪਟਣ ਤੇ ਜੋੜਨ ਸਾਂਭਣ ਨੇ ਜੋ ਦਰਜੇ ਬੰਦ ਵਿਹਾਰ ਬਣਾਇਆ ਉਸ ਦੇ ਮੋਹ ਪਿੱਛੇ ਕਮਲਾ ਹੋਇਆ ਹਰ ਜੀਅ, ਵੱਧੋ ਵੱਧ ਮੱਲਣ ਦੀ ਨੱਸ ਭੱਜ ਵਿਚ ਅੱਗ ਦਾ ਨਿੱਘਾ ਸੇਕ ਭਾਂਬੜ ਬਣ ਕੇ ਬਲਿਆ, ਤਾਂ ਹਸਤੀ ਸਾੜ ਫੂਕ ਸੁਆਹ ਕੀਤੀ। ਆਪਣੀ ਹਸਤੀ ਸੁਆਹ ਥਈ ਤਾਂ ਹੁਣ ਉਸ ਦੀ ਅੱਗ ਆਲ ਦਿਵਾਲ ਵੀ ਸਾੜਨ ਲੱਗੀ। ਜਿਉਂ ਜਿਉਂ ਹਵਸ, ਹਿਰਸ ਦੀ ਵਾਅ ਲਗਦੀ ਗਈ ਭਾਂਬੜ ਮੱਚਦਾ ਗਿਆ ਤੇ ਸਾੜਦਾ ਫੂਕਦਾ ਅੱਗੇ ਵਧਦਾ ਗਿਆ। ਫਰੀਦ ਤੇ ਨਾਨਕ ਵਰਗੇ ਸਿਆਣੇ ਹਮੇਸ਼ਾ ਏਸ ਦੀ ਸਮਝ ਸੁਰਤ ਦਿੰਦੇ ਆਏ। ਗੁੱਸਾ ਬਣਦਾ ਹੈ ਖਿਝ ਪਾਰੋਂ ਤੇ ਖਿਝ ਜੰਮਦੀ ਹੈ ਉਪਰੀਵੇਂ ਪਾਰੋਂ। ਜਦੋਂ ਆਪਣਾ ਆਪ ਨਾਲ ਵਸੇਂਦਿਆਂ ਵਿਚ ਓਪਰਾ ਥੀਵੇ ਤਾਂ ਬੇਵਸਾਹੀ ਦਾ ਬੂਟਾ ਮਨ ਅੰਦਰ ਪੁੰਗਰਨ ਲਗਦਾ ਏ। ਹਰ ਇੱਕ ਵੈਰੀ ਜਾਪਦਾ ਏ। ਜਿਵੇਂ ਜਿਵੇਂ "ਮੈਂ" ਉਤਾਂਹ ਦਾ ਪੰਧ ਕਰੇਂਦੀ ਹੈ, ਤਿਵੇਂ ਤਿਵੇਂ ਬੇਵਸਾਹੀ ਦੀਆਂ ਜੜ੍ਹਾਂ ਵਜੂਦ ਅੰਦਰ ਖਿਲਰਨ ਪਸਰਨ ਲਗਦੀਆਂ ਨੇਂ। ਇਸੇ ਬੇਵਸਾਹੀ ਦੇ ਬੂਟੇ ਉਪਰ ਉੱਗਦੇ ਨੇਂ ਖਿਝ, ਖਾਰ, ਵੈਰ ਤੇ ਕ੍ਰੋਧ ਦੇ ਕੰਡੇ। ਇਹ ਬੇਵਸਾਹੀ ਕੰਡਿਆਲੀ ਹੋਂਦ ਚੋਭ ਈ ਵੰਡ ਸਕਦੀ ਏ। ਵੰਡਣਾ ਤਾਂ ਓਹਾ ਹੁੰਦਾ ਹੈ ਜੋ ਆਪਣੇ ਕੋਲ ਵਾਧੂ ਹੋਵੇ।

ਹੋਂਦ ਦਾ ਈਹਾ ਤੱਤ ਅੰਦਰ ਦੀ ਅੱਗ ਜੇ ਸੁਰਤ ਮੱਤ ਨੂੰ ਪਕਾਉਂਦੀ ਮੱਠੇ ਤਾਅ ਉਪਰ ਨਿੱਘ ਨਾਲ, ਤਾਂ ਬੇਵਸਾਹੀ ਦਾ ਕੱਚ ਪੱਕ ਕੇ ਇਸ਼ਕ ਦੀ ਮੁਸ਼ਕ ਬਣ ਖਿਲਰਦਾ ਜਾਂਦਾ। ਇਸ਼ਕ ਦਾ ਚੰਬਾ ਖਿੜਦਾ ਤਾਂ ਅਪਣਾਇਤ ਦੇ ਕੋਮਲ ਫੁੱਲ ਹਿੱਕ ਦੂਜੇ ਦੀ ਝੋਲੀ ਪਏ ਭਰਦੇ। ਇਸ਼ਕ ਪਾਰੋਂ ਫਕੀਰੀ ਮੱਚ ਮੱਚਦਾ ਹੈ ਜਿਸ ਅੰਦਰੋਂ ਲਾਲ ਥੀਂਦੇ ਨੇਂ। ਲੱਕੜ ਸਹਿਜੇ ਸਹਿਜੇ ਬਲਦੀ ਕੋਲਾ ਹੁੰਦੀ ਏ ਤਾਂ ਲਾਲ ਥੀਂਦੀ ਏ। ਜੇ ਇਕ ਦਮ ਬਲ ਸੜ ਜਾਵੇ ਤਾਂ ਕੋਲਾ ਨਹੀਂ ਬਣਦਾ ਸੁਆਹ ਈ ਹੋ ਜਾਂਦੀ ਏ ਸਾਰੀ ਲੱਕੜ। ਕੁਦਰਤ ਦਾ ਵਰਤਾਰਾ ਸਹਿਜ ਦੀ ਟੋਰ ਟੁਰੀਂਦਾ ਏ। ਸਹਿਜ ਟੋਰਾ ਤੇ ਸਾਵਾਂ ਸੰਗ ਈ ਲਾਲ ਹੈ। ਇਸ਼ਕ ਲਾਲੋ ਲਾਲ ਹੈ, ਹਰ ਪਲ, ਹਰ ਵਾਰੇ। ਹਿਕ ਪਲ ਅੰਦਰ ਈ ਕੁੱਲ ਵਾਰਾ ਹੋਇਆ, ਓਹਾ ਪਲ ਈ ਕੁੱਲ ਵੇਲਾ ਏ ਜੋ ਲਾਲ ਰੰਗ ਰੰਗੇ ਕੁੱਲ ਹੋਂਦ ਨੂੰ। ਅੱਗ ਦੀ ਟੋਰ ਅਸਾਂ ਜੀਅ ਦੀ ਹੋਂਦ ਅੰਦਰ ਤੇ ਕੁੱਲ ਕਾਇਨਾਤ ਅੰਦਰ ਵੇਖ ਵਿਚਾਰੀ ਹੈ। ਹੁਣ ਏਸ ਨੂੰ ਵੀ ਆਦਿ ਦੀ ਜ਼ੇਰ ਜ਼ਬਰ ਨਾਲ ਜੋੜ ਵੇਖੀਏ। ਅੱਗ ਮੁੱਢ ਤਾਂ ਹੈ ਈ, ਮੁੱਢਲਾ ਤੱਤ ਕੁੱਲ ਕੁਦਰਤ ਦਾ। ਆਦਿ ਲੈਣ ਹੈ ਦਿੱਤਾ ਘਿੰਨਣ, ਹਸਤੀ ਦੀ ਅੱਗ, ਹਸਤੀ ਦੀ ਕਰਨੀ ਰਾਹੀਂ ਅੱਗ ਦਾ ਦਿੱਤਾ ਪਰਤਾਉਂਦੀ ਹੈ, ਰਿਜ਼ਕ ਪਕਾਉਂਦੀ ਹੈ। ਅੱਗ ਬੋਲਦੀ ਹੈ ਆਪਣੀ ਬੋਲੀ ਕਿਤੇ ਰੁੱਖ ਦੀ ਹਰਿਆਵਲ ਅੰਦਰ, ਕਿਤੇ ਸਿੱਝ ਦੇ ਸੇਕ ਅੰਦਰ, ਕਿਤੇ ਰੰਗਾਂ ਤੇ ਸਵਾਦਾਂ ਅੰਦਰ, ਕਿਤੇ ਜੀਅ ਦੇ ਨਿੱਘ ਵਰਤਾਰੇ ਦੇ ਰੂਪ ਵਿਚ। ਦੱਸੋ ਹੁਣ ਜ਼ੇਰ ਜ਼ਬਰ ਵਿਹਾਰ ਦੀ ਅੱਗ ਵਿਚ ਬਲਦਾ ਸੜਦਾ ਮੱਲ ਵਿਹਾਰ ਕਿਵੇਂ ਸਹੀ ਕਰੇ ਅੱਗ ਦਾ ਇਹ ਕੁਦਰਤੀ ਸਰੂਪ। ਅੰਬਰ ਦੀ ਉਚਿਆਈ ਨਾਲ ਗੱਲਾਂ ਕਰੇਂਦਾ ਜ਼ਬਰ ਹੋਇਆ ਰੁੱਖ ਆਪਣੇ ਆਪ ਨੂੰ ਜ਼ੇਰ ਕਰ ਕੇ ਹੀ ਬਾਲਦਾ ਹੈ। ਹਰਿਆਵਲ ਹੰਢਾਅ ਕੇ ਸੁੱਕਾ ਰੁੱਖ ਜ਼ੇਰ ਹੋ ਕੇ ਬਲਦਾ ਹੈ ਤਾਂ ਅੰਨ ਪਕਾਉਂਦਾ ਹੈ ਤੇ ਮੱਲ ਸੀਤ ਵਿਚ ਠਰਿਆਂ ਅੰਦਰ ਫਕੀਰੀ ਮੱਚ ਮਚਾਉਂਦਾ ਹੈ। ਅੱਗ ਸੱਚ ਤਾਹੀਓਂ ਹੈ, ਜਦੋਂ ਏਸ ਦਾ ਸੇਕ ਨਿੱਘ ਬਣੇ ਤੇ ਇਹ ਪਿਆਰ ਦਾ ਨਿੱਘ ਕਲਾਵਾ ਕੁੱਲ ਹੋਂਦਾਂ ਨੂੰ ਆਪਣੇ ਅੰਦਰ ਸਮੋਅ ਲਵੇ। ਅੱਗ ਸੱਚ ਤਾਹੀਓਂ ਹੈ ਜਦੋਂ ਆਪਣੇ ਮੱਠੇ ਤਾਅ ਉਪਰ ਰਿੰਨ੍ਹ ਪਕਾ ਕੇ ਕੁੱਲ ਜੀਆਂ ਦਾ ਢਿੱਡ ਭਰੇ। ਤਾਂ ਈ ਅੱਗ ਸੱਚ ਹੈ ਆਦਿ (ਪਿਉਂਦ) ਵੀ ਤੇ ਆਦਿ (ਲੈਣ, ਦਿੱਤਾ ਘਿੰਨਣ) ਵੀ।

# ਕੱਟੜਪੰਥੀਆਂ ਦਾ ਫਿਲਮੀ ਪ੍ਰਾਪੇਗੰਡਾ












*ਅਦਾਕਾਰਾ ਉਰਵਸ਼ੀ ਰੌਤੇਲਾ ਅਤੇ ਫਿਲਮ 'ਜੇ.ਐੱਨ.ਯੂ.: ਜਹਾਂਗੀਰ ਨੈਸ਼ਨਲ ਯੂਨੀਵਰਸਿਟੀ', 'ਬਸਤਰ: ਦਿ ਨਕਸਲ ਸਟੋਰੀ', 'ਦਿ ਕੇਰਲਾ ਸਟੋਰੀ' ਤੇ ਫਿਲਮ 'ਸਵਤੰਤਰ ਵੀਰ ਸਾਵਰਕਰ' ਦੇ ਪੋਸਟਰ।*

**ਆਮਨਾ ਕੌਰ**

ਭਾਰਤ ਵਿਚ ਲੋਕ ਸਭਾ ਚੋਣਾਂ ਦਾ ਐਲਾਨ ਹੋ ਗਿਆ ਹੈ। ਸੱਤਾਧਾਰੀ ਧਿਰ ਭਾਰਤੀ ਜਨਤਾ ਪਾਰਟੀ ਇਨ੍ਹਾਂ ਚੋਣਾਂ ਲਈ ਚਿਰਾਂ ਤੋਂ ਤਿਆਰੀ ਕਰ ਰਹੀ ਹੈ। ਇਸ ਨੇ ਵੱਡੇ ਪੱਧਰ 'ਤੇ ਪ੍ਰਚਾਰ ਮੁਹਿੰਮ ਪਹਿਲਾਂ ਹੀ ਵਿੱਢੀ ਹੋਈ ਹੈ। ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਫਿਲਮਾਂ ਆ ਰਹੀਆਂ ਹਨ ਜੋ ਸਿੱਧਾ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਹੱਕ ਵਿਚ ਪ੍ਰਚਾਰ ਕਰ ਰਹੀਆਂ ਹਨ ਅਤੇ ਰਾਸ਼ਟਰਵਾਦ ਨੂੰ ਹੁਲਾਰਾ ਦੇ ਰਹੀਆਂ ਹਨ। ਇਨ੍ਹਾਂ ਫਿਲਮਾਂ ਵਿਚ 'ਦਿ ਕਸ਼ਮੀਰ ਫਾਈਲਜ਼' ਅਤੇ 'ਦਿ ਕੇਰਲਾ ਸਟੋਰੀ' ਵਰਗੀਆਂ ਫਿਲਮਾਂ ਸ਼ਾਮਿਲ ਹਨ ਜਿਨ੍ਹਾਂ ਦਾ ਮਕਸਦ ਕਿਸੇ ਵੀ ਮਸਲੇ ਦਾ ਇਕ ਪਾਸਾ ਦਿਖਾ ਕੇ ਲੋਕਾਂ, ਖਾਸ ਕਰ ਕੇ ਹਿੰਦੂ ਵੋਟਰਾਂ ਨੂੰ ਆਪਣੇ ਵੱਲ ਖਿੱਚਣਾ ਹੈ।

ਇਸੇ ਕੜੀ ਵਿਚ ਹੁਣ ਦੋ ਹੋਰ ਫਿਲਮਾਂ ਵੀ ਜੁੜ ਗਈਆਂ ਹਨ। ਇਹ ਫਿਲਮਾਂ ਹਨ: 'ਜੇ.ਐੱਨ.ਯੂ.: ਜਹਾਂਗੀਰ ਨੈਸ਼ਨਲ ਯੂਨੀਵਰਸਿਟੀ' ਅਤੇ 'ਬਸਤਰ: ਦਿ ਨਕਸਲ ਸਟੋਰੀ'। ਫਿਲਮ 'ਜੇ.ਐੱਨ.ਯੂ.: ਜਹਾਂਗੀਰ ਨੈਸ਼ਨਲ ਯੂਨੀਵਰਸਿਟੀ' ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਫਿਲਮ ਅੰਦਰ ਕੀ ਕੁਝ ਪੇਸ਼ ਕੀਤਾ ਹੋਵੇਗਾ। ਇਹ ਫਿਲਮ 5 ਅਪਰੈਲ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.), ਨਵੀਂ ਦਿੱਲੀ ਵਿਚ ਚੱਲੇ ਵਿਦਿਆਰਥੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਯਾਦ ਰਹੇ ਕਿ ਜੇ.ਐਨ.ਯੂ., ਨਵੀਂ ਦਿੱਲੀ ਵਿਚ ਵਿਦਿਆਰਥੀਆਂ ਨੇ ਸਿੱਖਿਆ ਅਤੇ ਸਿਆਸਤ ਦੇ ਭਗਵੇਂਕਰਨ ਖਿਲਾਫ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਇਸ ਮੁਹਿੰਮ ਦਰੜਨ ਲਈ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਹਰ ਹੀਲਾ ਕੀਤਾ। ਫਿਰ ਜਦੋਂ 2020 ਵਿਚ ਦੰਗੇ ਭੜਕੇ ਤਾਂ ਦੰਗਾ ਕਰਨ ਵਾਲਿਆਂ ਨੂੰ ਤਾਂ ਹੱਲਾਸ਼ੇਰੀ ਦਿੱਤੀ ਗਈ ਪਰ ਦੰਗਿਆਂ ਦਾ ਵਿਰੋਧ ਕਰਨ ਵਾਲਿਆਂ ਅਤੇ ਪੀੜਤਾਂ ਦੀ ਮਦਦ ਕਰਨ ਵਾਲੇ ਵਿਦਿਆਰਥੀ ਆਗੂ ਉਮਰ ਖਾਲਿਦ ਸਮੇਤ ਕਈਆਂ ਨੂੰ ਅੱਜ ਤੱਕ ਜੇਲ੍ਹ ਵਿਚ ਡੱਕਿਆ ਹੋਇਆ ਹੈ। ਫਿਲਮ ਵਿਚ ਤਸਵੀਰ ਦਾ ਸਿਰਫ ਇਕ ਪਾਸਾ ਹੀ ਪੇਸ਼ ਕੀਤਾ ਗਿਆ ਜੋ ਭਾਰਤੀ ਜਨਤਾ ਪਾਰਟੀ ਦੇ ਸੂਤ ਬੈਠਦਾ ਹੈ।

ਇਸ ਫਿਲਮ ਵਿਚ ਸਿਧਾਰਥ ਬੋੜਕੇ, ਉਰਵਸ਼ੀ ਰੌਤੇਲਾ, ਪਿਊਸ਼ ਮਿਸ਼ਰਾ, ਰਵੀ ਕਿਸ਼ਨ, ਵਿਜੈ ਰਾਜ਼, ਰਸ਼ਮੀ ਦੇਸਾਈ, ਅਤੁਲ ਪਾਂਡੇ ਅਤੇ ਸੋਨਾਲੀ ਸਹਿਗਲ ਵਰਗੇ ਕਲਾਕਾਰਾਂ ਨੇ ਕੰਮ ਕੀਤਾ ਹੈ। ਇਸ ਫਿਲਮ ਦੇ ਲੇਖਕ ਅਤੇ ਨਿਰਦੇਸ਼ਕ ਵਿਨੈ ਸ਼ਰਮਾ ਹਨ। ਹਾਲ ਹੀ ਵਿਚ ਇਸ ਫਿਲਮ ਦਾ ਟੀਜ਼ਰ ਜ਼ੋਰ-ਸ਼ੋਰ ਨਾਲ ਰਿਲੀਜ਼ ਕੀਤਾ ਗਿਆ। ਫਿਲਮ ਦਾ ਟੀਜ਼ਰ ਅਤੇ ਪੋਸਟਰ ਸਾਫ ਦਰਸਾ ਰਿਹਾ ਹੈ ਕਿ ਇਹ ਮਹਿਜ਼ ਪ੍ਰਾਪੇਗੰਡਾ ਫਿਲਮ ਹੈ ਅਤੇ ਚੋਣ ਪ੍ਰਚਾਰ ਲਈ ਹੀ ਲਿਆਂਦੀ ਜਾ ਰਹੀ ਹੈ।

ਇਸੇ ਤਰ੍ਹਾਂ 'ਬਸਤਰ: ਦਿ ਨਕਸਲ ਸਟੋਰੀ' ਦਾ ਮਾਮਲਾ ਹੈ। ਇਹ ਫਿਲਮ 'ਦਿ ਕੇਰਲਾ ਸਟੋਰੀ' ਬਣਾਉਣ ਵਾਲਿਆਂ ਨੇ ਹੀ ਬਣਾਈ ਹੈ। 'ਦਿ ਕੇਰਲਾ ਸਟੋਰੀ' ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਉਨ੍ਹਾਂ ਨੂੰ ਬਹੁਤ ਬੁਰੀ ਤਰ੍ਹਾਂ ਬਦਨਾਮ ਕੀਤਾ ਗਿਆ ਸੀ। 'ਇਸੇ ਤਰ੍ਹਾਂ 'ਦਿ ਕਸ਼ਮੀਰ ਫਾਈਲਜ਼' ਵਿਚ ਕਸ਼ਮੀਰ ਦੇ ਮੁੱਦੇ ਨੂੰ ਭਗਵਾਂ ਪਾਰਟੀ ਦੇ ਹੱਕ ਵਿਚ ਪ੍ਰਚਾਰ ਦੇ ਹਿਸਾਬ ਨਾਲ ਪੇਸ਼ ਕੀਤਾ ਗਿਆ ਸੀ। ਇਹ ਦੋਵੇਂ ਫਿਲਮਾਂ ਕਮਾਈ ਪੱਖੋਂ ਵੀ ਸਫਲ ਰਹੀਆਂ ਸਨ ਅਤੇ ਸਰਕਾਰ ਪੱਖੀ ਮੀਡੀਆ ਨੇ ਇਨ੍ਹਾਂ ਫਿਲਮਾਂ ਦਾ ਰੱਜ ਕੇ ਪ੍ਰਚਾਰ ਕੀਤਾ ਸੀ। 'ਬਸਤਰ: ਦਿ ਨਕਸਲ ਸਟੋਰੀ' ਫਿਲਮ ਵਿਚ ਆਦਿਵਾਸੀਆਂ ਦੀ ਹੱਕੀ ਲੜਾਈ ਨੂੰ ਸਿਰਫ ਮਾਰਧਾੜ ਤੱਕ ਘਟਾਉਣ ਦਾ ਕਾਰਜ ਕੀਤਾ ਗਿਆ ਹੈ।

ਇਸੇ ਕੜੀ ਵਿਚ ਹੀ ਰਣਦੀਪ ਹੁੱਡਾ ਦੀ ਨਵੀਂ ਫਿਲਮ 'ਸਵਤੰਤਰ ਵੀਰ ਸਾਵਰਕਰ' ਹੈ ਜਿਸ ਵਿਚ ਹਿੰਦੂਤਵੀ ਵਿਚਾਰਧਾਰਾ ਦਾ ਮੋਢੀ ਮੰਨੇ ਜਾਂਦੇ ਸਾਵਰਕਰ ਨੂੰ ਨਾਇਕ ਬਣਾਇਆ ਗਿਆ ਹੈ। ਇਹ ਉਹ ਸ਼ਖਸ ਹੈ ਜਿਹੜਾ ਅੰਗਰੇਜ਼ ਹਾਕਮਾਂ ਤੋਂ ਲਿਖਤੀ ਮੁਆਫੀਆਂ ਮੰਗ ਕੇ ਜੇਲ੍ਹ ਵਿਚੋਂ ਬਾਹਰ ਆਇਆ ਸੀ। ਹੁਣ ਇਸ ਨੂੰ ਬਹੁਤ ਵੱਡੇ ਦੇਸ਼ਭਗਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਚੋਣਾਂ ਜਿੱਤਣ ਲਈ ਆਪਣੇ ਫਿਰਕੂ ਏਜੰਡੇ ਨੂੰ ਪ੍ਰਚਾਰ ਦਾ ਮੁੱਖ ਹਥਿਆਰ ਬਣਾ ਰਹੀ ਹੈ। ਇਹ ਫਿਲਮਾਂ ਇਸ ਪ੍ਰਚਾਰ ਦਾ ਹੀ ਹਿੱਸਾ ਹਨ।

# ਐ ਵਤਨ ਮੇਰੇ ਵਤਨ: ਅਸਲ ਦੇਸ਼ਭਗਤੀ

**ਕੁਦਰਤ ਕੌਰ**

'ਐ ਵਤਨ ਮੇਰੇ ਵਤਨ' ਦੇਸ਼ਭਗਤੀ ਨਾਲ ਲਬਾਲਬ ਫਿਲਮ ਹੈ ਜਿਸ ਦੀ ਕਹਾਣੀ 1942 ਦੀ ਸੱਚੀ ਘਟਨਾ 'ਤੇ ਆਧਾਰਿਤ ਹੈ। ਫਿਲਮ ਵਿਚ ਇਕ ਮੁਟਿਆਰ ਕੁੜੀ ਆਪਣੀ ਆਜ਼ਾਦੀ ਦੇ ਸੰਘਰਸ਼ ਦੇ ਪ੍ਰਚਾਰ ਲਈ ਰੇਡੀਓ ਸਟੇਸ਼ਨ ਚਾਲੂ ਕਰਦੀ ਹੈ ਅਤੇ ਬਹੁਤ ਔਖਿਆਈਆਂ ਝਾਗ ਕੇ ਆਪਣੇ ਜ਼ਿੰਮੇ ਲਿਆ ਕਾਰਜ ਪੂਰਾ ਕਰਨ ਦਾ ਯਤਨ ਕਰਦੀ ਹੈ।

ਫਿਲਮ 'ਐ ਵਤਨ ਮੇਰੇ ਵਤਨ' ਦੇ ਨਿਰਦੇਸ਼ਕ ਕਨਨ ਅਈਅਰ ਹਨ ਅਤੇ ਇਸ ਫਿਲਮ ਦੀ ਕਹਾਣੀ ਕਨਨ ਅਈਅਰ ਅਤੇ ਦਰਬ ਫਾਰੂਕੀ ਨੇ ਰਲ ਕੇ ਲਿਖੀ ਹੈ। ਇਹ ਫਿਲਮ 21 ਮਾਰਚ ਨੂੰ ਐਮਾਜ਼ੋਨ ਪ੍ਰਾਈਮ 'ਤੇ ਰਿਲੀਜ਼ ਕਰ ਦਿੱਤੀ ਗਈ। ਫਿਲਮ ਵਿਚ ਮੁੱਖ ਭੂਮਿਕਾ ਅਦਾਕਾਰਾ ਸਾਰਾ ਅਲੀ ਖਾਨ ਨੇ ਨਿਭਾਈ ਹੈ। ਉਸ ਨੇ ਉਸ ਮੁਟਿਆਰ ਊਸ਼ਾ ਮਹਿਤਾ ਦਾ ਕਿਰਦਾਰ ਨਿਭਾਇਆ ਹੈ ਜਿਸ ਨੇ ਗੁਪਤ ਰੇਡੀਓ ਸਟੇਸ਼ਨ ਚਲਾਇਆ ਸੀ। ਸਾਰਾ ਅਲੀ ਖਾਨ ਤੋਂ ਇਲਾਵਾ ਇਸ ਫਿਲਮ ਵਿਚ ਆਨੰਦ ਤਿਵਾੜੀ, ਸਚਿਨ ਖੇੜਕਰ, ਅਭੈ ਵਰਮਾ, ਸਪਰਸ਼ ਸ੍ਰੀਵਾਸਤਵ ਦੀਆਂ ਅਹਿਮ ਭੂਮਿਕਾਵਾਂ ਹਨ। ਉਘੇ ਅਦਾਕਾਰ ਇਮਰਾਨ ਹਾਸ਼ਮੀ ਨੇ ਇਸ ਫਿਲਮ ਵਿਚ ਉਘੇ ਸਮਾਜਵਾਦੀ ਆਗੂ ਰਾਮ ਮਨੋਹਰ ਲੋਹੀਆ ਦਾ ਕਿਰਦਾਰ ਨਿਭਾਇਆ ਹੈ।

ਇਸ ਫਿਲਮ ਦੀ ਨਾਇਕਾ ਊਸ਼ਾ ਮਹਿਤਾ ਦਾ ਜਨਮ 25 ਮਾਰਚ 1920 ਨੂੰ ਹੋਇਆ ਸੀ ਅਤੇ 11 ਅਗਸਤ 2000 ਨੂੰ ਉਹ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਈ। ਉਹ ਗਾਂਧੀਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਸੀ ਅਤੇ ਉਸ ਨੇ ਗੁਪਤ ਕਾਂਗਰਸ ਰੇਡੀਓ ਚਲਾਇਆ ਸੀ। ਇਹ ਉਸ ਵਕਤ ਦੀਆਂ ਗੱਲਾਂ ਹਨ ਜਦੋਂ 1942 ਵਾਲਾ 'ਭਾਰਤ ਛੱਡੋ ਅੰਦੋਲਨ' ਚੱਲ ਰਿਹਾ ਸੀ। ਭਾਰਤ ਸਰਕਾਰ ਨੇ ਊਸ਼ਾ ਮਹਿਤਾ ਨੂੰ 1998 ਵਿਚ ਪਦਮ ਵਿਭੂਸ਼ਨ ਦਾ ਖਿਤਾਬ ਦਿੱਤਾ ਸੀ। ਊਸ਼ਾ ਮਹਿਤਾ ਦਾ ਜਨਮ ਸੂਰਤ (ਅੱਜ ਕੱਲ੍ਹ ਗੁਜਰਾਤ ਵਿਚ) ਨੇੜਲੇ ਪਿੰਡ ਸਰਸ ਵਿਚ ਹੋਇਆ ਸੀ। 1928 ਵਿਚ ਉਹ ਸਿਰਫ 8 ਸਾਲਾਂ ਦੀ ਸੀ ਜਦੋਂ ਉਸ ਨੇ ਸਾਈਮਨ ਕਮਿਸ਼ਨ ਖਿਲਾਫ ਹੋਏ ਰੋਸ ਵਿਖਾਵੇ ਵਿਚ ਹਿੱਸਾ ਲਿਆ ਸੀ।

ਊਸ਼ਾ ਮਹਿਤਾ ਦਾ ਕਿਰਦਾਰ ਨਿਭਾਉਣ ਵਾਲੀ ਮੁਟਿਆਰ ਅਦਾਕਾਰਾ ਸਾਰਾ ਅਲੀ ਖਾਨ ਲਈ ਫਿਲਮ 'ਐ ਵਤਨ ਮੇਰੇ ਵਤਨ' ਬਹੁਤ ਅਹਿਮੀਅਤ ਰੱਖਦੀ ਹੈ। ਕਿਹਾ ਜਾ ਰਿਹਾ ਹੈ ਕਿ ਇਸ ਫਿਲਮ ਵਿਚ ਉਸ ਦੀ ਅਦਾਕਾਰੀ ਨਿਖਰ ਕੇ ਸਾਹਮਣੇ ਆਈ ਹੈ ਅਤੇ ਇਹ ਫਿਲਮ ਉਸ ਦੇ ਕਰੀਅਰ ਦੀ ਸਭ ਤੋਂ ਚੰਗੀ ਫਿਲਮ ਹੈ। 12 ਅਗਸਤ 1995 ਨੂੰ ਜਨਮੀ ਸਾਰਾ ਅਲੀ ਖਾਨ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2018 ਵਿਚ ਕੀਤੀ ਸੀ। ਉਦੋਂ ਉਸ ਦੀਆਂ ਦੋ ਫਿਲਮਾਂ ਲਗਭਗ ਇਕੱਠੀਆਂ ਹੀ ਰਿਲੀਜ਼ ਹੋਈਆਂ ਸਨ। ਇਨ੍ਹਾਂ ਫਿਲਮਾਂ ਦੇ ਨਾਂ ਹਨ: 'ਕੇਦਾਰਨਾਥ' ਅਤੇ 'ਸਿੰਬਾ'। ਦੋਹਾਂ ਫਿਲਮਾਂ ਵਿਚ ਸਾਰਾ ਅਲੀ ਖਾਨ ਦੀ ਅਦਾਕਾਰੀ ਦੀ ਤਾਰੀਫ ਹੋਈ ਸੀ ਅਤੇ ਕਮਾਈ ਪੱਖੋਂ ਵੀ ਇਹ ਫਿਲਮਾਂ ਸਫਲ ਰਹੀਆਂ ਸਨ। ਇਸ ਤੋਂ ਬਾਅਦ 2020 ਵਿਚ ਸਾਰਾ ਅਲੀ ਖਾਨ ਦੀਆਂ ਦੋ ਫਿਲਮਾਂ ਆਈਆਂ; 'ਲਵ ਆਜਕਲ' ਅਤੇ 'ਕੁਲੀ ਨੰਬਰ 1'। ਇਨ੍ਹਾਂ ਫਿਲਮਾਂ ਤੋਂ ਬਾਅਦ 2021 ਵਿਚ ਉਸ ਦੀ ਫਿਲਮ 'ਅਤਰੰਗੀ ਰੇ' ਰਿਲੀਜ਼ ਹੋਈ। ਪਿਛਲੇ ਸਾਲ 2023 ਵਿਚ ਉਸ ਦੀਆਂ ਤਿੰਨ ਫਿਲਮਾਂ 'ਗੈਸ ਲਾਈਟ', 'ਜ਼ਰਾ ਹਟਕੇ ਜ਼ਰਾ ਬਚਕੇ' ਅਤੇ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਰਿਲੀਜ਼ ਹੋਈਆਂ। ਸਾਲ 2024 ਵਿਚ ਉਸ ਦੀਆਂ ਫਿਲਮ 'ਮਰਡਰ ਮੁਬਾਰਕ' ਅਤੇ 'ਐ ਵਤਨ ਮੇਰੇ ਵਤਨ' ਰਿਲੀਜ਼ ਹੋ ਚੁੱਕੀਆਂ ਹਨ। ਉਸ ਦੀ ਇਕ ਫਿਲਮਾਂ 'ਮੈਟਰੋ... ਇਨ ਦਿਨੋ' ਦਾ ਨਿਰਮਾਣ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ। ਇਸ ਤੋਂ ਇਲਾਵਾ ਉਹ ਇਕ ਹੋਰ ਪ੍ਰੋਜੈਕਟ ਉਤੇ ਵੀ ਕੰਮ ਕਰ ਰਹੀ ਹੈ।

ਸਾਰਾ ਅਲੀ ਖਾਨ ਉਘੀ ਫਿਲਮੀ ਜੋੜੀ ਸੈਫ ਅਲੀ ਖਾਨ ਅਤੇ ਅੰਮ੍ਰਿਤਾ ਸਿੰਘ ਦੀ ਧੀ ਹੈ। ਉਸ ਦੀ ਦਾਦੀ ਸ਼ਰਮੀਲਾ ਟੈਗੋਰ ਬੀਤੇ ਵੇਲਿਆਂ ਦੀ ਉਘੀ ਫਿਲਮ ਅਦਾਕਾਰਾ ਹੈ ਅਤੇ ਉਸ ਦਾ ਦਾਦਾ ਉਘਾ ਕ੍ਰਿਕਟ ਖਿਡਾਈ ਮਨਸੂਰ ਅਲੀ ਖਾਨ ਪਟੌਦੀ ਹੈ।

ਸਾਰਾ ਅਲੀ ਖਾਨ ਦਾ ਕਹਿਣਾ ਹੈ ਕਿ ਫਿਲਮ 'ਐ ਵਤਨ ਮੇਰੇ ਵਤਨ' ਦੀ ਸ਼ੂਟਿੰਗ ਦੌਰਾਨ ਉਸ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਉਸ ਮੁਤਾਬਿਕ ਉਹ ਅਜਿਹੀਆਂ ਫਿਲਮਾਂ ਬਣਾਉਣੀਆਂ ਹੀ ਵਧੇਰੇ ਪਸੰਦ ਕਰਦੀ ਹੈ। ਉਸ ਨੇ ਫਿਲਮ ਦੇ ਨਿਰਦੇਸ਼ਕ ਕਨਨ ਅਈਅਰ ਦੀ ਓਚੇਚੀ ਤਾਰੀਫ ਕੀਤੀ।










*ਫਿਲਮ 'ਐ ਵਤਨ ਮੇਰੇ ਵਤਨ' ਦਾ ਪੋਸਟਰ, ਊਸ਼ਾ ਮਹਿਤਾ ਜਿਸ ਦੀ ਜ਼ਿੰਦਗੀ 'ਤੇ ਆਧਾਰਿਤ ਇਹ ਫਿਲਮ ਹੈ ਅਤੇ ਫਿਲਮ ਦੇ ਦੋ ਦ੍ਰਿਸ਼ਾਂ ਵਿਚ ਅਦਾਕਾਰਾ ਸਾਰਾ ਅਲੀ ਖਾਨ।*

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change



Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

## Heavy duty Trucks & Trailer Parts

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020